ਬੁੱਧਵਾਰ, 26 ਅਗਸਤ, 2026
10 ਭਾਦੋਂ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 85

ਰੋਜ਼ਾਨਾ

# ਨਵਾਂ ਜ਼ਮਾਨਾ


DAILY NAWAN ZAMANA • WEDNESDAY, 26 AUGUST, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV


ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


## ਫਿਰ ਫ਼ਰਲੋ 'ਤੇ



**ਰੋਹਤਕ** : ਸਾਧਵੀਆਂ ਨਾਲ ਜਬਰ-ਜ਼ਨਾਹ ਦੇ ਮਾਮਲੇ ਵਿੱਚ 20 ਸਾਲ ਦੀ ਕੈਦ ਕੱਟ ਰਿਹਾ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਮੰਗਲਵਾਰ ਸਵੇਰੇ ਰੋਹਤਕ ਦੇ ਪਿੰਡ ਸੁਨਾਰੀਆ ਸਥਿਤ ਜ਼ਿਲ੍ਹਾ ਜੇਲ੍ਹ ਵਿੱਚੋਂ 21 ਦਿਨਾਂ ਦੀ ਫ਼ਰਲੋ 'ਤੇ ਬਾਹਰ ਆ ਗਿਆ। ਸਜ਼ਾ ਸੁਣਾਏ ਜਾਣ ਤੋਂ ਬਾਅਦ ਇਹ 17ਵਾਂ ਮੌਕਾ ਹੈ, ਜਦੋਂ ਉਸ ਨੂੰ ਫ਼ਰਲੋ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਉਸ ਨੂੰ ਜਨਵਰੀ 'ਚ 40 ਦਿਨਾਂ ਦੀ ਤੇ ਮਈ ਮਹੀਨੇ ਵਿੱਚ 30 ਦਿਨਾਂ ਦੀ ਫ਼ਰਲੋ ਦਿੱਤੀ ਗਈ ਸੀ।

## ਚੁੰਮਣ ਮਹਿੰਗੇ ਪਏ




**ਚੰਡੀਗੜ੍ਹ** : ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਦੀ ਕਾਹਲੀ ਕਈ ਵਾਰ ਲੋਕਾਂ ਨੂੰ ਕਿਵੇਂ ਮਹਿੰਗੀ ਪੈ ਜਾਂਦੀ ਹੈ, ਇਸ ਦੀ ਇੱਕ ਤਾਜ਼ਾ ਮਿਸਾਲ ਗਵਾਲੀਅਰ ਵਿੱਚ ਦੇਖਣ ਨੂੰ ਮਿਲੀ ਹੈ। ਇੱਥੇ ਇੱਕ ਕੰਟੈਂਟ ਕ੍ਰੀਏਟਰ ਨੇ ਆਪਣੀ ਕਾਰ ਨੂੰ ਹਜ਼ਾਰਾਂ ਚੁੰਮਣਾਂ ਨਾਲ ਸਜਾ ਕੇ ਰੀਲ੍ਹ ਤਾਂ ਵਾਇਰਲ ਕਰ ਲਈ, ਪਰ ਇਸ ਸਟੰਟ ਨੂੰ ਪੁਲਸ ਨੇ ਗੰਭੀਰਤਾ ਨਾਲ ਲੈਂਦਿਆਂ ਉਸ ਨੂੰ ਮੋਟਾ ਜੁਰਮਾਨਾ ਲਗਾ ਦਿੱਤਾ ਅਤੇ ਖੁਦ ਥਾਣੇ ਵਿੱਚ ਨਿਸ਼ਾਨ ਸਾਫ਼ ਕਰਨ ਲਈ ਮਜਬੂਰ ਹੋਣਾ ਪਿਆ। ਇੱਕ ਆਮ ਸਵਿਫਟ ਕਾਰ ਨੂੰ ਨੌਜਵਾਨ ਨੇ ਸੋਸ਼ਲ ਮੀਡੀਆ 'ਤੇ ਸਨਸਨੀ ਬਣਾਉਣ ਲਈ ਆਪਣੀ ਪ੍ਰੇਮਿਕਾ ਦੀਆਂ 3,400 ਚੁੰਮੀਆਂ ਨਾਲ ਸਜਾਇਆ, ਜਿਸ 'ਤੇ ਸਾਢੇ ਤਿੰਨ ਘੰਟੇ ਅਤੇ 900 ਰੁਪਏ ਦੀ ਲਿਪਸਟਿਕ ਲੱਗੀ। ਰੀਲ੍ਹ ਨੇ 55 ਲੱਖ ਵਿਊਜ਼ ਤਾਂ ਹਾਸਲ ਕਰ ਲਏ, ਪਰ ਦੇਖਣ ਵਾਲਿਆਂ ਵਿੱਚ ਗਵਾਲੀਅਰ ਦੀ ਟਰੈਫਿਕ ਪੁਲਸ ਵੀ ਸ਼ਾਮਲ ਸੀ, ਜਿਸ ਨੇ 5,500 ਰੁਪਏ ਦਾ ਚਲਾਨ ਕੀਤਾ ਅਤੇ ਕਾਰ ਤੋਂ ਲਿਪਸਟਿਕ ਦੇ ਨਿਸ਼ਾਨ ਸਾਫ਼ ਕਰਵਾਏ।

## ਪੰਜਾਬ 'ਚ ਇਕੱਲੇ ਲੜਾਂਗੇ : ਮਾਇਆਵਤੀ

**ਲਖਨਊ** : ਬਸਪਾ ਦੀ ਕੌਮੀ ਪ੍ਰਧਾਨ ਮਾਇਆਵਤੀ ਨੇ ਮੰਗਲਵਾਰ ਕਿਹਾ ਕਿ ਉਨ੍ਹਾ ਦੀ ਪਾਰਟੀ ਪੰਜਾਬ ਵਿਧਾਨ ਸਭਾ ਚੋਣਾਂ ਕਿਸੇ ਨਾਲ ਵੀ ਗਠਜੋੜ ਕੀਤੇ ਬਿਨਾਂ ਆਪਣੇ ਤੌਰ 'ਤੇ ਇਕੱਲਿਆਂ ਲੜੇਗੀ। ਉਨ੍ਹਾ ਇਹ ਐਲਾਨ ਪੰਜਾਬ ਵਿੱਚ ਪਾਰਟੀ ਦੇ ਸੰਗਠਨਾਤਮਕ ਕੰਮਕਾਜ ਅਤੇ ਆਪਣੇ ਸਮਰਥਨ ਆਧਾਰ ਨੂੰ ਵਧਾਉਣ ਦੇ ਯਤਨਾਂ ਦੀ ਸਮੀਖਿਆ ਕਰਨ ਲਈ ਇੱਥੇ ਹੋਈਮੀਟਿੰਗ ਦੌਰਾਨ ਕੀਤਾ।

## 'ਅੰਮ੍ਰਿਤਪਾਲ ਹੀ ਲੜੇਗਾ'

**ਅੰਮ੍ਰਿਤਸਰ** : ਖਡੂਰ ਸਾਹਿਬ ਤੋਂ ਜੇਲ੍ਹ ਵਿੱਚ ਬੰਦ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਕਿਹਾ ਹੈ ਕਿ ਅੰਮ੍ਰਿਤਪਾਲ ਸਿੰਘ ਤੋਂ ਇਲਾਵਾ ਉਨ੍ਹਾਂ ਦੇ ਪਰਵਾਰ ਦਾ ਕੋਈ ਵੀ ਹੋਰ ਮੈਂਬਰ ਚੋਣਾਂ ਨਹੀਂ ਲੜੇਗਾ। ਉਨ੍ਹਾ ਸਪੱਸ਼ਟ ਕੀਤਾ ਕਿ ਪਰਵਾਰ ਸਿਆਸੀ ਅਹੁਦਿਆਂ ਦੀ ਦੌੜ ਤੋਂ ਦੂਰ ਰਹੇਗਾ ਅਤੇ ਘਰਾਣੇਸ਼ਾਹੀ ਦੀ ਸਿਆਸਤ ਨੂੰ ਖ਼ਤਮ ਕਰਨ ਦੇ ਸਿਧਾਂਤ 'ਤੇ ਪਹਿਰਾ ਦੇਵੇਗਾ।

## ਟਰੰਪ ਝੀਲ ਓਨਟਾਰੀਓ ਦਾ ਨਾਂਅ ਬਦਲੇਗਾ

**ਵਾਸ਼ਿੰਗਟਨ** : ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਝੀਲ ਓਨਟਾਰੀਓ ਦਾ ਨਾਂਅ ਬਦਲ ਕੇ 'ਝੀਲ ਅਮਰੀਕਾ' ਕਰਨ 'ਤੇ ਵਿਚਾਰ ਕਰ ਰਹੇ ਹਨ। ਅਜਿਹਾ ਬਦਲਾਅ ਪਿਛਲੇ ਸਾਲ ਰਿਪਬਲਿਕਨ ਰਾਸ਼ਟਰਪਤੀ ਦੀ ਇਕਪਾਸੜ ਕਾਰਵਾਈ ਦੀ ਯਾਦ ਦਿਵਾਏਗਾ, ਜਿਸ ਵਿੱਚ ਕਾਰਜਕਾਰੀ ਆਦੇਸ਼ ਦੁਆਰਾ ਮੈਕਸੀਕੋ ਦੀ ਖਾੜੀ ਦਾ ਨਾਂਅ ਬਦਲ ਕੇ ਅਮਰੀਕਾ ਦੀ ਖਾੜੀ ਕਰਨ ਦਾ ਹੁਕਮ ਦਿੱਤਾ ਗਿਆ ਸੀ। ਟਰੰਪ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਉਹ ਝੀਲ ਓਨਟਾਰੀਓ ਦਾ ਨਾਂਅ ਬਦਲ ਕੇ ਝੀਲ ਅਮਰੀਕਾ ਕਰਨ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਿਹਾ ਹੈ, ਕਿਉਂਕਿ ਸਾਨੂੰ ਹੁਣ ਓਨਟਾਰੀਓ ਨਾਲ ਬਹੁਤਾ ਕਾਰੋਬਾਰ ਕਰਨ ਦੀ ਉਮੀਦ ਨਹੀਂ ਹੈ।

## ਕੁੰਭ ਦੀ ਫਿਕਰ ਜ਼ਿਆਦਾ, ਸਕੂਲਾਂ ਦੀ ਘੱਟ !



**ਨਵੀਂ ਦਿੱਲੀ** : ਸੁਪਰੀਮ ਕੋਰਟ ਦੇ ਜੱਜ ਪ੍ਰਸੰਨਾ ਵਰਾਲੇ ਨੇ ਮਰਾਠੀ ਮਾਧਿਅਮ ਸਕੂਲਾਂ ਦੀ ਲਗਾਤਾਰ ਵਿਗੜਦੀ ਹਾਲਤ ਅਤੇ ਸਿੱਖਿਆ ਲਈ ਲੋੜੀਂਦੀਆਂ ਬੁਨਿਆਦੀ ਸਹੂਲਤਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਜੇ ਸਰਕਾਰ ਨੇ ਸਮੇਂ ਸਿਰ ਸਹਾਇਤਾ ਅਤੇ ਲੋੜੀਂਦੇ ਫੰਡ ਮੁਹੱਈਆ ਕਰਵਾਏ ਹੁੰਦੇ, ਤਾਂ ਬਹੁਤ ਸਾਰੇ ਸਕੂਲਾਂ ਨੂੰ ਬੰਦ ਹੋਣ ਤੋਂ ਬਚਾਇਆ ਜਾ ਸਕਦਾ ਸੀ। ਪਿਛਲੇ ਦਿਨੀਂ ਨਾਸਿਕ ਜ਼ਿਲ੍ਹੇ ਦੇ ਸ਼ਿਰਪੁਰ ਵਿੱਚ ਆਪਣੇ ਪੁਰਾਣੇ ਸਕੂਲ ਦੇ ਦੌਰੇ ਦੌਰਾਨ ਉਨ੍ਹਾ ਕਿਹਾ, 'ਹਾਲ ਹੀ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਕੁੰਭ ਦੇ ਬੁਨਿਆਦੀ ਢਾਂਚੇ 'ਤੇ 34,000 ਕਰੋੜ ਰੁਪਏ ਅਤੇ ਇੱਕ ਗਲਿਆਰੇ ਦੇ ਪ੍ਰੋਜੈਕਟ 'ਤੇ 11,000 ਕਰੋੜ ਰੁਪਏ ਖਰਚ ਕਰ ਰਹੀ ਹੈ। ਮੈਨੂੰ ਅਜਿਹੇ ਖਰਚਿਆਂ 'ਤੇ ਕੋਈ ਇਤਰਾਜ਼ ਨਹੀਂ, ਪਰ ਜੇ 32,000 ਕਰੋੜ ਰੁਪਏ ਦੇ ਕੁੰਭ ਮੇਲੇ ਦੇ ਬਜਟ ਦਾ ਸਿਰਫ 0.1 ਪ੍ਰਤੀਸ਼ਤ ਜਾਂ ਲਗਪਗ 32 ਕਰੋੜ ਰੁਪਏ ਸਿੱਖਿਆ 'ਤੇ ਖਰਚ ਕੀਤੇ ਜਾਂਦੇ ਤਾਂ 100-150 ਤੋਂ ਵੱਧ ਮਰਾਠੀ-ਮਾਧਿਅਮ ਵਾਲੇ ਸਕੂਲ ਬੰਦ ਹੋਣ ਤੋਂ ਬਚ ਸਕਦੇ ਸਨ।'

# ਜਾਤੀ ਜਨਗਣਨਾ ਲਈ ਮੌਜੂਦਾ ਪ੍ਰਸ਼ਨਾਵਲੀ ਰੱਦ ਹੋਵੇ : ਕਾਂਗਰਸ

**ਨਵੀਂ ਦਿੱਲੀ** : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਪਾਰਟੀ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਸਰਕਾਰ ਜਾਤੀ ਜਨਗਣਨਾ ਲਈ ਮੌਜੂਦਾ ਪ੍ਰਸ਼ਨਾਵਲੀ ਨੂੰ ਰੱਦ ਕਰੇ ਅਤੇ ਰਾਜਨੀਤਿਕ ਪਾਰਟੀਆਂ, ਮਾਹਿਰਾਂ ਅਤੇ ਆਮ ਜਨਤਾ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਇੱਕ ਨਵਾਂ ਪ੍ਰਸ਼ਨਾਵਲੀ ਤਿਆਰ ਕਰੇ। ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਖੜਗੇ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਗਾਂਧੀ ਨੇ ਕਿਹਾ ਕਿ ਉਹ ਮੌਜੂਦਾ ਰੂਪ ਵਿੱਚ ਕੀਤੀ ਜਾ ਰਹੀ ਜਾਤੀ ਜਨਗਣਨਾ ਨੂੰ ਸਵੀਕਾਰ ਨਹੀਂ ਕਰਦੇ ਅਤੇ ਸਰਕਾਰ ਨੂੰ ਤੇਲੰਗਾਨਾ ਅਤੇ ਬਿਹਾਰ ਵਿੱਚ ਕੀਤੇ ਗਏ ਜਾਤੀ ਸਰਵੇਖਣਾਂ ਦੇ ਤਜਰਬੇ ਤੋਂ ਲਾਭ ਉਠਾਉਣ ਦੀ ਅਪੀਲ ਕਰਦੇ ਹਨ। 20 ਅਗਸਤ ਨੂੰ ਖੜਗੇ ਅਤੇ ਗਾਂਧੀ ਦੁਆਰਾ ਹਿੰਦੀ ਵਿੱਚ ਲਿਖੇ ਪੱਤਰ ਬਾਰੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ, ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਜਾਤੀ ਜਨਗਣਨਾ ਲਈ ਸਰਕਾਰ ਦੇ ਮੌਜੂਦਾ ਯਤਨ ਸਿਰਫ਼ ਇੱਕ 'ਚਿੱਟਾ ਧੋਣਾ' ਹਨ। ਰਮੇਸ਼ ਨੇ ਕਿਹਾ ਕਿ ਕਾਂਗਰਸ ਲੀਡਰਸ਼ਿਪ ਦੁਆਰਾ ਇਸ ਮੁੱਦੇ 'ਤੇ ਮੋਦੀ ਨੂੰ ਲਿਖਿਆ ਗਿਆ ਇਹ ਤੀਜਾ ਪੱਤਰ ਹੈ, ਪਰ ਉਨ੍ਹਾਂ ਨੂੰ ਕੋਈ ਜਵਾਬ ਨਹੀਂ ਮਿਲਿਆ। ਆਪਣੇ ਪੱਤਰ ਵਿੱਚ ਖੜਗੇ ਅਤੇ ਗਾਂਧੀ ਨੇ ਕਿਹਾ ਕਿ ਭਾਰਤ ਵਿੱਚ ਸਮਾਜਿਕ ਨਿਆਂ ਨੀਤੀਆਂ ਨੂੰ ਸਹੀ ਅੰਕੜਿਆਂ ਤੋਂ ਬਿਨਾਂ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਕਿਹਾ ਕਿ ਵੱਖ-ਵੱਖ ਜਾਤੀਆਂ ਦੀ ਸੰਖਿਆਤਮਕ ਤਾਕਤ ਅਤੇ ਸਮਾਜਿਕ-ਆਰਥਿਕ ਸਥਿਤੀ ਦਾ ਸਹੀ ਮੁਲਾਂਕਣ ਤਾਂ ਹੀ ਸੰਭਵ ਹੈ ਜੇਕਰ ਜਾਤੀ ਗਣਨਾ ਸਹੀ ਢੰਗ ਨਾਲ ਕੀਤੀ ਜਾਵੇ। "ਤੁਹਾਡੀ ਸਰਕਾਰ ਨੇ ਜਨਗਣਨਾ ਵਿੱਚ ਜਾਤੀ ਦੇ ਵੇਰਵਿਆਂ ਨੂੰ ਦਰਜ ਕਰਨ ਲਈ ਇੱਕ ਖੁੱਲ੍ਹੇ-ਸਮੇਂ ਵਾਲੇ ਪ੍ਰਸ਼ਨ ਫਾਰਮੈਟ ਦੀ ਚੋਣ ਕੀਤੀ ਹੈ, ਜੋ ਕਿ ਗੁੰਮਰਾਹਕੁੰਨ ਹੈ। ਇਸ ਵਿਧੀ ਦੇ ਤਹਿਤ ਕੋਈ ਵਿਅਕਤੀ ਆਪਣੀ ਜਾਤੀ ਲਈ ਜੋ ਵੀ ਨਾਮ ਪ੍ਰਦਾਨ ਕਰਦਾ ਹੈ, ਉਸ ਨੂੰ ਉਸੇ ਤਰ੍ਹਾਂ ਦਰਜ ਕੀਤਾ ਜਾਵੇਗਾ।" ਆਗੂਆਂ ਨੇ ਆਪਣੇ ਪੱਤਰ ਵਿੱਚ ਕਿਹਾ। ਉਨ੍ਹਾਂ ਕਿਹਾ ਕਿ ਇੱਕੋ ਜਾਤੀ ਨੂੰ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਖ-ਵੱਖ ਨਾਵਾਂ, ਉਪ-ਜਾਤੀਆਂ ਅਤੇ ਭਾਸ਼ਾਈ ਭਿੰਨਤਾਵਾਂ ਨਾਲ ਜਾਣਿਆ ਜਾਂਦਾ ਹੈ। ਸਿੱਟੇ ਵਜੋਂ, ਜੇਕਰ ਜਨਗਣਨਾ ਦੌਰਾਨ ਇੱਕੋ ਜਾਤੀ ਦੇ ਮੈਂਬਰਾਂ ਨੂੰ ਵੱਖ-ਵੱਖ ਨਾਵਾਂ ਹੇਠ ਦਰਜ ਕੀਤਾ ਜਾਂਦਾ ਹੈ ਤਾਂ ਇੱਕ ਜਾਤੀ ਨੂੰ ਹਜ਼ਾਰਾਂ ਵੱਖ-ਵੱਖ ਨਾਵਾਂ ਵਿੱਚ ਵੰਡਿਆ ਜਾ ਸਕਦਾ ਹੈ, ਉਨ੍ਹਾਂ ਨੇ ਦਲੀਲ ਦਿੱਤੀ।

## ਵਿਜੇ ਸਾਂਪਲਾ ਨੂੰ ਸਿੱਟ ਵੱਲੋਂ ਸੰਮਨ

**ਹੁਸ਼ਿਆਰਪੁਰ** : ਸਾਬਕਾ ਕੇਂਦਰੀ ਰਾਜ ਮੰਤਰੀ ਅਤੇ ਸੀਨੀਅਰ ਭਾਰਤੀ ਜਨਤਾ ਪਾਰਟੀ ਆਗੂ ਵਿਜੇ ਸਾਂਪਲਾ ਨੂੰ ਇੱਕ ਵਾਰ ਫਿਰ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਵੱਲੋਂ ਸੰਮਨ ਭੇਜੇ ਗਏ ਹਨ। ਉਨ੍ਹਾ ਨੂੰ 27 ਅਗਸਤ ਨੂੰ ਚੰਡੀਗੜ੍ਹ ਵਿੱਚ ਜਾਂਚ ਟੀਮ ਦੇ ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ ਸੀ, ਪਰ ਸਾਂਪਲਾ ਨੇ ਪਾਰਟੀ ਦੀਆਂ ਪਹਿਲਾਂ ਤੋਂ ਤੈਅ ਬੈਠਕਾਂ ਦਾ ਹਵਾਲਾ ਦਿੰਦੇ ਹੋਏ ਇਸ ਦਿਨ ਪੇਸ਼ ਹੋਣ ਤੋਂ ਅਸਮਰੱਥਾ ਪ੍ਰਗਟਾਈ ਹੈ ਅਤੇ ਪੇਸ਼ੀ ਲਈ ਕੋਈ ਹੋਰ ਤਰੀਕ ਦੇਣ ਦੀ ਮੰਗ ਕੀਤੀ ਹੈ।

## ਹੈਪੀ ਪਾਸੀਆਂ ਦੀ ਮਾਂ ਸਣੇ 3 ਕਾਬੂ

**ਅੰਮ੍ਰਿਤਸਰ** : ਦਿਹਾਤੀ ਪੁਲਸ ਨੇ ਮੰਗਲਵਾਰ ਦਾਅਵਾ ਕੀਤਾ ਕਿ 20 ਅਗਸਤ ਨੂੰ ਜੱਟਾਂ ਪਿੰਡ ਵਿੱਚ ਇੱਕ ਘਰ ਉੱਤੇ ਹੋਏ ਗ੍ਰਨੇਡ ਹਮਲੇ ਨੂੰ ਸੁਲਝਾ ਲਿਆ ਹੈ ਅਤੇ ਇਸ ਕਥਿਤ ਸਾਜ਼ਿਸ਼ ਦਾ ਸੰਬੰਧ ਹਾਲ ਹੀ ਵਿੱਚ ਹੋਈਆਂ ਪੰਚਾਇਤੀ ਚੋਣਾਂ ਦੌਰਾਨ ਪੈਦਾ ਹੋਏ ਵਿਵਾਦ ਨਾਲ ਹੈ।

ਅਮਰੀਕਾ ਬੈਠੇ ਗੈਂਗਸਟਰ ਹਰਪ੍ਰੀਤ ਸਿੰਘ ਉਰਫ਼ ਹੈਪੀ ਪਾਸੀਆਂ ਦੀ 60 ਸਾਲਾ ਮਾਂ ਸਮੇਤ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਦੋਂ ਕਿ ਦੋ ਹੋਰਨਾਂ ਨੂੰ ਇਸ ਮਾਮਲੇ ਵਿੱਚ ਨਾਮਜ਼ਦ ਕੀਤਾ ਗਿਆ ਹੈ। ਪੁਲਸ ਅਨੁਸਾਰ ਜਾਂਚ ਤੋਂ ਪਤਾ ਚੱਲਿਆ ਕਿ ਇਸ ਵਿੱਚ ਹੈਪੀ ਪਾਸੀਆਂ, ਉਸ ਦੇ ਪਰਵਾਰਕ ਮੈਂਬਰਾਂ ਅਤੇ ਵਿਦੇਸ਼ਾਂ ਵਿੱਚ ਬੈਠੇ ਸਾਥੀਆਂ ਦਾ ਹੱਥ ਹੈ।

## ਮੋਦੀ ਦੇ ਨਾਂਅ ਵਾਲੀ ਮੱਛੀ ਮੰਡੀ ਨੂੰ ਲੈ ਕੇ ਪੰਗਾ




ਸੋਮਵਾਰ ਉਦਘਾਟਨ ਤੋਂ ਬਾਅਦ ਸੂਰਤ ਮੱਛੀ ਮੰਡੀ ਦਾ ਬੋਰਡ। ਇਸ ਨੂੰ ਬਾਅਦ ਵਿੱਚ ਕਵਰ ਕਰ ਦਿੱਤਾ ਗਿਆ।

**ਸੂਰਤ (ਨ ਜ਼ ਸ)** : ਇੱਥੇ ਇੱਕ ਥੋਕ ਮੱਛੀ ਮੰਡੀ ਦਾ ਨਾਂਅ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂਅ 'ਤੇ ਰੱਖਣ ਕਾਰਨ ਰੱਫੜ ਪੈ ਗਿਆ। ਸੂਰਤ ਫਿਸ਼ ਮਰਚੈਂਟ ਐਸੋਸੀਏਸ਼ਨ ਨੇ ਸੋਮਵਾਰ 'ਸ੍ਰੀ ਨਰਿੰਦਰ ਮੋਦੀ ਥੋਕ ਮੱਛੀ ਮੰਡੀ' ਦਾ ਉਦਘਾਟਨ ਕੀਤਾ, ਜਿਸ ਦੇ ਬੈਨਰ 'ਤੇ ਪ੍ਰਧਾਨ ਮੰਤਰੀ ਦੀ ਤਸਵੀਰ ਛਪੀ ਹੋਈ ਸੀ। ਐਸੋਸੀਏਸ਼ਨ ਦੇ ਮੈਂਬਰਾਂ ਦੇ ਇੱਕ ਹਿੱਸੇ ਦੇ ਵਿਰੋਧ ਤੋਂ ਬਾਅਦ ਮੰਗਲਵਾਰ ਨੂੰ ਬੈਨਰ ਨੂੰ ਚਿੱਟੀ ਚਾਦਰ ਨਾਲ ਢਕ ਦਿੱਤਾ ਗਿਆ।

ਪ੍ਰਧਾਨ ਮੰਤਰੀ ਮਤਸਯ ਸੰਪਦਾ ਯੋਜਨਾ ਦੀ ਸਹਾਇਤਾ ਨਾਲ ਬਣਾਈ ਗਈ ਇਹ ਸ਼ਹਿਰ ਦੀ ਪਹਿਲੀ ਨਗਰ ਨਿਗਮ ਵੱਲੋਂ ਚਲਾਈ ਜਾਣ ਵਾਲੀ ਥੋਕ ਮੱਛੀ ਮੰਡੀ ਹੈ ਅਤੇ ਇਸ ਵਿੱਚ 80 ਦੁਕਾਨਾਂ ਹੋ ਸਕਦੀਆਂ ਹਨ। ਉਦਘਾਟਨ ਮੌਕੇ ਐਸੋਸੀਏਸ਼ਨ ਦੇ ਕੁਝ ਮੈਂਬਰਾਂ ਅਤੇ ਸੁਰਿੰਦਰ ਲਸ਼ਕਰੀ, ਜੋ ਕਿ ਇੱਕ ਮੈਂਬਰ ਅਤੇ ਮੱਛੀ ਵਪਾਰੀ ਹੈ ਤੇ ਜਿਸ ਕੋਲ ਮੰਡੀ ਵਿੱਚ ਇੱਕ ਪਲਾਟ ਹੈ, ਵਿਚਕਾਰ ਜ਼ੁਬਾਨੀ ਝਗੜਾ ਹੋਇਆ।

ਲਸ਼ਕਰੀ ਨੇ ਕਿਹਾ, 'ਇਹ ਪ੍ਰਧਾਨ ਮੰਤਰੀ ਦੀ ਛਵੀ ਅਤੇ ਪਛਾਣ ਨੂੰ ਨੁਕਸਾਨ ਪਹੁੰਚਾਉਂਦਾ ਹੈ, ਜੋ ਕਿ ਇੱਕ ਸ਼ਾਕਾਹਾਰੀ ਹਨ, ਇਸ ਲਈ ਮੈਂ ਐਸੋਸੀਏਸ਼ਨ ਦੇ ਪ੍ਰਧਾਨ ਨੂੰ ਉਨ੍ਹਾ ਦਾ ਨਾਂਅ ਹਟਾਉਣ ਦੀ ਬੇਨਤੀ ਕੀਤੀ।'

## ਸੁਖਬੀਰ ਨੇ ਤਖ਼ਤ ਦਮਦਮਾ ਸਾਹਿਬ ਵਿਖੇ ਟੇਕਿਆ ਮੱਥਾ

**ਬਠਿੰਡਾ** : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 13 ਅਗਸਤ ਨੂੰ ਮਹਾਰਾਸ਼ਟਰ ਦੇ ਨਾਂਦੇੜ ਵਿੱਚ ਇੱਕ ਜਾਨਲੇਵਾ ਹਮਲੇ ਵਿੱਚ ਬਚਾਅ ਤੋਂ ਦੋ ਹਫ਼ਤਿਆਂ ਤੋਂ ਵੀ ਘੱਟ ਸਮੇਂ ਬਾਅਦ ਪੰਜਾਬ ਪਰਤ ਆਏ ਹਨ। ਉਨ੍ਹਾ ਤਖ਼ਤ ਦਮਦਮਾ ਸਾਹਿਬ ਵਿਖੇ ਮੱਥਾ ਟੇਕਿਆ। ਉਨ੍ਹਾ ਦੇ ਨਾਲ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਅਤੇ ਸੀਨੀਅਰ ਪਾਰਟੀ ਆਗੂ ਵੀ ਸਨ। ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਖਾਲਸਾ ਨੇ ਸੁਖਬੀਰ ਅਤੇ ਹਰਸਿਮਰਤ ਨੂੰ ਸਿਰੋਪਾਓ ਭੇਟ ਕੀਤੇ। ਮੱਥਾ ਟੇਕਣ ਤੋਂ ਬਾਅਦ ਸੁਖਬੀਰ ਬਾਦਲ ਨੇ ਕਿਹਾ ਕਿ ਉਹ ਹਮਲੇ ਵਿੱਚ ਬਚਣ ਲਈ ਸ਼ੁਕਰਾਨਾ ਅਦਾ ਕਰਨ ਅਤੇ ਸਿੱਖ ਸੰਗਤ ਦਾ ਉਨ੍ਹਾਂ ਦੀਆਂ ਅਰਦਾਸਾਂ ਅਤੇ ਸ਼ੁਭ-ਕਾਮਨਾਵਾਂ ਲਈ ਧੰਨਵਾਦ ਕਰਨ ਲਈ ਇਸ ਪਵਿੱਤਰ ਤਖ਼ਤ ਉੱਤੇ ਆਏ ਹਨ। ਸੁਖਬੀਰ ਨੇ ਕਿਹਾ, 'ਮੈਂ ਸਿਰਫ਼ ਇੱਕ ਹੀ ਗੱਲ ਕਹਿਣਾ ਚਾਹੁੰਦਾ ਹਾਂ, ਆਓ ਪੰਜਾਬ ਨੂੰ ਬਚਾਈਏ।'

## ਮਾਨ ਵੱਲੋਂ ਆਦਰਸ਼ ਸਕੂਲਾਂ ਦੇ ਟੀਚਰਾਂ ਦੀ ਤਨਖਾਹ 22 ਹਜ਼ਾਰ ਕਰਨ ਨੂੰ ਮਨਜ਼ੂਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਦਰਸ਼ ਸਕੂਲਾਂ ਵਿੱਚ ਸੇਵਾਵਾਂ ਨਿਭਾ ਰਹੇ ਅਧਿਆਪਕਾਂ ਦੇ ਮਾਣ-ਸਤਿਕਾਰ ਅਤੇ ਆਰਥਿਕ ਸੁਰੱਖਿਆ ਨੂੰ ਯਕੀਨੀ ਬਣਾਉਂਦਿਆਂ ਉਨ੍ਹਾਂ ਦੀਆਂ ਤਨਖਾਹਾਂ ਵਿੱਚ 120 ਫੀਸਦੀ ਤੋਂ ਵੱਧ ਦਾ ਵਾਧਾ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇਸ ਨਾਲ ਲਗਪਗ 1,100 ਅਧਿਆਪਕਾਂ ਨੂੰ ਲਾਭ ਹੋਵੇਗਾ, ਜਿਸ ਨਾਲ ਉਨ੍ਹਾਂ ਦੀ ਮਹੀਨਾਵਾਰ ਤਨਖਾਹ 10,000 ਰੁਪਏ ਤੋਂ ਵਧ ਕੇ 22,000 ਰੁਪਏ ਤੋਂ ਵੱਧ ਹੋ ਜਾਵੇਗੀ। ਇਹ ਪ੍ਰਗਟਾਵਾ ਮੁੱਖ ਮੰਤਰੀ ਨੇ ਅਧਿਆਪਕਾਂ ਦੇ ਵਫ਼ਦ ਨਾਲ ਮੀਟਿੰਗ ਕਰਦਿਆਂ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪੰਜਾਬ ਦੇ ਭਵਿੱਖ ਨੂੰ ਬਣਾਉਣ ਵਿੱਚ ਅਧਿਆਪਕਾਂ ਦੀ ਅਹਿਮ ਭੂਮਿਕਾ ਦੇ ਬਾਵਜੂਦ ਅਧਿਆਪਕ ਭਾਈਚਾਰੇ ਦੀ ਅਣਦੇਖੀ ਕੀਤੀ ਸੀ। ਉਨ੍ਹਾਂ ਕਿਹਾ ਕਿ ਅਧਿਆਪਕ ਸਾਡੀ ਸਿੱਖਿਆ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਹਨ। ਲਗਪਗ ਦੋ ਦਹਾਕਿਆਂ ਤੋਂ ਇਹ ਅਧਿਆਪਕ ਘੱਟ ਤਨਖਾਹ ਮਿਲਣ ਦੇ ਬਾਵਜੂਦ ਸਮਰਪਣ ਭਾਵਨਾ ਨਾਲ ਸੇਵਾਵਾਂ ਨਿਭਾ ਰਹੇ ਹਨ। ਸਾਡੀ ਸਰਕਾਰ ਨੇ ਉਨ੍ਹਾਂ ਦੀਆਂ ਤਨਖਾਹਾਂ ਵਿੱਚ 120 ਫੀਸਦ ਤੋਂ ਵੱਧ ਵਾਧਾ ਕਰਕੇ ਇਸ ਲੰਬੇ ਸਮੇਂ ਤੋਂ ਚੱਲੇ ਆ ਰਹੇ ਅਨਿਆਂ ਨੂੰ ਦੂਰ ਕਰਨ ਦਾ ਫ਼ੈਸਲਾ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਧਿਆਪਕਾਂ ਨੂੰ ਨਾ ਸਿਰਫ਼ ਵਧੀ ਹੋਈ ਤਨਖਾਹ ਮਿਲੇਗੀ, ਸਗੋਂ ਕੇਂਦਰੀ ਵਿਦਿਆਲਿਆ ਸਕੂਲ ਦੀ ਤਰਜ਼ 'ਤੇ ਸਹੂਲਤਾਂ ਵੀ ਦਿੱਤੀਆਂ ਜਾਣਗੀਆਂ, ਜਿਸ ਨਾਲ ਉਨ੍ਹਾਂ ਦੀਆਂ ਸੇਵਾ ਸ਼ਰਤਾਂ ਵਿੱਚ ਸੁਧਾਰ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਵੇਲੇ ਸੀ.ਬੀ.ਐੱਸ.ਈ ਤੋਂ ਮਾਨਤਾ ਪ੍ਰਾਪਤ ਇਨ੍ਹਾਂ ਆਦਰਸ਼ ਸਕੂਲਾਂ ਵਿੱਚ 15,000 ਤੋਂ ਵੱਧ ਵਿਦਿਆਰਥੀ ਪੜ੍ਹ ਰਹੇ ਹਨ।

## ਜ਼ਖੀਰੇਬਾਜ਼ਾਂ 'ਤੇ ਹੋਵੇਗੀ ਸਖ਼ਤੀ

**ਚੰਡੀਗੜ੍ਹ** : ਖੰਡ ਦੇ ਭਾਅ ਵਿੱਚ ਹੋਏ ਵਾਧੇ ਨੂੰ ਵੇਖਦਿਆਂ ਮੰਗਲਵਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਵਿੱਚ ਖੰਡ ਦੀ ਕੋਈ ਘਾਟ ਨਹੀਂ ਅਤੇ ਸਰਕਾਰ ਲੋਕ ਹਿੱਤਾਂ ਦੀ ਰਾਖੀ ਲਈ ਇਸ ਦੇ ਭੰਡਾਰ, ਵਿਕਰੀ ਅਤੇ ਸਪਲਾਈ 'ਤੇ ਲਗਾਤਾਰ ਨਜ਼ਰ ਰੱਖ ਰਹੀ ਹੈ। ਉਨ੍ਹਾ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਖੰਡ ਦੀ ਢੁਕਵੀਂ ਉਪਲੱਬਧਤਾ ਯਕੀਨੀ ਬਣਾਈ ਜਾਵੇ ਅਤੇ ਬਣਾਉਟੀ ਘਾਟ ਪੈਦਾ ਕਰਨ ਜਾਂ ਜ਼ਖ਼ੀਰੇਬਾਜ਼ੀ ਕਰਨ ਦੀ ਕਿਸੇ ਵੀ ਕੋਸ਼ਿਸ਼ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਮੁੱਖ ਮੰਤਰੀ ਨੇ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਹਰ ਸਮੇਂ ਲੋੜੀਂਦਾ ਸਟਾਕ ਬਰਕਰਾਰ ਰਹੇ।

## ਪਟਨਾ 'ਚ ਵਿਦਿਆਰਥੀਆਂ 'ਤੇ ਜਲ-ਤੋਪਾਂ ਚਲਾਈਆਂ

**ਪਟਨਾ (ਨ ਜ਼ ਸ)**-ਸੈਂਕੜੇ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨੇ ਮੰਗਲਵਾਰ ਗਾਂਧੀ ਮੈਦਾਨ ਤੋਂ ਬਿਹਾਰ ਦੇ ਮੁੱਖ ਮੰਤਰੀ ਸਮਰਾਟ ਚੌਧਰੀ ਦੇ ਨਿਵਾਸ ਵੱਲ ਮਾਰਚ ਕਰਦਿਆਂ ਬੈਰੀਕੇਡ ਤੋੜ ਦਿੱਤੇ ਅਤੇ ਡਾਕ ਬੰਗਲਾ ਚੌਕ 'ਤੇ ਪੁਲਸ ਨਾਲ ਉਨ੍ਹਾਂ ਦੀ ਝੜਪ ਹੋ ਗਈ।

ਪੁਲਸ ਨੇ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਜਲ-ਤੋਪਾਂ ਦੀ ਵਰਤੋਂ ਕੀਤੀ, ਕਈ ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲੈ ਲਿਆ। ਇਸ ਦੌਰਾਨ ਇੱਕ ਵਿਦਿਆਰਥਣ ਬੇਹੋਸ਼ ਹੋ ਗਈ। ਇਹ ਮਾਰਚ, ਜੋ ਸਵੇਰੇ 10 ਵਜੇ ਦੇ ਕਰੀਬ ਸ਼ੁਰੂ ਹੋਇਆ, ਭਰਤੀ ਪ੍ਰੀਖਿਆਵਾਂ ਅਤੇ ਸਰਕਾਰੀ ਨੌਕਰੀਆਂ ਨੂੰ ਲੈ ਕੇ ਗਾਰਦਾਨੀ ਬਾਗ ਵਿਖੇ ਚੱਲ ਰਹੇ ਨਿਰੰਤਰ ਅੰਦੋਲਨ ਦੇ ਹਿੱਸੇ ਵਜੋਂ ਆਯੋਜਿਤ ਕੀਤਾ ਗਿਆ ਸੀ। ਵਿਦਿਆਰਥੀ ਪ੍ਰਸਤਾਵਤ ਚੌਥੀ ਅਧਿਆਪਕ ਭਰਤੀ ਪ੍ਰੀਖਿਆ ਵਿੱਚ ਬਦਲਾਅ ਦੀ ਮੰਗ ਕਰ ਰਹੇ ਹਨ, ਜਿਸ ਵਿੱਚ ਸਿੰਗਲ-ਸਟੇਜ ਪੀ ਟੀ-ਮੇਨਜ਼ ਪ੍ਰੀਖਿਆ, ਨੈਗੇਟਿਵ ਮਾਰਕਿੰਗ ਨੂੰ ਹਟਾਉਣਾ ਅਤੇ 100 ਫੀਸਦੀ ਡੋਮੀਸਾਈਲ-ਅਧਾਰਤ ਭਰਤੀ ਸ਼ਾਮਲ ਹੈ।

## ਦਿੱਲੀ ਰੈਲੀ ਇਤਿਹਾਸ ਰਚੇਗੀ : ਧਾਲੀਵਾਲ, ਸੋਹਲ



**ਫਿਰੋਜ਼ਪੁਰ (ਨ ਜ਼ ਸ)**-ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਇਕ ਸਤੰਬਰ ਨੂੰ ਦਿੱਲੀ ਦੇ ਰਾਮਲੀਲ੍ਹਾ ਮੈਦਾਨ ਵਿਖੇ ਕੀਤੀ ਜਾ ਰਹੀ ਵਿਸ਼ਾਲ ਦੇਸ਼ ਵਿਆਪੀ ਰੈਲੀ ਦੀਆਂ ਤਿਆਰੀਆਂ ਸੰਬੰਧੀ ਇਕ ਵਿਸ਼ੇਸ਼ ਕਨਵੈਨਸ਼ਨ ਇਥੇ ਸੀ ਪੀ ਆਈ ਦੇ ਦਫਤਰ ਨੇੜੇ ਨਾਗਰ ਮੱਲ ਸਰਾਂ ਵਿਖੇ ਹਰਭਜਨ ਬਾਜੇ ਕੇ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿੱਚ ਜ਼ਿਲ੍ਹੇ ਭਰ ਦੇ ਵੱਖ-ਵੱਖ ਪਿੰਡਾਂ ਅਤੇ ਬਲਾਕਾਂ ਵਿੱਚੋਂ ਵੱਡੀ ਗਿਣਤੀ ਪਾਰਟੀ ਵਰਕਰਾਂ ਅਤੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਨੇ ਹਿੱਸਾ ਲਿਆ।

ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਨਿਰਮਲ ਸਿੰਘ ਧਾਲੀਵਾਲ ਅਤੇ ਸੂਬਾ ਐਗਜ਼ੈਕਟਿਵ ਮੈਂਬਰ ਨਰਿੰਦਰ ਕੌਰ ਸੋਹਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਫਿਰੋਜ਼ਪੁਰ ਪਾਰਟੀ ਆਗੂਆਂ ਵੱਲੋਂ ਕਾਮਰੇਡ ਧਾਲੀਵਾਲ ਦਾ ਵਿਸ਼ੇਸ਼ ਤੌਰ 'ਤੇ ਸਵਾਗਤ ਕੀਤਾ ਗਿਆ। ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੇ ਹੁਣ ਤੱਕ ਦੇ ਕਾਰਜਕਾਲ ਦੌਰਾਨ ਸਮਾਜ ਦੇ ਹਰ ਵਰਗ ਦੀਆਂ ਮੁਸ਼ਕਲਾਂ ਵਿੱਚ ਲਗਾਤਾਰ ਵਾਧਾ ਹੋਇਆ ਹੈ। ਮੋਦੀ ਅਤੇ ਭਾਜਪਾ ਵੱਲੋਂ ਸਰਕਾਰ ਦੇ ਹਰ ਜਨਤਕ ਅਦਾਰੇ ਨੂੰ ਆਪਣੇ ਚਹੇਤਿਆਂ ਨੂੰ ਕੌਡੀਆਂ ਦੇ ਭਾਅ ਵੇਚਿਆ ਜਾ • ਬਾਕੀ ਸਫਾ 2 'ਤੇ

## ਦਿੱਲੀ ਰੈਲੀ ਮੋਦੀ ਸਰਕਾਰ ਦੇ ਕਫਨ 'ਚ ਕਿੱਲ ਸਾਬਿਤ ਹੋਵੇਗੀ : ਅਰਸ਼ੀ



**ਬੁਢਲਾਡਾ (ਅਸ਼ੋਕ ਲਾਕੜਾ)**

ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਪਹਿਲੀ ਸਤੰਬਰ ਨੂੰ ਦਿੱਲੀ ਦੇ ਰਾਮਲੀਲ੍ਹਾ ਮੈਦਾਨ ਵਿਖੇ 'ਬਦਲਾਅ ਜ਼ਰੂਰੀ ਹੈ' ਦੇ ਨਾਅਰੇ ਤਹਿਤ ਕੀਤੀ ਜਾ ਰਹੀ ਵਿਸ਼ਾਲ ਦੇਸ਼-ਵਿਆਪੀ ਰੈਲੀ ਦੀਆਂ ਤਿਆਰੀਆਂ ਪੂਰੇ ਜੋਸ਼ੋ-ਖਰੋਸ਼ ਨਾਲ ਚੱਲ ਰਹੀਆਂ ਹਨ। ਇਸੇ ਲੜੀ ਤਹਿਤ ਬੁਢਲਾਡਾ ਹਲਕੇ ਦੇ ਦਰਜਨਾਂ ਪਿੰਡਾਂ ਵਿੱਚ ਪਬਲਿਕ ਮੀਟਿੰਗਾਂ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ, ਜ਼ਿਲ੍ਹਾ ਸਹਾਇਕ ਸਕੱਤਰ ਵੇਦ ਪਰਕਾਸ਼, ਬਲਾਕ ਸਕੱਤਰ ਸੀਤਾ ਰਾਮ ਗੋਬਿੰਦਪੁਰਾ ਤੇ ਸਹਾਇਕ ਸਕੱਤਰ ਜਗਸੀਰ ਸਿੰਘ ਰਾਏਕੇ ਐੱਮ ਸੀ, ਦੀ ਅਗਵਾਈ ਹੇਠਾਂ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਭਾਰੀ ਇੱਕਠ ਤੇ ਉਤਸ਼ਾਹ ਦੇਖਣ ਨੂੰ ਮਿਲਿਆ। ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕਾਮਰੇਡ ਅਰਸ਼ੀ ਨੇ ਦੱਸਿਆ ਕਿ ਦੇਸ਼ ਗੰਭੀਰ ਸੰਕਟ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਮਹਿੰਗਾਈ ਤੇ ਬੇਰੁਜ਼ਗਾਰੀ ਆਪਣਾ ਵਿਕਰਾਲ ਰੂਪ • ਬਾਕੀ ਸਫਾ 2 'ਤੇ

## ਅੱਜ-ਨਾਮਾ

ਸੱਦੀ ਸੰਤਾਂ ਨੇ ਮੀਟਿੰਗ ਅਯੁੱਧਿਆ ਵਿੱਚ,
ਦਿੱਤੀ ਪੁਲਸ ਨੇ ਓਥੇ ਨਹੀਂ ਕਰਨ ਬੇਲੀ।
ਚੜ੍ਹਾਵਾ ਚੋਰੀ ਦਾ ਮੁੱਦਾ ਸੀ ਬਹੁਤ ਵੱਡਾ,
ਕਹਿੰਦੇ ਸੰਤ ਕਿ ਹੋਵੇ ਨਹੀਂ ਜਰਨ ਬੇਲੀ।
ਲਾਏ ਮੰਦਰ ਦੀ ਸੇਵਾ ਸੀ ਕਰਨ ਜਿਹੜੇ,
ਆਪਣੇ ਘਰਾਂ ਨੂੰ ਲੱਗੇ ਰਹੇ ਭਰਨ ਬੇਲੀ।
ਸੰਤਾਂ ਕਿਹਾ ਕਿ ਜਿਨ੍ਹਾਂ ਵੀ ਮਾਲ ਚਰਿਆ,
ਲੱਗੇ ਪੱਥਰ ਭਵਸਾਗਰ ਨਾ ਤਰਨ ਬੇਲੀ।
ਜਿਨ੍ਹਾਂ ਲੋਕਾਂ 'ਤੇ ਸੰਤ ਪਏ ਦੋਸ਼ ਲਾਉਂਦੇ,
ਉਹ ਨਾ ਕਦੀ ਕੁਝ ਕਰਨ ਪ੍ਰਵਾਹ ਬੇਲੀ।
ਉਨ੍ਹਾਂ ਮਗਰ ਜਦ ਖੜੇ ਆ ਰਾਜ-ਕਰਤੇ,
ਕੋਈ ਨਾ ਜਾਣਦਾ ਉਨ੍ਹਾਂ ਦੀ ਥਾਹ ਬੇਲੀ।

-ਤੀਸ ਮਾਰ ਖਾਂ

## ਰਿਸ਼ੀਕੇਸ਼ ਦੀ ਮੌਤ ਨੇ ਫਿਰ ਖਤਰੇ ਦੀ ਘੰਟੀ ਵਜਾਈ

**ਨਵੀਂ ਦਿੱਲੀ (ਨ ਜ਼ ਸ)**

ਕਾਕਰੋਚ ਜਨਤਾ ਪਾਰਟੀ ਦੇ ਬੁਲਾਰੇ ਆਸ਼ੂਤੋਸ਼ ਰੰਕਾ ਨੇ ਮੰਗਲਵਾਰ ਕਿਹਾ ਕਿ ਆਈ ਆਈ ਟੀ ਦਿੱਲੀ ਦੇ 31 ਸਾਲਾ ਵਿਦਿਆਰਥੀ ਦੀ ਖੁਦਕੁਸ਼ੀ ਨਾਲ ਹੋਈ ਮੌਤ ਨੇ ਦੇਸ਼ ਭਰ ਵਿੱਚ ਖਤਰੇ ਦੀ ਘੰਟੀ ਵਜਾ ਦਿੱਤੀ ਹੈ।

ਸ਼ਨੀਵਾਰ ਸਵੇਰੇ ਆਈ ਆਈ ਟੀ ਦਿੱਲੀ ਕੈਂਪਸ ਦੀ ਛੇਵੀਂ ਮੰਜ਼ਲ ਤੋਂ ਛਾਲ ਮਾਰਨ ਤੋਂ ਬਾਅਦ ਐੱਮ ਐੱਸ ਸੀ ਫਿਜ਼ਿਕਸ ਦੇ ਦੂਜੇ ਸਾਲ ਦੇ ਵਿਦਿਆਰਥੀ ਰਿਸ਼ੀਕੇਸ਼ ਦੀ ਮੌਤ ਹੋ ਗਈ, ਜਿਸ ਨਾਲ ਵਿਦਿਆਰਥੀਆਂ ਵਿੱਚ ਗੁੱਸਾ ਫੈਲ ਗਿਆ ਅਤੇ ਉਨ੍ਹਾਂ ਪ੍ਰਸ਼ਾਸਨ 'ਤੇ ਇਸ ਦੁਖਾਂਤ ਨੂੰ ਆਮ ਘਟਨਾ ਵਜੋਂ ਪੇਸ਼ ਕਰਨ ਦਾ ਦੋਸ਼ ਲਗਾਇਆ। 300 ਤੋਂ ਵੱਧ ਵਿਦਿਆਰਥੀਆਂ ਨੇ ਸੋਮਵਾਰ ਕੈਂਪਸ ਵਿੱਚ ਜਵਾਬਦੇਹੀ ਅਤੇ ਪ੍ਰਣਾਲੀਗਤ ਸੁਧਾਰ ਦੀ ਮੰਗ ਕਰਦੇ ਹੋਏ ਪ੍ਰਦਰਸ਼ਨ ਕੀਤਾ।

ਰੰਕਾ ਨੇ ਐੱਕਸ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਰਿਸ਼ੀਕੇਸ਼ ਨੇ ਪਿਛਲੇ ਸਾਲ • ਬਾਕੀ ਸਫਾ 2 'ਤੇ

## ਜਾਂਚ ਕਮੇਟੀ ਦੀ ਬਣਤਰ 'ਤੇ ਇਤਰਾਜ਼

**ਨਵੀਂ ਦਿੱਲੀ** : ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਨੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਪੁਲਸ ਵਧੀਕੀਆਂ ਤੇ ਹਿੰਸਾ ਦੀ ਜਾਂਚ ਕਰਨ ਲਈ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਆਰ ਸੁਭਾਸ਼ ਰੈਡੀ ਦੀ ਅਗਵਾਈ ਵਾਲੀ ਪੰਜ ਮੈਂਬਰੀ ਉੱਚ-ਤਾਕਤੀ ਕਮੇਟੀ ਦੀ ਬਣਤਰ 'ਤੇ ਇਤਰਾਜ਼ ਪ੍ਰਗਟ ਕਰਦੇ ਹੋਏ ਕੁਝ ਪਟੀਸ਼ਨਰਾਂ ਨੇ ਮੰਗਲਵਾਰ ਉਸ ਦੇ ਪੁਨਰਗਠਨ ਦੀ ਮੰਗ ਕੀਤੀ। ਪਟੀਸ਼ਨਰਾਂ ਦੇ ਸੀਨੀਅਰ ਵਕੀਲ ਗੋਪਾਲ ਸ਼ੰਕਰਨਾਰਾਇਣਨ ਨੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਸੂਰੀਆ ਕਾਂਤ ਦੀ ਅਗਵਾਈ ਵਾਲੀ ਬੈਂਚ ਸਾਹਮਣੇ ਮਾਮਲੇ ਦਾ ਜ਼ਿਕਰ ਕੀਤਾ ਅਤੇ ਅਗਲੇ ਹਫਤੇ ਅਰਜ਼ੀ ਨੂੰ ਸੂਚੀਬੱਧ ਕਰਨ ਦੀ ਮੰਗ ਕੀਤੀ। ਹਾਲਾਂਕਿ ਸਾਲਿਸਟਰ • ਬਾਕੀ ਸਫਾ 2 'ਤੇ




## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੁਲਸ-ਪਬਲਿਕ ਮੀਟਿੰਗ



**ਜਗਰਾਉਂ (ਸੰਜੀਵ ਅਰੋੜਾ)**-ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਵੱਲੋਂ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਨ ਤੇ ਨਸ਼ਿਆਂ ਸਮੇਤ ਹੋਰ ਸਮਾਜਿਕ ਸਮੱਸਿਆਵਾਂ ਬਾਰੇ ਲੋਕਾਂ ਦੀ ਰਾਇ ਜਾਣਨ ਲਈ ਜਗਰਾਉਂ ਵਿਖੇ ਪੁਲਸ-ਪਬਲਿਕ ਮੀਟਿੰਗ ਕਰਵਾਈ ਗਈ। ਮੀਟਿੰਗ ਦੀ ਅਗਵਾਈ ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐੱਸ.ਐੱਸ.ਪੀ. ਡਾ. ਅੰਕੁਰ ਗੁਪਤਾ ਨੇ ਕੀਤੀ। ਇਸ ਮੌਕੇ ਐੱਸ.ਐੱਸ.ਪੀ. ਡਾ. ਅੰਕੁਰ ਗੁਪਤਾ ਨੇ ਕਿਹਾ ਕਿ ਪੁਲਸ-ਪਬਲਿਕ ਮੀਟਿੰਗਾਂ ਦਾ ਮੁੱਖ ਮਕਸਦ ਪੁਲਸ ਤੇ ਆਮ ਲੋਕਾਂ ਵਿਚਕਾਰ ਰਾਬਤਾ ਹੋਰ ਮਜ਼ਬੂਤ ਕਰਨਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਮੁਸ਼ਕਲਾਂ ਨੂੰ ਨੇੜਿਓਂ ਸੁਣ ਕੇ ਉਨ੍ਹਾਂ ਦਾ ਬਣਦਾ ਹੱਲ ਕਰਵਾਉਣਾ ਪੁਲਸ ਦੀ ਮੁੱਖ ਜ਼ਿੰਮੇਵਾਰੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਦੇ ਖਾਤਮੇ ਲਈ ਪੁਲਸ ਦਾ ਸਹਿਯੋਗ ਕਰਨ ਤੇ ਆਪਣੇ ਇਲਾਕੇ ਵਿੱਚ ਨਸ਼ਿਆਂ ਦੀ ਵਿਕਰੀ ਜਾਂ ਵਰਤੋਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਪੁਲਸ ਨਾਲ ਸਾਂਝੀ ਕਰਨ। ਜੇਕਰ ਪੁਲਸ ਤੇ ਪਬਲਿਕ ਮਿਲ ਕੇ ਕੰਮ ਕਰਨ ਤਾਂ ਨਸ਼ਿਆਂ ਦੇ ਕਾਰੋਬਾਰ ਨੂੰ ਜੜ੍ਹ ਤੋਂ ਖ਼ਤਮ ਕਰਨ ਵਿੱਚ ਵੱਡੀ ਸਫ਼ਲਤਾ ਹਾਸਲ ਕੀਤੀ ਜਾ ਸਕਦੀ ਹੈ। ਮੀਟਿੰਗ ਦੌਰਾਨ ਪੁਲਿਸ ਅਧਿਕਾਰੀਆਂ ਨੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਪਰਵਾਰਾਂ, ਸਮਾਜਿਕ ਜਥੇਬੰਦੀਆਂ ਤੇ ਆਮ ਲੋਕਾਂ ਨੂੰ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ। ਇਸ ਦੇ ਨਾਲ ਹੀ ਲੋਕਾਂ ਵੱਲੋਂ ਇਲਾਕੇ ਨਾਲ ਸਬੰਧਤ ਵੱਖ-ਵੱਖ ਸਮੱਸਿਆਵਾਂ ਤੇ ਪੁਲਸ ਨਾਲ ਜੁੜੇ ਮਾਮਲੇ ਵੀ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦੇ ਗਏ, ਜਿਨ੍ਹਾਂ ਨੂੰ ਗੰਭੀਰਤਾ ਨਾਲ ਸੁਣਦਿਆਂ ਸਬੰਧਤ ਅਧਿਕਾਰੀਆਂ ਨੂੰ ਜ਼ਰੂਰੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਐਸ.ਪੀ. ਸਰਵਣਜੀਤ ਸਿੰਘ, ਡੀ.ਐੱਸ.ਪੀ. ਜਸਵਿੰਦਰ ਸਿੰਘ ਢੀਂਡਸਾ, ਇੰਸਪੈਕਟਰ ਪਰਮਿੰਦਰ ਸਿੰਘ ਤੇ ਥਾਣਾ ਸਦਰ ਜਗਰਾਉਂ ਦੇ ਮੁੱਖ ਅਫ਼ਸਰ ਸੁਖਵਿੰਦਰ ਸਿੰਘ ਦਿਓਲ ਸਮੇਤ ਪੁਲਸ ਅਧਿਕਾਰੀ ਮੌਜੂਦ ਸਨ।

## ਸਰਕਾਰੀ ਮਿਡਲ ਸਕੂਲ ਦੌਲਤਪੁਰਾ ਨੇ ਜਿੱਤੀ ਓਵਰਆਲ ਟਰਾਫੀ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਸਰਕਾਰੀ ਮਿਡਲ ਸਕੂਲ ਦੌਲਤਪੁਰਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜ਼ਿਲ੍ਹਾ ਪੱਧਰੀ ਸਰਕਲ ਕਬੱਡੀ ਮੁਕਾਬਲਿਆਂ ਵਿੱਚ ਓਵਰਆਲ ਟਰਾਫੀ ਆਪਣੇ ਨਾਮ ਕੀਤੀ।ਇਹ ਮੁਕਾਬਲੇ ਸਰਕਾਰੀ ਹਾਈ ਸਕੂਲ ਮਲੂਕਪੁਰਾ ਵਿਖੇ ਕਰਵਾਏ ਗਏ।ਅੰਡਰ-14 ਵਰਗ ਵਿੱਚ ਦੌਲਤਪੁਰਾ ਦੀ ਟੀਮ ਨੇ ਸਾਰੀਆਂ ਟੀਮਾਂ ਨੂੰ ਹਰਾ ਕੇ ਇਹ ਮਾਣ ਹਾਸਲ ਕੀਤਾ।ਹੁਣ ਇਹ ਟੀਮ ਫਾਜ਼ਿਲਕਾ ਜ਼ਿਲ੍ਹੇ ਵੱਲੋਂ ਸਟੇਟ ਪੱਧਰੀ ਸਰਕਲ ਕਬੱਡੀ ਟੂਰਨਾਮੈਂਟ ਵਿੱਚ ਭਾਗ ਲਵੇਗੀ।

ਸਕੂਲ ਪਹੁੰਚਣ 'ਤੇ ਜੇਤੂ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ ਗਿਆ।ਮੁੱਖ ਅਧਿਆਪਕ ਸ੍ਰੀ ਸੰਜੀਵ ਕੁਮਾਰ ਤੇ ਸਮੂਹ ਸਟਾਫ਼ ਵੱਲੋਂ ਕੋਚ ਪੀ.ਟੀ.ਆਈ. ਮੈਡਮ ਰਮਨਦੀਪ ਕੌਰ ਤੇ ਸਮੂਹ ਕਬੱਡੀ ਖਿਡਾਰੀਆਂ ਨੂੰ ਇਸ ਜਿੱਤ ਦੀ ਵਧਾਈ ਦਿੱਤੀ ਗਈ।ਇਸ ਮੌਕੇ ਗ੍ਰਾਮ ਪੰਚਾਇਤ ਦੌਲਤਪੁਰਾ ਵੱਲੋਂ ਵੀ ਵਿਦਿਆਰਥੀਆਂ ਦੀ ਅਗਲੇਰੀ ਤਿਆਰੀ ਲਈ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਗਿਆ।

## ਤਿੰਨ ਰੋਜ਼ਾ ਪੁਸਤਕ ਮੇਲੇ ਨੇ ਬਿਖੇਰਿਆ ਗਿਆਨ, ਚੇਤਨਾ ਤੇ ਤਰਕ ਦਾ ਚਾਨਣ

**ਪੁਸਤਕਾਂ ਚੰਗੇਰੇ ਭਵਿੱਖ ਦਾ ਰੌਸ਼ਨ ਰਾਹ : ਗੌਹਰ ਰਜ਼ਾ**



**ਬਰਨਾਲਾ (ਰਾਜਿੰਦਰ ਬਰਾੜ)**-ਨਾਮਵਰ ਤਰਕਸ਼ੀਲ ਚਿੰਤਕ ਡਾ. ਨਰਿੰਦਰ ਦਾਭੋਲਕਰ ਦੀ ਯਾਦ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਸਥਾਨਕ ਤਰਕਸ਼ੀਲ ਭਵਨ ਵਿਖੇ ਲਗਾਇਆ ਗਿਆ ਤਿੰਨ ਰੋਜ਼ਾ ਪੁਸਤਕ ਮੇਲਾ ਗਿਆਨ, ਚੇਤਨਾ, ਤਰਕ ਤੇ ਪੁਸਤਕ ਸਾਂਝ ਦਾ ਚਾਨਣ ਬਿਖੇਰ ਗਿਆ। ਪੁਸਤਕ ਮੇਲੇ ਵਿੱਚ ਤਿੰਨੇ ਦਿਨ ਪਾਠਕਾਂ, ਲੇਖਕਾਂ ਤੇ ਆਮ ਲੋਕ ਵੱਡੀ ਗਿਣਤੀ ਵਿੱਚ ਪੁਸਤਕਾਂ ਵਾਚਦੇ, ਖਰੀਦਦੇ ਰਹੇ। ਸੁਸਾਇਟੀ ਦੇ ਸੂਬਾ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਤੇ ਤਰਕਸ਼ੀਲ ਮੈਗਜ਼ੀਨ ਦੇ ਸੰਪਾਦਕ ਰਾਮਪਾਲ ਸਿੰਘ ਨੇ ਦੱਸਿਆ ਕਿ ਪੁਸਤਕ ਮੇਲੇ ਵਿੱਚ ਵਿਗਿਆਨਕ ਸੋਚ ਨਾਲ ਜੁੜੀਆਂ ਪੁਸਤਕਾਂ ਤੇ ਦੇਵ ਪੁਰਸ਼ ਹਾਰ ਗਏ, ਪੰਜੀਅਰ ਰਚਨਾਵਲੀ, ਕਿੰਤੂ ਪ੍ਰੰਤੂ ਵੱਡੀ ਗਿਣਤੀ ਵਿੱਚ ਪਾਠਕਾਂ ਦੇ ਹੱਥਾਂ ਵਿੱਚ ਗਈਆਂ।ਉੱਥੇ ਮੇਰਾ ਦਾਗਿਸਤਾਨ, ਫਾਂਸੀ ਦੇ ਤਖ਼ਤੇ ਤੋਂ, ਸਤਲੁਜ ਵਹਿੰਦਾ ਰਿਹਾ, ਅਵਾਮੀ ਸ਼ਾਇਰ ਬਾਬਾ ਨਜ਼ਮੀ, ਦਿੱਲੀ 1984, ਧਰਤੀ ਤਿੜਕੇ ਖਾਬਾਂ ਦੀ, ਧੁੱਪਾਂ ਛਾਵਾਂ, ਪਾਸ਼ ਕਾਵਿ, ਸਾਹਿਤ ਸੰਜੀਵਨੀ ਆਦਿ ਸਾਹਿਤਕ ਪੁਸਤਕਾਂ ਹਰ ਉਮਰ ਵਰਗ ਦੇ ਪਾਠਕਾਂ ਦੀ ਪਹਿਲੀ ਪਸੰਦ ਬਣੀਆਂ।ਪਾਠਕਾਂ ਨੇ ਅੰਗਰੇਜ਼ੀ ਪੰਜਾਬੀ ਕੋਸ਼, ਅਖਾਣ-ਮੁਹਾਵਰੇ ਤੇ ਬਾਲ ਸਾਹਿਤ ਖ੍ਰੀਦਣ ਵਿੱਚ ਵੀ ਭਰਵੀਂ ਰੁਚੀ ਵਿਖਾਈ।ਮੇਲੇ ਵਿੱਚ ਵਿਚਾਰ ਚਰਚਾ ਲਈ ਪਹੁੰਚੇ ਉੱਘੇ ਵਿਗਿਆਨੀ ਤੇ ਸ਼ਾਇਰ ਡਾ. ਗੌਹਰ ਰਜ਼ਾ, ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਤੇ ਡੀਨ ਡਾ. ਰਾਜਿੰਦਰ ਪਾਲ ਸਿੰਘ ਨੇ ਪੁਸਤਕ ਮੇਲੇ ਵਿੱਚ ਪਾਠਕਾਂ ਦੀ ਵੱਡੀ ਸ਼ਮੂਲੀਅਤ ਤੇ ਪੁਸਤਕਾਂ ਪੜ੍ਹਨ ਦੀ ਰੁਚੀ ਨੂੰ ਜ਼ਿੰਦਗੀ ਤੇ ਸਮਾਜ ਦੇ ਚੰਗੇਰੇ ਭਵਿੱਖ ਦਾ ਰੌਸ਼ਨ ਰਾਹ ਦੱਸਿਆ।ਹਰਿਆਣਾ ਤੋਂ ਵਿਸ਼ੇਸ਼ ਤੌਰ 'ਤੇ ਮੇਲੇ ਵਿੱਚ ਪਹੁੰਚੇ ਅਨੁਪਮਾ ਸ਼ਰਮਾ, ਰਾਜੇਸ਼ ਬਿੰਦਰਾ ਤੇ ਗੁਰਮੀਤ ਅੰਬਾਲਾ ਨੇ ਤਰਕਸ਼ੀਲ ਭਵਨ ਵਿੱਚ ਪੁਸਤਕ ਪ੍ਰੇਮੀਆਂ ਦੀਆਂ ਲੱਗੀਆਂ ਰੌਣਕਾਂ ਵੇਖ ਇਸ ਨੂੰ ਵਿਗਿਆਨਕ ਚੇਤਨਾ ਦੀ ਵਧ ਫੁੱਲ ਰਹੀ ਸ਼ਾਖ਼ ਤੇ ਸੰਤੁਸ਼ਟੀ ਪ੍ਰਗਟਾਈ।ਮੇਲਾ ਪ੍ਰਬੰਧਕੀ ਕਮੇਟੀ ਮੈਂਬਰਾਂ ਦੀਪ ਦਿਲਬਰ, ਵਰਿੰਦਰ ਦੀਵਾਨਾ, ਅਮਿਤ ਮਿੱਤਰ ਤੇ ਖੁਸ਼ਵੰਤ ਬਰਗਾੜੀ ਨੇ ਆਖਿਆ ਕਿ ਲੇਖਕਾਂ ਦੇ ਗੜ੍ਹ ਤੇ ਤਰਕਸ਼ੀਲਾਂ ਦੇ ਪ੍ਰਮੁੱਖ ਕੇਂਦਰ ਵਿੱਚ ਲੱਗਿਆ ਪਹਿਲਾ ਤਿੰਨ ਦਿਨਾ ਪੁਸਤਕ ਮੇਲਾ ਪਾਠਕਾਂ, ਲੇਖਕਾਂ ਤੇ ਸਭਨਾਂ ਵਰਗਾਂ ਦੇ ਲੋਕਾਂ ਦੇ ਮਨਾਂ ਵਿੱਚ ਚੇਤਨਾ ਤੇ ਚਿੰਤਨ ਨਾਲ ਜ਼ਿੰਦਗੀ ਦੇ ਨਕਸ਼ ਸੰਵਾਰਨ ਦੀ ਤਾਂਘ ਨੂੰ ਜਗਾ ਗਿਆ।ਸੁਸਾਇਟੀ ਦੇ ਸਾਹਿਤ ਵਿਭਾਗ ਦੇ ਮੁਖੀ ਰਾਮ ਸਵਰਨ ਲੱਖੇਵਾਲੀ ਤੇ ਸੂਬਾਈ ਮੀਡੀਆ ਮੁਖੀ ਸੁਮੀਤ ਅੰਮ੍ਰਿਤਸਰ ਅਨੁਸਾਰ ਮੇਲੇ ਵਿੱਚ ਸਾਹਿਤ ਪ੍ਰੇਮੀਆਂ ਵੱਲੋਂ ਵਿਖਾਇਆ ਗਿਆ ਉਤਸ਼ਾਹ ਤੇ ਲੋਕਾਂ ਦਾ ਸਾਥ ਨਿਸ਼ਚੇ ਸ਼ਬਦ, ਕਲਾ, ਗਿਆਨ ਤੇ ਚੇਤਨਾ ਦੀ ਲੋਅ ਦੇ ਹਮੇਸ਼ਾ ਜਗਦੇ ਰਹਿਣ ਦੀ ਆਸ ਬਣਿਆ ਹੈ।ਇਸ ਪੁਸਤਕ ਮੇਲੇ ਦੀ ਸਫ਼ਲਤਾ ਵਿੱਚ ਸਫ਼ਲ ਬਣਾਉਣ ਵਿੱਚ ਸਾਹਿਤ ਪ੍ਰੇਮੀਆਂ, ਮੀਡੀਆ ਕਰਮੀਆਂ, ਪ੍ਰਬੰਧਕੀ ਕਮੇਟੀ ਤੇ ਪੰਜਾਬ ਦੇ ਕੋਨੇ ਕੋਨੇ ਤੋਂ ਪਹੁੰਚੇ ਤਰਕਸ਼ੀਲ ਕਾਮਿਆਂ ਦਾ ਵੱਡਾ ਯੋਗਦਾਨ ਰਿਹਾ।ਮੇਲਾ ਲੋਕਾਂ ਤੱਕ ਲੋਕ ਪੱਖੀ ਸਿਹਤਮੰਦ ਪੁਸਤਕ ਸਭਿਆਚਾਰ ਤੇ ਵਿਗਿਆਨਕ ਸੋਚ ਅਪਣਾਉਣ ਦਾ ਆਪਣਾ ਸੰਦੇਸ਼ ਪੁਜਦਾ ਕਰਨ ਵਿੱਚ ਪੂਰੀ ਤਰ੍ਹਾਂ ਸਫ਼ਲ ਰਿਹਾ।

## ਜਖੇਪਲ ਵਿਖੇ ਸਿਹਤ ਵਿਭਾਗ ਵੱਲੋਂ ਟੀ ਬੀ ਸਕ੍ਰੀਨਿੰਗ ਕੈਂਪ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਿਵਲ ਸਰਜਨ ਡਾ. ਅਮਰਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫ਼ਸਰ ਡਾ. ਰਵਿੰਦਰਪਾਲ ਕੌਰ ਤੇ ਜ਼ਿਲ੍ਹਾ ਟੀ. ਬੀ. ਅਫ਼ਸਰ ਡਾ. ਰਾਜਿੰਦਰ ਕੌਰ ਦੀ ਅਗਵਾਈ ਵਿੱਚ ਸਿਹਤ ਬਲਾਕ ਕੌਹਰੀਆਂ ਵੱਲੋਂ ਟੀ. ਬੀ. (ਤਪਦਿਕ) ਦੀ ਬੀਮਾਰੀ ਦੇ ਮੁਕੰਮਲ ਖਾਤਮੇ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਪਿੰਡ ਜਖੇਪਲ ਵਿਖੇ ਟੀ. ਬੀ. ਸਕ੍ਰੀਨਿੰਗ ਕੈਂਪ ਲਗਾਇਆ ਗਿਆ।ਇਸ ਮੌਕੇ ਸਿਹਤ ਵਿਭਾਗ ਦੀ ਟੀਮ ਵੱਲੋਂ ਲੋਕਾਂ ਨੂੰ ਐੱਚ.ਆਈ.ਵੀ. (ਏਡਜ਼) ਤੋਂ ਬਚਾਅ ਲਈ ਜਾਗਰੂਕ ਵੀ ਕੀਤਾ ਗਿਆ।ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਰਵਿੰਦਰਪਾਲ ਕੌਰ ਨੇ ਕਿਹਾ ਕਿ ਟੀ. ਬੀ. ਇੱਕ ਇਲਾਜਯੋਗ ਬੀਮਾਰੀ ਹੈ, ਬੱਸ ਲੋੜ ਹੈ ਸਮੇਂ ਸਿਰ ਇਸ ਦੀ ਪਛਾਣ ਤੇ ਪੂਰਾ ਇਲਾਜ ਕਰਵਾਉਣ ਦੀ। ਜੇਕਰ ਕਿਸੇ ਵਿਅਕਤੀ ਨੂੰ ਦੋ ਹਫ਼ਤਿਆਂ ਤੋਂ ਵੱਧ ਖੰਘ, ਬੁਖ਼ਾਰ, ਭੁੱਖ ਨਾ ਲੱਗਣਾ ਜਾਂ ਵਜ਼ਨ ਘਟਣ ਵਰਗੇ ਲੱਛਣ ਦਿਖਾਈ ਦੇਣ, ਤਾਂ ਤੁਰੰਤ ਆਪਣੀ ਜਾਂਚ ਕਰਵਾਈ।ਸਰਕਾਰੀ ਹਸਪਤਾਲਾਂ ਵਿੱਚ ਟੀ.ਬੀ. ਦੀ ਜਾਂਚ ਤੇ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਰਜਿੰਦਰ ਸਿੰਘ ਕੌਂਸਲਰ, ਰਾਜਵਿੰਦਰ ਕੌਰ ਐੱਸ ਟੀ, ਰਿਜਵਾਨ ਰੇਡੀਓਗਰਾਫਰ, ਮ.ਪ.ਹ.ਵ. ਮਨਪ੍ਰੀਤ ਕੌਰ, ਸੀ ਐੱਚ ਓ ਅਮਨਦੀਪ ਕੌਰ ਤੇ ਆਸ਼ਾ ਆਧਾਰਤ ਟੀਮ ਵੱਲੋਂ ਲੱਛਣਾਂ ਵਾਲੇ ਮਰੀਜ਼ਾਂ ਦੇ ਐਕਸ 'ਤੇ ਹੀ ਮੁਫ਼ਤ ਐਕਸ-ਰੇ ਕੀਤੇ ਗਏ ਤੇ ਬੀਮਾਰੀ ਦੀ ਸਹੀ ਪੁਸ਼ਟੀ ਲਈ ਥੁੱਕ ਦੇ ਸੈਂਪਲ ਵੀ ਇੱਕਠੇ ਕੀਤੇ ਗਏ।

## ਵਿਦਿਆਰਥੀਆਂ ਨੂੰ ਵੋਟ ਦੀ ਮਹੱਤਤਾ ਬਾਰੇ ਕੀਤਾ ਜਾਗਰੂਕ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਦੇ ਦਿਸ਼ਾ-ਨਿਰਦੇਸ਼ਾਂ ਤੇ ਐੱਸ.ਡੀ.ਐੱਮ. ਤਲਵੰਡੀ ਸਾਬੋ ਸ੍ਰੀਮਤੀ ਵੀਰਪਾਲ ਕੌਰ ਦੀ ਅਗਵਾਈ ਹੇਠ ਸਵੀਪ ਨੋਡਲ ਅਫ਼ਸਰ ਸ੍ਰੀ ਮਦਨ ਲਾਲ ਛਾਬੜਾ ਸਵੀਪ ਟੀਮ ਤਲਵੰਡੀ ਸਾਬੋ ਵੱਲੋਂ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਵੋਟਰ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ।ਇਸ ਮੌਕੇ ਸ੍ਰੀ ਮਦਨ ਲਾਲ ਛਾਬੜਾ ਨੇ ਵਿਦਿਆਰਥੀਆਂ ਨੂੰ ਈ ਸੀ ਆਈ ਨੈੱਟ ਐਪ ਦੀ ਵਰਤੋਂ ਤੇ ਇਸ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਫਾਰਮ-6 ਰਾਹੀਂ ਨਵੇਂ ਵੋਟਰ ਦੀ ਰਜਿਸਟ੍ਰੇਸ਼ਨ ਤੇ ਫਾਰਮ-8 ਰਾਹੀਂ ਵੋਟਰ ਵੇਰਵਿਆਂ ਵਿੱਚ ਸੋਧ/ਤਬਦੀਲੀ ਕਰਨ ਦੀ ਪ੍ਰਕਿਰਿਆ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ ਪੂਜਾ ਗਰੋਵਰ ਤੇ ਗਗਨ ਸਿੰਘ ਵੱਲੋਂ ਵੀ ਵਿਦਿਆਰਥੀਆਂ ਨੂੰ 18 ਸਾਲ ਦੀ ਉਮਰ ਪੂਰੀ ਕਰ ਚੁੱਕੇ ਯੋਗ ਨੌਜਵਾਨਾਂ ਨੂੰ ਵੋਟਰ ਵਜੋਂ ਰਜਿਸਟਰ ਕਰਵਾਉਣ ਤੇ ਆਪਣੇ ਵੋਟ ਦੇ ਅਧਿਕਾਰ ਦੀ ਸਹੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਸਵੀਪ ਨੋਡਲ ਅਫ਼ਸਰ ਸ੍ਰੀ ਮਦਨ ਲਾਲ ਛਾਬੜਾ ਤੇ ਟੀਮ ਮੈਂਬਰ ਪੂਜਾ ਗਰੋਵਰ ਤੇ ਗਗਨ ਸਿੰਘ ਸਮੇਤ ਸਕੂਲ ਦਾ ਸਟਾਫ਼ ਹਾਜ਼ਰ ਸੀ।

## ਪ੍ਰਭ ਆਸਰਾ ਵੈੱਲਫੇਅਰ ਕਲੱਬ ਨੇ ਲਾਇਆ ਪੌਦਿਆਂ ਦਾ ਲੰਗਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਪ੍ਰਭ ਆਸਰਾ ਵੈੱਲਫੇਅਰ ਕਲੱਬ ਵੱਲੋਂ ਸੂਬਾ ਪ੍ਰਧਾਨ ਭਾਵਨਾ ਬਾਂਸਲ ਦੇ ਦਫ਼ਤਰ ਬਾਹਰ ਪੌਦਿਆਂ ਦਾ ਲੰਗਰ ਲਗਾਇਆ ਗਿਆ।ਇਸ ਦੌਰਾਨ ਕਰੀਬ 500 ਪੌਦੇ ਲੋਕਾਂ ਨੂੰ ਵੰਡੇ ਗਏ।ਇਸ ਮੌਕੇ ਸੰਸਥਾ ਦੀ ਪ੍ਰਧਾਨ ਜਸਵੀਰ ਕੌਰ ਰਾਏ ਤੇ ਸੂਬਾ ਪ੍ਰਧਾਨ ਭਾਵਨਾ ਬਾਂਸਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਾਤਾਵਰਨ ਨੂੰ ਸਾਫ਼-ਸੁਥਰਾ ਤੇ ਹਰਿਆ-ਭਰਿਆ ਬਣਾਉਣ ਦੇ ਉਦੇਸ਼ ਨਾਲ ਸੰਸਥਾ ਵੱਲੋਂ ਘਰ-ਘਰ ਪੌਦੇ ਲਗਾਉਣ ਦੀ ਛੋਟੀ ਜਿਹੀ ਪਹਿਲ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਸ਼ਹਿਰ ਦੇ ਵੱਖ-ਵੱਖ ਮੁਹੱਲਿਆਂ ਤੇ ਜਨਤਕ ਥਾਵਾਂ 'ਤੇ ਵੱਧ ਤੋਂ ਵੱਧ ਪੌਦੇ ਲਗਾਏ ਜਾਣੇ ਚਾਹੀਦੇ ਹਨ, ਜਿੱਥੇ ਲੋੜੀਂਦੀ ਥਾਂ ਉਪਲਬਧ ਹੋਵੇ, ਉੱਥੇ ਫਲਦਾਰ ਪੌਦੇ ਵੀ ਲਗਾਉਣੇ ਚਾਹੀਦੇ ਹਨ।ਉਨ੍ਹਾਂ ਕਿਹਾ ਕਿ ਵੱਧ ਤੋਂ ਵੱਧ ਪੌਦੇ ਲਗਾਉਣ ਨਾਲ ਵਾਤਾਵਰਨ ਵਿੱਚ ਸੁਧਾਰ ਹੋਵੇਗਾ ਤੇ ਲੋਕਾਂ ਨੂੰ ਸਾਫ਼ ਤੇ ਸ਼ੁੱਧ ਹਵਾ ਮਿਲੇਗੀ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵਾਤਾਵਰਨ ਦੀ ਸੰਭਾਲ ਲਈ ਪੌਦੇ ਲਗਾਉਣ ਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਦੀ ਅਪੀਲ ਕੀਤੀ।ਇਸ ਮੌਕੇ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਰਮਨ ਸਿੰਗਲਾ, ਬਲਵਿੰਦਰ ਕੌਰ, ਭੁਪਿੰਦਰ ਕੌਰ, ਸਲਾਹਕਾਰ ਜਿੰਦਰਪਾਲ ਸਿੰਘ, ਬਲਵਿੰਦਰ ਸਿੰਘ, ਜਨਰਲ ਸਕੱਤਰ ਮਨਜੀਤ ਕੌਰ, ਕੈਸ਼ੀਅਰ ਹਰਜਿੰਦਰ ਕੌਰ, ਰਾਣੀ, ਗੁਰਜੰਟ ਸਿੰਘ, ਜਗਦੇਵ ਸਿੰਘ, ਗੋਲਡੀ ਸਰਪੰਚ, ਸ਼ਿੰਦਾ ਠੇਕੇਦਾਰ ਸਮੇਤ ਹੋਰ ਮੈਂਬਰ ਹਾਜ਼ਰ ਸਨ।

## ਸ਼ਹਿਰ ਦੇ ਵਿਕਾਸ ਲਈ ਪੈਸੇ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ : ਬੁੱਧ ਰਾਮ



**ਬੋਹਾ (ਨਿਰੰਜਣ ਬੋਹਾ)**

ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਵਾਰਡ ਨੰਬਰ ਅੱਠ ਦੀ ਧਰਮਸ਼ਾਲਾ ਵਿਚ ਹੋਏ ਜਨਤਕ ਇੱਕਠ ਵਿੱਚ ਬੋਲਦਿਆਂ ਕਿਹਾ ਕਿ ਪੰਜਾਬ ਸਰਕਾਰ ਬੋਹਾ ਸ਼ਹਿਰ ਦੇ ਸਰਵ ਪੱਖੀ ਵਿਕਾਸ ਲਈ ਵਚਨਬੱਧ ਹੈ। ਇਸ ਲਈ ਸਰਕਾਰ ਵੱਲੋਂ ਸ਼ਹਿਰ ਦੇ ਵੱਖ-ਵੱਖ ਕਾਰਜਾਂ ਲਈ ਲਗਾਤਾਰ ਗ੍ਰਾਂਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਜਿੱਥੇ ਸ਼ਹੀਦ ਜਗਸੀਰ ਸਿੰਘ ਸਕੂਲ ਐਮੀਨੈਂਸ ਬੋਹਾ 'ਚ ਨਵੀਂ ਇਮਾਰਤ ਬਣਾਈ ਜਾ ਰਹੀ ਹੈ, ਉੱਥੇ ਸਰਕਾਰੀ ਹਸਪਤਾਲ ਵਿਚ ਵੀ ਕਰੋੜ ਰੁਪਏ ਦੀ ਲਾਗਤ ਨਾਲ ਹਸਪਤਾਲ ਦੀ ਇਮਾਰਤ ਦੀ ਉਸਾਰੀ ਕੀਤੀ ਜਾਵੇਗੀ ਤੇ ਸਿਹਤ ਸਹੂਲਤਾਂ ਦਾ ਹੋਰ ਨਵੀਨੀਕਰਨ ਕੀਤਾ ਜਾਵੇਗਾ।ਇਸ ਸਮੇਂ ਉਨ੍ਹਾਂ ਵਾਰਡ ਨੰਬਰ ਅੱਠ ਦੀ ਧਰਮਸ਼ਾਲਾ ਦੇ ਨਵੀਨੀਕਰਨ ਕਰਨ ਲਈ ਵੀ ਛੇ ਲੱਖ ਦੀ ਗ੍ਰਾਂਟ ਦਿੱਤੀ।

ਉਨ੍ਹਾਂ ਕਿਹਾ ਕਿ ਉਨ੍ਹਾਂ ਕਿਹਾ ਕਿ ਖੇਤਰ ਦੇ ਲੋਕਾਂ ਨੇ ਦੋ ਵਾਰ ਭਾਰੀ ਬਹੁਮਤ ਨਾਲ ਉਨ੍ਹਾਂ ਨੂੰ ਜਿਤਾਇਆ ਹੈ। ਇਸ ਲਈ ਉਹ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਇਸ ਖੇਤਰ ਦੇ ਵਿਕਾਸ ਲਈ ਕੋਸ਼ਿਸ਼ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਮਾਤਾਵਾਂ-ਭੈਣਾਂ ਦੇ ਸਨਮਾਨ ਲਈ ਜਾਰੀ ਕੀਤੀ ਰਕਮ ਨਾਲ ਉਨ੍ਹਾਂ ਧੀਆਂ ਨੂੰ ਪੜ੍ਹਾਈ ਜਾਰੀ ਰੱਖਣ ਲਈ ਵਿਸ਼ੇਸ਼ ਮੱਦਦ ਮਿਲ ਰਹੀ ਹੈ, ਜਿਨ੍ਹਾਂ ਨੂੰ ਪੈਸਿਆਂ ਦੀ ਘਾਟ ਕਰਨ ਹੀ ਪੜ੍ਹਾਈ ਛੱਡਣੀ ਪੈ ਜਾਂਦੀ ਸੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਬਿਨਾਂ ਕਿਸੇ ਵਿਤਕਰੇ ਤੋਂ ਸਮਾਜ ਦੇ ਹਰੇਕ ਵਰਹ ਦਾ ਜੀਵਨ ਪੱਧਰ ਉੱਪਰ ਚੁੱਕਣ ਦੀ ਕੋਸ਼ਿਸ਼ ਕੀਤੀ ਹੈ, ਇਸ ਲਈ ਪੰਜਾਬ ਦੇ ਲੋਕ ਭਗਵੰਤ ਸਿੰਘ ਮਾਨ ਦੀ ਸਰਕਾਰ ਤੋਂ ਪੂਰਾ ਖੁਸ਼ ਹਨ।

## ਪੰਜਾਬ ਸਰਕਾਰ ਖਿਲਾਫ਼ ਪੋਸਟਰ ਲਾਉਣ ਦੀ ਮੁਹਿੰਮ ਸ਼ੁਰੂ




**ਦਿੜ੍ਹਬਾ (ਜਸਵੀਰ ਲਾਡੀ)**-ਕਿਸਾਨ-ਮਜ਼ਦੂਰ ਮੋਰਚੇ ਦੇ ਕਹਿਣ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਵੱਲੋਂ ਸੁਨਾਮ ਤੇ ਦਿੜ੍ਹਬਾ ਬਲਾਕ ਦੀਆਂ ਵੱਖ-ਵੱਖ ਪਿੰਡ ਦੀਆਂ ਇਕਾਈਆਂ ਸੰਤਰਾਮ ਸਿੰਘ ਛਾਜਲੀ, ਜਸਵੀਰ ਸਿੰਘ ਮੈਦੇਵਾਸ ਜ਼ਿਲ੍ਹਾ ਆਗੂਆਂ ਵੱਲੋਂ ਛਾਜਲੀ ਵਿਖੇ ਸੁਨਾਮ ਬਲਾਕ ਦੀਆਂ ਇਕਾਈਆਂ ਤੇ ਦਿੜ੍ਹਬਾ ਬਲਾਕ ਪ੍ਰਧਾਨ ਨਾਇਬ ਸਿੰਘ ਗੁੱਜਰਾਂ ਦੀ ਅਗਵਾਈ ਹੇਠ ਦਿੜਬਾ ਬਲਾਕ ਵੱਲੋਂ ਪੰਜਾਬ ਸਰਕਾਰ ਦੇ ਖ਼ਿਲਾਫ਼ ਟਰਾਲੀ ਚੋਰੋ-ਸ਼ੰਭੂ ਖਨੌਰੀ ਮੋਰਚੇ ਤੋਂ ਲੁੱਟਿਆ ਸਮਾਨ ਮੋੜੋ ਦੇ ਪੋਸਟਰ, ਬੈਨਰ ਲਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ, ਜਿਸ 'ਚ ਵੱਖ-ਵੱਖ ਪਿੰਡ ਇਕਾਈਆਂ ਨੇ ਕਿਸਾਨਾਂ-ਮਜ਼ਦੂਰਾਂ ਦੇ ਵੱਡੇ ਇਕੱਠ ਕਰਕੇ ਇਹ ਫਲੈਕਸਾਂ ਬੜੇ ਉਤਸ਼ਾਹ ਨਾਲ ਲਾਈਆਂ। ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਸ਼ੰਭੂ ਤੇ ਖਨੌਰੀ ਬਾਰਡਰ ਤੋਂ ਜੋ ਮੋਰਚੇ ਉਖੇੜਨ ਵੇਲੇ ਕਿਸਾਨਾਂ ਦਾ ਲਗਭਗ ਤਿੰਨ ਕਰੋੜ ਸਤੱਤਰ ਲੱਖ ਦਾ ਜੋ ਸਮਾਨ ਲੁੱਟਿਆ ਗਿਆ ਸੀ, ਪੰਜਾਬ ਸਰਕਾਰ ਉਸ ਦੀ ਭਰਪਾਈ ਕਰੇ,ਇੰਨ੍ਹਾਂ ਮੋਰਚਿਆਂ ਵਿੱਚ ਸ਼ਹੀਦ ਹੋਏ ਤੇ ਜ਼ਖ਼ਮੀ ਹੋਏ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ, ਸ਼ਹੀਦ ਪਰਿਵਾਰਾਂ ਦੇ ਵਾਰਸਾਂ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ, ਇਸ ਦੇ ਨਾਲ ਹੀ ਕਿਸਾਨਾਂ-ਮਜ਼ਦੂਰਾਂ ਦੀਆਂ ਭਖਦੀਆਂ ਮੰਗਾਂ ਨੂੰ ਜਿਵੇਂ ਕਿ ਐਮ.ਐਸ.ਪੀ ਦਾ ਗਾਰੰਟੀ ਕਾਨੂੰਨ, ਕਿਸਾਨਾਂ ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਤੇ ਲੀਕ ਮਾਰੀ ਜਾਵੇ, ਅਮਰੀਕਾ ਭਾਰਤ ਕਰ ਮੁਕਤ ਸਮਝੌਤਾ, ਬਿਜਲੀ ਸੋਧ ਬਿੱਲ 2025, ਸੀਡ ਬਿੱਲ 2025 ਰੱਦ ਕੀਤਾ ਜਾਵੇ।

## ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਸਾਂਝੀ ਤਾਲਮੇਲ ਕਮੇਟੀ ਦੀ ਮੀਟਿੰਗ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਸਾਂਝੀ ਤਾਲਮੇਲ ਕਮੇਟੀ ਦੀ ਮੀਟਿੰਗ ਰਾਮਸਰੂਪ ਢੈਪਈ ਦੀ ਪ੍ਰਧਾਨਗੀ ਹੇਠ ਸੁਨਾਮ ਵਿਖੇ ਹੋਈ।ਮੀਟਿੰਗ ਵਿੱਚ 27 ਅਗਸਤ ਨੂੰ ਮੁਲਾਜ਼ਮਾਂ ਵੱਲੋਂ ਸਮੂਹਿਕ ਛੁੱਟੀ ਲੈ ਕੇ ਸਾਰੇ ਸਰਕਾਰੀ ਅਦਾਰਿਆਂ ਨੂੰ ਬੰਦ ਕਰਕੇ ਆਪਣੀਆਂ ਜਾਇਜ਼ ਤੇ ਹੱਕੀ ਮੰਗਾਂ ਦੀ ਖਾਤਰ ਕੀਤੇ ਜਾ ਰਹੇ ਸੂਬਾ ਪੱਧਰੀ ਸੰਘਰਸ਼ ਦੀ ਕੜੀ ਵਜੋਂ ਐੱਸ ਡੀ ਐੱਮ ਦਫਤਰ ਸੁਨਾਮ ਵਿਖੇ ਕੀਤੀ ਜਾ ਰਹੀ ਰੈਲੀ ਦੀ ਤਿਆਰੀ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਰੈਲੀ ਨੂੰ ਕਾਮਯਾਬ ਕਰਨ ਲਈ ਸਾਥੀਆਂ ਦੀਆਂ ਡਿਊਟੀਆਂ ਲਾਈਆਂ ਗਈਆਂ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜੀਤ ਸਿੰਘ ਬੰਗਾ, ਜਗਦੇਵ ਸਿੰਘ ਬਾਹੀਆ, ਸੁਰਿੰਦਰ ਸਿੰਘ, ਕ੍ਰਿਸ਼ਨ ਲਾਲ ਬੱਤਰਾ, ਚੇਤ ਰਾਮ ਢਿੱਲੋਂ, ਸੋਮ ਸਿੰਘ, ਸੁਰੇਸ਼ ਕੁਮਾਰ ਬਾਂਸਲ, ਰਵਿੰਦਰ ਸਿੰਘ, ਦਰਸ਼ਨ ਸਿੰਘ ਥਾਣੇਦਾਰ, ਬਲਵਿੰਦਰ ਸਿੰਘ ਜ਼ਿਲੇਦਾਰ, ਤਰਸੇਮ ਸਿੰਘ ਮਹਿਰੋਕ, ਪਵਨ ਕੁਮਾਰ ਸ਼ਰਮਾ, ਉਜਾਗਰ ਸਿੰਘ ਜੱਗਾ, ਬਿਰਜ ਲਾਲ ਧੀਮਾਨ ਨੇ ਸਾਰੇ ਪੈਨਸ਼ਨਰਾਂ ਤੇ ਮੁਲਾਜ਼ਮਾਂ ਨੂੰ ਵੱਡੀ ਗਿਣਤੀ ਵਿੱਚ ਰੈਲੀ ਵਿੱਚ ਪੁੱਜਣ ਦੀ ਅਪੀਲ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮਹਿੰਗਾਈ ਭੱਤੇ ਦਾ ਸਾਰਾ ਬਣਦਾ ਬਕਾਇਆ ਇੱਕ ਮੁਸ਼ਤ ਜਾਰੀ ਕੀਤਾ ਜਾਵੇ, ਪੰਜਾਬ ਦੇ ਮੁਲਾਜ਼ਮਾਂ ਤੇ ਲਾਗੂ ਕੀਤੇ ਕੇਂਦਰੀ ਤਨਖਾਹ ਸਕੇਲ ਰੱਦ ਕੀਤੇ ਜਾਣ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ, ਕੱਚੇ ਮੁਲਾਜ਼ਮਾਂ ਤੇ ਮਾਣ ਭੱਤੇ ਤੇ ਭਰਤੀ ਕੀਤੇ ਕਾਮੇ ਪੱਕੇ ਕੀਤੇ ਜਾਣ, ਮੈਡੀਕਲ ਭੱਤਾ ਦੁੱਗਣਾ ਕੀਤਾ ਜਾਵੇ।ਮੀਟਿੰਗ ਵਿੱਚ ਪੁੱਜੇ ਸਾਥੀਆਂ ਦਾ ਪ੍ਰਧਾਨ ਰਾਮਸਰੂਪ ਢੈਪਈ ਨੇ ਧੰਨਵਾਦ ਕਰਦਿਆਂ ਪੈਨਸ਼ਨਰਾਂ ਤੇ ਮੁਲਾਜ਼ਮਾਂ ਨੂੰ ਵੱਡੀ ਗਿਣਤੀ ਵਿੱਚ ਰੈਲੀ ਵਿੱਚ ਪੁੱਜਣ ਦੀ ਅਪੀਲ।

## ਗੁਰਲਾਲ ਸਿੰਘ ਬੋਹਾ ਭਾਜਪਾ ਦੇ ਮੰਡਲ ਮੀਤ ਪ੍ਰਧਾਨ ਨਿਯੁਕਤ



**ਬੋਹਾ (ਨਿਰੰਜਣ ਬੋਹਾ)**-ਭਾਰਤੀ ਜਨਤਾ ਪਾਰਟੀ ਦੀ ਅਹਿਮ ਸੰਗਠਨਾਤਮਕ ਮੀਟਿੰਗ ਜ਼ਿਲ੍ਹਾ ਪ੍ਰਧਾਨ ਸ਼੍ਰੀ ਗੋਮਾ ਰਾਮ ਪੂਨੀਆ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਹਰਿਆਣਾ ਦੇ ਪ੍ਰਦੇਸ਼ ਮੀਤ ਪ੍ਰਧਾਨ ਪ੍ਰੋਫੈਸਰ ਰਵਿੰਦਰ ਬਲਿਆਲਾ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ, ਜਿਸ 'ਚ ਪਾਰਟੀ ਦੇ ਸੰਗਠਨ ਨੂੰ ਮਜ਼ਬੂਤ ਬਣਾਉਣ ਲਈ ਗੱਲਬਾਤ ਕੀਤੀ। ਇਸ ਸਮੇਂ ਗੁਰਲਾਲ ਸਿੰਘ ਨੂੰ ਮੰਡਲ ਮੀਤ ਪ੍ਰਧਾਨ ਤੇ ਸੋਨੀ ਸ਼ਰਮਾ ਨੂੰ ਮੰਡਲ ਦੇ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ।ਜ਼ਿਲ੍ਹਾ ਜਨਰਲ ਸਕੱਤਰ ਗਗਨਦੀਪ ਸ਼ਰਮਾ ਮੰਡਲ ਪ੍ਰਧਾਨ ਨਵਨੀਤ ਕੁਮਾਰ, ਮੰਗੂ ਸਿੰਘ ਤੇ ਸਾਬਕਾ ਜ਼ਿਲ੍ਹਾ ਪ੍ਰਧਾਨ ਰਾਕੇਸ਼ ਜੈਨ, ਹਰਦੀਪ ਸਿੰਘ ਰਿਓਂਦ, ਦਰਸ਼ਨ ਸਿੰਘ ਗੰਢੂ ਕਲਾਂ, ਡਾ. ਰਣਵੀਰ ਸਿੰਘ ਰਾਣਾ ਤੇ ਹੋਰ ਵੀ ਵਰਕਰ ਮੌਜੂਦ ਰਹੇ। ਸੂਬੇਦਾਰ ਭੋਲਾ ਸਿੰਘ ਹਸਨਪੁਰ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਉਚੇਚੇ ਤੌਰ 'ਤੇ ਰਵਿੰਦਰ ਸਿੰਘ ਬਲੀਆਲਾ ਤੇ ਗੁਰਚਰਨ ਸਿੰਘ ਖੋਖਰ ਦਾ ਸਨਮਾਨ ਵੀ ਕੀਤਾ ਗਿਆ।

## ਸਵੇਰਸਾਰ ਪੁਲਸ ਛਾਉਣੀ ਬਣਿਆ ਪਿੰਡ ਟੂਸਾ, ਕਰਜ਼ਈ ਕਿਸਾਨ ਦਾ ਘਰ ਕੀਤਾ ਸੀਲ


### ਨਿੱਜੀ ਕੰਪਨੀਆਂ ਦੀ 46 ਲੱਖ ਤੋਂ ਵਧੇਰੇ ਕਰਜ਼ਾ ਵਸੂਲੀ ਲਈ ਅਦਾਲਤੀ ਹੁਕਮਾਂ 'ਤੇ ਕੀਤੀ ਕਾਰਵਾਈ



**ਰਾਏਕੋਟ (ਸੰਤੋਖ ਗਿੱਲ)**

ਲਾਗਲੇ ਪਿੰਡ ਟੂਸਾ ਦੇ ਕਿਸਾਨ ਪਿਆਰਾ ਸਿੰਘ ਦੇ ਪਰਿਵਾਰ ਤੋਂ ਕਰਜ਼ਾ ਵਸੂਲੀ ਦੇ ਮਾਮਲੇ ਵਿੱਚ ਮਕਾਨ ਖ਼ਾਲੀ ਕਰਵਾਉਣ ਲਈ ਵੱਡੀ ਗਿਣਤੀ ਵਿੱਚ ਲੁਧਿਆਣਾ (ਦਿਹਾਤੀ) ਜ਼ਿਲ੍ਹੇ ਦੀ ਪੁਲਸ ਨੇ ਸਵੇਰਸਾਰ ਪਿੰਡ ਨੂੰ ਘੇਰਾ ਪਾ ਲਿਆ।ਪਿੰਡ ਨੂੰ ਜਾਣ ਵਾਲੇ ਸਾਰੇ ਮੁੱਖ ਰਸਤਿਆਂ ਤੋਂ ਲੈ ਕੇ ਖੇਤਾਂ ਦੀਆਂ ਪਗਡੰਡੀਆਂ ਤੱਕ ਪੁਲਸ ਵੱਲੋਂ ਨਾਕੇਬੰਦੀ ਕੀਤੀ ਗਈ ਸੀ।ਜ਼ਿਲ੍ਹਾ ਪੁਲਸ ਮੁਖੀ ਡਾ. ਅੰਕੁਰ ਗੁਪਤਾ ਦੀ ਅਗਵਾਈ ਹੇਠ ਐੱਸ.ਪੀ, ਡੀ.ਐੱਸ.ਪੀ, ਨੇੜਲੇ ਥਾਣਿਆਂ ਤੇ ਚੌਕੀ ਇੰਚਾਰਜਾਂ ਸਮੇਤ ਭਾਰੀ ਪੁਲਸ ਫੋਰਸ ਤਾਇਨਾਤ ਕੀਤੀ ਗਈ ਸੀ।ਪਿੰਡ ਵਾਸੀਆਂ ਨੂੰ ਵੀ ਜਾਂਚ ਤੋਂ ਬਾਅਦ ਹੀ ਪਿੰਡ ਵਿੱਚ ਦਾਖਲ ਹੋਣ ਤੇ ਬਾਹਰ ਜਾਣ ਦੀ ਆਗਿਆ ਦਿੱਤੀ ਗਈ।ਪੁਲਸ ਅਧਿਕਾਰੀਆਂ ਅਨੁਸਾਰ ਇਹ ਕਾਰਵਾਈ ਰਿਲਾਇੰਸ ਕਮਰਸ਼ੀਅਲ ਫਾਈਨਾਂਸ ਲਿਮਟਿਡ ਅਤੇ ਔਥਮ ਨਿਵੇਸ਼ ਤੇ ਬੁਨਿਆਦੀ ਢਾਂਚਾ ਲਿਮਟਿਡ ਦੇ ਅਧਿਕਾਰੀਆਂ ਨੂੰ ਕਿਸਾਨ ਪਿਆਰਾ ਸਿੰਘ ਦਾ ਮਕਾਨ ਖ਼ਾਲੀ ਕਰਵਾਉਣ ਦੌਰਾਨ ਕਿਸੇ ਸੰਭਾਵਿਤ ਵਿਰੋਧ ਤੋਂ ਸੁਰੱਖਿਆ ਦੇਣ ਲਈ ਕੀਤੀ ਗਈ ਸੀ।ਪ੍ਰਾਪਤ ਜਾਣਕਾਰੀ ਅਨੁਸਾਰ ਪਿਆਰਾ ਸਿੰਘ, ਉਸ ਦੀ ਪਤਨੀ ਸੁਰਿੰਦਰ ਕੌਰ ਤੇ ਪਰਿਵਾਰਕ ਮੈਂਬਰਾਂ ਨਾਲ ਸਬੰਧਤ ਕਰਜ਼ਾ ਵਸੂਲੀ ਦਾ ਮਾਮਲਾ ਲਗਭਗ 32.07 ਲੱਖ ਰੁਪਏ ਦਾ ਹੈ।ਮਕਾਨ ਦੇ ਬਾਹਰ ਚਿਪਕਾਏ ਗਏ ਨੋਟਿਸ ਵਿੱਚ ਸਮਝੌਤੇ ਤਹਿਤ ਜਮ੍ਹਾਂ ਕਰਵਾਈ ਜਾਣ ਵਾਲੀ ਰਕਮ 32,06,876 ਰੁਪਏ ਦਰਜ ਕੀਤੀ ਗਈ, ਜਦਕਿ ਕੁੱਲ ਵਸੂਲੀ ਜਾਣ ਵਾਲੀ ਰਕਮ 46,28,468 ਰੁਪਏ ਦੱਸੀ ਗਈ ਹੈ।ਇਸੇ ਦੌਰਾਨ ਕਿਸਾਨ ਜਥੇਬੰਦੀਆਂ ਦੇ ਕਾਰਕੁਨਾਂ ਦੇ ਪਿੰਡ ਟੂਸਾ ਪਹੁੰਚਣ ਦੀ ਸੂਚਨਾ ਮਿਲਣ 'ਤੇ ਪੁਲਸ ਨੇ ਪਿੰਡ ਦੇ ਆਉਣ-ਜਾਣ ਵਾਲੇ ਰਸਤਿਆਂ 'ਤੇ ਸੁਰੱਖਿਆ ਹੋਰ ਵੀ ਵਧਾ ਦਿੱਤੀ ਗਈ ਸੀ।ਹਲਵਾਰਾ, ਲੀਲ੍ਹ-ਜੋਧਾਂ ਸਮੇਤ ਹੋਰ ਪਾਸਿਆਂ ਤੋਂ ਕਿਸਾਨ ਆਗੂਆਂ ਤੇ ਕਾਰਕੁਨਾਂ ਨੇ ਪਿੰਡ ਵੱਲ ਪਹੁੰਚਣ ਦੀ ਕੋਸ਼ਿਸ਼ ਕੀਤੀ, ਪਰ ਵੱਡੀ ਗਿਣਤੀ ਵਿੱਚ ਪੁਲਸ ਤਾਇਨਾਤੀ ਕਾਰਨ ਉਨ੍ਹਾਂ ਨੂੰ ਅੱਗੇ ਨਹੀਂ ਵਧਣ ਦਿੱਤਾ ਗਿਆ।ਕਾਬਲੇ-ਗ਼ੌਰ ਹੈ ਕਿ ਕਿਸਾਨ ਪਿਆਰਾ ਸਿੰਘ ਦੇ ਕਰਜ਼ੇ ਦੀ ਅਦਾਇਗੀ ਨਾਲ ਸਬੰਧਤ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ।ਕਰਜ਼ੇ ਦੀ ਅਦਾਇਗੀ ਲਈ ਸਮਝੌਤੇ ਦੇ ਬਾਵਜੂਦ ਭੁਗਤਾਨ ਦਾ ਮਾਮਲਾ ਹੱਲ ਨਾ ਹੋਣ ਕਾਰਨ ਵਿੱਤੀ ਸੰਸਥਾਵਾਂ ਵੱਲੋਂ ਕਾਨੂੰਨੀ ਕਾਰਵਾਈ ਕੀਤੀ ਗਈ ਹੈ।ਸੋਮਵਾਰ ਨੂੰ ਲੁਧਿਆਣਾ ਦੀ ਅਦਾਲਤ ਵੱਲੋਂ ਪੁਲਸ ਸੁਰੱਖਿਆ ਵਿੱਚ ਮਕਾਨ ਖ਼ਾਲੀ ਕਰਵਾਉਣ ਦੇ ਹੁਕਮ ਦਿੱਤੇ ਗਏ ਸਨ।ਇਸ ਦੌਰਾਨ ਪਿਆਰਾ ਸਿੰਘ ਦੇ ਸਾਰੇ ਪਰਿਵਾਰਕ ਮੈਂਬਰਾਂ ਨੂੰ ਮਕਾਨ ਖ਼ਾਲੀ ਕਰਨ ਲਈ ਮਜਬੂਰ ਹੋਣਾ ਪਿਆ।

## ਅਵਾਰਾ ਕੁੱਤਿਆਂ ਦੀ ਦਹਿਸ਼ਤ, ਰਾਹਗੀਰਾਂ 'ਤੇ ਹਮਲੇ, ਪ੍ਰਸ਼ਾਸਨ ਦੀ ਚੁੱਪ 'ਤੇ ਉੱਠੇ ਸਵਾਲ




**ਭਵਾਨੀਗੜ੍ਹ (ਰਾਜ ਖੁਰਮੀ)**-ਸ਼ਹਿਰ ਵਿੱਚ ਅਵਾਰਾ ਕੁੱਤਿਆਂ ਦੀ ਵਧ ਰਹੀ ਗਿਣਤੀ ਨੇ ਲੋਕਾਂ ਦੀ ਸੁਰੱਖਿਆ ਲਈ ਗੰਭੀਰ ਚਿੰਤਾ ਪੈਦਾ ਕਰ ਦਿੱਤੀ ਹੈ।ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਤੇ ਖ਼ਾਸ ਕਰਕੇ ਮੇਨ ਬਾਜ਼ਾਰ ਵਿੱਚ ਅਵਾਰਾ ਕੁੱਤਿਆਂ ਦੇ ਝੁੰਡ ਆਮ ਦੇਖੇ ਜਾ ਸਕਦੇ ਹਨ, ਜਿਸ ਕਾਰਨ ਰਾਹਗੀਰਾਂ ਅਤੇ ਦੁਕਾਨਦਾਰਾਂ ਵਿੱਚ ਡਰ ਦਾ ਮਾਹੌਲ ਬਣਿਆ ਹੋਇਆ ਹੈ।ਲੋਕਾਂ ਦਾ ਕਹਿਣਾ ਹੈ ਕਿ ਕਈ ਵਾਰ ਇਹ ਕੁੱਤੇ ਰਾਹ ਜਾਂਦੇ ਲੋਕਾਂ ਦਾ ਪਿੱਛਾ ਕਰਕੇ ਉਨ੍ਹਾਂ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕਰਦੇ ਹਨ।ਜਾਣਕਾਰੀ ਅਨੁਸਾਰ ਮੇਨ ਬਾਜ਼ਾਰ ਵਿੱਚ ਚਾਹ ਦਾ ਕੰਮ ਕਰਨ ਵਾਲੇ ਇੱਕ ਵਿਅਕਤੀ ਨੂੰ ਅਵਾਰਾ ਕੁੱਤੇ ਵੱਲੋਂ ਵੱਢ ਲਿਆ ਗਿਆ, ਜਿਸ ਕਾਰਨ ਉਸ ਨੂੰ ਕਾਫ਼ੀ ਸੱਟਾਂ ਲੱਗੀਆਂ ਤੇ ਨੁਕਸਾਨ ਝੱਲਣਾ ਪਿਆ।ਇਸ ਘਟਨਾ ਤੋਂ ਬਾਅਦ ਬਾਜ਼ਾਰ ਦੇ ਦੁਕਾਨਦਾਰਾਂ ਤੇ ਆਮ ਲੋਕਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ।ਲੋਕਾਂ ਦਾ ਦੋਸ਼ ਹੈ ਕਿ ਸ਼ਹਿਰ ਵਿੱਚ ਅਵਾਰਾ ਕੁੱਤਿਆਂ ਦੀ ਸਮੱਸਿਆ ਲਗਾਤਾਰ ਵਧ ਰਹੀ ਹੈ, ਪਰ ਨਗਰ ਕੌਂਸਲ ਤੇ ਸਬੰਧਤ ਪ੍ਰਸ਼ਾਸਨ ਵੱਲੋਂ ਇਸ ਦੇ ਪੱਕੇ ਹੱਲ ਲਈ ਕੋਈ ਪ੍ਰਭਾਵਸ਼ਾਲੀ ਕਾਰਵਾਈ ਨਜ਼ਰ ਨਹੀਂ ਆ ਰਹੀ।ਲੋਕਾਂ ਨੇ ਮੰਗ ਕੀਤੀ ਹੈ ਕਿ ਨਗਰ ਕੌਂਸਲ ਵੱਲੋਂ ਸ਼ਹਿਰ ਵਿੱਚ ਅਵਾਰਾ ਕੁੱਤਿਆਂ ਦੀ ਗਿਣਤੀ ਦਾ ਸਰਵੇ ਕਰਾਉਣ ਦੇ ਨਾਲ-ਨਾਲ ਉਨ੍ਹਾਂ ਦੀ ਨਸਬੰਦੀ ਅਤੇ ਹੋਰ ਲੋੜੀਂਦੇ ਪ੍ਰਬੰਧ ਕੀਤੇ ਜਾਣ, ਤਾਂ ਜੁ ਆਮ ਲੋਕਾਂ ਨੂੰ ਕੁੱਤਿਆਂ ਦੇ ਹਮਲਿਆਂ ਤੋਂ ਬਚਾਇਆ ਜਾ ਸਕੇ।ਜਦੋਂ ਐਸ.ਡੀ.ਐਮ. ਮਨਜੀਤ ਕੌਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਮਾਮਲੇ ਸਬੰਧੀ ਜਾਣਕਾਰੀ ਮਿਲੀ ਹੈ।ਉਨ੍ਹਾਂ ਕਿਹਾ ਕਿ ਕਾਰਜ ਸਾਧਕ ਅਫ਼ਸਰ ਨੂੰ ਤੁਰੰਤ ਇਸ ਮਾਮਲੇ ਵੱਲ ਧਿਆਨ ਦੇਣ ਲਈ ਕਿਹਾ ਜਾਵੇਗਾ।

## ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਨਵੇਂ ਵਿਦਿਆਰਥੀਆਂ ਦਾ ਸਵਾਗਤ



**ਸਮਰਾਲਾ (ਸੁਰਜੀਤ ਸਿੰਘ)**-ਦੇਸ਼ ਭਗਤ ਯੂਨੀਵਰਸਿਟੀ ਗੋਬਿੰਦਗੜ੍ਹ ਵਿੱਚ ਨਵੇਂ ਵਿਦਿਆਰਥੀਆਂ ਦੇ ਸਵਾਗਤ ਅਤੇ ਉਨ੍ਹਾਂ ਨੂੰ ਇੱਕ ਸਮਰੱਥ ਤੇ ਸੁਚੱਜੀ ਅਕਾਦਮਿਕ ਯਾਤਰਾ ਲਈ ਤਿਆਰ ਕਰਨ ਦੇ ਉਦੇਸ਼ ਨਾਲ ਦੀਕਸ਼ਾਰੰਭ ਵਿਦਿਆਰਥੀ ਇੰਡਕਸ਼ਨ ਪ੍ਰੋਗਰਾਮ ਕਰਵਾਇਆ ਗਿਆ।ਇਸ ਮੌਕੇ ਵਿਦਵਾਨ ਬੁਲਾਰਿਆਂ ਵੱਲੋਂ ਪ੍ਰੇਰਨਾਦਾਇਕ ਭਾਸ਼ਣਾਂ ਦੇ ਨਾਲ-ਨਾਲ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤੇ ਗਏ।ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਹਾਜ਼ਰ ਰਹੇ।ਇਸ ਦੌਰਾਨ ਡਾ. ਗੁਰਵਿੰਦਰ ਪਾਲ ਸਿੰਘ, ਸਹਾਇਕ ਡੀਨ-ਅਕਾਦਮਿਕ, ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਤੇ ਵਾਈਸ ਪ੍ਰੈਜ਼ੀਡੈਂਟ ਡਾ. ਪਰਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਵੱਡੇ ਸੁਪਨੇ ਦੇਖਣ ਤੇ ਉੱਤਮਤਾ ਹਾਸਲ ਕਰਨ ਲਈ ਪ੍ਰੇਰਿਤ ਕਰਦਿਆਂ ਭਾਸ਼ਣ ਦਿੱਤਾ।ਪ੍ਰਸਿੱਧ ਪ੍ਰੇਰਨਾਦਾਇਕ ਬੁਲਾਰੇ ਤੇ ਵਿਸ਼ੇਸ਼ ਮਹਿਮਾਨ ਡਾ. ਡੀ. ਜੇ. ਸਿੰਘ ਤੇ ਪ੍ਰੋ. ਗੁਰਪ੍ਰੀਤ ਕੌਰ, ਡਾਇਰੈਕਟਰ-ਐਂਟਰਪ੍ਰੈਨਿਓਰਸ਼ਿਪ ਡਿਵੈਲਪਮੈਂਟ, ਪੰਜਾਬ ਚੈਂਬਰ ਆਫ ਕਾਮਰਸ ਨੇ ਆਪਣੇ ਵਿਚਾਰੋਤਸ਼ਾਹਕ ਭਾਸ਼ਣਾਂ ਰਾਹੀਂ ਵਿਦਿਆਰਥੀਆਂ ਨੂੰ ਆਪਣੇ ਭਵਿੱਖ ਲਈ ਉਤਸ਼ਾਹਤ ਕੀਤਾ।ਵਿਦਿਆਰਥੀਆਂ ਨੇ ਡੀਨਾਂ, ਡਾਇਰੈਕਟਰਾਂ ਤੇ ਫੈਕਲਟੀ ਮੈਂਬਰਾਂ ਨਾਲ ਗੱਲਬਾਤ ਕਰਕੇ ਯੂਨੀਵਰਸਿਟੀ ਦੇ ਅਕਾਦਮਿਕ ਮਾਹੌਲ, ਸੱਭਿਆਚਾਰ ਤੇ ਉਮੀਦਾਂ ਬਾਰੇ ਜਾਣਕਾਰੀ ਹਾਸਲ ਕੀਤੀ।

## ਭਲਕ ਦੀ ਹੜਤਾਲ ਦਾ ਆਸ਼ਾ ਵਰਕਰ ਤੇ ਫੈਸਿਲੀਟੇਟਰ ਵੱਲੋਂ ਡਟਵਾਂ ਸਮਰਥਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਲੰਮੇ ਸਮੇਂ ਤੋਂ ਲਟਕਦੀਆਂ ਆਪਣੀਆਂ ਹੱਕੀ ਮੰਗਾਂ ਸਬੰਧੀ ਬਲਾਕ ਡਰੋਲੀ ਭਾਈ ਵਿਖੇ ਆਸ਼ਾ ਵਰਕਰਾਂ ਫੈਸਿਲੀਟੇਟਰ ਨਿਰੋਲ ਯੂਨੀਅਨ ਪੰਜੋਲਾ ਗਰੁੱਪ ਦੀ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰਧਾਨ ਮਨਦੀਪ ਕੌਰ ਦੀਦਾਰੇ ਵਾਲਾ ਤੇ ਜ਼ਿਲ੍ਹਾ ਮੀਤ ਪ੍ਰਧਾਨ ਬਲਵਿੰਦਰ ਕੌਰ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਆਸ਼ਾ ਵਰਕਰ ਫੈਸਿਲੀਟੇਟਰ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਮਨਦੀਪ ਕੌਰ ਦੀਦਾਰੇ ਵਾਲਾ ਨੇ ਕਿਹਾ ਕਿ ਸਰਕਾਰ ਮਾਨ ਭੱਤੇ ਨੂੰ 2500 ਵਧਾ ਕੇ 5000 ਕਰੇ।ਕੱਟੇ ਭੱਤਿਆਂ ਨੂੰ ਤੁਰੰਤ ਬਹਾਲ ਕਰੇ ਤੇ ਫੈਸਿਲੀਟੇਟਰ ਦੇ ਟੂਰ ਮਨੀ ਵਿੱਚ ਵੀ ਵਾਧਾ ਕੀਤਾ ਜਾਵੇ।ਮਨਦੀਪ ਕੌਰ ਦੀਦਾਰੇਵਾਲਾ ਨੇ ਕਿਹਾ ਕਿ ਦਫਤਰੀ ਕਾਮਿਆਂ ਵੱਲੋਂ 27 ਅਗਸਤ ਨੂੰ ਹੋਣ ਵਾਲੀ ਸੂਬਾ ਪੱਧਰੀ ਕੰਮ ਛੋੜ ਹੜਤਾਲ ਦਾ ਡੱਟਵਾਂ ਸਮਰਥਨ ਕਰਦਿਆਂ ਪੰਜੋਲਾ ਗਰੁੱਪ ਇਸ ਹੜਤਾਲ ਦਾ ਹਿੱਸਾ ਬਣੇਗਾ। ਇਸ ਮੀਟਿੰਗ ਦੌਰਾਨ ਮਨਦੀਪ ਨਿਧਾਵਾਲਾ, ਕੁਲਵੰਤ ਕੌਰ, ਬਲਵੀਰ ਕੌਰ, ਵੀਰਪਾਲ ਕੌਰ, ਜਸਪ੍ਰੀਤ ਕੌਰ, ਰੂਪਾਂ ਬੇਨਤੀ, ਗੀਨਾ, ਕਮਲਜੀਤ ਕੌਰ, ਵੀਰਪਾਲ ਕੌਰ, ਸਿਮੀ ਆਦਿ ਆਗੂ ਤੇ ਮੈਂਬਰ ਹਾਜ਼ਰ ਸਨ।

## ਸੇਫ਼ ਸਕੂਲ ਵਾਹਨ ਸਕੀਮ ਤਹਿਤ ਸਕੂਲੀ ਬੱਸਾਂ ਦੀ ਚੈਕਿੰਗ

**ਧੂਰੀ (ਮਨੋਹਰ ਸਿੰਘ ਸੱਗੂ)**-ਪੰਜਾਬ ਸਰਕਾਰ ਦੀ 'ਸੇਫ਼ ਸਕੂਲ ਵਾਹਨ ਸਕੀਮ' ਤਹਿਤ ਪੀਸੀਆਰ ਤੇ ਟ੍ਰੈਫਿਕ ਪੁਲਸ ਧੂਰੀ ਵੱਲੋਂ ਸਕੂਲੀ ਬੱਸਾਂ ਤੇ ਵੈਨਾਂ ਦੀ ਚੈਕਿੰਗ ਕੀਤੀ ਗਈ।ਇਹ ਚੈਕਿੰਗ ਸਹਾਇਕ ਥਾਣੇਦਾਰ ਸੰਜੇ ਕੁਮਾਰ ਤੇ ਸਹਾਇਕ ਥਾਣੇਦਾਰ ਬਲਰਾਜ ਸਿੰਘ ਦੀ ਅਗਵਾਈ ਹੇਠ ਕੀਤੀ ਗਈ।ਸਕੂਲੀ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਦੇ ਮੰਤਵ ਨਾਲ ਕੀਤੀ ਇਸ ਸਾਂਝੀ ਚੈਕਿੰਗ ਦੌਰਾਨ ਸਕੂਲੀ ਬੱਸਾਂ ਤੇ ਵੈਨਾਂ ਦੇ ਐਮਰਜੈਂਸੀ ਦਰਵਾਜ਼ਿਆਂ, ਸੀਸੀਟੀਵੀ ਕੈਮਰਿਆਂ ਤੇ ਮੈਡੀਕਲ ਕਿੱਟਾਂ ਦੀ ਜਾਂਚ ਕੀਤੀ ਗਈ।ਇਸ ਤੋਂ ਇਲਾਵਾ ਪੁਲਸ ਅਧਿਕਾਰੀਆਂ ਵੱਲੋਂ ਵਾਹਨ ਚਾਲਕਾਂ ਨੂੰ ਬੱਚਿਆਂ ਦੀ ਸੁਰੱਖਿਆ ਸਬੰਧੀ ਲੋੜੀਂਦੀਆਂ ਹਦਾਇਤਾਂ ਵੀ ਦਿੱਤੀਆਂ ਗਈਆਂ।

## ਚੇਅਰਮੈਨ ਢਿੱਲੋਂ ਨੇ ਕੇਜਰੀਵਾਲ ਨਾਲ ਕੀਤੀ ਮੁਲਾਕਾਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਲੋਕ ਸਭਾ ਪਟਿਆਲਾ ਦੇ ਹਲਕਾ ਇੰਚਾਰਜ ਤੇ ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਿਡ ਦੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਨਾਲ ਦਿੱਲੀ ਵਿਖੇ ਅਹਿਮ ਮੁਲਾਕਾਤ ਕੀਤੀ।ਇਸ ਮੁਲਾਕਾਤ ਦੌਰਾਨ ਉਨ੍ਹਾਂ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਨੌਰ ਸਮੇਤ ਪਟਿਆਲਾ ਲੋਕ ਸਭਾ ਹਲਕੇ ਅਧੀਨ ਆਉਂਦੇ 9 ਵਿਧਾਨ ਸਭਾ ਹਲਕਿਆਂ ਪਟਿਆਲਾ ਸ਼ਹਿਰੀ, ਪਟਿਆਲਾ ਦਿਹਾਤੀ, ਨਾਭਾ, ਸਮਾਣਾ, ਰਾਜਪੁਰਾ, ਘਨੌਰ, ਸਨੌਰ, ਡੇਰਾ ਬਸੀ ਤੇ ਘਨੌਰ ਸਮੇਤ ਸਾਰੇ ਹਲਕਿਆਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਰਿਪੋਰਟ ਸਾਂਝੀ ਕੀਤੀ ਗਈ।ਅਰਵਿੰਦ ਕੇਜਰੀਵਾਲ ਨੇ ਇਸ ਮੌਕੇ ਬਲਜਿੰਦਰ ਸਿੰਘ ਢਿੱਲੋਂ ਦੇ ਕੰਮਾਂ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਪਟਿਆਲਾ ਆਮ ਆਦਮੀ ਪਾਰਟੀ ਦਾ ਗੜ੍ਹ ਹੈ ਤੇ ਇੱਥੋਂ ਦੇ ਵਰਕਰਾਂ ਨੇ ਹਮੇਸ਼ਾ ਪਾਰਟੀ ਨੂੰ ਮਜ਼ਬੂਤ ਕੀਤਾ ਹੈ।ਉਨ੍ਹਾਂ ਨੇ ਹਦਾਇਤ ਦਿੱਤੀ ਕਿ ਸਾਰੇ ਵਿਧਾਇਕਾਂ ਤੇ ਹਲਕਾ ਇੰਚਾਰਜਾਂ ਨਾਲ ਤਾਲਮੇਲ ਬਣਾ ਕੇ ਲੋਕਾਂ ਦੇ ਕੰਮ ਪਹਿਲ ਦੇ ਆਧਾਰ 'ਤੇ ਕੀਤੇ ਜਾਣ।ਢਿੱਲੋਂ ਨੇ ਕਿਹਾ ਕਿ ਉਨ੍ਹਾਂ ਨੂੰ ਕੇਜਰੀਵਾਲ ਤੋਂ ਮਿਲੇ ਮਾਰਗ ਦਰਸ਼ਨ ਨਾਲ ਹੋਰ ਵੀ ਤਾਕਤ ਮਿਲੀ ਹੈ ਤੇ ਉਹ ਪਟਿਆਲਾ ਲੋਕ ਸਭਾ ਦੇ ਹਰ ਪਿੰਡ, ਹਰ ਵਾਰਡ ਤੱਕ ਸਰਕਾਰ ਦੀਆਂ ਸਕੀਮਾਂ ਪਹੁੰਚਾਉਣ ਲਈ ਵਚਨਬੱਧ ਹਨ।ਇਸ ਮੌਕੇ ਉਨ੍ਹਾਂ ਪਾਰਟੀ ਹਾਈ ਕਮਾਨ ਦਾ ਧੰਨਵਾਦ ਵੀ ਕੀਤਾ।

## ਲੈਬ ਕੇਅਰ ਵਿਖੇ ਐੱਨ ਜੀ ਓ ਵਰਕਰ ਸਤੀਸ਼ ਦਾ ਸਨਮਾਨ



**ਭਵਾਨੀਗੜ੍ਹ (ਰਾਜ ਖੁਰਮੀ)**-ਲੋਕ ਭਲਾਈ ਦੇ ਕਾਰਜਾਂ ਵਿੱਚ ਸਰਗਰਮ ਰਹਿਣ ਵਾਲੇ ਐੱਨਜੀਓ ਵਰਕਰ ਸਤੀਸ਼ ਦਾ ਲਾਈਫ ਕੇਅਰ ਫਾਊਂਡੇਸ਼ਨ ਦੀ ਟੀਮ ਸਮੇਤ ਸਰਕਾਰੀ ਹਸਪਤਾਲ ਦੇ ਸਾਹਮਣੇ ਸਥਿਤ ਲੈਬ ਕੇਅਰ ਵਿਖੇ ਪਹੁੰਚਣ 'ਤੇ ਨਿੱਘਾ ਸਵਾਗਤ ਕਰਦਿਆਂ ਸਨਮਾਨ ਕੀਤਾ ਗਿਆ। ਇਸ ਮੌਕੇ ਅਸ਼ੋਕ ਕੁਮਾਰ, ਰਾਜੇਸ਼ ਕੁਮਾਰ, ਰਮੇਸ਼ ਕੁਮਾਰ, ਅਨਿਲ ਕੁਮਾਰ ਤੇ ਫੱਗੂਵਾਲ ਕਾਰਪੋਰੇਟ ਸੋਸਾਇਟੀ ਦੇ ਪ੍ਰਧਾਨ ਗੁਰਚਰਨ ਸਿੰਘ, ਮੈਂਬਰ ਨੈਬ ਸਿੰਘ ਤੇ ਪਰਮਜੀਤ ਸਿੰਘ ਪੰਮੀ ਵੱਲੋਂ ਸਤੀਸ਼ ਕੁਮਾਰ ਨੂੰ ਸਿਰੋਪੇ ਭੇਟ ਕਰਕੇ ਸਨਮਾਨਤ ਕੀਤਾ ਗਿਆ।ਇਸ ਦੌਰਾਨ ਹਾਜ਼ਰ ਵਿਅਕਤੀਆਂ ਨੇ ਉਨ੍ਹਾਂ ਦਾ ਭਵਾਨੀਗੜ੍ਹ ਪਹੁੰਚਣ 'ਤੇ ਜੀ ਆਇਆਂ ਆਖਦਿਆਂ ਲੋਕ ਭਲਾਈ ਦੇ ਕੰਮਾਂ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਇਸ ਦੌਰਾਨ ਸਤੀਸ਼ ਨੇ ਲੈਬ ਕੇਅਰ ਵੱਲੋਂ ਲੋਕਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਜਾਂਚ ਸਹੂਲਤਾਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੱਥੇ ਵੱਖ-ਵੱਖ ਮੈਡੀਕਲ ਟੈਸਟ ਆਮ ਦਰਾਂ ਦੇ ਮੁਕਾਬਲੇ ਲਗਭਗ 75 ਫੀਸਦੀ ਘੱਟ ਦਰਾਂ 'ਤੇ ਕੀਤੇ ਜਾਂਦੇ ਹਨ।ਉਨ੍ਹਾਂ ਦੱਸਿਆ ਕਿ ਲੈਬ ਵੱਲੋਂ ਕੀਤੇ ਜਾਂਦੇ ਟੈਸਟਾਂ ਦੀਆਂ ਰਿਪੋਰਟਾਂ ਸਬੰਧੀ ਪੀ.ਜੀ.ਆਈ. ਸਮੇਤ ਹੋਰ ਹਸਪਤਾਲਾਂ ਵੱਲੋਂ ਮਾਨਤਾ ਪ੍ਰਾਪਤ ਹੋਣ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ।

## ਵਾਈਸ ਚਾਂਸਲਰ ਡਾਕਟਰ ਰਜਿੰਦਰ ਕੁਮਾਰ ਬਾਂਸਲ ਸਨਮਾਨਤ



**ਚੀਮਾ ਮੰਡੀ (ਰਵਿੰਦਰ ਚੀਮਾ)**-ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਫਰੀਦਕੋਟ ਦੇ ਵਾਇਸ ਚਾਂਸਲਰ ਵਜੋਂ ਨਿਯੁਕਤ ਕੀਤੇ ਗਏ ਚੀਮਾ ਮੰਡੀ ਦੇ ਜੰਮਪਲ ਡਾਕਟਰ ਰਜਿੰਦਰ ਕੁਮਾਰ ਬਾਂਸਲ ਵੱਲੋਂ ਅੱਜ ਆਪਣਾ ਅਹੁਦਾ ਸੰਭਾਲਣ ਉਪਰੰਤ ਚੀਮਾ ਮੰਡੀ ਪਹੁੰਚਣ 'ਤੇ ਸ੍ਰੀ ਦੁਰਗਾ ਸ਼ਕਤੀ ਮੰਦਿਰ ਚੀਮਾ ਮੰਡੀ ਵਿਖੇ ਸ੍ਰੀ ਰਾਮ ਨੌਮੀ ਉਤਸਵ ਤੇ ਸੋਸ਼ਲ ਵੈੱਲਫੇਅਰ ਸੁਸਾਇਟੀ ਚੀਮਾ ਮੰਡੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੂੰ ਸੰਸਥਾ ਵੱਲੋਂ ਸਨਮਾਨ ਭੇਟ ਕਰਦਿਆਂ ਸੰਸਥਾ ਦੇ ਉਪ ਚੇਅਰਮੈਨ ਸੁਰਿੰਦਰ ਕੁਮਾਰ ਕਾਸਲ, ਸਰਪ੍ਰਸਤ ਰਜਿੰਦਰ ਕੁਮਾਰ ਲੀਲੂ, ਪ੍ਰਧਾਨ ਤਰਲੋਚਨ ਗੋਇਲ, ਜਤਿੰਦਰ ਕੁਮਾਰ ਜਿੰਦਲ ਵੱਲੋਂ ਸ਼ੁੱਭ-ਕਾਮਨਾਵਾਂ ਭੇਟ ਕਰਦੇ ਹੋਏ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਭਾਰਤੀਆ ਮਹਾਂਵੀਰ ਦਲ ਵੱਲੋਂ ਮਦਨ ਲਾਲ ਜਿੰਦਲ, ਮੁਕੇਸ਼ ਕੁਮਾਰ ਗਰਗ, ਕੇਵਲ ਕ੍ਰਿਸ਼ਨ, ਸੁਰੇਸ਼ ਕੁਮਾਰ ਝਾੜੋਂ ਵਾਲੇ, ਜਨਕ ਰਾਜ ਬਾਂਸਲ, ਗੋਬਿੰਦ ਰਾਮ ਗੋਂਦਾਂ, ਅਸ਼ਵਨੀ ਆਸੂ, ਦੀਪਕ ਗਰਗ, ਨਰਿੰਦਰ ਗੁਪਤਾ, ਮੰਦਿਰ ਦੇ ਪੁਜਾਰੀ ਪੰਡਿਤ ਮਨੋਜ ਸ਼ਰਮਾ, ਬਨਾਰਸੀ ਦਾਸ ਸਿੰਗਲਾ ਆਦਿ ਹਾਜ਼ਰ ਸਨ।

## ਸਫਾ 1 ਦੇ ਬਾਕੀ...

### ਦਿੱਲੀ ਰੈਲੀ ਇਤਿਹਾਸ ...

ਰਿਹਾ ਹੈ। ਦੇਸ਼ ਦੇ ਪ੍ਰਮੁੱਖ ਅਦਾਰੇ, ਜਿਸ ਵਿੱਚ ਨਿਆਂ ਪਾਲਿਕਾ, ਚੋਣ ਕਮਿਸ਼ਨ, ਕੈਗ ਅਤੇ ਸੀ ਬੀ ਆਈ ਆਦਿ ਦੀ ਸਰਕਾਰੀ ਦਬਾਅ ਹੇਠ ਦੁਰਵਰਤੋਂ ਕੀਤੀ ਜਾ ਰਹੀ ਹੈ, ਜੋ ਹੁਣ ਹੋਰ ਬਰਾਦਸ਼ਤ ਕਰਨਯੋਗ ਨਹੀਂ।

ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਉਕਤ ਲੋਕ ਵਿਰੋਧੀ ਨੀਤੀਆਂ ਦਾ ਭਾਰਤੀ ਕਮਿਊਨਿਸਟ ਪਾਰਟੀ ਨੇ ਹਮੇਸ਼ਾ ਡਟ ਕੇ ਵਿਰੋਧ ਕੀਤਾ ਅਤੇ ਲੋਕਾਂ ਵਿੱਚ ਨੰਗਿਆ ਕੀਤਾ ਹੈ। ਉਹਨਾਂ ਕਿਹਾ ਜਦੋਂ ਹੁਣ ਦੇਸ਼ ਬਰਬਾਦੀ ਦੀ ਕਗਾਰ 'ਤੇ ਖੜ੍ਹਾ ਹੈ ਤਾਂ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਦਿੱਲੀ ਵਿਖੇ ਕੀਤੀ ਜਾ ਰਹੀ 'ਬਦਲਾਓ ਜ਼ਰੂਰੀ ਹੈ' ਰੈਲੀ ਇਤਿਹਾਸਕ ਹੋ ਨਿਬੜੇਗੀ, ਜਿਸ ਵਿਚ ਸਮਾਜ ਦੇ ਹਰ ਵਰਗ ਨੂੰ ਆ ਰਹੀਆਂ ਦਰਪੇਸ਼ ਸਮੱਸਿਆਵਾਂ ਦੇ ਹੱਲ ਅਤੇ ਉਹਨਾਂ ਦੀਆਂ ਪ੍ਰਮੁੱਖ ਮੰਗਾਂ ਦੀ ਪ੍ਰਾਪਤੀ ਲਈ ਆਵਾਜ਼ ਨੂੰ ਬੁਲੰਦ ਕੀਤੀ ਜਾਵੇਗੀ। ਆਗੂਆਂ ਨੇ ਹਾਜ਼ਰੀਨ ਨੂੰ ਦਿੱਲੀ ਦੀ ਇਤਿਹਾਸਕ ਵਿਸ਼ਾਲ ਰੈਲੀ ਦੀ ਸਫਲਤਾ ਲਈ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

ਇਸ ਕਨਵੈਨਸ਼ਨ 'ਚ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਸਕੱਤਰ ਕਸ਼ਮੀਰ ਸਿੰਘ, ਸੀ ਪੀ ਆਈ (ਐੱਮ) ਦੀ ਜ਼ਿਲ੍ਹਾ ਆਗੂ ਕੁਲਦੀਪ ਸਿੰਘ ਖੁੰਗਰ, ਮੀਤ ਸਕੱਤਰ ਗੁਰਨਾਮ ਰਾਊਕੇ, ਕੈਸ਼ਿਅਰ ਗੁਰਦਿੱਤ ਸਿੰਘ, ਚਰਨਜੀਤ ਸਿੰਘ ਛਾਂਗਾ ਰਾਏ ਸੂਬਾ ਸਕੱਤਰ ਸਰਬ ਭਾਰਤ ਨੌਜਵਾਨ ਸਭਾ, ਨਛੱਤਰ ਸਿੰਘ, ਰਾਜ ਕੁਮਾਰ ਬਹਾਦਰ ਕੇ, ਢੋਲਾ ਮਾਹੀ, ਇਸਤਰੀ ਸਭਾ ਦੇ ਜ਼ਿਲ੍ਹਾ ਆਗੂ ਬੀਬੀ ਤ੍ਰਿਪਤ ਕਾਲੀਆ, ਬੀਬੀ ਦਰਸ਼ਨ ਜ਼ੀਰਵੀ, ਨਸੀਬ ਕੌਰ, ਕਰਨੈਲ ਸਿੰਘ, ਮੇਹਰ ਸਿੰਘ ਝੰਡੂਵਾਲਾ, ਦਰਸ਼ਨ ਝੰਡੂਵਾਲਾ, ਅਮਰੀਕ ਸਿੰਘ ਫੱਤੇਵਾਲਾ ਤੇ ਬਲਕਾਰ ਸਿੰਘ ਆਦਿ ਹਾਜ਼ਰ ਸਨ।

### ਦਿੱਲੀ ਰੈਲੀ ਮੋਦੀ...

ਲੈ ਚੁੱਕੀ ਹੈ ਤੇ ਆਰਥਿਕ ਮੰਦਹਾਲੀ ਦੇਸ਼ ਨੂੰ ਕੰਗਾਲੀ ਵੱਲ ਧੱਕ ਰਹੀ ਹੈ। ਉਨ੍ਹਾ ਕਿਹਾ ਕਿ 65 ਪ੍ਰਤੀਸ਼ਤ ਨੌਜਵਾਨਾਂ ਦੀ ਆਬਾਦੀ ਵਾਲੇ ਦੇਸ਼ ਦਾ ਭਵਿੱਖ ਹਨੇਰੇ ਵੱਲ ਹੈ, ਦੇਸ਼ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਨਸ਼ਿਆ ਵੱਲ ਤੋਰਿਆ ਜਾ ਰਿਹਾ ਹੈ। ਡੀਜ਼ਲ, ਖਾਦ, ਬੀਜ ਅਤੇ ਸਪਰੇਅ ਦੇ ਰੇਟ ਵਧਣ ਕਾਰਨ ਖੇਤੀ ਘਾਟੇ ਵਾਲਾਂ ਸੌਦਾ ਬਣ ਕੇ ਰਹਿ ਗਈ ਹੈ, ਇਸ ਲਈ ਕਿਸਾਨ ਤੇ ਮਜ਼ਦੂਰ ਕਰਜ਼ੇ ਦੇ ਬੋਝ ਥੱਲੇ ਹੋਣ ਕਾਰਨ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਰਹੇ ਹਨ। ਉਨ੍ਹਾ ਕਿਹਾ ਕਿ ਲੋਕਤੰਤਰ ਤੇ ਧਰਮ ਨਿਰਪੱਖਤਾ ਬਚਾਉਣ ਲਈ ਦੇਸ਼ ਵਿੱਚ ਰਾਜਨੀਤਕ ਤਬਦੀਲੀ ਸਮੇਂ ਦੀ ਵੱਡੀ ਲੋੜ ਹੈ। ਕਾਮਰੇਡ ਅਰਸ਼ੀ ਨੇ ਦੱਸਿਆ ਕਿ ਦਿੱਲੀ ਰੈਲੀ ਮੋਦੀ ਸਰਕਾਰ ਦੇ ਕਫਨ ਵਿੱਚ ਕਿੱਲ ਸਾਬਿਤ ਹੋਵੇਗੀ। ਉਨ੍ਹਾ ਅਪੀਲ ਕਰਦਿਆਂ ਕਿਹਾ ਕਿ ਦੇਸ਼ ਵਿੱਚ ਤਬਦੀਲੀ ਲਈ ਇੱਕ ਸਤੰਬਰ ਦੀ ਦਿੱਲੀ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਿਆ ਜਾਵੇ। ਇਸ ਮੌਕੇ ਵੇਦ, ਸੀਤਾ ਰਾਮ ਤੇ ਕਾਮਰੇਡ ਰਾਏਕੇ ਨੇ ਕਿਹਾ ਕਿ ਦਿੱਲੀ ਰੈਲੀ ਲਈ ਲੋਕਾਂ ਵਿੱਚ ਭਾਰੀ ਜੋਸ਼ ਪਾਇਆ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਰੈਲੀ ਵਿੱਚ ਬੁਢਲਾਡਾ ਹਲਕੇ ਤੋਂ 500 ਤੋਂ ਵੱਧ ਸਾਥੀ ਸ਼ਾਮਲ ਹੋਣਗੇ। ਇਸ ਮੌਕੇ ਸਾਬਕਾ ਸਰਪੰਚ ਹਰਕੇਸ਼ ਮੰਡੇਰ, ਕਰਨੈਲ ਸਿੰਘ ਦਾਤੇਵਾਸ ਤੇ ਸ਼ੰਭੂ ਮੰਡੇਰ ਤੋ ਇਲਾਵਾ ਵੱਡੀ ਗਿਣਤੀ ਵਿੱਚ ਸਾਥੀ ਹਾਜ਼ਰ ਸਨ।


### ਜਾਂਚ ਕਮੇਟੀ ਦੀ ...

ਜਨਰਲ ਤੁਸ਼ਾਰ ਮਹਿਤਾ ਨੇ ਇਸ ਪਟੀਸ਼ਨ ਦਾ ਸਖ਼ਤ ਵਿਰੋਧ ਕਰਦਿਆਂ ਇਸ ਨੂੰ ਬਹੁਤ ਹੀ ਸ਼ਰਾਰਤੀ ਅਤੇ ਰਾਜਨੀਤੀ ਤੋਂ ਪ੍ਰੇਰਤ ਦੱਸਿਆ। ਵਕੀਲ ਪ੍ਰਸ਼ਾਂਤ ਭੂਸ਼ਣ ਨੇ ਸ਼ੰਕਰਨਾਰਾਇਣਨ ਦਾ ਸਮਰਥਨ ਕਰਦੇ ਹੋਏ ਕਿਹਾ ਕਿ ਇਹ ਪਟੀਸ਼ਨਰਾਂ ਦੀ ਸਾਂਝੀ ਚਿੰਤਾ ਹੈ। ਇਸ ਮੁੱਦੇ 'ਤੇ ਅਗਲੇ ਮਹੀਨੇ ਦੇ ਸ਼ੁਰੂ ਵਿੱਚ ਵਿਚਾਰ ਕੀਤੇ ਜਾਣ ਦੀ ਉਮੀਦ ਹੈ।

### ਰਿਸ਼ੀਕੇਸ਼ ਦੀ ਮੌਤ...

ਆਪਣੇ ਪਿਤਾ ਨੂੰ ਗੁਆ ਦਿੱਤਾ ਸੀ ਤੇ ਉਹ ਮਾਨਸਿਕ ਸਿਹਤ ਸਮੱਸਿਆਵਾਂ ਨਾਲ ਜੂਝ ਰਿਹਾ ਸੀ, ਪਰ ਅਜਿਹਾ ਲੱਗਦਾ ਹੈ ਕਿ ਉਸ ਨੂੰ ਢੁਕਵੀਂ ਸੰਸਥਾਗਤ ਸਹਾਇਤਾ ਨਹੀਂ ਮਿਲੀ, ਜਿਸ ਵਿੱਚ ਹੋਸਟਲ ਰਿਹਾਇਸ਼ ਤੇ ਕਾਉਂਸਲਿੰਗ ਸ਼ਾਮਲ ਹੈ। ਬੀ ਟੈੱਕ ਦੂਜੇ ਸਾਲ ਦੇ ਵਿਦਿਆਰਥੀ ਸਕਸ਼ਮ ਨੇ ਕਿਹਾ ਕਿ ਵਿਦਿਆਰਥੀ ਇਸ ਗੱਲ ਤੋਂ ਨਿਰਾਸ਼ ਹਨ ਕਿ ਇਹ ਘਟਨਾ ਪਛਤਾਵੇ ਦੇ ਇੱਕ ਆਮ ਬਿਆਨ ਤੱਕ ਸੀਮਤ ਹੋ ਗਈ ਜਾਪਦੀ ਹੈ। 'ਅਸੀਂ ਇੱਕ ਹੱਲ ਚਾਹੁੰਦੇ ਹਾਂ। ਪਿਛਲੇ 30 ਮਹੀਨਿਆਂ ਵਿੱਚ ਆਈ ਆਈ ਟੀ ਦਿੱਲੀ ਵਿੱਚ ਅੱਠ ਖੁਦਕੁਸ਼ੀਆਂ ਹੋਈਆਂ ਹਨ।' ਇਸ ਦੁਖਾਂਤ ਨੇ ਪ੍ਰਮੁੱਖ ਤਕਨੀਕੀ ਸੰਸਥਾਵਾਂ ਵਿੱਚ ਵਿਦਿਆਰਥੀਆਂ ਦੀ ਪ੍ਰੇਸ਼ਾਨੀ ਬਾਰੇ ਚਿੰਤਾਵਾਂ ਨੂੰ ਮੁੜ ਤਾਜ਼ਾ ਕਰ ਦਿੱਤਾ ਹੈ, ਵਿਦਿਆਰਥੀ ਸਮੂਹਾਂ ਨੇ ਅਕਾਦਮਿਕ ਦਬਾਅ, ਪ੍ਰਸ਼ਾਸਨਿਕ ਨਿਰਲੇਪਤਾ ਅਤੇ ਨਾਕਾਫੀ ਮਾਨਸਿਕ ਸਿਹਤ ਸਹਾਇਤਾ ਵੱਲ ਇਸ਼ਾਰਾ ਕੀਤਾ ਹੈ। ਐੱਨ ਐੱਸ ਯੂ ਆਈ ਦੇ ਪ੍ਰਧਾਨ ਵਿਨੋਦ ਜਾਖੜ ਨੇ ਵੀ ਇੱਕ ਪੂਰੀ, ਨਿਰਪੱਖ ਅਤੇ ਪਾਰਦਰਸ਼ੀ ਜਾਂਚ ਦੀ ਮੰਗ ਕੀਤੀ ਹੈ। ਉਸ ਨੇ ਕਿਹਾ ਕਿ ਗੰਭੀਰ ਪਰੇਸ਼ਾਨੀ, ਟੁੱਟਦੇ ਵਿਦਿਆਰਥੀ-ਅਧਿਆਪਕ ਸੰਬੰਧ ਅਤੇ ਡਿੱਗਦੇ ਵਿਦਿਅਕ ਮਿਆਰ ਜਾਂਚ ਦੀ ਲੋੜ ਵਾਲੇ ਕਾਰਕਾਂ ਵਿੱਚ ਸ਼ਾਮਲ ਕੀਤੇ ਜਾਣ।

## ਬਜ਼ੁਰਗ ਸੇਵਾਦਾਰ ਸੋਹਨ ਸਿੰਘ ਨੂੰ ਕੰਨਾਂ ਵਾਲੀ ਮਸ਼ੀਨ ਭੇਟ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਗੁਰਦੁਆਰਾ ਸਾਹਿਬ ਲੰਗਰ ਮਾਤਾ ਖੀਵੀ ਜੀ ਵਿਖੇ ਲਗਾਤਾਰ ਲੰਗਰ ਦੀ ਸੇਵਾ ਨਿਭਾਅ ਰਹੇ ਬਜ਼ੁਰਗ ਸੇਵਾਦਾਰ ਸੋਹਨ ਸਿੰਘ ਦੀਆਂ ਨਿਸ਼ਕਾਮ ਸਮਾਜਿਕ ਸੇਵਾਵਾਂ ਨੂੰ ਮੁੱਖ ਰੱਖਦਿਆਂ ਇੱਕ ਦਾਨੀ ਸੱਜਣ ਵੱਲੋਂ ਉਨ੍ਹਾਂ ਨੂੰ ਸੁਣਨ ਵਾਲੀ ਮਸ਼ੀਨ ਭੇਟ ਕੀਤੀ ਗਈ।ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚੇ ਸਮਾਜ ਸੇਵੀ ਰਾਜੂ ਫ਼ਰੀਦਕੋਟ ਨੇ ਕੈਪਟਨ ਧਰਮ ਸਿੰਘ ਗਿੱਲ ਦੀ ਦੇਖ-ਰੇਖ ਹੇਠ ਚੱਲ ਰਹੀਆਂ ਮਾਨਵਤਾ ਦੀ ਸੇਵਾ ਤੇ ਸਮਾਜ ਭਲਾਈ ਦੀਆਂ ਗਤੀਵਿਧੀਆਂ ਦੀ ਭਰਪੂਰ ਸ਼ਲਾਘਾ ਕੀਤੀ।ਰਾਜੂ ਫ਼ਰੀਦਕੋਟ ਨੇ ਕਿਹਾ ਕਿ ਕੈਪਟਨ ਗਿੱਲ ਦੀ ਅਗਵਾਈ ਹੇਠ ਚਲਾਈਆਂ ਜਾ ਰਹੀਆਂ ਸੇਵਾਵਾਂ ਅਤਿ ਸ਼ਲਾਘਾਯੋਗ ਹਨ ਤੇ ਸਮਾਜ ਲਈ ਇੱਕ ਵੱਡਾ ਪ੍ਰੇਰਨਾ ਸਰੋਤ ਹਨ।ਇਸ ਦੌਰਾਨ ਸਮਾਗਮ ਵਿੱਚ ਸੇਵਾਦਾਰ ਰਵਿੰਦਰ ਸਿੰਘ ਬੁਗਰਾ, ਬਾਬਾ ਗੁਰਪ੍ਰੀਤ ਸਿੰਘ, ਬਾਬਾ ਬੰਤਾ ਸਿੰਘ ਤੇ ਬਲਦੇਵ ਸਿੰਘ ਸਰਪੰਚ ਪਿੱਪਲੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਉਨ੍ਹਾਂ ਸਾਰਿਆਂ ਨੇ ਦਾਨੀ ਸੱਜਣ ਦੇ ਇਸ ਨੇਕ ਤੇ ਸ਼ਲਾਘਾਯੋਗ ਉਪਰਾਲੇ ਦਾ ਧੰਨਵਾਦ ਕੀਤਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਤਲਵੰਡੀ ਖੁੰਮਣ ਵਿਖੇ ਕਿਸਾਨ ਆਗੂਆਂ ਨੇ ਲਾਇਆ ਧਰਨਾ

**ਜੈਂਤੀਪੁਰ, (ਸੁਖਬੀਰ ਸਿੱਧੂ)**- ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਮਜੀਠਾ ਵੱਲੋਂ ਇਲਾਕੇ ਦੇ ਵੱਖ-ਵੱਖ ਮਸਲਿਆਂ ਨੂੰ ਲੈ ਕੇ ਅੰਮ੍ਰਿਤਸਰ ਪਠਾਨਕੋਟ ਰੋਡ ਤੇ ਸਥਿਤ ਪਿੰਡ ਤਲਵੰਡੀ ਖੁੰਮਣ ਵਿਖੇ



ਧਰਨਾ ਲਾਇਆ ਗਿਆ।ਇਸ ਮੌਕੇ ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਥਰੀਏਵਾਲ ਸੜਕ ਦੀ ਖਸਤਾ ਹਾਲਤ ਨੂੰ ਤੁਰੰਤ ਠੀਕ ਕੀਤਾ ਜਾਵੇ ਅਤੇ ਸੜਕ ਦੇ ਨਾਲ ਨਿਕਾਸੀ ਨਾਲਾ ਬਣਾਇਆ ਜਾਵੇ।ਇਸ ਤੋਂ ਇਲਾਵਾ ਪਿੰਡ ਹਮਜੇ ਵਿੱਚ ਕੁਝ ਦਿਨ ਪਹਿਲਾਂ ਹੋਈ ਚੋਰੀ ਦੇ ਮਾਮਲੇ ਵਿਚ ਕਬਾੜੀਆਂ ਵਲੋਂ ਚੋਰੀ ਦਾ ਸਾਮਾਨ ਖਰੀਦੇ ਜਾਣ ਦੇ ਬਾਵਜੂਦ ਪਰਚਾ ਦਰਜ ਹੋਣ ਤੋਂ ਬਾਅਦ ਵੀ ਗ੍ਰਿਫ਼ਤਾਰੀ ਨਾ ਹੋਣ ਦਾ ਮਸਲਾ ਵੀ ਪ੍ਰਸ਼ਾਸਨ ਸਾਹਮਣੇ ਰੱਖਿਆ ਗਿਆ। ਤੇ ਐਸ ਡੀ ਐਮ ਮਜੀਠਾ ਨਾਲ ਸਬੰਧਤ ਲੰਮੇ ਸਮੇਂ ਤੋਂ ਲਟਕ ਰਹੇ ਮਸਲਿਆਂ ਨੂੰ ਵੀ ਉਠਾਇਆ ਗਿਆ। ਕਿਸਾਨ ਆਗੂਆਂ ਨੇ ਕਿਹਾ ਕਿ ਇਹ ਮਸਲੇ ਪਹਿਲਾਂ ਵੀ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦੇ ਜਾ ਚੁੱਕੇ ਹਨ, ਪਰ ਹੱਲ ਨਾ ਹੋਣ ਕਾਰਨ ਧਰਨਾ ਦੇਣ ਲਈ ਮਜਬੂਰ ਹੋਣਾ ਪਿਆ।ਇਸ ਮੌਕੇ ਨਵ ਨਿਯੁਕਤ ਐੱਸ. ਐੱਚ. ਓ. ਕੱਥੂਨੰਗਲ ਸਤਨਾਮ ਸਿੰਘ, ਐੱਸ ਡੀ ਓ ਮੰਡੀ ਬੋਰਡ ਜਤਿੰਦਰ ਕੁਮਾਰ, ਨਾਇਬ ਤਹਿਸੀਲਦਾਰ ਦਰਸ਼ਨ ਸਿੰਘ ਖੱਗੂੜਾ ਨੇ ਕਿਸਾਨ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਪ੍ਰਸ਼ਾਸਨ ਨਾਲ ਤਾਲਮੇਲ ਕਰਕੇ ਸਾਰੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਕਾਰਵਾਈ ਕੀਤੀ ਜਾਵੇਗੀ ਇਸ ਮੌਕੇ ਜਗਜੀਵਨ ਸਿੰਘ ਤਲਵੰਡੀ, ਡਾ. ਪਰਮਿੰਦਰ ਸਿੰਘ ਪੰਡੋਰੀ, ਪ੍ਰਧਾਨ ਰਾਜਿੰਦਰ ਸਿੰਘ, ਗੋਲਡੀ ਨੱਤ, ਸੰਤੋਖ ਸਿੰਘ, ਕੁਲਵਿੰਦਰ ਸਿੰਘ, ਰਣਜੀਤ ਸਿੰਘ ਫੌਜੀ, ਗੁਰਦੇਵ ਸਿੰਘ ਵਰਪਾਲ, ਜੋਗਿੰਦਰ ਸਿੰਘ ਬੁਰਜ, ਸੋਨਾ ਹਮਜ਼ਾ, ਹਰਜਿੰਦਰ ਸਿੰਘ, ਮਨਦੀਪ ਸਿੰਘ ਨਾਗ, ਜਗਪਰੀਤ ਸਿੰਘ, ਰਜਿੰਦਰ ਸਿੰਘ, ਸੂਬੇਦਾਰ ਨਾਨਕ ਸਿੰਘ, ਅਜੀਤ ਸਿੰਘ, ਜਗਪ੍ਰੀਤ ਸਿੰਘ, ਏ ਐੱਸ ਆਈ ਜਸਬੀਰ ਸਿੰਘ ਸਮੇਤ ਸੈਂਕੜੇ ਲੋਕ ਹਾਜ਼ਰ ਸਨ।

# ਬਿਜਲੀ ਬਿੱਲਾਂ ਦੇ ਭੁਗਤਾਨ ਨਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਚਿਤਾਵਨੀ

**ਅੰਮ੍ਰਿਤਸਰ (ਅਰੋੜਾ)**:- ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ, ਓ.ਸੀ.ਐੱਮ. ਦੇ ਐੱਸ.ਡੀ.ਓ. ਗੁਰਵੰਤ ਸਿੰਘ ਸੋਹੀ ਨੇ ਦੱਸਿਆ ਕਿ ਉਨ੍ਹਾਂ ਦੇ ਖੇਤਰ ਖੰਡਵਾਲਾ, ਕੋਟ ਖਾਲਸਾ, ਵਿਕਾਸ ਨਗਰ, ਛੇਹਰਟਾ, ਘਣੂਪੁਰ, ਸ਼ਕਤੀ ਨਗਰ, ਪੀਲੀ ਕਾਲੋਨੀ, ਧੱਕਾ ਕਾਲੋਨੀ, ਜੰਡਪੀਰ ਕਾਲੋਨੀ, ਇੰਦਰਾ ਕਾਲੋਨੀ ਵਿੱਚ ਬਹੁਤ ਸਾਰੇ ਬਿਜਲੀ



ਉਪਭੋਗਤਾਵਾਂ ਦੇ ਬਿਜਲੀ ਦੇ ਬਿੱਲ ਬਕਾਇਆ ਚੱਲਦੇ ਆ ਰਹੇ ਹਨ। ਉਨ੍ਹਾਂ ਨੂੰ ਕਈ ਵਾਰ ਸੂਚਿਤ ਕੀਤਾ ਜਾ ਚੁੱਕਾ ਹੈ, ਪਰ ਉਨ੍ਹਾਂ ਨੇ ਸੂਚਿਤ ਕਰਨ ਦੇ ਬਾਵਜੂਦ ਵੀ ਬਕਾਇਆ ਰਕਮ ਬਿਜਲੀ ਦਫ਼ਤਰ ਦੇ ਕੈਸ਼ ਕਾਊਂਟਰ ਵਿੱਚ ਜਮ੍ਹਾਂ ਨਹੀਂ ਕਰਵਾਈ ਜਿਸ ਦੇ ਚੱਲਦਿਆਂ ਸਾਰੇ ਖੇਤਰਾਂ ਦੇ ਜੇ. ਈ. ਅਤੇ ਲਾਈਨਮੈਨਾਂ ਦੀਆਂ ਬਕਾਇਆ ਬਿੱਲ ਵਸੂਲਣ ਲਈ ਟੀਮਾਂ ਗਠਿਤ ਕੀਤੀਆਂ ਗਈਆਂ ਹਨ।ਉਨ੍ਹਾਂ ਦੱਸਿਆ ਕਿ ਸਭ ਤੋਂ ਜ਼ਿਆਦਾ ਡਿਫਾਲਟਰ ਕੋਟ ਖਾਲਸਾ ਖੇਤਰ ਵਿੱਚ ਦੇਖਣ ਨੂੰ ਮਿਲ ਰਹੇ ਹਨ, ਜਿਸ ਲਈ ਸਪੈਸ਼ਲ ਟੀਮਾਂ ਭੇਜੀਆਂ ਜਾ ਰਹੀਆਂ ਹਨ।ਉਨ੍ਹਾਂ ਆਪਣੇ ਦਫ਼ਤਰ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਕਿਸੇ ਵੀ ਬਿਜਲੀ ਉਪਭੋਗਤਾ ਨੂੰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਨਿਰਧਾਰਿਤ ਨਿਯਮਾਂ ਅਨੁਸਾਰ ਆਪਣਾ ਬਿਜਲੀ ਦਾ ਬਕਾਇਆ ਬਿਲ ਜਮ੍ਹਾਂ ਕਰਵਾਉਣਾ ਚਾਹੀਦਾ ਹੈ, ਨਹੀਂ ਤਾਂ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਦਿਆਂ ਉਨ੍ਹਾਂ ਦੇ ਬਿਜਲੀ ਕੁਨੈਕਸ਼ਨ ਕੱਟਣੇ ਪੈਣਗੇ।ਇਸ ਮੌਕੇ ਐੱਸ.ਡੀ.ਓ. ਗੁਰਵੰਤ ਸਿੰਘ ਸੋਹੀ ਦੇ ਨਾਲ ਜੇ.ਈ. ਅਵਤਾਰ ਸਿੰਘ, ਜੇ.ਈ. ਰਾਜੀਵ, ਜੇ.ਈ. ਦਿਲਬਾਗ, ਜੇ.ਈ. ਪਰਮਿੰਦਰ, ਜੇ. ਈ. ਅਮਨ, ਵਿਸ਼ਾਲ ਕੁਮਾਰ ਤੋਂ ਇਲਾਵਾ ਬਿਜਲੀ ਸੁਵਿਧਾ ਸੈਂਟਰ ਦੇ ਮੁੱਖ ਰਾਕੇਸ਼ ਕੁਮਾਰ ਅਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਲਾਈਨਮੈਨ ਆਦਿ ਵੀ ਮੌਜੂਦ ਸਨ।

# ਹਰਜੀਤ ਸਿੰਘ ਐਮਾ ਮਾਰਕੀਟ ਕਮੇਟੀ ਝਬਾਲ ਦੇ ਚੇਅਰਮੈਨ ਨਿਯੁਕਤ

**ਝਬਾਲ, (ਹਰਜਿੰਦਰ ਸਿੰਘ ਸੋਨੀ)**- ਪੰਜਾਬ ਸਰਕਾਰ ਵੱਲੋਂ ਮਾਰਕੀਟ ਕਮੇਟੀਆਂ ਦੇ ਕੀਤੇ ਗਏ ਗਠਨ ਦੌਰਾਨ ਸੀਨੀਅਰ ਆਗੂ ਤੇ ਸਾਬਕਾ ਸਰਪੰਚ ਹਰਜੀਤ ਸਿੰਘ ਐਮਾਂ ਕਲਾਂ ਨੂੰ ਮਾਰਕੀਟ ਕਮੇਟੀ



ਝਬਾਲ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਹਰਜੀਤ ਸਿੰਘ ਐਮਾਂ ਕਲਾਂ ਨੂੰ ਮਾਰਕਟ ਕਮੇਟੀ ਝਬਾਲ ਦੇ ਚੇਅਰਮੈਨ ਬਣਾਏ ਜਾਣ ਦੀ ਖ਼ਬਰ ਮਿਲਦਿਆਂ ਹੀ ਪੂਰੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਉਨ੍ਹਾਂ ਦੇ ਸਮਰਥਕਾਂ, ਪਾਰਟੀ ਆਗੂਆਂ, ਵਰਕਰਾਂ ਤੇ ਸੱਜਣ ਸਨੇਹੀਆਂ ਵੱਲੋਂ ਉਨਾਂ ਦੇ ਗ੍ਰਹਿ ਵਿਖੇ ਪੁੱਜ ਕੇ ਵਧਾਈਆਂ ਦੇਣ ਦਾ ਤਾਂਤਾ ਲੱਗ ਗਿਆ।ਇਸ ਮੌਕੇ ਆਪਣੀ ਨਿਯੁਕਤੀ ਤੇ ਚੇਅਰਮੈਨ ਹਰਜੀਤ ਸਿੰਘ ਐਮਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਅਤੇ ਵਿਸ਼ੇਸ਼ ਤੌਰ 'ਤੇ ਹਲਕਾ ਵਿਧਾਇਕ ਤਰਨਤਾਰਨ ਹਰਮੀਤ ਸਿੰਘ ਸੰਧੂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਵਾਉਣ ਦੇ ਨਾਲ਼ ਨਾਲ਼ ਮਾਰਕੀਟ ਕਮੇਟੀ ਝਬਾਲ ਦੇ ਕੰਮਾਂ ਵਿੱਚ ਪਾਰਦਰਸ਼ਤਾ, ਕਿਸਾਨਾਂ ਅਤੇ ਆੜ੍ਹਤੀਆਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇਗਾ।

# ਡੀ ਸੀ ਵੱਲੋਂ ਰਈਆ ਵਿਖੇ ਹੋਣ ਵਾਲੇ ਰਾਜ ਪੱਧਰੀ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ



**ਬਿਆਸ (ਪਰਮਜੀਤ ਸਿੰਘ ਰੱਖੜਾ)** ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਬਾਬਾ ਬਕਾਲਾ ਸਾਹਿਬ ਦੇ ਨਗਰ ਰਈਆ ਦੀ ਦਾਨਾ ਮੰਡੀ ਵਿਖੇ 28 ਅਗਸਤ ਨੂੰ ਰੱਖੜ ਪੁੰਨਿਆਂ ਦੇ ਪਾਵਨ ਤਿਉਹਾਰ ਨੂੰ ਸਮਰਪਿਤ ਰਾਜ ਪੱਧਰੀ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਦੀਆਂ ਤਿਆਰੀਆਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਦਾਨਾ ਮੰਡੀ ਰਈਆ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਲੋੜੀਂਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਬਾਬਾ ਬਕਾਲਾ ਸਾਹਿਬ ਦੇ ਪਵਿੱਤਰ ਰੱਖੜ ਪੁੰਨਿਆਂ ਦੇ ਤਿਉਹਾਰ ਨੂੰ ਸਮਰਪਿਤ ਦਾਨਾ ਮੰਡੀ ਰਈਆ ਵਿਖੇ ਰਾਜ ਪੱਧਰੀ ਸਮਾਗਮ ਕਰਵਾਇਆ ਜਾ ਰਿਹਾ ਹੈ। ਸਮਾਗਮ ਦੀਆਂ ਤਿਆਰੀਆਂ ਸੰਬੰਧੀ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਦੇ ਪਹੁੰਚਣ ਦੀ ਸੰਭਾਵਨਾ ਹੈ, ਜਿਸ ਦੇ ਮੱਦੇਨਜ਼ਰ ਸੰਗਤਾਂ ਦੀ ਸਹੂਲਤ ਅਤੇ ਸੁਰੱਖਿਆ ਨੂੰ ਮੁੱਖ ਰੱਖਦਿਆਂ ਸਾਰੇ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਜਾਣ। ਇਸ ਮੌਕੇ ਐੱਸ ਡੀ ਐੱਮ ਬਾਬਾ ਬਕਾਲਾ ਸਾਹਿਬ ਜਸ਼ਨਜੀਤ ਸਿੰਘ, ਲੋਕ ਨਿਰਮਾਣ ਵਿਭਾਗ ਦੇ ਐਕਸੀਅਨ ਨਿਰਮਲਜੀਤ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਵੱਖ-ਵੱਖ ਉਮਰ ਵਰਗ ਦੀਆਂ ਫੁੱਟਬਾਲ ਤੇ ਵਾਲੀਬਾਲ ਦੀਆਂ ਟੀਮਾਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ

**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**-ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਅਜਨਾਲਾ ਸੀਬੀਐੱਸਈ ਕਲੱਸਟਰ 18 ਫਤਿਹਗੜ੍ਹ ਸਾਹਿਬ ਦੇ ਸੈਕਰਡ ਹਾਰਟ ਸੀਨੀਅਰ ਸੈਕੰਡਰੀ ਸਕੂਲ ਮੰਡੀ ਗੋਬਿੰਦਗੜ੍ਹ ਫਤਿਹਗੜ੍ਹ ਸਾਹਿਬ) ਸਕੂਲ ਵਿੱਚ



ਹੋਇਆ ਜਿਸ ਵਿੱਚ ਫੁੱਟਬਾਲ ਟੀਮ ਅੰਡਰ 14 ਲੜਕੇ, ਅੰਡਰ 17 ਲੜਕੇ, ਅੰਡਰ 19 ਲੜਕੇ ਅਤੇ ਵਾਲੀਬਾਲ ਅੰਡਰ 19 ਨੇ ਭਾਗ ਲਿਆ। ਇਨ੍ਹਾਂ ਮੈਚਾਂ ਵਿੱਚ ਅੰਡਰ 14 ਫੁੱਟਬਾਲ ਦੀਆਂ 36 ਟੀਮਾਂ ਵਿੱਚੋਂ ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੀ ਪਹਿਲੀ ਪੁਜੀਸ਼ਨ 3-0 ਨਾਲ ਹਾਸਿਲ ਕੀਤੀ। ਅੰਡਰ 17 ਫੁੱਟਬਾਲ ਦੀਆਂ 72 ਟੀਮਾਂ ਵਿੱਚੋਂ ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਅਜਨਾਲਾ ਨੇ ਪਹਿਲੀ ਪੁਜ਼ੀਸ਼ਨ 3-0 ਨਾਲ ਹਾਸਿਲ ਕੀਤੀ।ਅੰਡਰ 19 ਵਾਲੀਬਾਲ ਦੀਆਂ 36 ਟੀਮਾਂ ਵਿੱਚ ਕੁਆਰਟਰ ਫਾਈਨਲ ਵਿੱਚ ਪਹੁੰਚੀ।ਇੱਥੇ ਇਹ ਵੀ ਦੱਸਣ ਯੋਗ ਹੈ ਕਿ ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਅਜਨਾਲਾ ਦੀਆਂ ਅੰਡਰ14 ਅਤੇ ਅੰਡਰ 17 ਦੀਆਂ ਟੀਮਾਂ ਨੇ ਕਿਸੇ ਵੀ ਟੀਮ ਕੋਲੋਂ ਕੋਈ ਵੀ ਗੋਲ ਨਹੀਂ [illegible] ਅਤੇ ਨੈਸ਼ਨਲ ਪੱਧਰ ਦੀਆਂ ਹੋਣ ਵਾਲੀਆਂ ਗੇਮਾਂ ਲਈ ਚੁਣੀਆਂ ਗਈਆਂ ਹਨ ਜੋ ਪੰਜਾਬ ਦੀ ਟੀਮ ਦੇ ਰੂਪ ਵਿੱਚ 28 ਸਤੰਬਰ ਤੋਂ ਵਾਲੀ ਖੇਡਾਂ ਵਿੱਚ ਪ੍ਰਦਰਸ਼ਨ ਕਰਨਗੀਆਂ।ਸਕੂਲ ਵਿੱਚ ਪਹੁੰਚੀਆਂ ਅੰਡਰ 14, 17, 19 ਫੁੱਟਬਾਲ ਅਤੇ ਵਾਲੀਬਾਲ ਟੀਮਾਂ ਦਾ ਸਕੂਲ ਪਹੁੰਚਣ ਤੇ ਚੀਫ ਖਾਲਸਾ ਦੀਵਾਨ ਦੇ ਡਿਪਟੀ ਡਾਇਰੈਕਟਰ ਸਪੋਰਟਸ ਅਤੇ ਸਪੋਰਟਸ ਕਮੇਟੀ ਦੇ ਮੈਂਬਰ ਸਕੂਲ ਮੈਨੇ ਕਮੇਟੀ ਦੇ ਮੈਂਬਰ ਪ੍ਰਿੰਸੀਪਲ ਅਤੇ ਬੱਚਿਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਮੈਂਬਰ ਇੰਚਾਰਜ ਐਡਵੋਕੇਟ ਇੰਦਰਜੀਤ ਸਿੰਘ, ਗੁਰਭੇਜ ਸਿੰਘ, ਨਵਤੇਜ ਸਿੰਘ ਨਾਰੰਗ, ਡਿਪਟੀ ਡਾਇਰੈਕਟਰ ਸਪੋਰਟਸ ਦਪਿੰਦਰ ਸਿੰਘ ਬਾਵਾ, ਸਪੋਰਟ ਕਮੇਟੀ ਦੇ ਮੈਨੇਜਰ ਮੋਹਨਜੀਤ ਸਿੰਘ ਭੱਲਾ, ਆਦਰਸ਼ਪਿੰਦਰ ਸਿੰਘ ਮਾਨ, ਪ੍ਰਿੰ. ਮੁਕਤਾ ਤਰੇਹਨ, ਕੋਚ ਰਜੀਵ ਕੁਮਾਰ, ਕੋਚ ਰਜਿੰਦਰ ਸਿੰਘ, ਫਿਟਨੈੱਸ ਟਰੇਨਰ ਦਿਲਪ੍ਰੀਤ ਸਿੰਘ, ਫਿਟਨੈੱਸ ਟਰੇਨਰ ਬਲਜੀਤ ਸਿੰਘ, ਅਮਨਦੀਪ ਨੇਗੀ, ਅਵਤਾਰ ਸਿੰਘ, ਸਿਮਰਤ ਪਾਲ ਸਿੰਘ, ਕਵਲਜੀਤ ਕੌਰ, ਮਨਦੀਪ ਕੌਰ ਮਨਪ੍ਰੀਤ ਕੌਰ ਰਮਨਦੀਪ ਕੌਰ ਅਤੇ ਸਮੂਹ ਸਟਾਫ ਹਾਜ਼ਰ ਸਨ।

# ਸਾਂਝੀ ਤਾਲਮੇਲ ਕਮੇਟੀ ਦੇ ਆਗੂਆਂ ਦੀ ਡੀ ਸੀ ਅੰਮ੍ਰਿਤਸਰ ਨਾਲ ਮੀਟਿੰਗ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਮਾਣਯੋਗ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵੱਲੋਂ ਅੰਮ੍ਰਿਤਸਰ ਤੇ ਪੈਨਸ਼ਨਰਜ਼ ਸਾਂਝਾ ਫਰੰਟ ਤੇ ਸਾਂਝਾ ਮੁਲਾਜ਼ਮ ਮੰਚ ਦੀ ਸਾਂਝੀ ਤਾਲਮੇਲ ਕਮੇਟੀ ਦੇ ਆਗੂਆਂ ਨਾਲ ਮੀਟਿੰਗ ਕੀਤੀ ਗਈ, ਮੀਟਿੰਗ ਦੌਰਾਨ ਡੀ ਸੀ ਪੀ ਲਾਅ ਐਂਡ ਆਰਡਰ ਰਵਿੰਦਰਪਾਲ ਸਿੰਘ



ਸੰਧੂ ਅਤੇ ਏ ਡੀ ਸੀ ਪੀ ਹਰਪਾਲ ਸਿੰਘ ਰੰਧਾਵਾ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ। ਸਾਂਝੀ ਤਾਲਮੇਲ ਕਮੇਟੀ ਵਿੱਚ ਸ਼ਾਮਿਲ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਜਗਦੀਸ਼ ਠਾਕਰ, ਗੁਰਦੇਵ ਸਿੰਘ ਬਾਜਵਾ, ਅਸ਼ਵਨੀ ਅਵਸਥੀ, ਜੋਗਿੰਦਰ ਸਿੰਘ, ਬੋਬਿੰਦਰ ਸਿੰਘ, ਮਨਜਿੰਦਰ ਸਿੰਘ ਸੰਧੂ, ਕ੍ਰਿਸ਼ਨ ਸਿੰਘ ਸੰਧੂ, ਅਮਨ ਸ਼ਰਮਾ ਤੇ ਗੁਰਵਿੰਦਰ ਸਿੰਘ ਆਦਿ ਨੇ ਮੰਗ ਪੱਤਰ ਵਿੱਚ ਦਰਜ ਮੰਗਾਂ ਤੇ ਵਿਸਥਾਰ ਪੂਰਵਕ ਚਰਚਾ ਕਰਦਿਆਂ ਚੱਲ ਰਹੇ ਮੁਲਾਜ਼ਮ ਸੰਘਰਸ਼ ਅਤੇ 27 ਅਗਸਤ ਦੇ ਮਹਾਂਬੰਦ ਬਾਰੇ ਡਿਪਟੀ ਕਮਿਸ਼ਨਰ ਸਾਹਿਬ ਨੂੰ ਜਾਣਕਾਰੀ ਦਿੱਤੀ। ਇਹ ਗੱਲਬਾਤ ਬਹੁਤ ਸੁਖਾਵੇਂ ਮਾਹੌਲ ਵਿੱਚ ਹੋਈ।

ਡਿਪਟੀ ਕਮਿਸ਼ਨਰ ਸਾਹਿਬ ਨੇ ਕਿਹਾ ਕਿ ਤੁਸੀਂ 27 ਅਗਸਤ ਵਾਲਾ ਐਕਸ਼ਨ ਪੋਸਟਪੋਨ ਕਰ ਦਿਉ ਤਾਂ ਮੁਲਾਜ਼ਮ ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਉਨ੍ਹਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਮੰਨ ਲਵੇਗੀ ਤਾਂ ਐਕਸ਼ਨ ਪੋਸਟਪੋਨ ਹੋਵੇਗਾ ਨਹੀਂ ਤਾਂ ਅੰਮ੍ਰਿਤਸਰ ਦੇ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮ 27 ਅਗਸਤ ਨੂੰ ਸਮੂਹਿਕ ਛੁੱਟੀ ਤੇ ਜਾਣਗੇ। ਅਖੀਰ ਵਿੱਚ ਮੁਲਾਜ਼ਮ ਜਥੇਬੰਦੀਆਂ ਦੇ ਆਗੂਆਂ ਵੱਲੋਂ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਸੌਂਪਿਆ ਗਿਆ।

# ਮੱਛਰ ਤੋਂ ਹੋਣ ਵਾਲੇ ਰੋਗਾਂ ਤੋਂ ਬਚਾਅ ਲਈ ਫੌਗਿੰਗ, ਸਪਰੇਅ ਤੇ ਲਾਰਵਾ ਨਸ਼ਟ ਕੀਤਾ

**ਗੁਰਦਾਸਪੁਰ (ਜਨਕ ਮਹਾਜਨ)**- ਨੈਸ਼ਨਲ ਵੈਕਟਰ ਬੋਰਨ ਡਿਜ਼ੀਜ਼ ਕੰਟਰੋਲ ਪ੍ਰੋਗਰਾਮ ਤਹਿਤ ਸਿਹਤ ਮੰਤਰੀ ਪੰਜਾਬ ਦੀਆਂ ਹਿਦਾਇਤਾਂ ਅਨੁਸਾਰ ਮੱਛਰ ਜਨਿਤ ਰੋਗਾਂ ਦੀ ਰੋਕਥਾਮ ਲਈ ਜ਼ਿਲ੍ਹੇ ਵਿੱਚ ਸਿਵਲ ਸਰਜਨ ਗੁਰਦਾਸਪੁਰ ਡਾਕਟਰ ਮਹੇਸ਼ ਕੁਮਾਰ ਪ੍ਰਭਾਕਰ ਦੀ ਅਗਵਾਈ ਹੇਠ ਜ਼ਿਲ੍ਹਾ ਗੁਰਦਾਸਪੁਰ ਵਿਚ ਵੱਖ-ਵੱਖ ਥਾਵਾਂ 'ਤੇ ਗਤੀਵਿਧੀਆਂ ਕੀਤੀਆਂ ਗਈਆਂ। ਵੱਖ-ਵੱਖ ਥਾਵਾਂ 'ਤੇ ਮਿਲੇ ਲਾਰਵਾ ਨੂੰ ਮੌਕੇ ਤੇ ਨਸ਼ਟ ਕੀਤਾ ਗਿਆ। ਫੋਗਿੰਗ ਅਤੇ ਸਪਰੇਅ ਕਾਰਵਾਈ ਗਈ। ਇਸ ਸਬੰਧੀ ਜ਼ਿਲ੍ਹਾ ਐਪੀਡਿਮੋਲੋਜਿਸਟ ਡਾਕਟਰ ਪ੍ਰਭਜੋਤ ਕਲਸੀ ਅਤੇ ਐਮ. ਓ. ਐੱਚ. ਡਾਕਟਰ ਕੁਲਵਿੰਦਰ ਕੌਰ ਨੇ ਦੱਸਿਆ ਕਿ ਅੱਜ ਜਿਲੇ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਨੇ ਚੈਕਿੰਗ ਕੀਤੀ ਹੈ। ਹੁਣ ਤੱਕ ਸ਼ਹਿਰੀ ਖੇਤਰ ਵਿੱਚ 94399 ਘਰ ਚੈੱਕ ਕੀਤੇ ਗਏ ਜਿੱਥੇ 1916 ਜਗ੍ਹਾ 'ਤੇ ਲਾਰਵਾ ਮਿਲਿਆ। ਪੇਂਡੂ ਖੇਤਰ ਵਿੱਚ 51209 ਘਰਾਂ ਦੀ ਚੈਕਿੰਗ ਕੀਤੀ ਗਈ। ਏਨਾਂ ਵਿੱਚੋ 307 ਜਗ੍ਹਾ 'ਤੇ ਲਾਰਵਾ ਮਿਲਿਆ ਸ਼ਹਿਰੀ ਖੇਤਰ ਵਿੱਚ 281637 ਕੰਟੇਨਰ ਚੈੱਕ ਕੀਤੇ ਗਏ ਜਿਨ੍ਹਾਂ ਵਿਚ 2145 ਕੰਟੇਨਰ ਵਿੱਚ ਲਾਰਵਾ ਮਿਲਿਆ। ਪੇਂਡੂ ਖੇਤਰ ਵਿਚ 76743 ਕੰਟੇਨਰ ਚੈੱਕ ਕੀਤੇ ਗਏ ਜਿਨ੍ਹਾਂ ਵਿਚ 361 ਵਿੱਚ ਲਾਰਵਾ ਮਿਲਿਆ ਜਿਸ ਨੂੰ ਨਸ਼ਟ ਕੀਤਾ ਗਿਆ। ਲੋਕਾਂ ਨੂੰ ਮੱਛਰ ਜਨਿਤ ਰੋਗਾਂ ਤੋਂ ਬਚਾਅ ਅਤੇ ਮੱਛਰ ਨੂੰ ਪੈਦਾ ਹੋਣ ਤੋਂ ਰੋਕਣ ਸਬੰਧੀ ਜਾਣਕਾਰੀ ਦਿੱਤੀ ਗਈ। ਸਿਹਤ ਮੁਲਾਜ਼ਮਾਂ ਨੂੰ [illegible] ਤੋਂ ਬਚਾਅ ਬਾਰੇ ਗਤੀਵਿਧੀਆਂ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਦੱਸਿਆ ਕਿ ਮੱਛਰ ਦੇ ਖਾਤਮੇ ਲਈ ਸਪਰੇਅ ਅਤੇ ਫੋਗਿੰਗ ਲਈ ਵਿਭਾਗ ਦੀਆਂ ਟੀਮਾਂ ਨੂੰ ਫੋਗਿੰਗ ਮਸ਼ੀਨਾਂ ਤੇ ਸਪਰੇਅ ਪੰਪ ਦਿੱਤੇ ਗਏ ਹਨ। ਟੀਮਾਂ ਵਲੋਂ ਵੱਖ-ਵੱਖ ਖੇਤਰਾਂ ਵਿਚ ਸਪਰੇਅ ਅਤੇ ਫੌਗਿੰਗ ਕੀਤੀ ਜਾ ਰਹੀ ਹੈ। ਫੀਲਡ ਸਟਾਫ਼ ਵੱਲੋਂ ਲਾਰਵਾ ਦੀ ਚੈਕਿੰਗ, ਮੱਛਰਾਂ ਦੇ ਖਾਤਮੇ ਲਈ ਸਪਰੇਅ ਕਰਨ ਦੇ ਨਾਲ ਹੀ ਲੋਕਾਂ ਨੂੰ ਮੱਛਰਾਂ ਤੋਂ ਹੋਣ ਵਾਲੇ ਰੋਗਾਂ ਤੋਂ ਬਚਾਅ ਬਾਰੇ ਦੱਸਿਆ ਜਾ ਰਿਹਾ ਹੈ।



# ਝੰਡੀ ਦੀ ਕੁਸ਼ਤੀ ਪ੍ਰਵੀਨ ਕੋਹਾਲੀ ਨੇ ਬਿਨੀਆ ਜੰਮੂ ਨੂੰ ਹਰਾ ਕੇ ਜਿੱਤੀ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਪਿੰਡ ਕੋਹਾਲੀ ਦੀ ਕਮੇਟੀ ਵੱਲੋਂ ਨਗਰ ਨਿਵਾਸੀਆਂ ਅਤੇ ਐੱਨ ਆਰ ਆਈ. ਵੀਰਾਂ ਦੇ ਸਹਿਯੋਗ ਨਾਲ ਸਾਲਾਨਾ ਕੁਸ਼ਤੀ ਦੰਗਲ ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਦੇ ਵੱਖ-ਵੱਖ ਇਲਾਕਿਆਂ ਤੋਂ ਇਲਾਵਾ ਜੰਮੂ ਤੋਂ ਪੁੱਜੇ ਨਾਮੀ ਪਹਿਲਵਾਨਾਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ।ਝੰਡੀ ਦੀ ਕੁਸ਼ਤੀ ਵਿੱਚ ਪ੍ਰਵੀਨ ਕੋਹਾਲੀ ਨੇ ਬਿਨੀਆ ਜੰਮੂ ਨੂੰ ਹਰਾ ਕੇ [illegible] ਕੁਲਦੀਪ ਸਿੰਘ ਔਲਖ, ਹਰਪ੍ਰੀਤ ਸਿੰਘ [illegible] ਬਲਵਿੰਦਰ ਸਿੰਘ ਕੋਹਾਲੀ, ਡਾ: ਸਤਪਿੰਦਰ ਸਿੰਘ ਰਿੰਕੂ, ਕੁਲਦੀਪ ਸਿੰਘ ਔਲਖ, ਹਰਪ੍ਰੀਤ ਸਿੰਘ ਸੋਨੂ ਸਮੇਤ ਹੋਰਨਾਂ ਨੇ ਜੇਤੂ ਤੇ ਭਾਗ ਲੈਣ ਵਾਲੇ ਪਹਿਲਵਾਨਾਂ ਨੂੰ ਸਨਮਾਨਿਤ ਕੀਤਾ।ਕੁਸ਼ਤੀ ਦੰਗਲ ਦੌਰਾਨ ਕਮੈਂਟੇਟਰ ਦੀ ਭੂਮਿਕਾ ਨਾਜਰ ਪਹਿਲਵਾਨ ਸੰਗਰੂਰ ਅਤੇ ਕੁਲਦੀਪ ਤੇੜਾ ਵੱਲੋਂ ਬਾਖ਼ੂਬੀ ਨਿਭਾਈ ਗਈ।ਇਸ ਮੌਕੇ ਗੁਰਨਾਮ ਸਿੰਘ ਪਹਿਲਵਾਨ ਭਿੱਟੇਵੱਡ, ਸਾਭਾ ਪਹਿਲਵਾਨ, ਮਾਜੂ ਪਹਿਲਵਾਨ, ਬਲਦੇਵ ਸਿੰਘ ਪੰਡੋਰੀ, ਲਾਲੀ ਪਹਿਲਵਾਨ, ਟੀਟੂ ਪਹਿਲਵਾਨ, ਬਬਲੀ ਪਹਿਲਵਾਨ, ਰਾਮਦਾਸ ਬਾਵਾ, ਬਿੱਲਾ ਪਹਿਲਵਾਨ, ਗੁਰਲਾਲ ਸਿੰਘ ਕੋਹਾਲੀ ਆਦਿ ਹਾਜ਼ਰ ਸਨ।

# ਸਾਲ 2026 ਦੀ ਤੀਜੀ ਕੌਮੀ ਲੋਕ ਅਦਾਲਤ 12 ਸਤੰਬਰ ਨੂੰ

**ਪਠਾਨਕੋਟ, (ਦਵਿੰਦਰ ਸਿੰਘ)**- ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ. ਏ. ਐੱਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਠਾਨਕੋਟ ਵੱਲੋਂ ਸਾਲ 2026 ਦੀ ਤੀਜੀ ਕੌਮੀ ਲੋਕ ਅਦਾਲਤ



12 ਸਤੰਬਰ 2026 ਨੂੰ ਜ਼ਿਲ੍ਹਾ ਪੱਧਰ 'ਤੇ ਲਗਾਈ ਜਾ ਰਹੀ ਹੈ। ਇਹ ਲੋਕ ਅਦਾਲਤ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਠਾਨਕੋਟ ਸ੍ਰੀ ਰਜਨੀਸ਼ ਗਰਗ ਦੀ ਅਗਵਾਈ ਹੇਠ ਕਰਵਾਈ ਜਾਵੇਗੀ।ਕੌਮੀ ਲੋਕ ਅਦਾਲਤ ਦੌਰਾਨ ਸਿਵਲ ਕੇਸਾਂ, ਕਿਰਾਏ ਸਬੰਧੀ ਮਾਮਲਿਆਂ, ਮੋਟਰ ਐਕਸੀਡੈਂਟ ਕਲੇਮ ਟ੍ਰਿਬਿਊਨਲ ਕੇਸਾਂ, ਸਮਝੌਤੇ ਯੋਗ ਫੌਜਦਾਰੀ ਕੇਸਾਂ, ਮਾਲ ਵਿਭਾਗ ਨਾਲ ਸਬੰਧਤ ਮਾਮਲਿਆਂ, ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ ਦੀ ਧਾਰਾ 138 ਅਧੀਨ ਕੇਸਾਂ, ਪਰਿਵਾਰਕ ਝਗੜਿਆਂ, ਕਿਰਤ ਵਿਵਾਦਾਂ, ਬੈਂਕਿੰਗ ਮਾਮਲਿਆਂ, ਟੈਲੀਕਾਮ ਕੰਪਨੀਆਂ ਨਾਲ ਸਬੰਧਤ ਵਿਵਾਦਾਂ, ਬਿਜਲੀ ਦੇ ਬਿੱਲਾਂ, ਪਾਣੀ ਅਤੇ ਸੀਵਰੇਜ ਦੇ ਬਿੱਲਾਂ ਸਮੇਤ ਹੋਰ ਪ੍ਰੀ-ਲਿਟੀਗੇਸ਼ਨ ਮਾਮਲਿਆਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਜਾਵੇਗਾ।ਇਸ ਤੋਂ ਇਲਾਵਾ ਅਦਾਲਤਾਂ ਵਿੱਚ ਲੰਬਿਤ ਮਾਮਲਿਆਂ ਨੂੰ ਵੀ ਲੋਕ ਅਦਾਲਤ ਵਿੱਚ ਨਿਪਟਾਰੇ ਲਈ ਲਿਆਂਦਾ ਜਾਵੇਗਾ।

# ਭਿੰਡੀ ਸੈਦਾਂ ਪੁਲਸ ਸਟੇਸ਼ਨ ਦੀ ਢਿੱਲੀ ਕਾਰਗੁਜ਼ਾਰੀ ਤੋਂ ਦੁਖੀ ਲੋਕਾਂ 'ਚ ਡਾਢਾ ਰੋਸ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਭਿੰਡੀ ਸੈਦਾਂ ਪੁਲਸ ਸਟੇਸ਼ਨ ਦੇ ਇੰਚਾਰਜ ਐੱਸ ਐੱਚ ਓ ਸ਼ਮਸ਼ੇਰ ਸਿੰਘ ਸਮੇਤ ਪੁਲਸ ਪ੍ਰਸ਼ਾਸਨ ਵੱਲੋਂ ਆਮ ਲੋਕਾਂ ਨੂੰ ਇਨਸਾਫ਼ ਨਾ ਮਿਲਣ ਵਿਰੁੱਧ ਜਨਤਕ ਜਥੇਬੰਦੀਆਂ ਦੀ ਅਗਵਾਈ 'ਚ ਰੋਹ ਭਰਿਆ ਵਿਸ਼ਾਲ ਧਰਨਾ ਦਿੱਤਾ ਗਿਆ ਜਿਸ ਵਿੱਚ ਇਲਾਕੇ ਭਰ ਦੇ ਸੈਂਕੜੇ ਪੀੜਤ ਕਿਸਾਨ, ਮਜ਼ਦੂਰ, ਨੌਜਵਾਨ ਤੇ ਔਰਤਾਂ ਸ਼ਾਮਿਲ ਹੋਏ ਜਿਸ ਦੀ ਪ੍ਰਧਾਨਗੀ ਦੇਸਾ ਸਿੰਘ ਭਿੰਡੀ ਔਲਖ, ਬੀਬੀ ਸਰਬਜੀਤ ਕੌਰ ਜਸਰਾਊਰ , ਕਰਨੈਲ ਸਿੰਘ ਭਿੰਡੀ ਸੈਦਾਂ ਤੇ ਜਤਿੰਦਰ ਸਿੰਘ ਜਾਫਰਕੋਟ ਨੇ ਕੀਤੀ। ਖਚਾਖਚ ਭਰੇ ਧਰਨੇ ਨੂੰ ਸੰਬੋਧਨ ਕਰਦਿਆਂ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਤੇ ਪੰਜਾਬ ਕਿਸਾਨ ਯੂਨੀਅਨ ਦੇ ਸੀਨੀਅਰ ਆਗੂ ਮੰਗਲ ਸਿੰਘ ਧਰਮਕੋਟ ਨੇ ਕਿਹਾ ਕਿ ਸਰਹੱਦੀ ਥਾਣਾ ਭਿੰਡੀ ਸੈਦਾਂ ਦੇ ਐੱਸ ਐੱਚ ਓ ਸ਼ਮਸ਼ੇਰ ਸਿੰਘ ਵੱਲੋਂ ਭਾਰਤ ਪਾਕਿ ਸਰਹੱਦ ਤੇ ਵੱਸਦੇ ਪੀੜਤ ਲੋਕਾਂ ਨਾਲ ਇਨ੍ਹਾਂ ਦਾ ਵਿਵਹਾਰ ਠੀਕ ਨਹੀਂ ਅਤੇ ਲੋਕਾਂ ਦੇ ਕੇਸਾਂ ਨੂੰ ਲਮਕਾਇਆ ਜਾ ਰਿਹਾ ਹੈ ਜਿਸ ਕਾਰਨ ਇਲਾਕੇ ਭਰ ਵਿੱਚ ਡਾਢਾ ਗੁੱਸਾ ਪਾਇਆ ਜਾ ਰਿਹਾ ਹੈ! ਧਰਨੇ ਦੌਰਾਨ ਕਈ ਕੇਸਾਂ ਦਾ ਜ਼ਿਕਰ ਹੋਇਆ ਜਿਨ੍ਹਾਂ ਉਪਰ ਪੁਲਸ ਕੋਈ ਕਾਰਵਾਈ ਨਹੀਂ ਕਰਦੀ। ਇਸ ਮੌਕੇ ਸਤਵਿੰਦਰ ਸਿੰਘ ਉਠੀਆਂ, ਜਰਨੈਲ ਸਿੰਘ ਭਿੰਡੀ ਸੈਦਾਂ, ਬਲਕਾਰ ਸਿੰਘ ਗੁਲਗੜ੍ਹ, ਲਖਬੀਰ ਸਿੰਘ ਤੱਲੇ, ਚਰਨ ਸਿੰਘ ਭਿੰਡੀ ਔਲਖ, ਮਹਿਣ ਸਿੰਘ ਭਿੰਡੀ ਸੈਦਾਂ, ਅਮਰਜੀਤ ਸਿੰਘ ਮੱਦੂਵਾਲ, ਜਥੇਦਾਰ ਤਸਬੀਰ ਸਿੰਘ, ਸਰਪੰਚ ਹਰਦਿਆਲ, ਹਰਨੇਕ ਸਿੰਘ ਨੇਪਾਲ, ਜੰਗ ਬਹਾਦਰ ਸਿੰਘ, ਕਿਸਾਨ ਆਗੂ ਬਲਵਿੰਦਰ ਸਿੰਘ, ਬਲਤੇਜ ਸਿੰਘ, ਨਿੰਦਰ ਸਿੰਘ ਛੂਹਰਾ, ਸਰਪੰਚ ਬਲਕਾਰ ਸਿੰਘ , ਕੁਲਵਿੰਦਰ ਸਿੰਘ ਜੋਸ਼ ਆਦਿ ਹਾਜ਼ਰ ਸਨ।

# ਮੁਫ਼ਤ ਜਾਂਚ ਕੈਂਪ ਅੱਜ

**ਬਿਆਸ (ਪਰਮਜੀਤ ਸਿੰਘ ਰੱਖੜਾ)** ਤਰਨ ਤਾਰਨ ਦੇ 80, ਫੁੱਟ ਰੋਡ, ਫੋਕਲ ਪੁਆਇੰਟ, ਗਲੀ ਨੰਬਰ 1 ਦੁਕਾਨ ਨੰਬਰ 3 ਅਮਨਦੀਪ ਐਵੀਨਿਊ (ਨੇੜੇ ਬੱਸ ਸਟੈਂਡ) ਵਿਖੇ 'ਮਿਸ਼ਨ ਸਿਹਤਮੰਦ ਪੰਜਾਬ' ਲਾਈਫ ਕੇਅਰ ਫਾਊਂਡੇਸ਼ਨ ਵੱਲੋਂ 26 ਅਗਸਤ (ਬੁੱਧਵਾਰ) ਨੂੰ ਚੈਰੀਟੇਬਲ ਲੈਬੋਰਟਰੀ ਦਾ ਉਦਘਾਟਨ ਸਵੇਰੇ ਕੀਤਾ ਜਾਵੇਗਾ ਅਤੇ ਮੁਫ਼ਤ ਜਾਂਚ ਕੈਂਪ ਲਗਾਇਆ ਜਾ ਰਿਹਾ ਹੈ। ਲਾਈਫ ਕੇਅਰ ਫਾਊਂਡੇਸ਼ਨ ਦੇ ਮੈਨੇਜਰ ਰਜਿੰਦਰ ਸਿੰਘ ਨੇ ਦੱਸਿਆ ਕਿ ਸਵਰਗੀ ਲਖਬੀਰ ਸਿੰਘ ਆਰ ਪੀ ਐੱਫ ਮੁਲਾਜ਼ਮ ਦੀ ਯਾਦ ਵਿੱਚ ਚੈਰੀਟੇਬਲ ਲੈਬੋਰਟਰੀ ਦਾ ਉਦਘਾਟਨ ਸਵੇਰੇ 10 ਵਜੇ ਕੀਤਾ ਜਾਵੇਗਾ ਅਤੇ ਫ੍ਰੀ ਜਾਂਚ ਕੈਂਪ ਸਵੇਰੇ 7 ਵਜੇ ਤੋਂ ਦੁਪਹਿਰ 12 ਵਜੇ ਤੱਕ ਲੱਗੇਗਾ। ਇਸ ਕੈਂਪ ਵਿੱਚ ਕਿਡਨੀ ਦੇ 5 ਟੈਸਟ ਜਿਵੇਂ ਕਿ ਬਲੱਡ ਯੂਰੀਆ, ਬਲੱਡ ਯੂਰੀਆ ਨਾਈਟ੍ਰੋਜਨ, ਕ੍ਰਿਏਟੀਨਿਨ, ਬਲੱਡ ਯੂਰੀਆ ਕ੍ਰਿਏਟੀਨਿਨ ਰੇਸ਼ੋ, ਗੁਰਦਿਆਂ ਦੇ ਟੈਸਟ, ਯੂਰਿਕ ਐਸਿਡ ਦਾ ਇੱਕ ਟੈਸਟ, ਬਲੱਡ ਗਲੂਕੋਜ਼/ ਸ਼ੂਗਰ ਦਾ ਇੱਕ ਟੈਸਟ, ਬਿਲਕੁਲ ਮੁਫ਼ਤ ਕੀਤੇ ਜਾਣਗੇ ਅਤੇ ਬਾਕੀ ਟੈਸਟ ਵੀ 75 ਪ੍ਰਤੀਸ਼ਤ ਘੱਟ ਰੇਟ 'ਤੇ ਕੀਤੇ ਜਾਣਗੇ। ਲਾਈਫ ਕੇਅਰ ਫਾਊਂਡੇਸ਼ਨ ਦੇ ਮੈਨੇਜਰ ਰਜਿੰਦਰ ਸਿੰਘ ਨੇ ਅਪੀਲ ਕੀਤੀ ਕਿ ਟੈਸਟ ਕਰਾਉਣ ਲਈ ਖ਼ਾਲੀ ਪੇਟ ਹੀ ਆਇਆ ਜਾਵੇ।

# ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਖੁੱਲ੍ਹੇ ਦਰਬਾਰ 'ਚ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ

**ਗੁਰਦਾਸਪੁਰ, (ਜਨਕ ਮਹਾਜਨ)**- ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਗੁਰਦਾਸਪੁਰ ਵਿਖੇ ਪਹੁੰਚੇ ਅਤੇ ਖੁੱਲ੍ਹੇ ਦਰਬਾਰ ਦੌਰਾਨ ਲੋਕਾਂ ਦੀਆਂ ਮੁਸ਼ਕਿਲਾਂ ਸੁਣ ਕੇ ਹੱਲ ਕੀਤੀਆਂ ਗਈਆਂ। ਇਸ ਮੌਕੇ ਆਦਿੱਤਿਆ ਉੱਪਲ ਡਿਪਟੀ ਕਮਿਸ਼ਨਰ ਗੁਰਦਾਸਪੁਰ, ਗੁਰਸਿਮਰਨ ਸਿੰਘ ਢਿੱਲੋਂ ਵਧੀਕ ਡਿਪਟੀ ਕਮਿਸ਼ਨਰ (ਜ), ਗੁਰਪ੍ਰੀਤ ਸਿੰਘ ਗਿੱਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਕੁਲਦੀਪ ਚੰਦ ਸਹਾਇਕ ਕਮਿਸ਼ਨਰ (ਜ), ਗੁਰਲਾਲ ਸ਼ੈਲਾ ਡਾਇਰੈਕਟਰ ਇੰਫੋਟੈੱਕ ਪੰਜਾਬ, ਦਵਿੰਦਰ



ਚੌਧਰੀ, ਐੱਸ.ਪੀ. (ਡੀ), ਮੈਡਮ ਖੁਸ਼ਬੂ ਕੌਰ ਐੱਸ ਪੀ (ਐੱਚ) ਬਟਾਲਾ ਸਮੇਤ ਸਮੂਹ ਐੱਸ ਡੀ ਐੱਮਜ਼ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਐਸ.ਸੀ ਕਮਿਸ਼ਨ ਕੋਲ ਵੱਖ-ਵੱਖ ਸ਼ਿਕਾਇਤਾਂ ਪਹੁੰਚੀਆਂ ਸਨ, ਉਨ੍ਹਾਂ ਵਿੱਚੋਂ ਕਾਫੀ ਸ਼ਿਕਾਇਤਾਂ ਦਾ ਹੱਲ ਕਰਵਾਇਆ ਗਿਆ ਹੈ ਅਤੇ ਪੈਂਡਿੰਗ ਸਮੱਸਿਆਵਾਂ ਨੂੰ ਵੀ ਜਲਦ ਹੱਲ ਕਰਨ ਲਈ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਕੋਈ ਸਮੱਸਿਆ ਪੇਸ਼ ਆਉਂਦੀ ਹੈ ਤਾਂ ਉਹ ਲਿਖਤੀ ਰੂਪ ਵਿੱਚ ਉਨ੍ਹਾਂ ਦੇ ਦਫਤਰ ਵਿਖੇ ਸ਼ਿਕਾਇਤ ਕਰ ਸਕਦੇ ਹਨ।

ਇਸ ਤੋਂ ਪਹਿਲਾਂ ਲੋਕਾਂ ਵੱਲੋਂ ਕੀਤੀਆਂ ਸ਼ਿਕਾਇਤਾਂ ਜਿਵੇਂ ਪੰਚਾਇਤ ਵਿਭਾਗ ਨਾਲ ਸਬੰਧਤ ਸਮੱਸਿਆ ਕਾਹਨੂੰਵਾਨ ਤੋਂ ਨਿਸ਼ਾਨਦੇਹੀ ਕਰਵਾਉਣ ਸਬੰਧੀ, ਪਿੰਡ ਮਲਕਪੁਰ ਵਿਖੇ ਜ਼ਮੀਨੀ ਝਗੜੇ ਸਬੰਧੀ, ਬਟਾਲਾ ਸ਼ਹਿਰ ਤੋਂ ਗੰਦੇ ਪਾਣੀ ਦੀ ਨਿਕਾਸੀ ਸਬੰਧੀ, ਡੇਰਾ ਬਾਬਾ ਨਾਨਕ ਤੋਂ ਜ਼ਮੀਨ ਦਾ ਰਿਕਾਰਡ ਦੇਣ ਸਬੰਧੀ,ਪਿੰਡ ਕਲਿਆਣਪੁਰ ਤੋਂ ਛੱਪੜ 'ਤੇ ਹੋਏ ਨਾਜਾਇਜ਼ ਕਬਜ਼ੇ ਸਬੰਧੀ, ਪਿੰਡ ਕਾਹਨੂੰਵਾਨ ਤੋਂ ਪ੍ਰਾਈਵੇਟ ਬੈਂਕ ਨਾਲ ਪੈਸਿਆਂ ਦੇ ਲੈਣ ਦੇਣ ਸਬੰਧੀ, ਪਿੰਡ ਖੁੰਡਾ ਤੋਂ ਜਾਨਲੇਵਾ ਹਮਲਾ ਕਰਨ ਸਬੰਧੀ, ਦੀਨਾਨਗਰ ਸਮੇਤ ਸ਼ਿਕਾਇਤਾਂ ਜੋ ਕਮਿਸ਼ਨ ਕੋਲ ਕੀਤੀਆਂ ਗਈਆਂ ਸਨ, ਉਹ ਸੁਣੀਆਂ ਗਈਆਂ, ਜਿਨ੍ਹਾਂ ਦਾ ਮੌਕੇ 'ਤੇ ਸਬੰਧਤ ਵਿਭਾਗਾਂ ਰਾਹੀਂ ਹੱਲ ਕਰਵਾਇਆ ਗਿਆ।

ਇਸ ਮੌਕੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਆਦਿਤਿਆ ਉਪਲ ਵੱਲੋਂ ਮਾਣਯੋਗ ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੂੰ ਵਿਸ਼ਵਾਸ਼ ਦਿਵਾਇਆ ਗਿਆ ਕਿ ਉਨ੍ਹਾਂ ਵੱਲੋਂ ਜੋ ਹਦਾਇਤਾਂ ਕੀਤੀਆ ਗਈ ਹਨ, ਉਨ੍ਹਾਂ ਦੀ ਇੰਨ੍ਹ-ਬਿੰਨ ਪਾਲਣਾ ਕੀਤੀ ਜਾਵੇਗਾ।

ਇਸ ਮੌਕੇ ਚੇਅਰਮੈਨ ਰੁਪਿੰਦਰ ਸਿੰਘ ਰੋਮੀ, ਚੇਅਰਮੈਨ ਰਾਜੀਵ ਸ਼ਰਮਾ, ਐੱਸ. ਡੀ. ਐੱਮ. ਗੁਰਦਾਸਪੁਰ ਅਸ਼ੋਕ ਕੁਮਾਰ, ਐੱਸ. ਡੀ. ਐੱਮ. ਬਟਾਲਾ ਸਾਰੰਗਪ੍ਰੀਤ ਸਿੰਘ, ਐੱਸ. ਡੀ. ਐੱਮ. ਦੀਨਾਨਗਰ ਗਗਨਦੀਪ ਸਿੰਘ, ਐੱਸ. ਡੀ. ਐੱਮ. ਫਤਿਹਗੜ੍ਹ ਚੂੜੀਆਂ ਸੁਖਜਿੰਦਰ ਸਿੰਘ ਟਿਵਾਣਾ, ਰੋਬਨਜੀਤ ਕੌਰ, ਅਰਜਨ ਸਿੰਘ ਗਰੇਵਾਲ ਤਹਿਸੀਲਦਾਰ ਬਟਾਲਾ, ਡੀ. ਡੀ. ਪੀ. ਓ. ਹਰਪ੍ਰੀਤ ਸਿੰਘ, ਡਾ. ਸ਼ਾਹਬਾਜ ਸਿੰਘ ਚੀਮਾ ਮੁੱਖ ਖੇਤੀਬਾੜੀ ਅਫਸਰ, ਜ਼ਿਲ੍ਹਾ ਸਿੱਖਿਆ ਅਫਸਰ (ਸ) ਰਾਜੇਸ਼ ਕੁਮਾਰ ਸ਼ਰਮਾ, ਪਰਮਜੀਤ ਕੌਰ ਜ਼ਿਲ੍ਹਾ ਸਿੱਖਿਆ ਅਫਸਰ (ਪ) ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਪੁਲ ਗਾਜ਼ੀਕੋਟ ਤੋਂ ਪੁਲ ਤਿੱਬੜੀ ਤੱਕ ਮੁੱਖ ਸੜਕ ਦੀ ਮੁਰੰਮਤ ਦਾ ਕੰਮ ਹੁਣ ਤੱਕ ਅਧੂਰਾ

**ਗੁਰਦਾਸਪੁਰ (ਜਨਕ ਮਹਾਜਨ)**- ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਵੱਲੋਂ ਸਪੈਸ਼ਲ ਰਿਪੇਅਰ ਆਫ ਲਿੰਕ ਰੋਡ ਪੁਲ ਗਾਜ਼ੀਕੋਟ ਤੋਂ ਪੁਲ ਤਿੱਬੜੀ ਤੱਕ ਦਾ ਨੀਂਹ ਪੱਥਰ ਨਵੰਬਰ ਮਹੀਨੇ ਵਿਚ



ਹਲਕਾ ਇੰਚਾਰਜ ਵੱਲੋਂ ਰੱਖਿਆ ਗਿਆ ਸੀ ਪਰ 9 ਮਹੀਨੇ ਬੀਤ ਜਾਣ ਤੋਂ ਬਾਅਦ ਵੀ ਸੜਕ ਦੀ ਰਿਪੇਅਰ ਅਤੇ ਪ੍ਰੀਮਿਕਸ ਨਹੀਂ ਪਾਈ ਗਈ ਜਿਸ ਨਾਲ ਇਲਾਕੇ ਦੀ ਜਨਤਾ ਦਾ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਸਾਬਕਾ ਸਰਪੰਚ ਹਰਭਜਨ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਦੱਸਿਆ ਕਿ ਗਾਜੀਕੋਟ ਤੋਂ ਪੁਲ ਤਿੱਬੜੀ ਸੜਕ ਨੂੰ ਅਨੇਕਾਂ ਪਿੰਡ ਲਗਦੇ ਹਨ ਅਤੇ ਪਹਿਲਾਂ ਤਾਂ ਸੜਕ ਬੁਰੀ ਤਰ੍ਹਾਂ ਨਾਲ ਟੁੱਟੀ ਪਈ ਸੀ ਅਤੇ ਹੁਣ ਮਹਿਕਮੇ ਨੇ ਬਜਰਾ ਤੇ ਮਿੱਟੀ ਪਾ ਦਿੱਤੀ ਹੈ ਅਤੇ ਇਕ ਕਿਲੋਮੀਟਰ ਸੜਕ 'ਤੇ ਪ੍ਰੀਮਿਕਸ ਵੀ ਪਾ ਦਿੱਤੀ ਹੈ ਅਤੇ ਸਿਰਫ਼ ਡੇਢ ਕਿਲੋਮੀਟਰ ਦਾ ਟੋਟਾ ਅਧੂਰਾ ਹੈ। ਉਨ੍ਹਾਂ ਦੱਸਿਆ ਕਿ ਮਹਿਕਮੇ ਦਾ ਕੰਮ ਢਿੱਲੀ ਰਫ਼ਤਾਰ ਨਾਲ ਚੱਲਣ ਕਰਕੇ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸੜਕ 'ਤੇ ਜ਼ਿਆਦਾਤਰ ਮਿਟੀ ਦੀਆਂ ਭਰੀਆਂ ਟਿੱਪਰਾਂ ਹੀ ਲੰਘਦੀਆਂ ਹਨ ਅਤੇ ਹੁਣ ਸੜਕ ਦੀ ਥੋੜ੍ਹੀ ਜਿਹੀ ਮੁਰੰਮਤ ਹੋਈ ਹੈ ਤਾਂ ਲੋਕਾਂ ਦਾ ਆਉਣਾ ਜਾਣਾ ਥੋੜ੍ਹਾ ਜਿਹਾ ਸੁਖਾਲਾ ਹੋਇਆ ਹੈ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਅੱਡਾ ਗਾਜ਼ੀਕੋਟ ਤੋਂ ਪੁਲ ਤਿੱਬੜੀ ਸੜਕ 'ਤੇ ਪ੍ਰੀਮਿਕਸ ਪਾਉਣ ਲਈ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਨੂੰ ਸਖ਼ਤ ਨਿਰਦੇਸ਼ ਜਾਰੀ ਕੀਤੇ ਜਾਣ ਜਿਸ ਨਾਲ ਲੋਕਾਂ ਦੀ ਲੰਬੇ ਸਮੇਂ ਤੋਂ ਲਟਕ ਰਹੀ ਮੁਸ਼ਕਿਲ ਦਾ ਹੱਲ ਹੋ ਸਕੇ।

# ਜਾਮਾਰਾਏ 'ਚ ਆਪ ਨੂੰ ਝਟਕਾ; ਬਲਬੀਰ ਸਿੰਘ ਬੱਬੂ ਸਾਥੀਆਂ ਸਮੇਤ ਕਾਂਗਰਸ 'ਚ ਸ਼ਾਮਲ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਪਿੰਡ ਜਾਮਾਰਾਏ ਵਿੱਚ ਉਸ ਸਮੇਂ ਕਾਂਗਰਸ ਪਾਰਟੀ ਨੂੰ ਵੱਡਾ ਹੁੰਗਾਰਾ ਮਿਲਿਆ ਜਦੋਂ ਸਰਪੰਚ ਪਰਮਜੀਤ ਸਿੰਘ ਅਤੇ ਨੰਬਰਦਾਰ ਸਤਨਾਮ ਸਿੰਘ ਦੀ ਪ੍ਰੇਰਨਾ ਸਦਕਾ ਬਲਾਕ ਸੰਮਤੀ ਦੀ ਚੋਣ ਵਿੱਚ ਆਮ ਆਦਮੀ



ਪਾਰਟੀ ਦੀ ਉਮੀਦਵਾਰ ਸ੍ਰੀਮਤੀ ਕੁਲਵਿੰਦਰ ਕੌਰ ਅਤੇ ਉਨ੍ਹਾਂ ਦੇ ਪਤੀ ਬਲਬੀਰ ਸਿੰਘ ਬੱਬੂ, ਬਾਬਾ ਲਖਬੀਰ ਸਿੰਘ ਲੱਖੀ , ਗੁਰਵਿੰਦਰ ਕੌਰ, ਗੁਰਪ੍ਰੀਤ ਕੌਰ, ਬਲਬੀਰ ਸਿੰਘ, ਜੋਗਿੰਦਰ ਸਿੰਘ, ਗੁਰਪ੍ਰੀਤ ਸਿੰਘ, ਰਾਜ ਸਿੰਘ, ਮੰਗਲ ਸਿੰਘ, ਸੋਨੀ ਫੋਟੋਗਰਾਫ਼ਰ, ਕੁਲਦੀਪ ਸਿੰਘ, ਕੁਲਵਿੰਦਰ ਕੌਰ ਪਤਨੀ ਬਲਦੇਵ ਸਿੰਘ, ਬਲਵਿੰਦਰ ਕੌਰ ਪਤਨੀ ਹਰਜਿੰਦਰ ਸਿੰਘ, ਬਿੰਦਰ ਕੌਰ ਪਤਨੀ ਜਸਬੀਰ ਸਿੰਘ, ਗੁਰਸ਼ਰਨ ਸਿੰਘ, ਜਗਬੀਰ ਸਿੰਘ, ਸੰਦੀਪ ਸਿੰਘ, ਲਖਬੀਰ ਸਿੰਘ, ਬੂਟਾ ਸਿੰਘ ਆਦਿ ਨੇ ਆਪਣੇ ਅਨੇਕਾਂ ਸਾਥੀਆਂ ਸਮੇਤ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ।ਸਿੱਕੀ ਸਾਹਿਬ ਨੇ ਨਵੇਂ ਆਏ ਸਾਥੀਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਕਾਂਗਰਸੀ ਆਗੂਆਂ ਅਤੇ ਵਰਕਰਾਂ ਵੱਲੋਂ ਨਵੇਂ ਸ਼ਾਮਲ ਹੋਏ ਸਾਥੀਆਂ ਦਾ ਨਿੱਘਾ ਸਵਾਗਤ ਕੀਤਾ ਗਿਆ।ਸਾਬਕਾ ਹਲਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੇ ਕਿਹਾ ਕਿ ਕਾਂਗਰਸ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਅਤੇ ਵਰਕਰਾਂ ਦੀ ਮਿਹਨਤ ਸਦਕਾ ਪਾਰਟੀ ਦਾ ਜਨ-ਆਧਾਰ ਲਗਾਤਾਰ ਮਜ਼ਬੂਤ ਹੋ ਰਿਹਾ ਹੈ।

# ਗੁਰੂ ਰਵਿਦਾਸ ਬਾਰੇ ਦਸਤਾਵੇਜ਼ੀ ਫਿਲਮ ਪਿੰਡ-ਪਿੰਡ ਦਿਖਾਉਣ ਦਾ ਸਿਲਸਿਲਾ ਜਾਰੀ

**ਅੰਮ੍ਰਿਤਸਰ, ਤਰਸਿੱਕਾ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ, ਤਰਸੇਮ ਸਿੰਘ ਸਾਧਪੁਰ)**- ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੂਬਾ ਭਰ ਵਿੱਚ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਕਰਵਾਏ ਜਾ



ਰਹੇ ਹਨ।ਇਸੇ ਲੜੀ ਤਹਿਤ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਫਲਸਫੇ ਅਤੇ ਮਹਾਨ ਸਿੱਖਿਆਵਾਂ 'ਤੇ ਆਧਾਰਿਤ ਵਿਸ਼ੇਸ਼ ਦਸਤਾਵੇਜ਼ੀ ਫਿਲਮ ਜ਼ਿਲ੍ਹਾ ਅੰਮ੍ਰਿਤਸਰ ਦੇ ਵੱਖ-ਵੱਖ ਪਿੰਡਾਂ ਵਿੱਚ ਡਾਕੂਮੈਂਟਰੀ ਵੈਨ ਰਾਹੀਂ ਦਿਖਾਈ ਜਾ ਰਹੀ ਹੈ, ਜਿਸ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਇਹ ਡਾਕੂਮੈਂਟਰੀ ਫਿਲਮ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਚੂੰਗ, ਸੈਦੋਕੇ, ਦਬੁਰਜੀ, ਵਿਧਾਨ ਸਭਾ ਹਲਕਾ ਬਾਬਾ ਬਕਾਲਾ ਸਾਹਿਬ ਦੇ ਪਿੰਡ ਦਾਊਦ, ਧਿਆਨਪੁਰਾ, ਡੈਨੀਅਲ ਅਤੇ ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡ ਗਾਲੋਵਾਲੀ, ਹਮਜ਼ਾ ਅਤੇ ਗੁੱਜਰਪੁਰਾ ਵਿਖੇ ਦਿਖਾਈ ਗਈ।ਇਨ੍ਹਾਂ ਪਿੰਡਾਂ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਦਸਤਾਵੇਜ਼ੀ ਫਿਲਮ ਦੇਖੀ ਅਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਵੱਲੋਂ ਦਿੱਤੇ ਸਮਾਨਤਾ, ਪ੍ਰਭੂ ਭਗਤੀ, ਮਨੁੱਖਤਾ, ਮਿਹਨਤ ਅਤੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਤੋਂ ਪ੍ਰੇਰਨਾ ਹਾਸਲ ਕੀਤੀ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦਲਵਿੰਦਰਜੀਤ ਸਿੰਘ, ਆਈ. ਏ. ਐੱਸ. ਨੇ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀਆਂ ਸਿੱਖਿਆਵਾਂ ਨੂੰ ਘਰ-ਘਰ ਤੱਕ ਪਹੁੰਚਾਉਣਾ ਅਤੇ ਸਮਾਜ ਵਿੱਚ ਸਮਾਨਤਾ, ਭਾਈਚਾਰੇ, ਮਨੁੱਖਤਾ ਅਤੇ ਸਮਾਜਿਕ ਸਦਭਾਵਨਾ ਦੇ ਮੁੱਲਾਂ ਨੂੰ ਹੋਰ ਮਜ਼ਬੂਤ ਕਰਨਾ ਹੈ।ਉਨ੍ਹਾਂ ਕਿਹਾ ਕਿ ਇਸ ਮੰਤਵ ਨੂੰ ਸਾਕਾਰ ਕਰਨ ਲਈ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਡਾਕੂਮੈਂਟਰੀ ਵੈਨ ਰਾਹੀਂ ਦਸਤਾਵੇਜ਼ੀ ਫਿਲਮ ਦਾ ਪ੍ਰਦਰਸ਼ਨ ਆਉਣ ਵਾਲੇ ਦਿਨਾਂ ਵਿੱਚ ਵੀ ਲਗਾਤਾਰ ਜਾਰੀ ਰਹੇਗਾ।

# ਸੇਵਾ ਕੇਂਦਰ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਸੂਬਾ ਪੱਧਰੀ ਸੰਘਰਸ਼ ਦੀ ਚੇਤਾਵਨੀ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਸੇਵਾ ਕੇਂਦਰ ਮੁਲਾਜ਼ਮ ਯੂਨੀਅਨ ਪੰਜਾਬ ਦੇ ਨੁਮਾਇੰਦੇ ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਦੇ ਸਬੰਧ ਵਿੱਚ ਕਿਰਤ ਵਿਭਾਗ, ਫੇਸ 10 ਮੋਹਾਲੀ ਵਿਖੇ ਪੇਸ਼ ਹੋਏ।



ਯੂਨੀਅਨ ਦੇ ਆਗੂਆਂ ਨੇ ਦੱਸਿਆ ਕਿ ਵਿਭਾਗ ਨੂੰ ਪਹਿਲਾਂ ਦਿੱਤੇ ਗਏ ਮੰਗ ਪੱਤਰ ਉੱਪਰ ਹੁਣ ਤੱਕ ਕੋਈ ਵੀ ਈਮਾਨਦਾਰਾਨਾ ਕਾਰਵਾਈ ਨਹੀਂ ਕੀਤੀ ਗਈ, ਜਿਸ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਹਾ ਹੈ।ਯੂਨੀਅਨ ਦੇ ਨੁਮਾਇੰਦਿਆਂ ਨੇ ਕਿਹਾ ਕਿ ਕੈਬਨਿਟ ਮੰਤਰੀ ਅਮਨ ਅਰੋੜਾ ਨਾਲ ਹੋਈਆਂ ਪਿਛਲੀਆਂ ਮੀਟਿੰਗਾਂ ਦਾ ਵੀ ਹੁਣ ਤੱਕ ਕੋਈ ਸਾਰਥਕ ਸਿੱਟਾ ਨਹੀਂ ਨਿਕਲਿਆ ਹੈ। ਮੰਗਾਂ ਉੱਪਰ ਟਾਲ-ਮਟੋਲ ਦੀ ਨੀਤੀ ਤੋਂ ਇਹ ਸਾਫ਼ ਜਾਪਦਾ ਹੈ ਕਿ ਪੰਜਾਬ ਸਰਕਾਰ ਅਤੇ ਨਿੱਜੀ ਕੰਪਨੀਆਂ ਆਪਸ ਵਿੱਚ ਮਿਲੀਆਂ ਹੋਈਆਂ ਹਨ, ਜਿਸ ਕਾਰਨ ਸੇਵਾ ਕੇਂਦਰਾਂ ਦੇ ਮੁਲਾਜ਼ਮਾਂ ਦਾ ਸ਼ੋਸ਼ਣ ਹੋ ਰਿਹਾ ਹੈ,(15 ਸਤੰਬਰ ਤੋਂ ਸੰਘਰਸ਼ ਦਾ ਐਲਾਨ:ਯੂਨੀਅਨ ਨੇ ਵਿਭਾਗ ਅਤੇ ਸਰਕਾਰ ਨੂੰ ਸਪਸ਼ਟ ਸ਼ਬਦਾਂ ਵਿੱਚ ਚੇਤਾਵਨੀ ਦਿੱਤੀ ਹੈ ਕਿ ਜੇਕਰ ਦਿੱਤੇ ਗਏ ਮੰਗ ਪੱਤਰ ਉੱਪਰ ਤੁਰੰਤ ਕੋਈ ਕਾਰਵਾਈ ਨਾ ਕੀਤੀ ਗਈ, ਤਾਂ 15 ਸਤੰਬਰ 2026 ਤੋਂ ਪੂਰੇ ਪੰਜਾਬ ਪੱਧਰ ਤੇ ਇੱਕ ਵਿਸ਼ਾਲ ਸੰਘਰਸ਼ ਵਿੱਢਿਆ ਜਾਵੇਗਾ।ਇਸ ਸੰਘਰਸ਼ ਦੇ ਪਹਿਲੇ ਪੜਾਅ ਤਹਿਤ ਫੇਸ 10 ਸਥਿਤ ਕਿਰਤੀ ਭਵਨ, ਮੋਹਾਲੀ ਵਿਖੇ ਵੱਡੇ ਪੱਧਰ ਤੇ ਰੋਸ ਮਾਰਚ ਕੀਤਾ ਜਾਵੇਗਾ।ਯੂਨੀਅਨ ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਇਸ ਸੰਘਰਸ਼ ਨਾਲ ਆਮ ਜਨਤਾ ਨੂੰ ਕੋਈ ਪਰੇਸ਼ਾਨੀ ਹੁੰਦੀ ਹੈ ਜਾਂ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ, ਤਾਂ ਉਸ ਦੀ ਪੂਰੀ ਜ਼ਿੰਮੇਵਾਰੀ ਕਿਰਤ ਵਿਭਾਗ ਅਤੇ ਪੰਜਾਬ ਸਰਕਾਰ ਦੀ ਹੋਵੇਗੀ।

# 13ਵੀਆਂ ਜ਼ਿਲ੍ਹਾ ਸਕੂਲ ਖੇਡਾਂ ਦੇ ਤਹਿਤ ਰੋਲਰ ਸਕੇਟਿੰਗ ਮੁਕਾਬਲੇ ਦਾ ਸ਼ਾਨਦਾਰ ਆਯੋਜਨ

**ਪਠਾਨਕੋਟ (ਦਵਿੰਦਰ ਸਿੰਘ)**- ਪਠਾਨਕੋਟ ਦੇ ਪ੍ਰਤਾਪ ਵਰਲਡ ਸਕੂਲ ਵਿੱਚ 13ਵੇਂ ਜ਼ਿਲ੍ਹਾ ਸਕੂਲ ਖੇਡਾਂ ਦੇ ਤਹਿਤ ਰੋਲਰ ਸਕੇਟਿੰਗ ਖੇਡਾਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਅੰਡਰ-11, ਅੰਡਰ-17 ਅਤੇ ਅੰਡਰ-19 ਉਮਰ ਵਰਗ ਦੇ ਲੜਕਿਆਂ ਅਤੇ ਲੜਕੀਆਂ ਨੇ ਪੂਰੇ ਉਤਸ਼ਾਹ ਨਾਲ



ਭਾਗ ਲਿਆ। ਸ਼ਹਿਰ ਦੇ ਵੱਖ-ਵੱਖ ਸਕੂਲਾਂ ਦੇ ਕਰੀਬ 180 ਖਿਡਾਰੀਆਂ ਨੇ ਇਸ ਮੁਕਾਬਲੇ ਵਿੱਚ ਹਿੱਸਾ ਲੈ ਕੇ ਆਪਣੀ ਖੇਡ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਸ ਮੁਕਾਬਲੇ ਵਿੱਚ ਮੁੱਖ ਮਹਿਮਾਨ ਵਜੋਂ ਆਰਥੋਪੀਡਿਕ ਅਤੇ ਸਪੋਰਟਸ ਸਰਜਨ ਡਾ. ਸੰਭਵ ਸ਼ਰਮਾ ਹਾਜ਼ਰ ਰਹੇ।

ਉਨ੍ਹਾਂ ਦੇ ਨਾਲ ਪ੍ਰਤਾਪ ਵਰਲਡ ਸਕੂਲ ਦੇ ਡਾਇਰੈਕਟਰ ਸੰਨੀ ਮਹਾਜਨ, ਡਾਇਰੈਕਟਰ ਓਸ਼ਿਨ ਮਹਾਜਨ ਅਤੇ ਸਕੂਲ ਦੀ ਪ੍ਰਿੰਸੀਪਲ ਸ਼ੁਭਰਾ ਰਾਣੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਪ੍ਰੋਗਰਾਮ ਵਿੱਚ ਜ਼ਿਲ੍ਹਾ ਸਿੱਖਿਆ ਅਧਿਕਾਰੀ ਕਮਲਦੀਪ ਕੌਰ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਅਰੁਣ ਸ਼ਰਮਾ ਨੇ ਵੀ ਪਹੁੰਚ ਕੇ ਸਾਰੇ ਖਿਡਾਰੀਆਂ ਦਾ ਹੌਸਲਾ ਵਧਾਇਆ।ਇਸ ਮੌਕੇ ਖਿਡਾਰੀਆਂ ਦਾ ਹੌਸਲਾ ਵਧਾਉਂਦੇ ਹੋਏ ਸੰਨੀ ਮਹਾਜਨ ਨੇ ਕਿਹਾ ਕਿ ਹਰ ਬੱਚੇ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਜ਼ਰੂਰ ਹਿੱਸਾ ਲੈਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਖੇਡਾਂ ਨਾ ਸਿਰਫ਼ ਬੱਚਿਆਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਕਰਦੀਆਂ ਹਨ, ਸਗੋਂ ਉਨ੍ਹਾਂ ਵਿੱਚ ਅਨੁਸ਼ਾਸਨ, ਆਤਮਵਿਸ਼ਵਾਸ ਅਤੇ ਟੀਮ ਭਾਵਨਾ ਵੀ ਪੈਦਾ ਕਰਦੀਆਂ ਹਨ, ਜੋ ਜ਼ਿੰਦਗੀ ਦੇ ਹਰ ਪੜਾਅ 'ਤੇ ਉਨ੍ਹਾਂ ਦੇ ਕੰਮ ਆਉਂਦੀਆਂ ਹਨ।

ਅਜਿਹੇ ਆਯੋਜਨਾਂ ਰਾਹੀਂ ਹੀ ਭਵਿੱਖ ਦੇ ਚੰਗੇ ਖਿਡਾਰੀ ਤਿਆਰ ਹੁੰਦੇ ਹਨ।ਖਿਡਾਰੀਆਂ ਦੇ ਇਸ ਸ਼ਾਨਦਾਰ ਪ੍ਰਦਰਸ਼ਨ 'ਤੇ ਉਨ੍ਹਾਂ ਦੇ ਸਕੂਲਾਂ, ਕੋਚਾਂ ਅਤੇ ਮਾਪਿਆਂ ਨੇ ਬੇਹੱਦ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਾਰੇ ਤਮਗਾ ਜੇਤੂ ਖਿਡਾਰੀਆਂ ਨੂੰ ਦਿਲੋਂ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ।

ਇਸ ਮੌਕੇ ਜ਼ਿਲ੍ਹਾ ਸਕੇਟਿੰਗ ਕੋਚ ਭੁਪਿੰਦਰ ਸਿੰਘ, ਸੁਮਨ ਠਾਕੁਰ, ਅਨੂਪ ਮਿਸ਼ਰਾ, ਗੁਰਨਾਮ ਸਿੰਘ, ਸ਼ਿਖਾ, ਨਰੇਸ਼ ਬਾਲਾ, ਸੰਦੀਪ, ਅਸ਼ਵਨੀ ਅਤੇ ਮ੍ਰਿਦੁਭਾਸ਼ੀ ਸਮੇਤ ਕਈ ਹੋਰ ਪਤਵੰਤੇ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

# ਹਰਪਾਲ ਸਿੰਘ ਚੌਹਾਨ ਤੇ ਲਖਵਿੰਦਰ ਸਿੰਘ ਉਸਮਾ ਮਾਰਕੀਟ ਕਮੇਟੀਆਂ ਦੇ ਚੇਅਰਮੈਨ ਨਿਯੁਕਤ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**- ਹਰਪਾਲ ਸਿੰਘ ਚੌਹਾਨ ਨੂੰ ਮਾਰਕੀਟ ਕਮੇਟੀ ਗਹਿਰੀ ਮੰਡੀ ਅਤੇ ਲਖਵਿੰਦਰ ਸਿੰਘ ਉਸਮਾ ਨੂੰ ਮਾਰਕੀਟ ਕਮੇਟੀ ਮਹਿਤਾ



ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ।ਸੂਬੇ ਦੇ ਲੋਕ ਨਿਰਮਾਣ ਮੰਤਰੀ ਅਤੇ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਵਿਧਾਇਕ ਸ. ਹਰਭਜਨ ਸਿੰਘ ਈ.ਟੀ.ਓ. ਨੇ ਦੋਵਾਂ ਨਵ-ਨਿਯੁਕਤ ਚੇਅਰਮੈਨਾਂ ਨੂੰ ਵਧਾਈ ਦਿੰਦਿਆਂ ਭਰੋਸਾ ਪ੍ਰਗਟ ਕੀਤਾ ਕਿ ਉਨ੍ਹਾਂ ਦੀ ਅਗਵਾਈ ਹੇਠ ਮਾਰਕੀਟ ਕਮੇਟੀਆਂ ਕਿਸਾਨਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਅਤੇ ਮੰਡੀਆਂ ਦੇ ਸੁਚੱਜੇ ਪ੍ਰਬੰਧ ਵਿੱਚ ਅਹਿਮ ਭੂਮਿਕਾ ਨਿਭਾਉਣਗੀਆਂ।ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਪਾਰਟੀ ਵੱਲੋਂ ਇਨ੍ਹਾਂ ਵਰਕਰਾਂ ਨੂੰ ਦਿੱਤਾ ਗਿਆ ਇਹ ਮਾਣ ਉਨ੍ਹਾਂ ਦੀ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਮਿਹਨਤ, ਲਗਨ ਅਤੇ ਪਾਰਟੀ ਪ੍ਰਤੀ ਸਮਰਪਣ ਦਾ ਸਨਮਾਨ ਹੈ।ਉਨ੍ਹਾਂ ਉਮੀਦ ਜਤਾਈ ਕਿ ਨਵ-ਨਿਯੁਕਤ ਚੇਅਰਮੈਨ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ।ਇਸ ਮੌਕੇ ਸ. ਹਰਭਜਨ ਸਿੰਘ ਈ.ਟੀ.ਓ. ਵੱਲੋਂ ਨਵ-ਨਿਯੁਕਤ ਚੇਅਰਮੈਨਾਂ ਨੂੰ ਵਧਾਈ ਦੇਣ ਦੇ ਨਾਲ-ਨਾਲ ਮਾਰਕੀਟ ਕਮੇਟੀ ਗਹਿਰੀ ਮੰਡੀ ਦੇ ਪਹਿਲਾਂ ਬਣੇ ਚੇਅਰਮੈਨ ਸੂਬੇਦਾਰ ਛਨਾਖ ਸਿੰਘ ਅਤੇ ਮਾਰਕੀਟ ਕਮੇਟੀ ਮਹਿਤਾ ਦੇ ਪਹਿਲੇ ਚੇਅਰਮੈਨ ਡਾ. ਗੁਰਵਿੰਦਰ ਸਿੰਘ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਸ. ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਦੋਵਾਂ ਸਾਬਕਾ ਚੇਅਰਮੈਨਾਂ ਨੇ ਆਪਣੇ ਕਾਰਜਕਾਲ ਦੌਰਾਨ ਮਾਰਕੀਟ ਕਮੇਟੀਆਂ ਦੀਆਂ ਜ਼ਿੰਮੇਵਾਰੀਆਂ ਨੂੰ ਬਾਖੂਬੀ ਨਿਭਾਇਆ ਅਤੇ ਆਪਣੀਆਂ ਸੇਵਾਵਾਂ ਰਾਹੀਂ ਕਿਸਾਨਾਂ ਅਤੇ ਇਲਾਕਾ ਵਾਸੀਆਂ ਦੀ ਬਿਹਤਰੀ ਲਈ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਦੋਵੇਂ ਆਗੂ ਭਵਿੱਖ ਵਿੱਚ ਵੀ ਪਾਰਟੀ ਨੂੰ ਆਪਣੀਆਂ ਸੇਵਾਵਾਂ ਦਿੰਦੇ ਰਹਿਣਗੇ।

# ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਵੱਲੋਂ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਰੋਸ ਮੁਜ਼ਾਹਰੇ ਭਲਕੇ

## ਸਰਕਾਰੀ ਅਤੇ ਅਰਧ ਸਰਕਾਰੀ ਮੁਲਾਜ਼ਮ ਸਮੂਹਿਕ ਛੁੱਟੀ ਲੈ ਕੇ ਕੰਮ ਕਾਜ ਕਰਨਗੇ ਠੱਪ : ਅਸ਼ਵਨੀ ਫੱਜੂਪੁਰ

**ਧਾਰੀਵਾਲ, (ਮਨਦੀਪ ਵਿੱਕੀ)**-ਸਾਂਝੀ ਤਾਲਮੇਲ ਕਮੇਟੀ (ਪੰਜਾਬ ਮੁਲਾਜ਼ਮ ਤੇ ਪੈਨਸਨਰਜ਼ ਸਾਂਝਾ ਫਰੰਟ ਅਤੇ ਸਾਂਝਾ ਮੁਲਾਜ਼ਮ ਮੰਚ ਪੰਜਾਬ) ਦੇ ਫੈਸਲੇ ਅਨੁਸਾਰ 27 ਅਗਸਤ ਨੂੰ ਸਾਰੇ ਸਰਕਾਰੀ ਮੁਲਾਜ਼ਮ ਸਮੂਹਿਕ ਛੁੱਟੀ ਲੈ ਕੇ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਰੋਸ ਮੁਜ਼ਾਹਰੇ ਕਰਨਗੇ। ਇਹ ਜਾਣਕਾਰੀ ਦਿੰਦਿਆਂ ਸਾਂਝਾ ਫਰੰਟ ਦੇ ਆਗੂ ਤੇ ਐਲੀਮੈਂਟਰੀ ਟੀਚਰਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਸ਼ਵਨੀ ਫੱਜੂਪੁਰ ਨੇ ਸਪੱਸਟ ਕੀਤਾ ਕਿ 27 ਅਗਸਤ ਨੂੰ ਸਿਰਫ ਸਰਕਾਰੀ ਕੰਮ ਕਾਜ ਠੱਪ ਰੱਖੇ ਜਾਣਗੇ ਅਤੇ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਰੋਸ ਮੁਜ਼ਾਹਰੇ ਕੀਤੇ, ਜਦਕਿ ਸ਼ਹਿਰਾਂ ਦੇ ਬਜ਼ਾਰ ਰੋਜਾਨਾਂ ਦੀ ਤਰ੍ਹਾਂ ਖੁੱਲ੍ਹੇ ਰਹਿਣਗੇ ਅਤੇ ਆਵਾਜਾਈ ਬਹਾਲ ਰਹੇਗੀ। ਆਗੂ ਫੱਜੂਪੁਰ ਨੇ ਦੱਸਿਆ ਕਿ ਮੁਲਾਜ਼ਮਾਂ ਤੇ ਪੈਨਸਨਰਾਂ ਦੀਆਂ ਮੰਗਾਂ ਦੀ ਪ੍ਰਾਪਤੀ ਅਤੇ ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ ਵੱਖ ਵੱਖ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ ਦੇ ਮੁਲਾਜ਼ਮ 27 ਅਗਸਤ ਨੂੰ ਇਕ ਦਿਨ ਦੀ ਸਮੂਹਿਕ ਛੁੱਟੀ ਲੈ ਕੇ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਕੀਤੇ ਜਾ ਰਹੇ ਐਕਸਨਾਂ ਵਿੱਚ ਭਰਵੀਂ ਸਮੂਲੀਅਤ ਕਰਦੇ ਹੋਏ ਆਪਣੇ ਰੋਹ ਦਾ ਪ੍ਰਗਟਾਵਾ ਕਰਨਗੇ। ਉਨ੍ਹਾਂ ਦੱਸਿਆ ਮੰਚ ਦੀਆਂ ਮੁੱਖ



ਮੰਗਾਂ ਜਿਵੇਂ 01.01.2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਦੀ ਐੱਨ. ਪੀ. ਐੱਸ. ਰੱਦ ਕਰਕੇ 1972 ਦੇ ਨਿਯਮ ਤਹਿਤ ਪੁਰਾਣੀ ਪੈਨਸਨ ਸਕੀਮ ਬਹਾਲ ਕੀਤੀ ਜਾਵੇ ਅਤੇ ਪੰਜਾਬ ਦੇ ਸਮੁੱਚੇ ਸਰਕਾਰੀ ਅਤੇ ਅਰਧ-ਸਰਕਾਰੀ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ, ਲੋਕਲ ਬਾਡੀਜ ਅਤੇ ਸਹਿਕਾਰੀ ਅਦਾਰਿਆਂ ਦੇ ਮੁਲਾਜ਼ਮਾਂ ਨੂੰ ਵੀ ਇਸ ਦੇ ਘੇਰੇ ਵਿੱਚ ਲਿਆਂਦਾ ਜਾਵੇ। 18 ਨਵੰਬਰ 2022 ਦੇ ਨੋਟੀਫਿਕੇਸ਼ਨ ਨੂੰ ਤੁਰੰਤ ਲਾਗੂ ਕੀਤਾ ਜਾਵੇ। 17- 07-2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਨੂੰ 7ਵੇਂ ਕੇਂਦਰੀ ਤਨਖਾਹ ਕਮਿਸ਼ਨ ਨਾਲ ਜੋੜਨ ਦੇ ਨੋਟੀਫਿਕੇਸਨ ਅਤੇ 12-06-2025 ਦੇ ਸਰਵਿਸ ਰੂਲਾਂ ਦੇ ਨੋਟੀਫਿਕੇਸਨ ਨੂੰ ਵਾਪਸ ਲੈ ਕੇ ਪੰਜਾਬ ਦੇ ਤਨਖਾਹ ਸਕੇਲਾਂ ਵਿੱਚ ਸ਼ਾਮਿਲ ਕੀਤਾ ਜਾਵੇ। ਡੀ.ਏ 18% ਜਾਰੀ ਕੀਤਾ ਜਾਵੇ। ਮਿੱਡ-ਡੇ-ਮੀਲ ਵਰਕਰਾਂ, ਆਸਾ ਵਰਕਰਾਂ, ਆਸਾ ਵੈਸੀਲੀਟੇਟਰਾਂ, ਆਂਗਣਵਾੜੀ ਵਰਕਰਾਂ/ਹੈਲਪਰਾਂ, ਸਫਾਈ ਕਰਮਚਾਰੀਆਂ, ਚੌਂਕੀਦਾਰਾਂ ਅਤੇ ਸੇਵਾਦਾਰਾਂ ਨੂੰ ਘੱਟੋ-ਘੱਟ ਉਜਰਤ ਦੇ ਘੇਰੇ ਵਿੱਚ ਲਿਆਂਦਾ ਜਾਵੇ। ਰੀ-ਕਾਸਟ ਸੂਚੀਆਂ ਦੇ ਨਾਮ 'ਤੇ ਅਧਿਆਪਕਾਂ ਦੇ ਭਵਿੱਖ ਨਾਲ ਖਿਲਵਾੜ ਬੰਦ ਕੀਤਾ ਜਾਵੇ। ਸਮੂਹ ਕੱਚੇ, ਦਿਹਾੜੀਦਾਰ, ਠੇਕਾ, ਡੇਲੀਵੇਜ, ਆਊਟਸੋਰਸ ਅਤੇ ਇਨਲਿਸਟਮੈਂਟ ਕਰਮਚਾਰੀਆਂ ਨੂੰ ਪੂਰੇ ਤਨਖਾਹ ਸਕੇਲ ਅਤੇ ਭੱਤਿਆਂ ਸਮੇਤ ਪੱਕਾ ਕੀਤਾ ਜਾਵੇ। 37 ਕਿਸਮਾਂ ਦੇ ਬੰਦ ਕੀਤੇ ਭੱਤੇ ਛੇਵੇਂ ਤਨਖਾਹ ਕਮਿਸਨ ਦੇ ਸਕੇਲਾਂ ਵਿੱਚ ਮੁੜ ਬਹਾਲ ਕੀਤੇ ਜਾਣ। ਪੈਨਸ਼ਨਰਾਂ ਦੀ ਪੈਨਸ਼ਨ ਦੁਹਰਾਈ 2.59 ਦੇ ਗੁਣਾਕ ਨਾਲ ਕੀਤੀ ਜਾਵੇ। 4-9-14 ਸਾਲਾ ਏ. ਸੀ. ਪੀ. ਸਕੀਮ ਮੁੜ ਬਹਾਲ ਕੀਤੀ ਜਾਵੇ। ਪਰਖ ਕਾਲ ਸਬੰਧੀ 15-01-2015 ਅਤੇ 07-09-2016 ਦੇ ਪੱਤਰਾਂ ਨੂੰ ਰੱਦ ਕਰਕੇ 2 ਸਾਲ ਦਾ ਪਰਖ ਸਮਾਂ ਲਾਗੂ ਕੀਤਾ ਜਾਵੇ ਅਤੇ ਸੁਪਰੀਮ ਕੋਰਟ ਵਿੱਚ ਪਾਈ ਗਈ ਅਪੀਲ ਵਾਪਸ ਲਈ ਜਾਵੇ। ਮੁਲਾਜ਼ਮਾਂ ਅਤੇ ਪੈਨਸ਼ਨਰਾਂ ਤੋਂ ਕੱਟਿਆ ਜਾ ਰਿਹਾ 200 ਰੁਪਏ ਪ੍ਰਤੀ ਮਹੀਨਾ ਜਜੀਆ ਟੈਕਸ ਬੰਦ ਕੀਤਾ ਜਾਵੇ। ਗ੍ਰੈਚੁਟੀ 20 ਲੱਖ ਤੋਂ ਵਧਾ ਕੇ 25 ਲੱਖ ਰੁਪਏ ਕੀਤੀ ਜਾਵੇ। ਪ੍ਰਧਾਨ ਅਸ਼ਵਨੀ ਫੱਜੂਪੁਰ ਨੇ ਜ਼ਿਲ੍ਹਾ ਗੁਰਦਾਸਪੁਰ ਦੇ ਸਮੂਹ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ 27 ਅਗਸਤ ਨੂੰ ਸਵੇਰੇ 11 ਵਜ਼ੇ ਤੋਂ ਦੁਪਹਿਰ 2 ਵਜੇ ਤੱਕ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਫਤਰ ਅੱਗੇ ਕੀਤੀ ਜਾ ਰਹੀ ਰੋਸ ਰੈਲੀ ਵਿੱਚ ਸਮੇਂ ਸਿਰ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਹਰਪ੍ਰੀਤ ਪਰਮਾਰ, ਰਛਪਾਲ ਉਦੋਕੇ, ਸੁਖਦੀਪ ਜੋਲੀ, ਨਿਸ਼ਾਨ ਖਾਨਪੁਰ, ਗੁਰਵਿੰਦਰ ਸੈਣੀ, ਸਤਬੀਰ ਕਾਹਲੋਂ, ਗੁਰਮਿੰਦਰ ਸਿੰਘ ਧਾਲੀਵਾਲ ਆਦਿ ਹਾਜ਼ਰ ਸਨ।

# ਹਾਏ ਨੀ ਹਾਕੀਏ !

ਭਾਰਤੀ ਪੁਰਸ਼ ਹਾਕੀ ਟੀਮ ਤੋਂ 51 ਸਾਲ ਪੁਰਾਣੇ ਵਿਸ਼ਵ ਕੱਪ ਖਿਤਾਬ ਦੇ ਸੋਕੇ ਨੂੰ ਖ਼ਤਮ ਕਰਨ ਦੀ ਉਮੀਦ ਨਹੀਂ ਸੀ, ਪਰ ਸੋਮਵਾਰ ਨੀਦਰਲੈਂਡਜ਼ ਦੇ ਐਮਸਟਲਵੀਨ ਵਿੱਚ ਅਰਜਨਟੀਨਾ ਤੋਂ 3 ਦੇ ਮੁਕਾਬਲੇ 5 ਗੋਲਾਂ ਨਾਲ ਹਾਰ ਕੇ ਸੈਮੀਫਾਈਨਲ ਤੱਕ ਪਹੁੰਚਣ ਵਿੱਚ ਉਸ ਦੀ ਨਾਕਾਮੀ ਨੇ ਉਨ੍ਹਾਂ ਕਮਜ਼ੋਰੀਆਂ ਨੂੰ ਉਜਾਗਰ ਕਰ ਦਿੱਤਾ, ਜੋ ਪੈਰਿਸ ਉਲੰਪਿਕ ਤੋਂ ਬਾਅਦ ਵਾਰ-ਵਾਰ ਸਾਹਮਣੇ ਆਈਆਂ ਹਨ। ਖਾਸ ਕਰਕੇ ਵਧੀਆ ਜੂਨੀਅਰ ਖਿਡਾਰੀਆਂ ਨੂੰ ਸੀਨੀਅਰ ਟੀਮ ਵਿੱਚ ਸਮੇਂ ਸਿਰ ਥਾਂ ਨਾ ਦੇਣ, ਚੋਣ ਰਣਨੀਤੀਆਂ ਅਤੇ ਸਮੁੱਚੇ ਪ੍ਰਦਰਸ਼ਨ ਦੀ ਇਕਸਾਰਤਾ ਬਾਰੇ ਫਿਰ ਚਰਚਾ ਛਿੜ ਗਈ ਹੈ।

ਸਾਬਕਾ ਖਿਡਾਰੀਆਂ ਨੇ ਪ੍ਰਦਰਸ਼ਨ ਵਿੱਚ ਇਕਸਾਰਤਾ, ਰੱਖਿਆਤਮਕ ਕਮਜ਼ੋਰੀਆਂ ਅਤੇ ਕਪਤਾਨ ਹਰਮਨਪ੍ਰੀਤ ਸਿੰਘ 'ਤੇ ਜ਼ਿਆਦਾ ਨਿਰਭਰਤਾ ਨੂੰ ਮੁੱਖ ਕਮਜ਼ੋਰੀਆਂ ਵਜੋਂ ਪਛਾਣਿਆ ਹੈ।

1980 ਦੇ ਮਾਸਕੋ ਉਲੰਪਿਕ ਦੇ ਸੋਨ ਤਮਗਾ ਜੇਤੂ ਕਪਤਾਨ ਵੀ. ਭਾਸਕਰਨ ਮੁਤਾਬਕ ਜੂਨੀਅਰ ਤੋਂ ਸੀਨੀਅਰ ਤੱਕ ਤਬਦੀਲੀ ਸਹੀ ਢੰਗ ਨਾਲ ਨਹੀਂ ਹੋਈ। ਜਰਮਨੀ ਅਤੇ ਨੀਦਰਲੈਂਡਜ਼ ਵਿੱਚ ਇੱਕ ਸੁਚਾਰੂ ਤਬਦੀਲੀ ਹੋਈ ਹੈ। ਪੈਰਿਸ ਉਲੰਪਿਕ ਅਤੇ ਵਿਸ਼ਵ ਕੱਪ ਦੀਆਂ ਨੀਦਰਲੈਂਡਜ਼ ਦੀਆਂ ਟੀਮਾਂ ਦੇਖੋ। ਉਨ੍ਹਾਂ ਉਲੰਪਿਕ ਸੋਨ ਤਮਗਾ ਜੇਤੂ ਟੀਮ ਦੇ ਛੇ ਖਿਡਾਰੀ ਬਦਲ ਕੇ ਨਵਿਆਂ ਨੂੰ ਲੈ ਆਂਦਾ?

ਅਸੀਂ ਹਮਦਰਦੀ, ਪਿਛਲੇ ਰਿਕਾਰਡਾਂ ਅਤੇ ਅੰਕੜਿਆਂ ਦੇ ਆਧਾਰ 'ਤੇ ਟੀਮ ਦੀ ਚੋਣ ਕਰ ਰਹੇ ਹਾਂ। ਦੂਜੇ ਦੇਸ਼ਾਂ ਵਿੱਚ ਜੂਨੀਅਰ ਕੋਚ ਬਹੁਤ ਮਹੱਤਵਪੂਰਨ ਹੁੰਦੇ ਹਨ। ਜਦੋਂ ਸ੍ਰੀਜੇਸ਼ ਦੀ ਟੀਮ ਨੇ ਜੂਨੀਅਰ ਵਿਸ਼ਵ ਕੱਪ ਵਿੱਚ ਕਾਂਸੀ ਦਾ ਤਮਗਾ ਜਿੱਤਿਆ ਸੀ, ਤਾਂ ਉਸ ਨਾਲ ਸਲਾਹ ਕਿਉਂ ਨਹੀਂ ਕੀਤੀ ਗਈ। ਇੱਕ ਹੋਰ ਸਾਬਕਾ ਕੌਮਾਂਤਰੀ ਖਿਡਾਰੀ ਜਗਬੀਰ ਸਿੰਘ ਦਾ ਕਹਿਣਾ ਹੈ ਕਿ ਕੋਚਿੰਗ ਅਤੇ ਟੀਮ ਪ੍ਰਬੰਧਨ ਵਿਰੋਧੀਆਂ 'ਤੇ ਦਬਾਅ ਪਾਉਣ ਲਈ ਟੀਮ ਵਿੱਚ ਤਜਰਬੇਕਾਰ ਖਿਡਾਰੀ ਰੱਖਣਾ ਚਾਹੁੰਦੇ ਸਨ, ਪਰ ਇਹ ਕੰਮ ਨਹੀਂ ਆਇਆ। ਕਪਤਾਨ ਅਤੇ ਡਰੈਗ-ਫਲਿਕ ਮਾਹਰ ਕਪਤਾਨ ਹਰਮਨਪ੍ਰੀਤ ਸਿੰਘ 'ਤੇ ਵੀ ਜ਼ਿਆਦਾ ਨਿਰਭਰਤਾ ਸੀ, ਜੋ ਪੂਰੀ ਤਰ੍ਹਾਂ ਫਿੱਟ ਨਹੀਂ ਸੀ, ਜਦੋਂ ਕਿ ਮਨਪ੍ਰੀਤ ਸਿੰਘ ਅਤੇ ਮਨਦੀਪ ਸਿੰਘ ਵਰਗੇ ਤਜਰਬੇਕਾਰ ਉਮੀਦ ਮੁਤਾਬਕ ਪ੍ਰਭਾਵ ਪਾਉਣ ਵਿੱਚ ਅਸਫਲ ਰਹੇ।

ਮੁੱਖ ਕੋਚ ਕ੍ਰੈਗ ਫੁਲਟਨ ਨੇ ਵਾਰ-ਵਾਰ ਰੱਖਿਆਤਮਕ ਮਜ਼ਬੂਤੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਹੈ, ਫਿਰ ਵੀ ਭਾਰਤ ਦੀ ਡਿਫੈਂਸ ਇਸ ਦੀਆਂ ਸਭ ਤੋਂ ਵੱਡੀਆਂ ਕਮਜ਼ੋਰੀਆਂ ਵਿੱਚੋਂ ਇੱਕ ਸਾਬਤ ਹੋਈ। ਰੱਖਿਆਤਮਕ ਢਾਂਚਾ ਹਰ 10 ਮਿੰਟਾਂ ਵਿੱਚ ਢਹਿ ਰਿਹਾ ਸੀ। 60 ਮਿੰਟਾਂ ਦੀ ਗੇਮ ਵਿੱਚ ਅਜਿਹਾ ਬਦਲਾਅ ਸਵੀਕਾਰਯੋਗ ਨਹੀਂ ਹੈ।

ਸਾਬਕਾ ਕਪਤਾਨ ਪਰਗਟ ਸਿੰਘ ਦਾ ਮੰਨਣਾ ਹੈ ਕਿ ਭਾਰਤ ਦਾ ਅੰਦਰੂਨੀ ਹਾਕੀ ਢਾਂਚਾ ਇਸ ਹੱਦ ਤੱਕ ਕਮਜ਼ੋਰ ਹੋ ਗਿਆ ਹੈ ਕਿ ਇਹ ਹੁਣ ਲੋੜੀਂਦੀ ਬੈਂਚ ਸਟ੍ਰੈਂਥ ਪੈਦਾ ਨਹੀਂ ਕਰ ਰਿਹਾ। ਮਜ਼ਬੂਤ ਘਰੇਲੂ ਮੁਕਾਬਲਿਆਂ ਦੀ ਘਾਟ ਕਾਰਨ ਸਾਡੇ ਕੋਲ ਚੰਗੀ ਬੈਂਚ ਸਟ੍ਰੈਂਥ ਨਹੀਂ ਹੈ। ਯੂਰਪੀ ਦੇਸ਼ਾਂ ਕੋਲ ਲੀਗ ਮੁਕਾਬਲੇ ਦੇ ਕਈ ਡਵੀਜ਼ਨ ਹਨ, ਜੋ ਸਾਡੇ ਕੋਲ ਨਹੀਂ ਹਨ। ਪਹਿਲਾਂ ਸਾਡੇ ਕੋਲ ਬੀਟਨ ਕੱਪ, ਆਗਾ ਖਾਨ ਕੱਪ, ਬੰਬੇ ਗੋਲਡ ਕੱਪ, ਮੁਰੁਗੱਪਾ ਕੱਪ ਅਤੇ ਨਹਿਰੂ ਟੂਰਨਾਮੈਂਟ ਵਰਗੇ ਟੂਰਨਾਮੈਂਟ ਹੁੰਦੇ ਸਨ। ਉਹ ਢਾਂਚਾ ਤਬਾਹ ਹੋ ਗਿਆ ਹੈ ਅਤੇ ਇਸ ਦੇ ਨਤੀਜੇ ਵਜੋਂ ਅੰਦਰੂਨੀ ਮੁਕਾਬਲੇ ਦੀ ਘਾਟ ਹੋ ਗਈ ਹੈ। ਜੇ ਤੁਸੀਂ ਸੀਨੀਅਰ ਖਿਡਾਰੀਆਂ ਨੂੰ ਬਦਲਣਾ ਚਾਹੁੰਦੇ ਹੋ ਤਾਂ ਇਹ ਦੋ ਸਾਲ ਪਹਿਲਾਂ ਹੋ ਜਾਣਾ ਚਾਹੀਦਾ ਸੀ, ਕਿਉਂਕਿ ਤੁਹਾਨੂੰ ਵਿਸ਼ਵ ਪੱਧਰੀ ਖਿਡਾਰੀਆਂ ਨੂੰ ਤਿਆਰ ਕਰਨ ਲਈ ਸਮੇਂ ਦੀ ਲੋੜ ਹੁੰਦੀ ਹੈ।

ਭਾਰਤ ਸਤੰਬਰ 2024 ਵਿੱਚ ਏਸ਼ੀਅਨ ਚੈਂਪੀਅਨਜ਼ ਟਰਾਫੀ ਅਤੇ 2025 ਵਿੱਚ ਏਸ਼ੀਆ ਕੱਪ ਦੁਬਾਰਾ ਜਿੱਤ ਕੇ ਇਸ ਵਿਸ਼ਵ ਕੱਪ ਲਈ ਕੁਆਲੀਫਾਈ ਕੀਤਾ ਸੀ, ਪਰ ਦੁਨੀਆ ਦੀਆਂ ਸਭ ਤੋਂ ਵਧੀਆ, ਖਾਸ ਕਰਕੇ ਯੂਰਪੀਅਨ ਟੀਮਾਂ ਦੇ ਵਿਰੁੱਧ, ਇਕਸਾਰਤਾ ਅਧੂਰੀ ਰਹੀ ਹੈ। ਦੋ ਵਾਰ ਦੇ ਉਲੰਪਿਕ ਕਾਂਸੀ ਤਮਗਾ ਜੇਤੂ ਗੋਲਕੀਪਰ ਪੀ ਆਰ ਸ੍ਰੀਜੇਸ਼ ਇਸ ਗੱਲ ਤੋਂ ਹੈਰਾਨ ਹੈ ਕਿ ਲਾਸ ਏਂਜਲਸ ਉਲੰਪਿਕ ਲਈ ਦੋ ਸਾਲ ਤੋਂ ਵੀ ਘੱਟ ਸਮਾਂ ਬਚਿਆ ਹੋਣ ਦੇ ਬਾਵਜੂਦ ਕਿਸੇ ਵੀ ਪ੍ਰਤਿਭਾਸ਼ਾਲੀ ਜੂਨੀਅਰ ਖਿਡਾਰੀ ਨੂੰ ਸੀਨੀਅਰ ਵਿਸ਼ਵ ਕੱਪ ਵਿੱਚ ਐਕਸਪੋਜ਼ਰ ਨਹੀਂ ਦਿੱਤਾ ਗਿਆ। ਉਸ ਦਾ ਕਹਿਣਾ ਹੈ, "ਸੀਨੀਅਰ ਖਿਡਾਰੀਆਂ ਦੇ ਰਿਟਾਇਰ ਹੋਣ 'ਤੇ ਕੌਣ ਕਮਾਨ ਸੰਭਾਲੇਗਾ? ਕੀ ਅਸੀਂ ਉਨ੍ਹਾਂ ਦੀ ਥਾਂ ਲੈਣ ਵਾਲੇ ਤਿਆਰ ਕੀਤੇ ਹਨ? ਲਾਸ ਏਂਜਲਸ ਉਲੰਪਿਕ ਤੋਂ ਪਹਿਲਾਂ ਅਸੀਂ 30 ਗੁਣਵੱਤਾ ਵਾਲੇ ਕੌਮਾਂਤਰੀ ਮੈਚ ਖੇਡਾਂਗੇ। ਕੀ ਇਹ ਉਲੰਪਿਕ ਲਈ ਇੱਕ ਖਿਡਾਰੀ ਨੂੰ ਤਿਆਰ ਕਰਨ ਲਈ ਕਾਫੀ ਹੈ? ਕਤਈ ਨਹੀਂ। 2026 ਵਿਸ਼ਵ ਕੱਪ ਟੀਮ ਪੁਰਾਣੇ ਖਿਡਾਰੀਆਂ ਦੇ ਕੋਰ ਗਰੁੱਪ 'ਤੇ ਅਧਾਰਤ ਸੀ, ਜਦੋਂ ਕਿ ਮਨਮੀਤ ਸਿੰਘ ਵਰਗਾ ਕਾਬਲ ਜੂਨੀਅਰ ਖਿਡਾਰੀ, ਜੋ ਛੇ ਗੋਲਾਂ ਨਾਲ ਜੂਨੀਅਰ ਵਿਸ਼ਵ ਕੱਪ ਵਿੱਚ ਸਭ ਤੋਂ ਵੱਧ ਗੋਲ ਕਰਨ ਵਾਲਾ ਸੀ ਅਤੇ ਅਮੀਰ ਅਲੀ, ਰੋਸ਼ਨ ਕੁਜੂਰ, ਸ਼ਰਦਾਨੰਦ ਤਿਵਾੜੀ, ਤਾਲੇਮ ਪ੍ਰਿਆਬਰਤਾ, ਰੋਹਿਤ ਅਤੇ ਅਰਸ਼ਦੀਪ ਸਿੰਘ ਨੂੰ ਨਜ਼ਰਅੰਦਾਜ਼ ਕੀਤਾ ਗਿਆ।" ਸ੍ਰੀਜੇਸ਼ ਨੇ ਕਿਹਾ ਕਿ 'ਜਵਾਬਦੇਹੀ' ਹੋਣੀ ਚਾਹੀਦੀ ਹੈ।

ਸ੍ਰੀਜੇਸ਼ ਨੇ ਭਾਰਤ ਦੀ ਜਿੱਤਣ ਵਾਲੀ ਮਾਨਸਿਕਤਾ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਕੀ ਅਸੀਂ ਚੰਗੀ ਹਾਕੀ ਖੇਡਣ ਲਈ ਇੱਕ ਟੀਮ ਬਣਾ ਰਹੇ ਹਾਂ, ਜਾਂ ਇੱਕ ਅਜਿਹੀ ਟੀਮ ਜੋ ਦੁਨੀਆ ਦੇ ਸਭ ਤੋਂ ਵਧੀਆ ਵਿਰੁੱਧ ਜਿੱਤਣ ਦੇ ਸਮਰੱਥ ਹੋਵੇ? 'ਸਿੱਖਣ', 'ਚੰਗੀ ਹਾਕੀ' ਅਤੇ ਭਵਿੱਖ ਦੇ ਟੂਰਨਾਮੈਂਟਾਂ ਪਿੱਛੇ ਲੁਕਣਾ ਬੰਦ ਕਰਨਾ ਪੈਣਾ। ਵਿਸ਼ਵ ਕੱਪ ਕੋਈ ਰਿਹਰਸਲ ਨਹੀਂ ਸੀ। ਉਸ ਨੇ ਮਜ਼ਾਕੀਆ ਲਹਿਜੇ ਵਿੱਚ ਕਿਹਾ, "ਚਿੰਤਾ ਨਾ ਕਰੋ... ਵਿਸ਼ਵ ਕੱਪ ਕੋਈ ਮਾਇਨੇ ਨਹੀਂ ਰੱਖਦਾ। ਏਸ਼ੀਅਨ ਖੇਡਾਂ ਆ ਰਹੀਆਂ ਹਨ। ਉੱਥੇ ਇੱਕ ਤਮਗਾ ਜਿੱਤੋ ਅਤੇ ਫਿਰ 2028 ਦੀ ਲਾਸ ਏਂਜਲਸ ਉਲੰਪਿਕ ਬਾਰੇ ਸੁਪਨੇ ਦੇਖਣੇ ਸ਼ੁਰੂ ਕਰ ਦਿਓ।"

# ਕੀ ਅਸਹਿਮਤੀ ਨੂੰ ਕਾਨੂੰਨ ਦੇ ਦਾਇਰੇ ਵਿੱਚ ਲਿਆਉਣਾ ਜਾਇਜ਼ ਹੈ



ਗੁਰਮੀਤ ਸਿੰਘ ਪਲਾਹੀ

ਭਾਰਤ ਵਿੱਚ ਅਸਹਿਮਤੀ ਅਤੇ ਰਾਸ਼ਟਰਵਾਦ ਦੀ ਪਰਿਭਾਸ਼ਾ ਨੂੰ ਲੈ ਕੇ ਇੱਕ ਗੰਭੀਰ ਬਹਿਸ ਛਿੜੀ ਹੋਈ ਹੈ। ਇਹ ਵਿਵਾਦ ਉਦੋਂ ਹੋਰ ਤਿੱਖਾ ਹੋ ਗਿਆ, ਜਦੋਂ ਦੇਸ਼ ਦੀ ਮੁੱਖ ਵਿਰੋਧੀ ਧਿਰ ਅਤੇ ਸਭ ਤੋਂ ਪੁਰਾਣੀ ਸਿਆਸੀ ਪਾਰਟੀ-ਇੰਡੀਅਨ ਨੈਸ਼ਨਲ ਕਾਂਗਰਸ ਦੇ ਇੱਕ ਸਮਾਗਮ ਦੌਰਾਨ ਰਾਸ਼ਟਰੀ ਗੀਤ 'ਵੰਦੇ ਮਾਤਰਮ' ਦੇ ਪਹਿਲੇ ਦੋ ਪੈਰੇ ਹੀ ਗਾਏ ਗਏ। ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਕਾਂਗਰਸ ਦੇ ਇਸ ਰਵੱਈਏ ਨੂੰ ਰਾਸ਼ਟਰ-ਵਿਰੋਧੀ ਅਤੇ ਰਾਸ਼ਟਰੀ ਪ੍ਰਤੀਕਾਂ ਦਾ ਅਪਮਾਨ ਕਰਾਰ ਦਿੱਤਾ।

ਸਵਾਲ ਸਿਰਫ਼ ਇਹ ਨਹੀਂ ਕਿ ਕਾਂਗਰਸ ਨੇ 'ਵੰਦੇ ਮਾਤਰਮ' ਦੇ ਦੋ ਪੈਰੇ ਹੀ ਕਿਉਂ ਗਾਏ, ਸਗੋਂ ਅਸਲ ਸਵਾਲ ਇਹ ਹੈ ਕਿ ਕੀ ਵਿਚਾਰਧਾਰਕ ਅਸਹਿਮਤੀ ਅਤੇ ਰਾਜਨੀਤਕ ਵਿਰੋਧ ਨੂੰ ਕਾਨੂੰਨ ਦੀਆਂ ਸ਼ਰਤਾਂ ਅਧੀਨ ਅਪਰਾਧ ਬਣਾਉਣਾ ਇੱਕ ਲੋਕਤੰਤਰੀ ਪ੍ਰਣਾਲੀ ਲਈ ਠੀਕ ਹੈ? ਕੀ ਜਨ-ਅੰਦੋਲਨਾਂ ਜਾਂ ਵਿਚਾਰਧਾਰਕ ਵਿਰੋਧੀਆਂ ਨੂੰ 'ਅਰਬਨ ਨਕਸਲੀ' ਜਾਂ 'ਦਿਮਾਗੀ ਨਕਸਲੀ' ਗਰਦਾਨ ਕੇ ਦੇਸ਼-ਧ੍ਰੋਹੀ ਠਹਿਰਾਉਣਾ ਲੋਕਤੰਤਰ ਦੀ ਆਤਮਾ ਦੇ ਅਨੁਕੂਲ ਹੈ?

ਇਹ ਸਥਿਤੀ ਸਿਰਫ਼ ਭਾਰਤ ਤੱਕ ਹੀ ਸੀਮਤ ਨਹੀਂ, ਸਗੋਂ ਵਿਸ਼ਵ ਦੇ ਕਈ ਲੋਕਤੰਤਰੀ ਦੇਸ਼ਾਂ ਵਿੱਚ ਵੀ ਅਜਿਹੇ ਤਣਾਅ ਦੇਖਣ ਨੂੰ ਮਿਲੇ ਹਨ, ਜਦੋਂ ਵੀ ਕੋਈ ਰਾਸ਼ਟਰੀ ਗੀਤ ਜਾਂ ਰਾਸ਼ਟਰ ਗਾਨ ਕਿਸੇ ਵਿਸ਼ੇਸ਼ ਧਰਮ, ਨਸਲ ਜਾਂ ਭਾਸ਼ਾਈ ਪਛਾਣ ਨਾਲ ਡੂੰਘਾ ਜੁੜ ਜਾਂਦਾ ਹੈ, ਤਾਂ ਬਹੁ-ਗਿਣਤੀਵਾਦੀ ਲੋਕਤੰਤਰਾਂ ਵਿੱਚ ਅਜਿਹੇ ਵਿਵਾਦ ਉੱਭਰਦੇ ਹਨ। ਸ੍ਰੀਲੰਕਾ, ਜਰਮਨੀ, ਫਰਾਂਸ, ਇਜ਼ਰਾਈਲ ਅਤੇ ਕੈਨੇਡਾ ਵਰਗੇ ਦੇਸ਼ ਵੀ ਅਜਿਹੇ ਵਿਰੋਧਾਂ ਅਤੇ ਸੋਧਾਂ ਦੇ ਦੌਰ ਵਿੱਚੋਂ ਲੰਘ ਚੁੱਕੇ ਹਨ।

ਬਹੁਤ ਸਾਰੇ ਲੋਕਤੰਤਰਾਂ ਵਿੱਚ ਇਹ ਸਵਾਲ ਉੱਠਦਾ ਰਿਹਾ ਹੈ ਕਿ ਕੀ ਰਾਸ਼ਟਰੀ ਪ੍ਰਤੀਕ ਸਭ ਦੀ ਪ੍ਰਤੀਨਿਧਤਾ ਕਰਦੇ ਹਨ ਜਾਂ ਕਿਸੇ ਵਿਸ਼ੇਸ਼ ਵਰਗ ਨੂੰ ਬਾਹਰ ਛੱਡ ਦਿੰਦੇ ਹਨ। ਇਨ੍ਹਾਂ ਉਦਾਹਰਨਾਂ ਵਿੱਚ ਇੱਕ ਸਾਂਝਾ ਸੂਤਰ ਦਿਸਦਾ ਹੈ ਕਿ ਜਿੱਥੇ ਸਰਕਾਰਾਂ ਬਹੁ-ਸੰਖਿਅਕ ਭਾਵਨਾ ਦੇ ਦਬਾਅ ਹੇਠ ਗੀਤ ਦਾ ਪੂਰਾ ਜਾਂ ਇੱਕ-ਤਰਫ਼ਾ ਸੰਸਕਰਨ ਠੋਪਣ ਦੀ ਕੋਸ਼ਿਸ਼ ਕਰਦੀਆਂ ਹਨ, ਉੱਥੇ ਇਹ ਕਦਮ ਏਕਤਾ ਨਾਲੋਂ ਵੱਧ ਵੰਡ ਪੈਦਾ ਕਰਦਾ ਆਇਆ ਹੈ।

ਇਹੋ ਜਿਹੀ ਸਥਿਤੀ ਸ੍ਰੀਲੰਕਾ ਵਿੱਚ 2010 ਵਿੱਚ ਦੇਖਣ ਨੂੰ ਮਿਲੀ, ਪਰ ਜਿੱਥੇ ਲਚਕੀਲਾਪਣ ਅਪਣਾਇਆ ਗਿਆ-ਜਿਵੇਂ ਜਰਮਨੀ ਦਾ ਅੰਸ਼ਕ ਗਾਇਨ ਜਾਂ ਕੈਨੇਡਾ ਦਾ ਪੁਨਰ-ਲੇਖਣ-ਉੱਥੇ ਮੁਕਾਬਲਤਨ ਮਾਹੌਲ ਸ਼ਾਂਤ ਹੋਇਆ। ਭਾਰਤ ਵਿੱਚ ਆਖ਼ਰ ਇਸ ਵਿਚਾਰਧਾਰਕ ਬਹਿਸ ਜਾਂ ਮੁੱਦੇ ਪਿੱਛੇ ਕਿਹੜੀ ਸੋਚ ਕੰਮ ਕਰ ਰਹੀ ਹੈ? ਕਾਂਗਰਸ ਦਾ ਤਰਕ ਕਿਸੇ ਸਿਆਸੀ ਚਤੁਰਾਈ ਵਿੱਚੋਂ ਨਹੀਂ, ਸਗੋਂ ਆਜ਼ਾਦੀ ਦੀ ਲੜਾਈ ਵੇਲੇ ਹੋਈ ਇੱਕ ਵਿਚਾਰਕ ਬਹਿਸ ਵਿੱਚੋਂ ਨਿਕਲਿਆ ਹੈ। 'ਵੰਦੇ ਮਾਤਰਮ' 1875 ਵਿੱਚ ਬੰਕਿਮ ਚੰਦਰ ਚੈਟਰਜੀ ਨੇ ਲਿਖਿਆ। ਸਵਦੇਸ਼ੀ ਅੰਦੋਲਨ ਦੇ ਦੌਰ ਵਿੱਚ ਇਹ ਗੀਤ ਆਜ਼ਾਦੀ ਦੀ ਲੜਾਈ ਦਾ ਪ੍ਰਤੀਕ ਬਣ ਗਿਆ, ਪਰ ਦੇਸ਼ ਵਿੱਚ ਸਿਆਸੀ ਧਿਰ ਮੁਸਲਿਮ ਲੀਗ ਨੇ ਇਸ ਗੀਤ ਦਾ ਬਾਅਦ ਵਿੱਚ ਵਿਰੋਧ ਕੀਤਾ, ਇਸੇ ਕਰਕੇ ਕਿ ਇਸ ਦੇ ਕੁਝ ਹਿੱਸਿਆਂ ਵਿੱਚ ਭਾਰਤ ਮਾਤਰ-ਭੂਮੀ ਨੂੰ ਦੇਵੀ ਦੇ ਬਿੰਬਾਂ ਨਾਲ ਸ਼ਿੰਗਾਰਿਆ ਹੋਇਆ ਸੀ।

ਜਦੋਂ ਇਸ ਗੀਤ ਸੰਬੰਧੀ ਵਿਰੋਧ ਵਧਿਆ ਤਾਂ ਉਸ 'ਤੇ ਕਾਂਗਰਸ ਅਤੇ ਆਜ਼ਾਦੀ ਦੇ ਰਹਿਨੁਮਾਵਾਂ ਨੇ ਡੂੰਘੀ ਵਿਚਾਰ-ਚਰਚਾ ਕੀਤੀ। ਇਹ ਗੱਲ ਵੀ ਧਿਆਨ ਵਿੱਚ ਰੱਖਣਯੋਗ ਹੈ ਕਿ ਜਿਵੇਂ ਰਾਸ਼ਟਰ ਗਾਨ 'ਜਨ ਗਨ ਮਨ' ਦੇ ਕੁੱਲ ਪੰਜ ਬੰਦ (ਪੈਰੇ) ਹਨ, ਪਰ ਸੰਵਿਧਾਨ ਸਭਾ ਦੁਆਰਾ ਸਭ ਦੀ ਸਵੀਕਾਰਤਾ ਲਈ ਉਸ ਦਾ ਸਿਰਫ਼ ਪਹਿਲਾ ਬੰਦ ਹੀ ਅਪਣਾਇਆ ਗਿਆ ਹੈ, ਉਸੇ ਤਰ੍ਹਾਂ 'ਵੰਦੇ ਮਾਤਰਮ' ਦੇ ਕੁੱਲ ਛੇ ਬੰਦ ਹਨ। ਮੰਨਿਆ ਗਿਆ ਕਿ ਪੂਰੀ ਕਵਿਤਾ ਦੇ ਬਾਅਦ ਵਾਲੇ ਹਿੱਸਿਆਂ ਨਾਲ ਕੁਝ ਵਰਗਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜ ਸਕਦੀ ਹੈ, ਕਿਉਂਕਿ ਇਸ ਦੇ ਤੀਜੇ ਬੰਦ ਵਿੱਚ ਮਾਂ-ਭੂਮੀ ਦੀ ਰੱਖਿਆ ਲਈ ਤਲਵਾਰ ਚੁੱਕਣ ਦੀ ਗੱਲ ਹੈ, ਚੌਥੇ ਪੈਰੇ ਵਿੱਚ ਹਰ ਮੰਦਰ ਵਿੱਚ ਛਵੀ ਦਾ ਜ਼ਿਕਰ ਹੈ ਅਤੇ ਪੰਜਵੇਂ ਵਿੱਚ ਮਾਂ-ਭੂਮੀ ਦੀ ਤੁਲਨਾ ਸਿੱਧੀ ਦੁਰਗਾ, ਲਕਸ਼ਮੀ ਅਤੇ ਸਰਸਵਤੀ ਨਾਲ ਕੀਤੀ ਗਈ ਹੈ। ਇਸ ਲਈ ਕਾਂਗਰਸ ਅਤੇ ਸੰਵਿਧਾਨ ਸਭਾ ਦੀ ਸਹਿਮਤੀ ਨਾਲ ਪਹਿਲੇ ਦੋ ਬੰਦ, ਜੋ ਸਭ ਨੂੰ ਸਵੀਕਾਰਯੋਗ ਸਨ, ਹੀ ਗਾਉਣ ਦਾ ਫ਼ੈਸਲਾ ਲਿਆ ਗਿਆ।

ਇਤਿਹਾਸਕਾਰ 'ਤਨਿਕਾ ਸਰਕਾਰ' ਦਾ ਇਸ ਗੀਤ ਬਾਰੇ ਕਹਿਣਾ ਹੈ ਕਿ ਇਹ ਗੀਤ, ਜਿਹੜਾ ਕਿ ਲੇਖਕ ਨੇ 'ਆਨੰਦ ਮੱਠ' ਨਾਵਲ ਦਾ ਹਿੱਸਾ ਬਣਾਇਆ ਸੀ, ਸਪੱਸ਼ਟ ਰੂਪ ਵਿੱਚ ਮੁਸਲਮਾਨਾਂ ਨੂੰ ਦੁਸ਼ਮਣ ਦੇ ਰੂਪ ਵਿੱਚ ਚਿਤਰਿਤ ਕਰਦਾ ਹੈ ਅਤੇ ਮਾਤਰ-ਭੂਮੀ ਇੱਕ ਹਿੰਦੂ ਦੇਵੀ ਦਾ ਰੂਪ ਲੈਂਦੀ ਹੈ। ਇਹੋ ਬਿੰਦੂ ਹੈ, ਜੋ ਗੀਤ ਦੀ ਬਹੁ-ਧਾਰਮਿਕ ਭਾਰਤ ਦੇ ਲਈ ਝਗੜੇ ਦੀ ਜੜ੍ਹ ਬਣਦਾ ਹੈ। ਆਜ਼ਾਦੀ ਤੋਂ ਬਾਅਦ ਇਹ ਬਹਿਸ ਸੰਵਿਧਾਨ ਸਭਾ ਵਿੱਚ ਦੁਹਰਾਈ ਗਈ। 24 ਜਨਵਰੀ 1950 ਨੂੰ ਇਹ ਪ੍ਰਵਾਨ ਕੀਤਾ ਗਿਆ ਕਿ 'ਜਨ ਗਨ ਮਨ' ਰਾਸ਼ਟਰੀ ਗਾਨ ਹੋਵੇਗਾ, ਪਰ 'ਵੰਦੇ ਮਾਤਰਮ', ਜਿਸ ਨੇ ਆਜ਼ਾਦੀ ਦੀ ਲੜਾਈ ਵਿੱਚ ਇਤਿਹਾਸਕ ਭੂਮਿਕਾ ਨਿਭਾਈ, ਉਸ ਨੂੰ 'ਜਨ ਗਨ ਮਨ' ਦੇ ਬਰਾਬਰ ਦਾ ਦਰਜਾ ਮਿਲੇਗਾ, ਪਰ ਇਹ ਇੱਕ ਘੋਸ਼ਣਾ ਸੀ, ਇਸ ਸਬੰਧੀ ਕੋਈ ਕਾਨੂੰਨ ਨਹੀਂ ਸੀ ਬਣਿਆ। ਅੱਜ ਇਹੋ 'ਵੰਦੇ ਮਾਤਰਮ' ਸੱਤ ਦਹਾਕਿਆਂ ਬਾਅਦ ਇੱਕ ਵਾਰ ਫਿਰ ਤੋਂ ਗੰਭੀਰ ਕਾਨੂੰਨੀ ਬਹਿਸ ਦਾ ਮੁੱਖ ਵਿਸ਼ਾ ਬਣ ਗਿਆ ਹੈ।

ਕਾਨੂੰਨੀ ਮਾਹਰ ਇਸ 'ਤੇ ਬਾਰੀਕ ਸਵਾਲ ਚੁੱਕ ਰਹੇ ਹਨ। ਇੱਕ ਵਿਸ਼ਲੇਸ਼ਣ ਦੇ ਮੁਤਾਬਕ 'ਵੰਦੇ ਮਾਤਰਮ' ਦਾ ਸੰਵਿਧਾਨਕ ਦਰਜਾ 'ਜਨ ਗਨ ਮਨ' ਜਿਹਾ ਕਦੇ ਰਿਹਾ ਹੀ ਨਹੀਂ। ਸੰਵਿਧਾਨ ਸਭਾ ਨੇ 'ਜਨ ਗਨ ਮਨ' ਨੂੰ ਰਸਮੀ ਰੂਪ ਵਿੱਚ ਰਾਸ਼ਟਰੀ ਗਾਨ ਚੁਣਿਆ, ਜਦਕਿ 'ਵੰਦੇ ਮਾਤਰਮ' ਨੂੰ ਅਲੱਗ ਤੋਂ ਰਾਸ਼ਟਰੀ ਗੀਤ ਦਾ ਦਰਜਾ ਦਿੱਤਾ ਗਿਆ। ਇਸ ਦਰਜੇ ਦੀ ਪੁਸ਼ਟੀ ਸੰਵਿਧਾਨ ਸਭਾ ਦੇ ਚੇਅਰਮੈਨ ਨੇ ਇੱਕ ਬਿਆਨ ਵਿੱਚ ਦਿੱਤੀ ਸੀ, ਕਿਸੇ ਪਾਸ ਕੀਤੇ ਮਤੇ ਦੇ ਰੂਪ ਵਿੱਚ ਨਹੀਂ। ਸਵਾਲ ਉਠਾਏ ਜਾ ਰਹੇ ਹਨ ਕਿ 'ਵੰਦੇ ਮਾਤਰਮ' ਨੂੰ ਰਸਮੀ ਮਾਨਤਾ ਦੇਣ ਦਾ ਫੈਸਲਾ ਹੁਣ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦਾ ਇੱਕ-ਤਰਫ਼ਾ ਫ਼ੈਸਲਾ ਹੈ। ਕਾਨੂੰਨ ਅਨੁਸਾਰ ਰਾਸ਼ਟਰ ਗਾਨ (ਜਨ ਗਨ ਮਨ) ਰੋਕਣਾ ਜਾਂ ਗਾਇਨ ਕਰ ਰਹੀ ਸਭਾ ਵਿੱਚ ਰੁਕਾਵਟ ਪਾਉਣਾ ਤਿੰਨ ਸਾਲ ਦੀ ਕੈਦ ਜਾਂ ਜੁਰਮਾਨਾ ਦੋਨੋਂ ਨਿਰਧਾਰਤ ਹਨ। ਇਹੋ ਕਾਨੂੰਨ ਹੁਣ ਸੰਸਦ ਵਿੱਚ ਪਾਸ ਕੀਤੇ ਪ੍ਰਸਤਾਵ ਅਨੁਸਾਰ 'ਵੰਦੇ ਮਾਤਰਮ' 'ਤੇ ਵੀ ਲਾਗੂ ਹੋਵੇਗਾ।

ਭਾਰਤ ਵਿੱਚ ਇਹ ਬਹਿਸ ਸਿਰਫ਼ ਇਤਿਹਾਸ ਜਾਂ ਸਾਹਿਤਕ ਵਿਆਖਿਆ ਤੱਕ ਸੀਮਤ ਨਹੀਂ, ਬਲਕਿ ਸਜ਼ਾ ਦਾ ਹਿੱਸਾ ਬਣ ਚੁੱਕੀ ਹੈ। ਕਾਂਗਰਸ ਆਪਣੇ ਪੁਰਾਣੇ ਰੁਖ 'ਤੇ ਕਾਇਮ ਹੈ, ਜਦਕਿ ਕੇਂਦਰ ਨੇ ਨਵਾਂ ਕਾਨੂੰਨ ਲਾਗੂ ਕਰ ਦਿੱਤਾ ਹੈ। ਦੋਹਾਂ ਪੱਖਾਂ ਵਿੱਚ ਟਕਰਾਅ ਅਗਲੇ ਦਿਨਾਂ ਵਿੱਚ ਹੋਰ ਵੀ ਤਿੱਖਾ ਹੋ ਸਕਦਾ ਹੈ। ਖਾਸ ਕਰਕੇ ਉਦੋਂ ਜਦੋਂ ਪਾਰਟੀ ਦੇ ਸਮਾਗਮਾਂ ਵਿੱਚ ਸਿਰਫ਼ ਕਾਂਗਰਸ ਦੋ ਪੈਰੇ ਹੀ ਗਾਏਗੀ ਅਤੇ ਸਰਕਾਰੀ ਪ੍ਰੋਗਰਾਮਾਂ ਵਿੱਚ ਛੇ ਪੈਰੇ ਹੀ ਗਾਏ ਜਾਣਗੇ। ਇਹ ਖਾਈ ਵਧੇਗੀ, ਜੋ ਨਵੇਂ ਝਗੜਿਆਂ ਨੂੰ ਜਨਮ ਦੇਵੇਗੀ। ਹੁਣ ਵਾਲੇ ਵਿਵਾਦ ਦਾ ਤਤਕਾਲਕ ਕਾਰਨ 15 ਅਗਸਤ ਨੂੰ ਕਾਂਗਰਸ ਦੇ ਹੈੱਡਕੁਆਰਟਰ ਵਿੱਚ ਆਜ਼ਾਦੀ ਦਿਹਾੜੇ ਦੇ ਸਮਾਰੋਹ ਵਿੱਚ 'ਵੰਦੇ ਮਾਤਰਮ' ਗੀਤ ਦੇ ਦੋ ਪੈਰੇ ਗਾਉਣ ਤੋਂ ਬਾਅਦ ਉਸ ਨੂੰ ਬੰਦ ਕਰਨ ਤੋਂ ਹੋਇਆ। ਇਸ ਦੌਰਾਨ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਕਾਂਗਰਸ ਪ੍ਰਧਾਨ ਖੜਗੇ ਦੇ ਆਚਰਨ ਨੂੰ ਲੈ ਕੇ ਸੱਤਾਧਾਰੀ ਧਿਰ ਨੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ।

ਜਦੋਂ ਤੋਂ ਮੋਦੀ ਸਰਕਾਰ ਬਣੀ ਹੈ, ਉਹ ਅਸਹਿਮਤੀ ਵਿਚਾਰਾਂ ਵਾਲਿਆਂ ਨੂੰ ਖ਼ਤਮ ਰਹੀ ਹੈ। ਭਾਜਪਾ ਦੇਸ਼ ਵਿੱਚੋਂ ਕਾਂਗਰਸ ਨੂੰ ਖ਼ਤਮ ਕਰਨ ਲਈ 'ਕਾਂਗਰਸ ਮੁਕਤ ਭਾਰਤ' ਦਾ ਨਾਅਰਾ ਲਾ ਰਹੀ ਹੈ ਅਤੇ ਕਾਂਗਰਸ ਨੂੰ ਆਪਣਾ ਦੁਸ਼ਮਣ ਸਮਝ ਰਹੀ ਹੈ। ਇਸੇ ਕਰਕੇ ਮੋਦੀ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲੇ ਅੰਦੋਲਨ ਮੋਦੀ ਸਰਕਾਰ ਨੇ ਸਖਤੀ ਨਾਲ ਕੁਚਲ ਦਿੱਤੇ। ਸੈਂਕੜੇ ਬੁੱਧੀਜੀਵੀ, ਪੱਤਰਕਾਰ, ਸਮਾਜੀ ਕਾਰਕੁਨ ਜੇਲ੍ਹਾਂ 'ਚ ਡੱਕੇ। ਜਦੋਂ ਮੋਦੀ ਸਰਕਾਰ ਬਣੀ, ਉਸ ਨੇ ਖੱਬੀ ਵਿਚਾਰਧਾਰਾ ਵਾਲੇ ਲੋਕਾਂ ਨੂੰ ਦੁਸ਼ਮਣਾਂ ਦੀ ਸ਼੍ਰੇਣੀ 'ਚ ਰੱਖ ਲਿਆ। ਉਂਝ ਜਿਵੇਂ ਕਾਂਗਰਸ ਦੇ ਦੌਰ ਵਿੱਚ ਸੰਘੀਆਂ ਨੂੰ ਦੇਸ਼ ਦੇ ਦੁਸ਼ਮਣ ਕਹਿਣਾ ਗਲਤ ਸੀ, ਅੱਜ ਖੱਬੀਆਂ ਧਿਰਾਂ ਅਤੇ ਵਿਦਿਆਰਥੀਆਂ ਨੂੰ ਦਿਮਾਗੀ ਨਕਸਲ ਕਹਿਣਾ ਵੀ ਗਲਤ ਹੈ।

ਪਿਛਲੇ 12-14 ਸਾਲਾਂ ਦੌਰਾਨ ਦੇਸ਼ ਵਿੱਚ ਹੋਏ ਜਨ-ਅੰਦੋਲਨਾਂ ਪ੍ਰਤੀ ਕੇਂਦਰ ਸਰਕਾਰ ਦਾ ਰਵੱਈਆ ਇਸੇ ਅਸਹਿਮਤੀ ਨੂੰ ਕੁਚਲਣ ਦੀ ਨੀਤੀ ਦਾ ਪ੍ਰਤੱਖ ਪ੍ਰਮਾਣ ਹੈ। ਇਤਿਹਾਸਕ ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਦੀਆਂ ਸਰਹੱਦਾਂ 'ਤੇ ਚੱਲੇ ਸ਼ਾਂਤਮਈ ਕਿਸਾਨ ਅੰਦੋਲਨ ਨੂੰ 'ਅੰਦੋਲਨਜੀਵੀ' ਅਤੇ 'ਦੇਸ਼-ਵਿਰੋਧੀ' ਕਹਿ ਕੇ ਭੰਡਿਆ ਗਿਆ। ਨਾਗਰਿਕਤਾ ਕਾਨੂੰਨ (ਸੀ ਏ ਏ) ਦੇ ਵਿਰੋਧ ਵਿੱਚ ਸ਼ਾਹੀਨ ਬਾਗ਼ ਵਿਖੇ ਔਰਤਾਂ ਦੁਆਰਾ ਕੀਤੇ ਗਏ ਪੁਰਅਮਨ ਪ੍ਰਦਰਸ਼ਨਾਂ ਨੂੰ ਫਿਰਕੂ ਰੰਗਤ ਦੇ ਕੇ ਦਬਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਤੋਂ ਵੀ ਅੱਗੇ, ਅਸਹਿਮਤੀ ਦੀ ਆਵਾਜ਼ ਚੁੱਕਣ ਵਾਲੇ ਬੁੱਧੀਜੀਵੀ, ਲੇਖਕਾਂ ਅਤੇ ਪੱਤਰਕਾਰਾਂ 'ਤੇ ਸਖ਼ਤ ਕਾਨੂੰਨਾਂ (ਜਿਵੇਂ ਯੂ ਏ ਪੀ ਏ) ਤਹਿਤ ਮਾਮਲੇ ਦਰਜ ਕਰਕੇ ਉਨ੍ਹਾਂ ਨੂੰ ਸਾਲਾਂਬੱਧੀ ਜੇਲ੍ਹਾਂ ਵਿੱਚ ਬੰਦ ਰੱਖਿਆ ਗਿਆ, ਜਿਨ੍ਹਾਂ ਵਿੱਚ ਵਰਵਰਾ ਰਾਓ, ਸੁਧਾ ਭਾਰਦਵਾਜ, ਗੌਤਮ ਨਵਲਖਾ ਅਤੇ ਫਾਦਰ ਸਟੈਨ ਸਵਾਮੀ (ਜਿਨ੍ਹਾਂ ਦੀ ਹਿਰਾਸਤ ਦੌਰਾਨ ਮੌਤ ਹੋ ਗਈ) ਵਰਗੇ ਨਾਂਅ ਸ਼ਾਮਲ ਹਨ। ਇਸ ਤੋਂ ਇਲਾਵਾ ਗੌਰੀ ਲੰਕੇਸ਼, ਐੱਮ ਐੱਮ ਕਲਬੁਰਗੀ ਅਤੇ ਗੋਬਿੰਦ ਪਾਨਸਰੇ ਵਰਗੇ ਸੁਤੰਤਰ ਵਿਚਾਰਵਾਨਾਂ ਦੀਆਂ ਹੱਤਿਆਵਾਂ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਦੇਸ਼ ਵਿੱਚ ਵੱਖਰੀ ਰਾਇ ਜਾਂ ਅਸਹਿਮਤੀ ਰੱਖਣ ਵਾਲਿਆਂ ਲਈ ਘੇਰਾ ਕਿੰਨਾ ਤੰਗ ਕੀਤਾ ਜਾ ਰਿਹਾ ਹੈ।

ਸਾਡਾ ਦੇਸ਼ ਭਾਰਤ ਲੋਕਤੰਤਰਿਕ ਹੈ, ਬਹੁ-ਧਰਮੀ ਦੇਸ਼ ਹੈ, ਬਹੁ-ਭਾਸ਼ਾਈ ਦੇਸ਼ ਹੈ। ਸਾਡੇ ਸੰਵਿਧਾਨ ਵਿੱਚ ਰਾਸ਼ਟਰੀ ਪ੍ਰਤੀਕਾਂ ਨੂੰ ਸਹਿਮਤੀ ਨਾਲ ਪ੍ਰਭਾਸ਼ਿਤ ਕੀਤਾ ਗਿਆ ਹੈ, ਪਰ ਪ੍ਰਤੀਕਾਤਮਕ ਜਾਂ ਸਿਆਸੀ ਅਸਹਿਮਤੀ ਰੱਖਣ ਵਾਲੇ ਲੋਕਾਂ ਖ਼ਿਲਾਫ਼ ਇਹੋ ਜਿਹੇ ਕਾਨੂੰਨ ਨੂੰ ਵਰਤਣਾ ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਉਤੇ ਸਿੱਧਾ ਹਮਲਾ ਹੈ। ਮੌਜੂਦਾ ਸੱਤਾਧਾਰੀ ਧਿਰ ਦੇ ਮੁੱਖ ਹਾਕਮਾਂ ਵੱਲੋਂ ਦੇਸ਼ ਵਿੱਚ ਜਿਸ ਢੰਗ ਨਾਲ ਅਸਹਿਮਤੀ ਵਾਲੇ ਵਿਚਾਰਾਂ ਵਾਲੇ ਲੋਕਾਂ ਨੂੰ ਨੁੱਕਰੇ ਲਾਉਣ ਦਾ ਵਰਤਾਰਾ ਜਾਰੀ ਹੈ, ਉਹ ਦੇਸ਼ ਹਿੱਤ ਵਿੱਚ ਨਹੀਂ।

ਅੱਜ ਜਦੋਂ ਭਾਰਤ ਵਿੱਚ ਨੌਜਵਾਨਾਂ ਦਾ ਭਰੋਸਾ ਹਾਕਮਾਂ ਤੋਂ ਪੂਰੀ ਤਰ੍ਹਾਂ ਲਹੂ-ਲੁਹਾਨ ਹੋ ਚੁੱਕਾ ਹੈ, ਕਿਉਂਕਿ ਉਨ੍ਹਾਂ ਦਾ ਭਵਿੱਖ ਦਾਅ 'ਤੇ ਲੱਗਾ ਹੋਇਆ ਹੈ, ਉਦੋਂ ਉਨ੍ਹਾਂ ਦੇ ਦਰਦ ਅਤੇ ਸੰਤਾਪ ਨੂੰ ਗੰਭੀਰਤਾ ਨਾਲ ਸਮਝਣ ਦੀ ਲੋੜ ਸੀ, ਪਰ ਇਸ ਦੇ ਉਲਟ ਨੌਜਵਾਨਾਂ ਨੂੰ 'ਸਕੂਲ ਠੀਕ ਕਰੋ' ਅਭਿਆਨ ਲਾਗੂ ਕਰਨ ਲਈ 'ਦਿਮਾਗੀ ਨਕਸਲੀ' ਕਰਾਰ ਦਿੱਤਾ ਜਾ ਰਿਹਾ ਹੈ।ਪ੍ਰਧਾਨ ਮੰਤਰੀ ਤਾਂ ਹੁਣ ਉਨ੍ਹਾਂ ਸਾਰੇ ਅਸਹਿਮਤੀ ਰੱਖਣ ਵਾਲੇ ਲੋਕਾਂ, ਵਿਦਿਆਰਥੀਆਂ, ਅਧਿਆਪਕਾਂ ਅਤੇ ਬੁੱਧੀਜੀਵੀਆਂ ਨੂੰ 'ਦਿਮਾਗੀ ਨਕਸਲ' ਕਹਿਣ ਲੱਗ ਪਏ ਹਨ। ਇਹ ਵਰਤਾਰਾ ਨਾ ਕੇਵਲ ਨੌਜਵਾਨਾਂ ਦੇ ਮਨੋਬਲ ਨੂੰ ਤੋੜਦਾ ਹੈ, ਸਗੋਂ ਲੋਕਤੰਤਰੀ ਪ੍ਰਕਿਰਿਆ ਤੋਂ ਉਨ੍ਹਾਂ ਦਾ ਵਿਸ਼ਵਾਸ ਹੀ ਪੂਰੀ ਤਰ੍ਹਾਂ ਖ਼ਤਮ ਕਰ ਦਿੰਦਾ ਹੈ।

ਸੰਵਿਧਾਨ ਦੇਸ਼ ਦੇ ਨਾਗਰਿਕਾਂ ਨੂੰ ਜਿਊਣ ਦਾ ਹੱਕ ਦਿੰਦਾ ਹੈ, ਵਿਚਾਰਾਂ ਦੇ ਆਧਾਰ ਉੱਤੇ ਜਿਊਣ ਦਾ ਹੱਕ ਦਿੰਦਾ ਹੈ। ਜੇਕਰ ਕੋਈ ਸੱਤਾ ਪ੍ਰਤੀ, ਉਨ੍ਹਾਂ ਦੀਆਂ ਨੀਤੀਆਂ ਪ੍ਰਤੀ ਅਸਹਿਮਤੀ ਪ੍ਰਗਟ ਕਰਦਾ ਹੈ, ਤਾਂ ਉਹ ਦੇਸ਼-ਧ੍ਰੋਹੀ ਕਿਵੇਂ ਹੋਇਆ? ਉਹ ਦੇਸ਼ ਦਾ ਦੁਸ਼ਮਣ ਕਿਵੇਂ ਹੋਇਆ? ਭਾਵੇਂ ਉਹ ਹਿੰਦੂ ਹੈ, ਸਿੱਖ ਹੈ, ਮੁਸਲਿਮ ਹੈ, ਈਸਾਈ ਹੈ-ਉਹ ਤਾਂ ਭਾਰਤ ਦਾ ਬਸ਼ਿੰਦਾ ਹੈ। ਕਿਸੇ ਦੀ ਦੇਸ਼ ਭਗਤੀ ਦਾ ਪੈਮਾਨਾ ਸੱਤਾਧਾਰੀ ਧਿਰ ਦੀ ਹਾਂ ਵਿੱਚ ਹਾਂ ਮਿਲਾਉਣਾ ਨਹੀਂ ਹੋ ਸਕਦਾ। ਜੇਕਰ ਸਰਕਾਰ ਆਪਣੀਆਂ ਨਾਕਾਮੀਆਂ ਲੁਕਾਉਣ ਲਈ ਨੌਜਵਾਨਾਂ ਉਤੇ ਦੇਸ਼-ਧ੍ਰੋਹ ਦੇ ਲੇਬਲ ਲਗਾਏਗੀ, ਤਾਂ ਅਸਹਿਮਤੀ ਦੇ ਅਧਿਕਾਰ ਨੂੰ ਕਾਨੂੰਨ ਦੀਆਂ ਜ਼ੰਜੀਰਾਂ ਵਿੱਚ ਜਕੜ ਕੇ ਕਿਸੇ ਵੀ ਦੇਸ਼ ਨੂੰ ਮਜ਼ਬੂਤ ਅਤੇ ਬੁਲੰਦ ਨਹੀਂ ਬਣਾਇਆ ਜਾ ਸਕਦਾ।

# ਸੰਪਰਕ : 98158-02070

# ਅਨੋਖਾ ਜਵਾਬ

ਡਾ. ਹਰਲੀਨ ਕੌਰ

ਕੱਲ੍ਹ ਇੱਕ ਵਿਦਿਆਰਥੀ ਦਾ ਫ਼ੋਨ ਆਇਆ। ਉਸ ਨੇ ਬਹੁਤ ਹੀ ਪ੍ਰੇਸ਼ਾਨੀ ਪਰ ਮਾਸੂਮੀਅਤ ਲਹਿਜ਼ੇ 'ਚ ਪੁੱਛਿਆ, ਮੈਡਮ ! ਗਰਮੀ ਬਹੁਤ ਹੈ, ਪੜ੍ਹਿਆ ਹੀ ਨਹੀਂ ਜਾਂਦਾ। ਮਨ ਜਲਦੀ ਸਫ਼ਲ ਹੋਣਾ ਤਾਂ ਲੋਚਦੈ, ਪਰ ਹਮੇਸ਼ਾ ਭਟਕਦਾ ਰਹਿੰਦਾ ਹੈ। ਗ਼ੁਰਬਤ, ਦੋਸਤਾਂ ਦੇ ਵਿਖਾਵੇਬਾਜ਼ੀ ਦੇ ਸੰਦੇਸ਼, ਵਟਸਐਪ, ਇੰਸਟਾਗ੍ਰਾਮ 'ਤੇ ਆਉਣ ਵਾਲੀਆਂ ਤਸਵੀਰਾਂ, ਮਹਿੰਗੇ ਮੋਬਾਇਲ ਫ਼ੋਨ ਅਤੇ ਬੁਲੇਟ ਮੋਟਰਸਾਈਕਲ ਦੇ ਸੁਪਨੇ ਪੜ੍ਹਾਈ ਵਿੱਚ ਧਿਆਨ ਹੀ ਨਹੀਂ ਲੱਗਣ ਦਿੰਦੇ।

'ਦੱਸੋ ਮੈਂ ਕੀ ਕਰਾਂ?' ਮੈਂ ਉਸ ਦੀ ਦੁਬਿਧਾ ਨੂੰ ਸਮਝਣ ਲਈ ਕੁਝ ਪਲ ਚੁੱਪ ਰਹੀ ਅਤੇ ਫਿਰ ਉਸ ਨੂੰ ਕਿਹਾ, 'ਬੇਟਾ! ਇਹ ਤਾਂ ਮੈਨੂੰ ਨਹੀਂ ਪਤਾ ਕਿ ਤੂੰ ਕਿਵੇਂ ਪੜ੍ਹਦਾ ਹੈਂ ਅਤੇ ਕਿਸ ਤਰੀਕੇ ਨਾਲ ਤੈਨੂੰ ਚੀਜ਼ਾਂ ਜਲਦੀ ਸਮਝ ਆਉਂਦੀਆਂ ਹਨ, ਪਰ ਜੇ ਤੂੰ ਸੱਚਮੁੱਚ ਆਪਣੀ ਜ਼ਿੰਦਗੀ ਵਿੱਚ ਕੁਝ ਵੱਡਾ ਕਰਨਾ ਚਾਹੁੰਦਾ ਹੈਂ, ਤਾਂ ਮੈਂ ਤੈਨੂੰ ਦੋ ਅਜਿਹੀਆਂ ਸ਼ਖ਼ਸੀਅਤਾਂ ਬਾਰੇ ਦੱਸਣਾ ਚਾਹਾਂਗੀ, ਜਿਨ੍ਹਾਂ ਦੀ ਜ਼ਿੰਦਗੀ ਸਾਨੂੰ ਇਹ ਸਿਖਾਉਂਦੀ ਹੈ ਕਿ ਸਫ਼ਲਤਾ ਸਹੂਲਤਾਂ ਨਾਲ ਨਹੀਂ, ਸਗੋਂ ਦ੍ਰਿੜ੍ਹ ਇਰਾਦਿਆਂ ਨਾਲ ਮਿਲਦੀ ਹੈ।' ਪਹਿਲੀ ਸ਼ਖ਼ਸੀਅਤ ਹਨ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ। ਉਨ੍ਹਾ ਦਾ ਜਨਮ ਅੱਜ ਤੋਂ ਲਗਭਗ 135 ਸਾਲ ਪਹਿਲਾਂ ਅਜਿਹੇ ਸਮਾਜ ਵਿੱਚ ਹੋਇਆ, ਜਿੱਥੇ ਛੂਤਛਾਤ ਆਪਣੇ ਸਿਖਰ 'ਤੇ ਸੀ। ਉਨ੍ਹਾ ਨੂੰ ਸਕੂਲ ਵਿੱਚ ਬਰਾਬਰੀ ਦਾ ਦਰਜਾ ਨਹੀਂ ਮਿਲਦਾ ਸੀ। ਪਾਣੀ ਤੱਕ ਪੀਣ ਲਈ ਦੂਜਿਆਂ 'ਤੇ ਨਿਰਭਰ ਰਹਿਣਾ ਪੈਂਦਾ ਸੀ। ਸਮਾਜਿਕ ਅਪਮਾਨ, ਗ਼ਰੀਬੀ ਅਤੇ ਅਣਗਿਣਤ ਰੁਕਾਵਟਾਂ ਦੇ ਬਾਵਜੂਦ ਉਨ੍ਹਾ ਕਦੇ ਪੜ੍ਹਾਈ ਨਹੀਂ ਛੱਡੀ। ਇੱਕ ਛੋਟੇ ਜਿਹੇ ਕਮਰੇ ਵਿੱਚ, ਜਿੱਥੇ ਸਮਾਨ ਦੇ ਨਾਲ ਪੂਰਾ ਪਰਵਾਰ ਰਹਿੰਦਾ ਸੀ, ਬਿਨਾਂ ਬਿਜਲੀ ਅਤੇ ਆਧੁਨਿਕ ਸਹੂਲਤਾਂ ਦੇ, ਦੀਵੇ ਦੀ ਮੱਧਮ ਰੌਸ਼ਨੀ ਹੇਠ ਘੰਟਿਆਂਬੱਧੀ ਪੜ੍ਹਦੇ ਸਨ। ਉਨ੍ਹਾਂ ਦੀ ਲਗਨ ਅਤੇ ਵਿਦਵਤਾ ਦਾ ਹੀ ਇਹ ਨਤੀਜਾ ਹੈ ਕਿ ਅੱਜ ਪੂਰਾ ਸੰਸਾਰ ਉਨ੍ਹਾ ਨੂੰ ਗਿਆਨ ਦੇ ਪ੍ਰਤੀਕ ਵਜੋਂ ਸਤਿਕਾਰਦਾ ਹੈ।ਮੈਂ ਵਿਦਿਆਰਥੀ ਨੂੰ ਪੁੱਛਿਆ, 'ਕੀ ਤੇਰੇ ਕੋਲ ਡਾ. ਅੰਬੇਡਕਰ ਵਰਗਾ ਜਜ਼ਬਾ ਹੈ? ਕਰ ਸਕਦੇ ਹੋ ਉਹਨਾ ਵਾਂਗ ਮਿਹਨਤ।'ਫਿਰ ਮੈਂ ਦੂਜੀ ਸ਼ਖ਼ਸੀਅਤ ਦਾ ਜ਼ਿਕਰ ਕੀਤਾ, ਅਬਰਾਹਮ ਲਿੰਕਨ। ਉਨ੍ਹਾ ਦਾ ਜੀਵਨ ਵੀ ਗ਼ਰੀਬੀ ਵਿੱਚੋਂ ਸ਼ੁਰੂ ਹੋਇਆ। ਦਿਨ ਭਰ ਆਪਣੇ ਪਿਤਾ ਨਾਲ ਖੇਤਾਂ ਵਿੱਚ ਮਿਹਨਤ ਕਰਦੇ ਅਤੇ ਸ਼ਾਮ ਨੂੰ ਜਦੋਂ ਘਰ ਵਿੱਚ ਰੌਸ਼ਨੀ ਦਾ ਕੋਈ ਪ੍ਰਬੰਧ ਨਹੀਂ ਹੁੰਦਾ ਸੀ ਤਾਂ ਗਲੀ ਵਿੱਚ ਲੱਗੇ ਦੀਵਿਆਂ ਹੇਠ ਬੈਠ ਕੇ ਦੇਰ ਰਾਤ ਤੱਕ ਪੜ੍ਹਦੇ ਰਹਿੰਦੇ। ਉਨ੍ਹਾ ਕੋਲ ਨਾ ਮਹਿੰਗੀਆਂ ਕਿਤਾਬਾਂ ਸਨ, ਨਾ ਕੋਚਿੰਗ ਸੈਂਟਰ, ਨਾ ਇੰਟਰਨੈੱਟ ਅਤੇ ਨਾ ਹੀ ਏਅਰ ਕੰਡੀਸ਼ਨਰ। ਫਿਰ ਵੀ ਉਨ੍ਹਾ ਹਿੰਮਤ ਨਹੀਂ ਹਾਰੀ ਅਤੇ ਆਖ਼ਰਕਾਰ ਅਮਰੀਕਾ ਦੇ ਰਾਸ਼ਟਰਪਤੀ ਬਣੇ।

ਮੈਂ ਫਿਰ ਪੁੱਛਿਆ, 'ਕੀ ਅਸੀਂ ਉਨ੍ਹਾ ਜਿੰਨੀ ਮਿਹਨਤ ਕਰਨ ਲਈ ਤਿਆਰ ਹਾਂ ਜਾਂ ਸਾਡੀਆਂ ਮੁਸ਼ਕਿਲਾਂ ਸਿਰਫ਼ ਗਰਮੀ, ਮੋਬਾਇਲ ਅਤੇ ਸੋਸ਼ਲ ਮੀਡੀਆ ਤੱਕ ਹੀ ਸੀਮਿਤ ਹਨ? ਅੱਜ ਦੇ ਸਮੇਂ ਵਿੱਚ ਵੀ ਅਜਿਹੀਆਂ ਅਣਗਿਣਤ ਮਿਸਾਲਾਂ ਹਨ। ਹਰ ਸਾਲ ਯੂ ਪੀ ਐੱਸ ਸੀ, ਨੀਟ, ਜੇ ਈ ਈ ਅਤੇ ਹੋਰ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇ ਨਤੀਜੇ ਸਾਨੂੰ ਇਹ ਦੱਸਦੇ ਹਨ ਕਿ ਸਫ਼ਲਤਾ ਸਿਰਫ਼ ਅਮੀਰਾਂ ਦੀ ਜਾਇਦਾਦ ਨਹੀਂ। ਬਹੁਤ ਸਾਰੇ ਵਿਦਿਆਰਥੀ ਅਜਿਹੇ ਪਰਵਾਰਾਂ ਵਿੱਚੋਂ ਆਉਂਦੇ ਹਨ, ਜਿੱਥੇ ਦੋ ਵਕਤ ਦੀ ਰੋਟੀ ਵੀ ਮੁਸ਼ਕਿਲ ਨਾਲ ਮਿਲਦੀ ਹੈ। ਕੋਈ ਪੜ੍ਹਾਈ ਦੇ ਖਰਚੇ ਲਈ ਖੇਤਾਂ ਵਿੱਚ ਮਿਹਨਤ ਕਰਦਾ ਹੈ, ਕੋਈ ਚਾਹ ਦੀ ਦੁਕਾਨ 'ਤੇ ਕੰਮ ਕਰਦਾ ਹੈ, ਕੋਈ ਘਰਾਂ ਵਿੱਚ ਮਜ਼ਦੂਰੀ ਕਰਕੇ ਆਪਣੀ ਪੜ੍ਹਾਈ ਜਾਰੀ ਰੱਖਦਾ ਹੈ। ਉਨ੍ਹਾਂ ਦੀਆਂ ਅੱਖਾਂ ਵਿੱਚ ਇੱਕ ਸੁਪਨਾ ਹੁੰਦਾ ਹੈ ਅਤੇ ਦਿਲ ਵਿੱਚ ਇੱਕ ਅਟੱਲ ਵਿਸ਼ਵਾਸ ਕਿ ਮਿਹਨਤ ਕਦੇ ਵਿਅਰਥ ਨਹੀਂ ਜਾਂਦੀ। ਜਦੋਂ ਉਹ ਆਪਣੀ ਮੰਜ਼ਲ ਤੱਕ ਪਹੁੰਚਦੇ ਹਨ ਤਾਂ ਉਹੀ ਸਮਾਜ, ਜੋ ਕਦੇ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਦਾ ਸੀ, ਉਨ੍ਹਾਂ ਦੇ ਸਵਾਗਤ ਲਈ ਪਲਕਾਂ ਵਿਛਾ ਦਿੰਦਾ ਹੈ।

ਅਸਲ ਵਿੱਚ ਸਾਡੀ ਸਭ ਤੋਂ ਵੱਡੀ ਸਮੱਸਿਆ ਸਹੂਲਤਾਂ ਦੀ ਘਾਟ ਨਹੀਂ, ਸਗੋਂ ਧਿਆਨ ਦੀ ਘਾਟ ਹੈ। ਮੋਬਾਇਲ ਫ਼ੋਨ, ਸੋਸ਼ਲ ਮੀਡੀਆ ਅਤੇ ਦਿਖਾਵੇ ਦੀ ਦੌੜ ਨੇ ਸਾਡੇ ਸਮੇਂ ਨੂੰ ਖਾ ਲਿਆ ਹੈ। ਅਸੀਂ ਘੰਟਿਆਂ ਸਕਰੀਨ 'ਤੇ ਬਿਤਾ ਸਕਦੇ ਹਾਂ, ਪਰ ਕੁਝ ਮਿੰਟ ਕਿਤਾਬ ਨਾਲ ਬੈਠਣਾ ਔਖਾ ਲੱਗਦਾ ਹੈ। ਅਸੀਂ ਦੂਜਿਆਂ ਦੀ ਚਮਕਦਾਰ ਜ਼ਿੰਦਗੀ ਦੇਖਦੇ ਹਾਂ, ਪਰ ਉਨ੍ਹਾਂ ਦੀ ਸਾਲਾਂ ਦੀ ਮਿਹਨਤ ਨਹੀਂ ਦੇਖਦੇ। ਹਰ ਸਫਲ ਵਿਅਕਤੀ ਦੀ ਕਾਮਯਾਬੀ ਦੇ ਪਿੱਛੇ ਅਣਗਿਣਤ ਕੁਰਬਾਨੀਆਂ, ਅਨੁਸ਼ਾਸਨ ਅਤੇ ਲਗਾਤਾਰ ਕੀਤੀ ਮਿਹਨਤ ਲੁਕੀ ਹੁੰਦੀ ਹੈ।ਮੁਕਦੀ ਗੱਲ ਇਹ ਹੈ ਕਿ ਸਹੂਲਤਾਂ ਦੀ ਅਣਹੋਂਦ ਕਦੇ ਵੀ ਪੜ੍ਹਾਈ ਵਿੱਚ ਰੁਕਾਵਟ ਨਹੀਂ ਬਣ ਸਕਦੀ ਅਤੇ ਨਾ ਹੀ ਬਣਨੀ ਚਾਹੀਦੀ ਹੈ। ਜਿੰਨੇ ਵੀ ਸਾਧਨ ਸਾਡੇ ਕੋਲ ਹਨ, ਉਨ੍ਹਾਂ ਨਾਲ ਹੀ ਆਪਣੀ ਸਮਰੱਥਾ ਦਾ ਪੂਰਾ ਇਸਤੇਮਾਲ ਕਰਨਾ ਚਾਹੀਦਾ ਹੈ।

ਹੁਣ ਸੋਚਣਾ ਅਸੀਂ ਹੈ, ਆਪਣਾ ਅੰਦਰ ਟਟੋਲਣਾ ਹੈ ਤੇ ਆਪਣੀ ਅੰਤਰ ਆਤਮਾ ਨੂੰ ਇਮਾਨਦਾਰੀ ਨਾਲ ਸਵਾਲ ਕਰਨਾ ਹੈ 'ਕੀ ਮੇਰੇ 'ਚ ਉਨ੍ਹਾਂ ਸਫਲ ਲੋਕਾਂ ਵਾਂਗ ਪੜ੍ਹਨ, ਅੱਗੇ ਵਧਣ ਦਾ ਜਜ਼ਬਾ ਅਤੇ ਬਹਾਨੇਬਾਜ਼ੀ ਦੀ ਜਗ੍ਹਾ ਕੋਲ ਮੌਜੂਦ ਸੀਮਤ ਸਾਧਨਾਂ ਨਾਲ ਆਪਣੀ ਮੰਜ਼ਲ ਸਰ ਕਰਨ ਦੀ ਹਿੰਮਤ ਹੈ?' ਜੇ ਇਸ ਦਾ ਜਵਾਬ 'ਹਾਂ' ਹੈ, ਤਾਂ ਯਕੀਨ ਰੱਖ ਦੁਨੀਆ ਦੀ ਕੋਈ ਵੀ ਤਾਕਤ ਤੁਹਾਨੂੰ ਤੁਹਾਡੀ ਮੰਜ਼ਲ ਤੱਕ ਪਹੁੰਚਣ ਤੋਂ ਨਹੀਂ ਰੋਕ ਸਕਦੀ।ਵਿਦਿਆਰਥੀ ਨੇ 'ਹਾਂ ਜੀ' ਆਖ ਹੁੰਗਾਰਾ ਭਰਿਆ ਤੇ ਮੈਂ ਕਾਲ ਕੱਟ ਦਿੱਤੀ।

ਸੰਪਰਕ: 98723-31686

# ਜਨਰੇਸ਼ਨ-ਜ਼ੀ ਜ਼ਿੰਮੇਵਾਰ, ਜਾਣਕਾਰ ਅਤੇ ਜਾਨਦਾਰ ਜਵਾਨ



ਵਰਗਿਸ ਸਲਾਮਤ

ਭਾਰਤ ਸਰਕਾਰ ਦਾ ਇਹ ਮੌਨਸੂਨ ਸੈਸ਼ਨ ਤਾਂ ਨਾਅਰੇਬਾਜ਼ੀ ਅਤੇ ਲਾਪਤਾ ਮੰਤਰੀਆਂ ਦੀ ਭੇਟ ਚੜ੍ਹ ਗਿਆ ਅਤੇ ਲੋਕਰਾਜ ਵਿਚ ਲੋਕਾਂ ਦੇ ਪੈਸਿਆਂ ਨਾਲ ਚੱਲਣ ਵਾਲਾ ਕਰੋੜਾਂ ਦਾ ਸੈਸ਼ਨ ਖੂਹ-ਖਾਤੇ ਪੈ ਗਿਆ। ਭਾਰਤੀ ਸੰਸਦ ਦੇ ਇਤਿਹਾਸ ਵਿਚ ਸ਼ਾਇਦ ਪਹਿਲੀ ਵਾਰ ਹੋਇਆ ਕਿ 25 ਦਿਨਾਂ ਦੇ ਸੈਸ਼ਨ ਵਿਚ ਦੇਸ਼ ਦਾ ਗ੍ਰਹਿ-ਮੰਤਰੀ ਅਤੇ ਪ੍ਰਧਾਨ ਮੰਤਰੀ ਦੋਵੇਂ ਨਾ ਜਾਣ, ਪਰ ਲਗਾਤਾਰ ਸੰਸਦ ਭਵਨ ਵਿਚ ਤਾਂ ਆਉਣ, ਪਰ ਸੈਸ਼ਨ ਵਿਚ ਹਾਜ਼ਰੀ ਹੀ ਨਾ ਦੇਣ ਅਤੇ ਸਮਾਂ ਗਵਾਅ ਕੇ ਘਰ ਚਲੇ ਜਾਣ। ਠੀਕ ਉਸੇ ਤਰ੍ਹਾਂ ਲਗਦਾ ਜਿਵੇਂ ਕੋਈ ਨਾਲਾਇਕ ਕਾਮਚੋਰ ਅਤੇ ਵਿਗੜਿਆ ਵਿਦਿਆਰਥੀ ਘਰੋਂ ਤਿਆਰ-ਬਿਆਰ ਹੋ ਕੇ ਸਕੂਲ ਜਾਂ ਕਾਲਜ ਵਿਚ ਤਾਂ ਜਾਵੇ, ਪਰ ਕੋਈ ਪੀਰਿਅਡ ਨਾ ਲਗਾਵੇ, ਸਿਰਫ ਕੰਨਟੀਨ ਨੂੰ ਭਾਗ ਲਗਾਵੇ, ਮਾਂ-ਪਿਓ ਦਾ ਪੈਸਾ ਉਡਾਵੇ ਅਤੇ ਉਲਟਾ ਕਾਲਜ ਨੂੰ ਅਤੇ ਮਾਂ-ਪਿਓ ਨੂੰ ਹੀ ਅੱਖਾਂ ਵੀ ਵਿਖਾਵੇ। ਅਸਲ 'ਚ ਜੰਤਰ-ਮੰਤਰ ਦੇ ਕਾਕਰੋਚ ਜਨਤਾ ਪਾਰਟੀ, ਜੋ ਅਜੇ ਸ਼ਾਇਦ ਸਹੀ ਤਰਾਂ ਰਜਿਸਟਰਡ ਵੀ ਨਹੀ ਹੈ, ਉਸ ਦੇ ਨਾਲ ਲੋਕਾਂ ਨੇ ਇਕਮੁੱਠ ਹੋ ਕੇ 21ਜੁਲਾਈ ਦੇ ਸੰਸਦ ਮਾਰਚ ਵਾਲੇ ਅੰਦੋਲਨ ਨੇ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ। ਪਿਛਲੇ ਕੁਝ ਮਹੀਨਿਆਂ ਤੋਂ ਚਲ ਰਹੇ ਇਸ ਰੋਸ ਧਰਨੇ ਵਿਚ ਉਸ ਦੀ ਹਮਾਇਤ ਲਈ ਆਮ ਲੋਕਾਂ ਦਾ ਆਉਣਾ, ਖਾਸ ਕਰ ਨਵੀਂ ਪੀੜ੍ਹੀ ਦੇ ਜਵਾਨਾਂ ਦਾ ਆਪ-ਮੁਹਾਰੇ ਜੁੜਨਾ ਅਤੇ ਸਮਾਜ ਸੇਵੀ ਸੋਨਮ ਵਾਂਗਚੁੱਕ ਵਾਲੀ ਅਣਕਿਆਸੀ ਘਟਨਾ ਦੇ ਬਾਵਜੂਦ ਜਨਰੇਸ਼ਨ-ਜ਼ੀ ਦੇ ਹੋਸ਼, ਜੋਸ਼ ਅਤੇ ਸਬਰ ਨੇ ਗ੍ਰਹਿ-ਮੰਤਰੀ ਅਮਿਤ ਸ਼ਾਹ ਸਾਹਿਬ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਬੀ ਜੇ ਪੀ ਆਦਿ ਦੇ ਹੋਸ਼ ਅਤੇ ਜੋਸ਼ ਨੂੰ ਪਸਤ ਕਰ ਦਿੱਤਾ।

ਇਸ ਵਿਚ ਕੋਈ ਸ਼ੱਕ ਨਹੀ ਕਿ ਇਹ ਸਭ ਕੁਝ ਜਨਰੇਸ਼ਨ-ਜ਼ੀ ਨੇ ਸਿੱਖਿਆ 'ਚ ਸੁਧਾਰ ਲਈ, ਨੀਟ ਪੇਪਰ ਲੀਕ ਅਤੇ ਹੋਰ ਪ੍ਰੀਖਿਆਵਾਂ ਦੇ ਲੀਕ ਹੋਣ ਦੇ ਮੁੱਦੇ ਦੇ ਵਿਰੋਧ ਵਿਚ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਅਤੇ ਸਿਸਟਮ ਦੀ ਨਾਕਾਮੀ ਕਾਰਨ ਆਪਣੀਆਂ ਜਾਨਾਂ ਗੁਆ ਚੁੱਕੇ ਵਿਦਿਆਰਥੀਆਂ ਨੂੰ ਕੰਪਨਸ਼ੇਟ ਕਰਵਾਉਣ ਆਦਿ ਦੇ ਮੰਤਵ ਨਾਲ ਜੰਤਰ-ਮੰਤਰ ਨੂੰ ਸੜਕ-ਸੰਸਦ ਬਣਾਇਆ ਅਤੇ ਦੇਸ਼ ਨੂੰ ਇਕ ਉਸਾਰੂ ਬਹਿਸ ਵੱਲ ਮੋੜਿਆ। ਅੱਜ ਭਾਰਤ ਦੇ ਹਰ ਰਾਜਨੀਤਕ, ਸਮਾਜਿਕ,ਆਰਥਿਕ ਅਤੇ ਸਿੱਖਿਅਕ ਸੰਸਥਾਵਾਂ ਦੇ ਪਿੜਾਂ (ਗਲਿਆਰਿਆਂ) ਵਿਚ ਸ਼ੋਸ਼ਲ ਮੀਡੀਆ ਦੀ ਉੱਤਪਤੀ ਕਾਕਰੋਚ ਜਨਤਾ ਪਾਰਟੀ ਦੇ ਪਲੇਟਫਾਰਮ ਤੋਂ ਲੜੇ ਗਏ ਜਾਂ ਲੜੇ ਜਾ ਰਹੇ ਅੰਦੋਲਨ ਦੀਆਂ ਚਰਚਾਵਾਂ ਹਨ। ਮਹਿਸੂਸ ਕੀਤਾ ਜਾ ਰਿਹਾ ਹੈ ਕਿ 2020 ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਕਿਸਾਨੀ ਅੰਦੋਲਨ ਦੀ ਲਹਿਰ ਉਸਾਰੀ ਵਾਂਗ ਹੀ ਨੌਜਵਾਨਾਂ ਨੇ ਹਰ ਸਮੇਂ ਜਬਰ ਖਿਲਾਫ ਸਬਰ ਦਿਖਾਇਆ ਹੈ, ਨਫਰਤ ਦੀ ਥਾਂ ਮੁਹੱਬਤ ਦੀ ਦੁਕਾਨ ਖੋਲ੍ਹ ਕੇ ਰੱਖੀ ਹੈ, ਅਨੇਕਤਾ ਵਿਚ ਏਕਤਾ ਅਖਾੜਾ ਜਮਾ ਜੇ ਰੱਖਿਆ ਅਤੇ ਜਾਗਰੂਕਤਾ ਦੀ ਮਸ਼ਾਲ ਬਾਲ ਕੇ ਰੱਖੀ ਹੈ। ਇਕ ਵਾਰੀ ਫਿਰ ਹਿੰਦੂ-ਮੁਸਲਿਮ-ਸਿੱਖ-ਈਸਾਈ ਏਕਤਾ ਅਤੇ ਭਾਈਚਾਰੇ ਨੇ ਹਿੰਦੂ-ਮੁਸਲਿਮ ਕਰਕੇ ਫੁੱਟ ਪਾਉ ਵੱਟਸਅਪ ਯੂਨੀਵਰਸੀਟੀਆਂ ਦੇ ਗੇਟ ਬੰਦ ਕਰ ਦਿੱਤੇ ਅਤੇ ਗੋਦੀ ਮੀਡੀਆ ਦੀਆਂ ਇਕ ਪਾਸੜ ਵਾਲੀਆਂ ਖਿੜਕੀਆਂ ਖੜ-ਖੜ ਖੜਕਦੀਆਂ ਰਹੀਆਂ।

ਮਨੋਵਿਗਿਆਨ ਦੇ ਵਿਦਵਾਨ ਦੱਸਦੇ ਹਨ ਕਿ ਜੋ ਬੰਦੇ ਦੇ ਦਿਮਾਗ 'ਚ ਲਗਾਤਾਰ ਚਲ ਰਿਹਾ ਹੁੰਦਾ ਹੈ ਉਹ ਹੀ ਉਸ ਦੀ ਜ਼ਬਾਨ 'ਤੇ ਉਹ ਹੀ ਸ਼ਬਦ ਬਣ ਨਿਕਲਦੇ ਹਨ। ਹੁਣ ਭਾਵੇਂ ਮਾਣਯੋਗ ਚੀਫ ਜਸਟਿਸ ਸਾਹਿਬ ਸਫਾਈਆਂ ਦਿੰਦੇ ਕਹਿੰਦੇ ਹਨ ਕਿ ਕਾਕਰੋਚ ਵਾਲਾ ਮਾਮਲਾ ਅਤੇ ਉਹਨਾਂ ਦੇ ਅੰਦੋਲਨ ਨੂੰ ਅੰਡਰਐਸਟੀਮੇਟ ਕਰਨ ਦਾ ਮਾਮਲਾ ਮੇਰਾ ਅਤੇ ਵਿਦਿਆਰਥੀਆਂ ਦੇ ਵਿਚ ਦਾ ਮਾਮਲਾ ਹੈ, ਪਰ ਅਸਲ 'ਚ ਜੰਤਰ-ਮੰਤਰ 'ਤੇ ਹੋਏ ਤਸ਼ੱਦਦ ਦੀ ਗੰਭੀਰਤਾ ਨਾ ਸਮਝ ਕੇ ਸਮਾਂ ਨਾ ਹੋਣ ਦੀ ਬੇਸਮਝੀ ਦਾ ਮਾਮਲਾ ਹੈ, ਨਜ਼ਰ ਅੰਦਾਜ਼ੀ ਅਤੇ ਨਜ਼ਰਫੇਰੀ ਦਾ ਮਾਮਲਾ ਹੈ। ਨਾਲਦਾ ਲਾਅ ਯੂਨੀਵਰਸੀਟੀ ਦੇ 400 ਤੋਂ ਵੱਧ ਵਿਦਿਆਰਥੀਆਂ ਦਾ ਚਿੱਠੀ ਲਿਖ ਕੇ ਮਾਣਯੋਗ ਚੀਫ ਜਸਟਿਸ ਸਾਹਿਬ ਤੋਂ ਡਿਗਰੀ ਨਾ ਲੈਣਾ ਅਸਲ ਕਾਰਨ ਨੌਜਵਾਨਾਂ ਨੂੰ ਕਾਕਰੋਚ ਕਹਿਣ ਅਤੇ ਨੌਜਵਾਨਾਂ ਲਈ ਸਮਾਂ ਨਾ ਹੋਣ ਦਾ ਮਾਮਲ ਹੈ। ਇਹ ਇਕ ਸ਼ੁਰੂਆਤ ਹੈ, ਉਹਨਾਂ ਨੇਤਾਵਾਂ, ਮੰਤਰੀਆਂ ਅਤੇ ਅਫਸਰਾਂ ਦੇ ਖਿਲਾਫ, ਜੋ ਨੌਜਵਾਨਾਂ ਨੂੰ ਗੈਰਜ਼ਿੰਮੇਦਾਰ, ਭਟਕੇ ਅਤੇ ਸਿਰਫਿਰੇ ਸਮਝਦੇ ਹਨ।

ਕਮਾਲ ਦੀ ਗੱਲ ਇਹ ਹੈ ਜੰਤਰ-ਮੰਤਰ ਦੇ ਪ੍ਰੋਟੈਸਟ'ਚ ਲਾਠੀਚਾਰਜ ਕਰਦਿਆਂ ਇਕ ਪੁਲਸ ਮਹਿਲਾ ਨੌਜਵਾਨਾਂ ਨੂੰ ਲਾਠੀਆਂ ਬਰਸਾ ਰਹੀ ਹੈ, ਬਰਸਾਉਂਦੀ-ਬਰਸਾਉਂਦੀ ਉਹ ਡਿਗ ਪੈਂਦੀ ਹੈ ਤਾਂ ਅੰਦੋਲਨਕਾਰੀ ਬੱਚੀ ਉਸ ਨੂੰ ਉਠਾਉਂਦੀ ਹੈ। ਇਹ ਪੁਲਸ ਵਾਲਿਆਂ ਨੂੰ ਪਾਣੀ ਪਿਲਾਉਂਦੇ ਰਹੇ। ਜਦੋਂ ਕਿ ਉਹਨਾਂ ਮਾਰ-ਮਾਰ ਕੇ ਇਹਨਾਂ ਦਾ ਤੇਲ ਕੱਢ ਦਿੱਤਾ। ਬਰਬਰਤਾ ਦੀ ਹੱਦ ਉਸ ਵੇਲੇ ਪਾਰ ਹੋ ਗਈ, ਜਦੋਂ ਮਰਦਾਨਾ ਪੁਲਸ ਵੱਲੋਂ ਮਹਿਲਾਵਾਂ ਨੂੰ ਬੁਰੀ ਤਰਾਂ ਮਾਰਿਆ ਗਿਆ ਅਤੇ ਉਹ ਉਹਨਾਂ ਦੇ ਕੱਪੜੇ ਖਿੱਚਣ ਤੱਕ ਗਏ। ਕਿੱਲਾਂ ਅਤੇ ਬਿਜਲੀ ਦੇ ਕਰੰਟ ਵਾਲੀਆਂ ਲੱਠਾਂ ਲੋਕਾਂ ਉਤੇ ਬਰਬਰਤਾਪੂਰਨ ਬਰਸਾਈਆਂ ਗਈਆਂ। ਇਕ ਖਾਸ ਤਰਾਂ ਦੀ ਗੰਨ ਜੋ ਕਾਨੂੰਨਣ ਬੈਨ ਹੈ, ਉਸ ਦੇ ਸ਼ਰੇਆਮ ਕਈ ਲੋਕਾਂ ਨੂੰ ਬੁਰੀ ਤਰਾਂ ਜ਼ਖਮੀ ਕਰ ਗਏ। ਔਰਤਾਂ ਦੇ ਨਿੱਜੀ ਅੰਗਾਂ ਤੱਕ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ ਕੀਤੀ ਗਈ।

ਪੂਰੇ ਭਾਰਤ ਵਿਚ ਰੋਸ ਦੀ ਲਹਿਰ ਫੈਲਦੀ ਵੇਖ ਸਰਕਾਰ ਨੂੰ ਕਾਕਰੋਚਾਂ ਅੱਗੇ ਝੁਕਣਾ ਪਿਆ। ਅਸਤੀਫਾ ਲੈਣ ਦੇ ਬਾਵਜੂਦ ਅਗਲੇ ਦਿਨ ਸਦਨ ਵਿਚ ਧਰਮਿੰਦਰ ਪ੍ਰਧਾਨ ਦਾ ਸਦਨ ਵਿਚ ਫੁਲਾਂ ਨਾਲ ਸਵਾਗਤ ਕਰਕੇ ਉਸ ਨੂੰ ਕੁਰਬਾਨੀ ਦੇਣ ਵਾਲਿਆਂ ਵਾਂਗ ਪੇਸ਼ ਕੀਤਾ ਗਿਆ। ਠੀਕ ਉਸੇ ਤਰਾਂ ਜਿਵੇਂ ਬਿਲਕੀਸ ਬਾਨੋ ਦੇ ਹਤਿਆਰਿਆਂ ਨੂੰ 15 ਅਗਸਤ ਦੇ ਮੌਕੇ ਰਿਲੀਜ਼ ਕਰਕੇ ਉਹਨਾਂ ਦਾ ਸਵਾਗਤ ਕੀਤਾ ਗਿਆ ਸੀ।

ਜੋਸ਼ ਅਤੇ ਹੋਸ਼ ਦੇ ਨਾਲ ਨਾਲ ਜਨਰੇਸ਼ਨ-ਜ਼ੀ ਦੀ ਸਭ ਤੋਂ ਵੱਡੀ ਤਾਕਤ ਹੈ ਮੌਡਰਨ ਤਕਨੀਕ ਦੀ ਵਧੇਰੇ ਜਾਣਕਾਰੀ ਅਤੇ ਉਸ ਤੱਕ ਆਸਾਨ ਪਹੁੰਚ ਅਤੇ ਸਮਝ ਵੀ ਹੈ। ਜਾਣਕਾਰੀ ਦੇ ਪੱਖੋਂ ਜਨਰੇਸ਼ਨ-ਜ਼ੀ ਨੇ ਗੋਦੀ ਮੀਡੀਆ, ਮੇਨਲਾਈਨ ਮੀਡੀਆ ਅਤੇ ਬੀ ਜੇ ਪੀ ਇਨਫੋਰਮੇਸ਼ਨ ਏਜੰਸੀ ਸੈਲਾਂ ਨੂੰ ਵੀ ਪਛਾੜ ਕੇ ਰੱਖ ਦਿੱਤਾ। ਅੱਜ ਦਾ ਨੌਜਵਾਨ ਦੁਨੀਆ ਦੇ ਕਿਸੇ ਕੋਨੇ ਵਿਚ ਵਾਪਰ ਰਹੀ ਘਟਨਾ ਬਾਰੇ ਕੁਝ ਹੀ ਪਲਾਂ 'ਚ ਡਾਟਾ ਸਹਿਤ ਜਾਣਕਾਰੀ ਇੱਕਠੀ ਕਰ ਸਕਦਾ ਹੈ। ਸਿੱਖਿਆ, ਵਿਗਿਆਨ, ਟੈਕਨਾਲੋਜੀ, ਵਾਤਾਵਰਣ, ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਮਸਲਿਆਂ ਬਾਰੇ ਉਸ ਨੂੰ ਪਹਿਲਿਆਂ ਨਾਲੋਂ ਵਧੇਰੇ ਜਾਣਕਾਰੀ ਅਤੇ ਜਾਗਰੂਕਤਾ ਹੈ। ਮੈਨੂੰ ਲਗਦਾ ਇਹ ਜਨਰੇਸ਼ਨ ਜ਼ਿੰਦਗੀ ਦੇ ਬਾਕੀ ਖੇਤਰਾਂ ਵਿਚ ਵੀ ਜਿਵੇਂ ਕਲਾ, ਖੇਡਾਂ ਸਿੱਖਿਆ, ਵਿਗਿਆਨ ਅਤੇ ਉਦਯੋਗ ਦੀ ਟੈਕਨਾਲੋਜੀ ਸਮੇਤ ਹਰ ਖੇਤਰ ਵਿਚ ਅੱਗੇ ਵਧਣ ਦੀ ਸਮਰੱਥਾ ਰੱਖਦੀ ਹੈ।

ਲੋਕਤੰਤਰ ਦੀ ਖੂਬਸੂਰਤੀ ਨੂੰ ਸਮਝਣ ਵਾਲੇ ਲੋਕਾਂ ਨੂੰ, ਭਾਰਤੀ ਸੰਵਿਧਾਨ ਦੀ ਰੂਹ ਨੂੰ ਸਮਝਣ ਅਤੇ ਮਹਿਸੂਸ ਕਰਨ ਵਾਲੇ ਵਿਦਵਾਨਾਂ, ਵਿਸ਼ਲੇਸ਼ਕਾਂ ਅਤੇ ਆਪਣੇ ਘਰਾਂ ਤੋਂ ਦੂਰ ਸਰਹੱਦਾਂ 'ਤੇ ਖੜ ਕੇ ਸਾਡੀ ਰਾਖੀ ਕਰਨ ਵਾਲੇ ਜਵਾਨਾਂ ਨੂੰ ਇਕ ਖਾਸ ਤਸੱਲੀ ਇਹ ਹੋਈ ਹੈ ਕਿ ਸਾਡੀ ਇਸ ਖਾਸ ਪੀੜ੍ਹੀ ਦੀ ਅਗਵਾਈ ਨੇ ਆਪਣੇ ਸਮਰਥਨ 'ਚ ਖੜੇ ਵਡੇਰਿਆਂ ਦੀਆਂ ਸਲਾਹਾਂ ਨੂੰ ਸਿਰ ਮੱਥੇ ਰੱਖਿਆ ਅਤੇ ਨੇਪਾਲ , ਸ੍ਰੀਲੰਕਾ ਅਤੇ ਹੋਰ ਦੇਸ਼ਾ ਵਾਂਗ ਸੱਤਾ ਦਾ ਕੋਈ ਨੁਕਸਾਨ ਨਹੀ ਕੀਤਾ, ਸਗੋਂ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਜੀਵੰਤ ਰੱਖਿਆ। ਹਾਲਾਂਕਿ ਸਟੇਟ ਟੈਰਰ ਦਾ ਦਬਾਵ ਲੀਡਰਸ਼ਿਪ ਨੂੰ ਤੋੜਨ-ਮਰੋੜਨ ਦੇ ਡਰਾਉਣ, ਦਬਕਾਉਣ ਅਤੇ ਭਜਾਉਣ ਵਾਲੇ ਪੈਂਤੜੇ ਵਰਤਦਾ ਰਿਹਾ, ਪਰ ਉਹ ਇਸ ਦਹਸ਼ਤੀ ਹਨੇਰੀ ਵਿਚ ਵੀ ਡੂੰਘੀਆਂ ਜੜ੍ਹਾਂ ਵਾਲੇ ਮਜ਼ਬੂਤ ਰੁੱਖਾਂ ਵਾਂਗ ਖੜੇ ਰਹੇ।

ਦੁਨੀਆਂ ਦੇ ਇਤਿਹਾਸ ਵਿਚ ਜਿੱਥੇ-ਜਿੱਥੇ ਵੀ ਸੱਤਾ ਅਤੇ ਜਨਤਾ ਵਿਚਕਾਰ ਇਸ ਤਰਾਂ ਦੇ ਅੰਦੋਲਨ ਹੋਏ ਹਨ, ਉਸ ਵਿਚ ਇਸ ਉਮਰ ਗਰੁੱਪ ਦੇ ਲੋਕਾਂ ਨੇ ਹੀ ਅਗੇ ਆ ਕੇ ਆਪਣੀਆਂ ਜਾਨਾਂ ਦਿੱਤੀਆਂ ਹਨ। ਭਾਰਤ ਦੀ ਆਜ਼ਾਦੀ ਦੇ ਘੋਲ ਵਿਚ ਵੀ ਕਰਤਾਰ ਸਿੰਘ ਸਰਾਭਾ ਅਤੇ ਉਸ ਦੇ ਸਾਥੀ, ਭਗਤ ਸਿੰਘ ਅਤੇ ਉਸ ਦੇ ਸਾਥੀ ਅਤੇ ਊਧਮ ਸਿੰਘ ਆਦਿ ਆਪਣੇ-ਅਪਣੇ ਸਮੇਂ ਇਸ ਜਨਰੇਸ਼ਨ ਵਾਲੇ ਉਮਰ ਦੇ ਗਰੁਪ ਦੇ ਲੋਕ ਹੀ ਸਨ। ਇਸ ਅੰਦੋਲਨ ਵਿਚ ਵੀ ਅਭੀਜੀਤ ਦੀਪਕੇ, ਸੋਨਮ ਵਾਂਗਚੁੱਕ , ਸੌਰਵ ਦਾਸ, ਆਸ਼ੂਤੋਸ਼ ਰੱਕਾ, ਰਿਆ ਯਾਦਵ, ਮਨੀਸ਼ ਬ੍ਰਹਮਭੱਟ, ਰਾਹੁਲ ਪਾਂਡਿਆ ਅਤੇ ਗਰਾਮ ਕਲਾਕਾਰ ਆਦਿ ਸਾਥੀ ਮਜ਼ਬੂਤ ਇਰਾਦੇ, ਵੱਡੇ ਹੌਸਲੇ ਅਤੇ ਅਗਾਂਹਵਧੂ ਪੈੜਾਂ ਪਾਉਣ ਵਾਲੇ ਜਵਾਨ ਕਹੇ ਜਾ ਰਹੇ ਹਨ।

ਸਾਨੂੰ ਛੇਤੀ ਹੀ ਸੱਤਾ ਦੇ ਨਿਜੀ ਹਿੱਤਾਂ ਤੋਂ ਉਪਰ ਉੱਠ ਕੇ ਸਮਝ ਲੈਣਾ ਚਾਹੀਦਾ ਹੈ ਕਿ ਜਨਰੇਸ਼ਨ-ਜ਼ੀ ਦੇ ਹੱਥ ਵਿਚ ਗਿਆਨ, ਤਕਨਾਲੋਜੀ ਅਤੇ ਨਵੀਂਆਂ ਸੰਭਾਵਨਾਵਾਂ ਦੀ ਬੇਮਿਸਾਲ ਤਾਕਤ ਹੈ। ਜੇ ਜਾਣਕਾਰੀ ਉਸਦੀ ਤਾਕਤ ਹੈ ਤਾਂ ਜ਼ਿੰਮੇਵਾਰੀ ਉਸ ਦੀ ਪਹਿਚਾਨ ਹੈ। ਇਹਨਾਂ ਨੂੰ ਸਿਰਫ ਆਧੁਨਿਕ ਪੀੜ੍ਹੀ ਕਹਿਣਾ ਕਾਫੀ ਨਹੀ ਹੈ, ਇਹ ਉਹ ਹਨ, ਜੋ ਜਾਣਦੇ ਵੀ ਹਨ, ਸੋਚਦੇ ਵੀ ਹਨ, ਸਵਾਲ ਵੀ ਕਰਦੇ ਹਨ ਅਤੇ ਕੁੱਝ ਨਵਾਂ ਕਰਨ ਦਾ ਜਜ਼ਬਾ ਵੀ ਰੱਖਦੇ ਹਨ। ਸਮੇਂ ਦੀਆਂ ਸਰਕਾਰਾਂ ਨੂੰ ਇਹਨਾਂ ਨਾਲ ਟਕਰਾਉਣ ਦੀ ਨਹੀਂ, ਬਲਕਿ ਇਹਨਾਂ ਨੂੰ ਸਹੀ ਜਗ੍ਹਾ ਪਹੁੰਚਾਉਣ ਦੀ ਲੋੜ ਹੈ।

# ਸੰਪਰਕ: 98782-61522

# ਨਵੀਂ ਅਨਾਜ ਮੰਡੀ ਵਿਖੇ ਦੋ ਅਹਿਮ ਪ੍ਰੋਜੈਕਟਾਂ ਦਾ ਅਮਨ ਅਰੋੜਾ ਨੇ ਰੱਖਿਆ ਨੀਂਹ ਪੱਥਰ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਸੁਨਾਮ ਊਧਮ ਸਿੰਘ ਵਾਲਾ ਦੀ ਨਵੀਂ ਅਨਾਜ ਮੰਡੀ ਵਿਖੇ ਮੰਡੀ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਕੁੱਲ 4.31 ਕਰੋੜ ਰੁਪਏ ਦੀ ਲਾਗਤ ਵਾਲੇ ਦੋ ਅਹਿਮ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖ ਕੇ ਉਸਾਰੀ ਕਾਰਜਾਂ ਦੀ ਸ਼ੁਰੂਆਤ ਕਰਵਾਈ।ਇਸ ਮੌਕੇ 3.10 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਮਾਰਕੀਟ ਕਮੇਟੀ ਦੇ ਨਵੇਂ ਦਫ਼ਤਰ ਦੀ ਇਮਾਰਤ ਤੇ 1.21 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਆੜ੍ਹਤੀਆ-ਮਜ਼ਦੂਰ ਮੀਟਿੰਗ ਹਾਲ/ਆਰਾਮ ਘਰ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਗਿਆ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੰਡੀਆਂ ਦੇ ਬੁਨਿਆਦੀ ਢਾਂਚੇ ਨੂੰ ਆਧੁਨਿਕ ਬਣਾਉਣ ਤੇ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਸੁਨਾਮ ਦੀ ਨਵੀਂ ਅਨਾਜ ਮੰਡੀ ਵਿੱਚ ਸ਼ੁਰੂ ਕੀਤੇ ਇਹ ਦੋਵੇਂ ਪ੍ਰੋਜੈਕਟ ਮੰਡੀ ਨਾਲ ਜੁੜੇ ਵੱਖ-ਵੱਖ ਵਰਗਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਤਿਆਰ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਨਵੇਂ ਮਾਰਕੀਟ ਕਮੇਟੀ ਦਫ਼ਤਰ ਦੇ ਬਣਨ ਨਾਲ ਮੰਡੀ ਪ੍ਰਬੰਧਨ ਨਾਲ ਸਬੰਧਤ ਕੰਮਕਾਜ ਲਈ ਵਧੇਰੇ ਸੁਚੱਜੀਆਂ ਤੇ ਸੁਵਿਧਾਜਨਕ ਸਹੂਲਤਾਂ ਉਪਲਬਧ ਹੋਣਗੀਆਂ।ਇਸੇ ਤਰ੍ਹਾਂ, ਆੜ੍ਹਤੀਆਂ ਤੇ ਮਜ਼ਦੂਰਾਂ ਲਈ ਬਣਨ ਵਾਲਾ ਮੀਟਿੰਗ ਹਾਲ ਤੇ ਆਰਾਮ ਘਰ ਉਨ੍ਹਾਂ ਨੂੰ ਮੰਡੀ ਵਿੱਚ ਕੰਮਕਾਜ ਦੌਰਾਨ ਲੋੜੀਂਦੀਆਂ ਬਿਹਤਰ ਸਹੂਲਤਾਂ ਮੁਹੱਈਆ ਕਰਵਾਏਗਾ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਦੀ ਸਹੂਲਤ ਅਤੇ ਮੰਡੀ ਪ੍ਰਬੰਧ ਨੂੰ ਹੋਰ ਸੁਚਾਰੂ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਸੜਕਾਂ, ਪਾਣੀ, ਸਫ਼ਾਈ, ਬਿਜਲੀ, ਸ਼ੈੱਡਾਂ ਤੇ ਹੋਰ ਲੋੜੀਂਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।ਅਮਨ ਅਰੋੜਾ ਨੇ ਕਿਹਾ ਕਿ ਸੁਨਾਮ ਹਲਕੇ ਦੇ ਸਰਵਪੱਖੀ ਵਿਕਾਸ ਲਈ ਵਿਕਾਸ ਕਾਰਜਾਂ ਦੀ ਰਫ਼ਤਾਰ ਨੂੰ ਹੋਰ ਤੇਜ਼ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਦੀਆਂ ਲੋੜਾਂ ਅਨੁਸਾਰ ਨਵੇਂ ਪ੍ਰੋਜੈਕਟ ਲਿਆਂਦੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਵੀਂ ਅਨਾਜ ਮੰਡੀ ਦੇ ਵਿਕਾਸ ਨਾਲ ਇਲਾਕੇ ਦੇ ਕਿਸਾਨਾਂ, ਆੜ੍ਹਤੀਆਂ, ਮਜ਼ਦੂਰਾਂ ਅਤੇ ਮੰਡੀ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜੇ ਹੋਰ ਲੋਕਾਂ ਨੂੰ ਵੱਡਾ ਲਾਭ ਮਿਲੇਗਾ।ਇਸ ਤੋਂ ਪਹਿਲਾਂ ਮਾਰਕੀਟ ਕਮੇਟੀ ਦੇ ਚੇਅਰਮੈਨ ਮੁਕੇਸ਼ ਜਨੇਜਾ ਨੇ ਸਾਰੇ ਆੜ੍ਹਤੀ ਭਰਾਵਾਂ ਦਾ, ਕਿਸਾਨਾਂ, ਮਨੀਮ ਸਮੂਹ ਦਾ, ਗੱਲਾਂ ਮਜ਼ਦੂਰਾਂ ਦਾ ਤੇ ਹੋਰ ਆਏ ਸਾਰੇ ਪੰਚ ਸਰਪੰਚ, ਐਮਸੀ ਤੇ ਹਾਜ਼ਰ ਇਲਾਕਾ ਵਾਸੀਆਂ ਦਾ ਸਵਾਗਤ ਕੀਤਾ ਤੇ ਕੈਬਨਟ ਮੰਤਰੀ ਅਮਨ ਅਰੋੜਾ ਦੇ ਵਿਕਾਸ ਕਾਰਜਾਂ ਦੇ ਉਪਰਾਲਿਆਂ ਦੇ ਲਈ ਧੰਨਵਾਦ ਕੀਤਾ।

## ਖੇਤੀ ਮੋਟਰਾਂ ਦੇ ਟਰਾਂਸਫਾਰਮਰ ਤੇ ਕੇਬਲਾਂ ਚੋਰੀ ਕਰਨ ਆਇਆ ਗਰੋਹ ਟਰੱਕ ਤੇ ਕਾਰ ਛੱਡ ਕੇ ਫਰਾਰ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਤਖਤੂਪੁਰਾ ਸਾਹਿਬ ਵਿਖੇ ਇੱਕ ਕਿਸਾਨ ਦੇ ਖੇਤ ਵਿੱਚ ਰਾਤ ਸਮੇਂ ਇੱਕ ਗੱਡੀ ਤੇ ਟਰੱਕ ਰਾਹੀਂ ਕਿਸਾਨ ਦੇ ਖੇਤੀ ਟਰਾਂਸਫਾਰਮਰ ਤੇ ਤਾਰਾਂ ਚੋਰੀ ਕੀਤੇ ਜਾਣ ਦੀ ਅਸਫਲ ਘਟਨਾ ਤੋਂ ਬਾਅਦ ਲੋਕਾਂ ਨੂੰ ਪਤਾ ਲੱਗਣ 'ਤੇ ਚੋਰ ਟਰੱਕ ਤੇ ਕਾਰ ਨੂੰ ਛੱਡ ਕੇ ਫਰਾਰ ਹੋ ਗਏ। ਪੀੜਤ ਕਿਸਾਨ ਹਰਜਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਸੇਖੋਂ ਨੇ ਦੱਸਿਆ ਕਿ ਉਸ ਨੂੰ ਗੁਰਦੇਵ ਸਿੰਘ ਵਾਸੀ ਤਖਤੂਪੁਰਾ ਨੇ ਫੋਨ ਕਰਕੇ ਦੱਸਿਆ ਕਿ ਤੇਰੀ ਮੋਟਰ ਲਈ ਹੋਈ ਹੈ ਲੰਘੀ ਰਾਤ ਚੋਰ ਗਰੋਹ ਵੱਲੋਂ ਉਸ ਦਾ ਟਰਾਂਸਫਾਰਮਰ ਤੇ ਮਹਿੰਗੀਆਂ ਕੇਬਲ ਤਾਰਾਂ ਚੋਰੀ ਕਰਨ ਲਈ ਇੱਕ ਗੱਡੀ ਤੇ ਟਰੱਕ ਰਾਹੀਂ ਤਿਆਰੀ ਕੀਤੀ ਤਾਂ ਉਨ੍ਹਾਂ ਤੇ ਧਾਵਾ ਬੋਲਿਆ, ਜਿਸ ਤੋਂ ਬਾਅਦ ਉਨ੍ਹਾਂ ਦੀ ਗੱਡੀ ਤੇ ਟਰੱਕ ਖੇਤ ਵਿੱਚ ਧਸੀ ਪਈ ਵਿੱਚ ਫਸ ਗਏ, ਜਿਸ ਨੂੰ ਉਨ੍ਹਾਂ ਨੇ ਕੱਢਣ ਦੀ ਅਸਫਲ ਕੋਸ਼ਿਸ਼ ਕੀਤੀ, ਪਰ ਕਾਮਯਾਬ ਨਹੀਂ ਹੋ ਸਕੇ, ਜਿਸ ਤੋਂ ਬਾਅਦ ਉਹ ਦੋਨੋਂ ਵਹੀਕਲ ਉਥੋਂ ਛੱਡ ਕੇ ਫਰਾਰ ਹੋ ਗਏ। ਪੁਲਸ ਚੌਂਕੀ ਬਿਲਾਸਪੁਰ ਨੇ ਚੌਂਕੀ ਇੰਚਾਰਜ ਜਸਵੰਤ ਸਿੰਘ ਸਰਾਂ ਦੀ ਅਗਵਾਈ ਵਿੱਚ ਘਟਨਾ ਦੀ ਡੂੰਘਾਈ ਨਾਲ ਪੜਤਾਲ ਕਰਦੇ ਹੋਏ ਤਿੰਨ ਵਿਅਕਤੀਆਂ ਨੂੰ ਨਾਮਜ਼ਦ ਕਰਦਿਆਂ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਚੌਕੀ ਇੰਚਾਰਜ ਜਸਵੰਤ ਸਿੰਘ ਸਰਾਂ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਲਵਪ੍ਰੀਤ ਸਿੰਘ ਪੁੱਤਰ ਆਤਮਾ ਸਿੰਘ ਵਾਸੀ ਅਲਕੜਾ, ਜਸਦੀਪ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਘੱਟੇ, ਵਕੀਲ ਸਿੰਘ ਪੁੱਤਰ ਗੁਰਤੇਜ ਸਿੰਘ ਵਾਸੀ ਗੰਨਿਆਵਾਂ ਨੂੰ ਨਾਮਜ਼ਦ ਕੀਤਾ ਗਿਆ ਹੈ, ਜਿਨ੍ਹਾਂ ਵਿੱਚੋਂ ਲਵਪ੍ਰੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਚੌਕੀ ਇੰਚਾਰਜ ਜਸਵੰਤ ਸਿੰਘ ਸਰਾਂ ਨੇ ਦੱਸਿਆ ਕਿ ਗ੍ਰਿਫਤਾਰ ਲਵਪ੍ਰੀਤ ਸਿੰਘ ਦਾ ਪੁਲਸ ਰਿਮਾਂਡ ਹਾਸਲ ਕਰਕੇ ਉਸ ਤੋਂ ਅਗਲੇਰੀ ਪੁੱਛਗਿੱਛ ਕੀਤੀ ਜਾਵੇਗੀ। ਪਤਾ ਲੱਗਾ ਹੈ ਕਿ ਇਹ ਵੱਡਾ ਚੋਰ ਗਰੋਹ ਕਈ ਜ਼ਿਲ੍ਹਿਆਂ ਵਿੱਚ ਸਰਗਰਮ ਹੈ, ਜਿਸ 'ਤੇ ਪਹਿਲਾਂ ਵੀ ਵੱਖ ਵੱਖ ਥਾਣਿਆਂ ਵਿੱਚ ਪਰਚੇ ਦਰਜ ਹੋ ਚੁੱਕੇ ਹਨ, ਪਰ ਇਸ ਚੋਰ ਗਰੋਹ ਨੇ ਕਿਸਾਨਾਂ ਦੇ ਨੱਕ ਵਿੱਚ ਦਮ ਕੀਤਾ ਹੋਇਆ।

## ਜੂਡੋ 'ਚ ਦੇਸ਼ ਭਗਤ ਗਲੋਬਲ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ

**ਜ਼ਿਲ੍ਹਾ ਪੱਧਰ 'ਤੇ 9 ਤਮਗੇ ਜਿੱਤ ਕੇ ਸਕੂਲ ਦਾ ਨਾਂਅ ਕੀਤਾ ਰੌਸ਼ਨ : ਪ੍ਰਿੰਸੀਪਲ ਜਿੰਦਲ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾਕਟਰ ਜ਼ੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਦੇਖ ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਦੀਆਂ ਅੰਡਰ-14 ਵਰਗ ਦੀਆਂ ਵਿਦਿਆਰਥਣਾਂ ਨੇ ਜੂਡੋ ਦੇ ਜ਼ਿਲ੍ਹਾ ਪੱਧਰ ਦੇ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਮ ਰੌਸ਼ਨ ਕੀਤਾ।ਸਕੂਲ ਦੀਆਂ ਕੁੱਲ 09 ਵਿਦਿਆਰਥਣਾਂ ਨੇ ਮੁਕਾਬਲੇ ਵਿੱਚ ਭਾਗ ਲਿਆ, ਜਿਨ੍ਹਾਂ ਨੇ ਆਪਣੀ ਬੇਮਿਸਾਲ ਖੇਡ ਪ੍ਰਤਿਭਾ, ਮਿਹਨਤ ਤੇ ਦ੍ਰਿੜ੍ਹ ਇਰਾਦੇ ਦਾ ਪ੍ਰਦਰਸ਼ਨ ਕਰਦਿਆਂ 07 ਸੋਨੇ ਦੇ ਤਮਗੇ ਤੇ 02 ਕਾਂਸੀ ਦੇ ਤਮਗੇ ਜਿੱਤ ਕੇ ਸ਼ਾਨਦਾਰ ਉਪਲਬਧੀ ਹਾਸਲ ਕੀਤੀ ਤੇ ਰਾਜ ਪੱਧਰ ਤੇ ਸ਼ਮੂਲੀਅਤ ਕਰਨ ਲਈ ਆਪਣੀ ਜਗ੍ਹਾ ਪੱਕੀ ਕੀਤੀ।ਜੂਡੋ ਵਰਗੀ ਖੇਡ ਸਰੀਰਕ ਤੰਦਰੁਸਤੀ ਦੇ ਨਾਲ-ਨਾਲ ਆਤਮ-ਵਿਸ਼ਵਾਸ, ਇਕਾਗਰਤਾ, ਅਨੁਸ਼ਾਸਨ, ਸਬਰ, ਫੈਸਲਾ ਲੈਣ ਦੀ ਸਮਰੱਥਾ ਤੇ ਮੁਸ਼ਕਲ ਹਾਲਾਤਾਂ ਦਾ ਸਾਹਮਣਾ ਕਰਨ ਦੀ ਹਿੰਮਤ ਵੀ ਪੈਦਾ ਕਰਦੀ ਹੈ।ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਪ੍ਰਾਪਤ ਕੀਤੀ ਇਹ ਉਪਲਬਧੀ ਇਸ ਗੱਲ ਦਾ ਪ੍ਰਮਾਣ ਹੈ ਕਿ ਸਹੀ ਮਾਰਗਦਰਸ਼ਨ, ਲਗਨ ਤੇ ਨਿਰੰਤਰ ਅਭਿਆਸ ਨਾਲ ਵਿਦਿਆਰਥੀ ਖੇਡਾਂ ਦੇ ਖੇਤਰ ਵਿੱਚ ਵੀ ਉੱਚੀਆਂ ਮੰਜ਼ਿਲਾਂ ਹਾਸਲ ਕਰ ਸਕਦੇ ਹਨ। ਸਕੂਲ ਪ੍ਰਬੰਧਨ ਵੱਲੋਂ ਇਸ ਸ਼ਾਨਦਾਰ ਜਿੱਤ 'ਤੇ ਹਰਸੀਰਤ ਕੌਰ, ਏਂਜਲ, ਹੁਸਨਪ੍ਰੀਤ ਕੌਰ, ਸੁਖਵੀਰ ਕੌਰ, ਕਸ਼ਿਸ਼, ਜੰਨਤ ਖਾਨ, ਹਰਮਨਪ੍ਰੀਤ ਕੌਰ, ਪਰਾਂਜਲ ਤੇ ਵੰਸ਼ਕਾ ਨੂੰ ਵਧਾਈ ਦਿੰਦਿਆਂ ਕਿਹਾ ਗਿਆ ਕਿ 07 ਸੋਨੇ ਤੇ 02 ਕਾਂਸੀ ਦੇ ਤਮਗੇ ਜਿੱਤਣਾ ਸਕੂਲ ਲਈ ਬਹੁਤ ਮਾਣ ਵਾਲੀ ਗੱਲ ਹੈ।ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾਕਟਰ ਜ਼ੋਰਾ ਸਿੰਘ ਨੇ ਜੇਤੂ ਖਿਡਾਰਨਾਂ ਨੂੰ ਵਧਾਈ ਦਿੰਦਿਆਂ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਕੇ ਉੱਚ ਪੱਧਰ 'ਤੇ ਸਕੂਲ ਤੇ ਇਲਾਕੇ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ।ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਨੇ ਵੀ ਵਿਦਿਆਰਥਣਾਂ ਦੀ ਇਸ ਉਪਲਬਧੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਜੇਤੂ ਖਿਡਾਰਨਾਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ। ਪ੍ਰਿੰਸੀਪਲ ਡਾ. ਸੰਜੀਵ ਜਿੰਦਲ ਨੇ ਕਿਹਾ ਕਿ ਅੰਡਰ-14 ਜੂਡੋ ਵਿੱਚ 09 ਵਿਦਿਆਰਥਣਾਂ ਵੱਲੋਂ ਭਾਗ ਲੈ ਕੇ 07 ਸੋਨੇ ਤੇ 02 ਕਾਂਸੀ ਦੇ ਤਮਗੇ ਜਿੱਤਣਾ ਸਕੂਲ ਲਈ ਬੇਹੱਦ ਮਾਣਯੋਗ ਪ੍ਰਾਪਤੀ ਹੈ। ਉਨ੍ਹਾਂ ਨੇ ਖਿਡਾਰਨਾਂ ਦੀ ਸਖ਼ਤ ਮਿਹਨਤ, ਖੇਡ ਪ੍ਰਤੀ ਸਮਰਪਣ ਤੇ ਅਨੁਸ਼ਾਸਨ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।ਵਾਈਸ ਪ੍ਰਿੰਸੀਪਲ ਡਾ. ਪਰਮਪ੍ਰੀਤ ਕੌਰ ਨੇ ਵੀ ਜੇਤੂ ਖਿਡਾਰਨਾਂ ਨੂੰ ਵਧਾਈ ਦਿੰਦਿਆਂ ਖੇਡਾਂ ਨਾਲ ਜੁੜੇ ਸਮੂਹ ਸਟਾਫ਼ ਤੇ ਵਿਦਿਆਰਥਣਾਂ ਦੀ ਮਿਹਨਤ ਦੀ ਸ਼ਲਾਘਾ ਕੀਤੀ।

## ਕਾਤਰਾਂ

### ਹੈਰੋਇਨ ਦਾ ਸੇਵਨ ਕਰਦਾ ਗ੍ਰਿਫ਼ਤਾਰ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ ਹੈਰੋਇਨ ਦਾ ਨਸ਼ਾ ਕਰਦੇ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਐੱਸ. ਆਈ. ਮਨਦੀਪ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਕਰਦੇ ਹੋਏ ਨਹਿਰ ਦੀ ਪੱਟੜੀ ਮਿੰਡਾ ਤੋਂ ਪੀਰੇਕੇ ਉਤਾੜ ਨੂੰ ਜਾ ਰਹੇ ਸੀ ਤਾਂ ਰਸਤੇ ਵਿੱਚ ਝਾੜੀਆਂ ਵਿੱਚ ਬੈਠਾ ਇਕ ਨੌਜਵਾਨ ਵਿਅਕਤੀ ਧੂਆਂ ਅੰਦਰ ਨੂੰ ਖਿਚਦਾ ਦਿਖਾਈ ਦਿੱਤਾ, ਜਿਸ ਨੂੰ ਪੁਲਸ ਨੇ ਕਾਬੂ ਕਰਕੇ ਨਾਮ-ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਗਗਨਦੀਪ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਪੀਰੇਕੇ ਉਤਾੜ ਦੱਸਿਆ। ਪੁਲਸ ਨੇ ਇਸ ਵਿਅਕਤੀ ਪਾਸੋਂ ਇਕ ਲਾਈਟਰ, ਸਿਲਵਰ ਪੰਨੀ, ਜਿਸ 'ਤੇ ਕੁਝ ਹੈਰੋਇਨ ਜਲੀ ਹੋਈ ਤੇ ਕੁਝ ਚਿਪਕੀ ਹੋਈ, 10 ਰੁਪਏ ਦਾ ਨੋਟ ਬੀੜੀਨੁਮਾ ਬਰਾਮਦ ਹੋਇਆ। ਪੁਲਸ ਨੇ ਗਗਨਦੀਪ ਸਿੰਘ ਨੂੰ ਗ੍ਰਿਫਤਾਰ ਕਰਕੇ ਥਾਣਾ ਅਮੀਰ ਖਾਸ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

### ਖੇਡ ਮੈਦਾਨ ਨੌਜਵਾਨੀ ਨੂੰ ਨਸ਼ਿਆਂ ਤੋਂ ਦੂਰ ਰੱਖਣਗੇ : ਚੇਅਰਮੈਨ ਸੂਦ



**ਰਾਜਪੁਰਾ (ਰਮੇਸ਼ ਕਟਾਰੀਆ)**-ਭਗਵੰਤ ਮਾਨ ਦੀ ਸਰਕਾਰ ਵੱਲੋਂ ਪੰਜਾਬ ਦੇ ਪਿੰਡਾਂ ਵਿੱਚ, ਜੋ ਖੇਡ ਮੈਦਾਨ ਤੇ ਜਿੰਮ ਸਥਾਪਤ ਕੀਤੇ ਜਾ ਰਹੇ ਹਨ, ਉਹ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਦੂਰ ਕਰਕੇ ਖੇਡਾਂ ਵੱਲ ਪ੍ਰੇਰਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਰਕੀਟ ਕਮੇਟੀ ਰਾਜਪੁਰਾ ਦੇ ਸਾਬਕਾ ਚੇਅਰਮੈਨ ਦੀਪਕ ਸੂਦ ਵੱਲੋਂ ਪ੍ਰੈੱਸ ਬਿਆਨ ਜਾਰੀ ਕਰਦਿਆਂ ਕੀਤਾ ਗਿਆ।ਸ੍ਰੀ ਸੂਦ ਨੇ ਕਿਹਾ ਕਿ ਅੱਜ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣਾ ਸਭ ਤੋਂ ਵੱਡੀ ਚੁਣੌਤੀ ਹੈ ਤੇ ਭਗਵੰਤ ਮਾਨ ਸਰਕਾਰ ਨੇ ਪਿੰਡਾਂ ਤੇ ਸ਼ਹਿਰਾਂ ਵਿੱਚ ਖੇਡ ਮੈਦਾਨ ਅਤੇ ਜਿੰਮ ਸਥਾਪਤ ਕਰਨ ਦੀ ਮੁਹਿੰਮ ਚਲਾ ਕੇ ਇਸ ਪਾਸੇ ਵੱਲ ਅਹਿਮ ਕਦਮ ਚੁੱਕਿਆ ਹੈ, ਜੋ ਕਿ ਪ੍ਰਸ਼ੰਸਾਯੋਗ ਹੈ।

### ਪ੍ਰਧਾਨ ਅਸ਼ੋਕ ਬਜਾਜ ਦੀ ਭੁੱਖ ਹੜਤਾਲ ਖਤਮ

**ਮਲੋਟ (ਰਜਿੰਦਰ ਜੁਨੇਜਾ)**-ਮਲੋਟ ਸ਼ਹਿਰ ਵਿੱਚ ਸੀਵਰੇਜ ਤੇ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਲੈ ਕੇ ਪਿਛਲੇ 6 ਦਿਨਾਂ ਤੋਂ ਭੁੱਖ ਹੜਤਾਲ 'ਤੇ ਬੈਠੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਐੱਮ.ਸੀ. ਅਸ਼ੋਕ ਬਜਾਜ ਦੀ ਭੁੱਖ ਹੜਤਾਲ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਰਾਕੇਸ਼ ਕੁਮਾਰ ਵੱਲੋਂ ਸਮੱਸਿਆਵਾਂ ਦੇ ਹੱਲ ਲਈ ਦਿੱਤੇ ਭਰੋਸੇ ਮਗਰੋਂ ਸਮਾਪਤ ਹੋ ਗਈ।ਇਸ ਮੌਕੇ ਵਿਭਾਗ ਦੇ ਅਧਿਕਾਰੀਆਂ ਵੱਲੋਂ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਤਿੰਨ ਮਹੀਨਿਆਂ ਦੇ ਅੰਦਰ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ।ਇਸ ਤੋਂ ਇਲਾਵਾ ਸ਼ਹਿਰ ਵਿੱਚ ਸੀਵਰੇਜ ਦੀਆਂ ਵੱਖ-ਵੱਖ ਥਾਵਾਂ 'ਤੇ ਹੋ ਰਹੀਆਂ ਬਲਾਕੇਜ ਨੂੰ ਦੂਰ ਕਰਨ ਲਈ ਸੁਪਰ ਸਕਸ਼ਨ ਮਸ਼ੀਨਾਂ ਲਗਾ ਕੇ ਵਿਸ਼ੇਸ਼ ਸਫ਼ਾਈ ਮੁਹਿੰਮ ਚਲਾਉਣ ਦਾ ਵੀ ਭਰੋਸਾ ਦਿੱਤਾ ਗਿਆ।ਭੁੱਖ ਹੜਤਾਲ ਦੇ ਆਖਰੀ ਦਿਨ ਅਸ਼ੋਕ ਬਜਾਜ ਨਾਲ ਨੌਜਵਾਨ ਆਗੂ ਪ੍ਰੀਤ ਰਾਜਪਾਲ, ਸੋਸ਼ਲ ਮੀਡੀਆ ਕਰਮੀ ਕਰਮਜੀਤ ਸਿੰਘ ਭੋਲਾ ਪਟਵਾਰੀ ਤੇ ਪੱਪੀ ਕੁਮਾਰ ਪਰਛਾ ਵੀ ਭੁੱਖ ਹੜਤਾਲ 'ਤੇ ਬੈਠੇ।ਮੌਜੂਦ ਲੋਕਾਂ ਨੇ ਸਾਲਾਂ ਤੋਂ ਸਰਗਰਮ ਇਕ ਸਾਬਕਾ ਅਧਿਕਾਰੀ ਦੀ ਭੂਮਿਕਾ ਤੇ ਭ੍ਰਿਸ਼ਟਾਚਾਰ ਦੀ ਜਾਂਚ ਦੀ ਮੰਗ ਵੀ ਕੀਤੀ।ਬਜਾਜ ਨੇ ਕਿਹਾ ਕਿ ਜੇਕਰ ਸਮੱਸਿਆਵਾਂ ਦਾ ਨਿਰਧਾਰਤ ਸਮੇਂ ਅੰਦਰ ਹੱਲ ਨਾ ਹੋਇਆ ਤਾਂ ਲੋਕਾਂ ਦੇ ਹਿੱਤਾਂ ਲਈ ਸੰਘਰਸ਼ ਮੁੜ ਸ਼ੁਰੂ ਕੀਤਾ ਜਾਵੇਗਾ।

## ਮਾਮਲਾ ਨੇਹਾ ਦੀ ਮੌਤ ਦਾ; ਦੋਸ਼ੀ ਜਲਦ ਹੋਣਗੇ ਸਲਾਖਾਂ ਪਿੱਛੇ : ਦਲਵੀਰ ਢਿੱਲੋਂ

**ਮੁੱਖ ਮੰਤਰੀ ਤੇ ਡੀ ਜੀ ਪੀ ਖੁਦ ਲੈ ਰਹੇ ਨੇ ਪਲ-ਪਲ ਦੀ ਰਿਪੋਰਟ**



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਪੰਜਾਬ ਲਘੂ ਉਦਯੋਗ ਨਿਰਯਾਤ ਨਿਗਮ ਦੇ ਚੇਅਰਮੈਨ ਤੇ ਮੁੱਖ ਮੰਤਰੀ ਕੈਂਪਸ ਦਫ਼ਤਰ ਧੂਰੀ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ ਨੇ ਧੂਰੀ ਦੀ ਧੀ ਨੇਹਾ, ਜੋ ਕਿ ਕਰਤਾਰਪੁਰ (ਜਲੰਧਰ) ਵਿਖੇ ਵਿਆਹੀ ਹੋਈ ਸੀ, ਦੀ ਸਹੁਰੇ ਪਰਿਵਾਰ ਵੱਲੋਂ ਕਥਿਤ ਤੌਰ 'ਤੇ ਜ਼ਹਿਰੀਲਾ ਪਦਾਰਥ ਦੇ ਕੇ ਕੀਤੀ ਗਈ ਹੱਤਿਆ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਉਨ੍ਹਾਂ ਨੇ ਇਸ ਘਟਨਾ ਨੂੰ ਬੇਹੱਦ ਮੰਦਭਾਗੀ ਤੇ ਦਿਲ-ਕੰਬਾਊ ਦੱਸਦਿਆਂ ਪੀੜਤ ਪਰਵਾਰ ਨਾਲ ਦਿਲੀ ਹਮਦਰਦੀ ਦਾ ਪ੍ਰਗਟਾਵਾ ਕੀਤਾ।ਦਲਵੀਰ ਸਿੰਘ ਢਿੱਲੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸੰਵੇਦਨਸ਼ੀਲ ਮਾਮਲੇ ਨੂੰ ਪੰਜਾਬ ਸਰਕਾਰ ਵੱਲੋਂ ਬਹੁਤ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ।ਮਾਣਯੋਗ ਮੁੱਖ ਮੰਤਰੀ ਪੰਜਾਬ ਤੇ ਡੀ.ਜੀ.ਪੀ. ਸਾਹਿਬ ਖ਼ੁਦ ਇਸ ਕੇਸ ਦੀ ਪਲ-ਪਲ ਦੀ ਕਾਰਵਾਈ ਦੀ ਰਿਪੋਰਟ ਲੈ ਰਹੇ ਹਨ।ਪੁਲਸ ਪ੍ਰਸ਼ਾਸਨ ਵੱਲੋਂ ਵਰਤੀ ਗਈ ਲਾਪ੍ਰਵਾਹੀ ਦਾ ਸਖ਼ਤ ਨੋਟਿਸ ਲੈਂਦਿਆਂ ਅਣਗਹਿਲੀ ਕਰਨ ਵਾਲੇ ਸਬੰਧਤ ਐੱਸ.ਐੱਚ.ਓ. ਦੀ ਤੁਰੰਤ ਬਦਲੀ ਕਰ ਦਿੱਤੀ ਗਈ ਹੈ, ਜਦਕਿ ਮਾਮਲੇ ਦੇ ਤਫ਼ਤੀਸ਼ੀ ਅਫ਼ਸਰ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕਰਨ ਲਈ ਐੱਸ.ਐੱਸ.ਪੀ. ਦੀ ਪ੍ਰਤੱਖ ਨਿਗਰਾਨੀ ਹੇਠ ਤਿੰਨ ਵਿਸ਼ੇਸ਼ ਪੁਲਸ ਟੀਮਾਂ ਦਾ ਗਠਨ ਕੀਤਾ ਗਿਆ ਹੈ।ਇਹ ਟੀਮਾਂ ਲਗਾਤਾਰ ਛਾਪੇਮਾਰੀ ਕਰ ਰਹੀਆਂ ਹਨ ਤੇ ਬਹੁਤ ਜਲਦ ਸਾਰੇ ਦੋਸ਼ੀ ਪੁਲਸ ਦੀ ਗ੍ਰਿਫ਼ਤ ਵਿੱਚ ਹੋਣਗੇ।ਵਿਰੋਧੀ ਧਿਰਾਂ ਨੂੰ ਅਪੀਲ ਕਰਦਿਆਂ ਚੇਅਰਮੈਨ ਢਿੱਲੋਂ ਨੇ ਕਿਹਾ ਕਿ ਇਹ ਮਾਮਲਾ ਬੇਹੱਦ ਸੰਵੇਦਨਸ਼ੀਲ ਤੇ ਹਮਦਰਦੀ ਨਾਲ ਜੁੜਿਆ ਹੋਇਆ ਹੈ, ਇਸ ਲਈ ਇਸ ਦੁਖਦਾਈ ਘਟਨਾ 'ਤੇ ਕਿਸੇ ਵੀ ਤਰ੍ਹਾਂ ਦੀ ਸਿਆਸਤ ਨਹੀਂ ਕੀਤੀ ਜਾਣੀ ਚਾਹੀਦੀ।ਉਨ੍ਹਾਂ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਹਰ ਵੇਲੇ ਪੀੜਤ ਪਰਵਾਰ ਦੇ ਨਾਲ ਚੱਟਾਨ ਵਾਂਗ ਖੜ੍ਹੀ ਹੈ ਤੇ ਧੀ ਨੇਹਾ ਨੂੰ ਇਨਸਾਫ਼ ਦਿਵਾਉਣ ਲਈ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

## 27 ਦੇ ਮਹਾਂਬੰਦ ਲਈ ਕਰਮਚਾਰੀਆਂ ਦੀ ਲਾਮਬੰਦੀ ਜ਼ੋਰਾਂ 'ਤੇ

- ਵੱਖ-ਵੱਖ ਦਫ਼ਤਰਾਂ 'ਚ ਜਾ ਕੇ ਕਰਮਚਾਰੀਆਂ ਨੂੰ ਕੀਤਾ ਜਾਗਰੂਕ, ਹੜਤਾਲ 9ਵੇਂ ਦਿਨ 'ਚ ਦਾਖਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਮਨਿਸਟਰੀਅਲ ਕਰਮਚਾਰੀਆਂ ਵੱਲੋਂ ਕੀਤੀ ਜਾ ਰਹੀ ਕਲਮਛੋੜ ਹੜਤਾਲ ਅੱਜ 9ਵੇਂ ਦਿਨ ਵਿੱਚ ਦਾਖਲ ਹੋ ਚੁੱਕੀ ਹੈ।ਹੜਤਾਲ ਦੇ ਨੌਵੇਂ ਦਿਨ ਪੰਜਾਬ ਸਟੇਟ ਮਨਿਸਟਰੀਅਲ ਸਰਵਿਸਜ਼ ਯੂਨੀਅਨ ਦੇ ਆਗੂਆਂ ਵੱਲੋਂ ਵੱਖ-ਵੱਖ ਦਫ਼ਤਰਾਂ ਵਿੱਚ ਜਾ ਕੇ ਸਾਂਝਾ ਮੁਲਾਜ਼ਮ ਮੰਚ ਤੇ ਸਾਂਝੀ ਤਾਲਮੇਲ ਕਮੇਟੀ ਵੱਲੋਂ 27 ਦੀ ਮਹਾਂਬੰਦ ਸਬੰਧੀ ਮਨਿਸਟਰੀਅਲ ਕਰਚਮਾਰੀਆਂ ਨੂੰ ਜਾਗਰੂਕ ਕੀਤਾ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੀ.ਐੱਸ.ਐੱਮ.ਐੱਸ.ਯੂ. ਦੇ ਜ਼ਿਲ੍ਹਾ ਪ੍ਰਧਾਨ ਖੁਸ਼ਕਰਨਜੀਤ ਸਿੰਘ, ਜਨਰਲ ਸਕੱਤਰ ਪੁਸ਼ਪਿੰਦਰ ਸਿੰਘ ਤੇ ਡੀ. ਸੀ. ਦਫ਼ਤਰ ਕਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ 27 ਅਗਸਤ ਨੂੰ ਸੂਬੇ ਭਰ ਦੇ ਸਮੂਹ ਵਿਭਾਗਾਂ ਵਿੱਚ ਕੰਮ ਕਰਦੇ ਕਰਮਚਾਰੀ ਸਮੂਹਕ ਛੁੱਟੀ ਲੈ ਕੇ ਮਹਾਂਬੰਦ ਕਰਨਗੇ।ਉਨ੍ਹਾਂ ਕਿਹਾ ਕਿ ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਕਰਮਚਾਰੀਆਂ ਨੂੰ ਅੱਖੋਂ ਪਰੋਖੇ ਕਰ ਰਹੀ ਹੈ, ਜਿਸ ਦਾ ਕਰਮਚਾਰੀ ਵਰਗ ਵਿੱਚ ਬਹੁਤ ਜ਼ਿਆਦਾ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਂਝਾ ਮੁਲਾਜ਼ਮ ਮੰਚ ਤੇ ਸਾਂਝੀ ਐਕਸ਼ਨ ਤਾਲਮੇਲ ਕਮੇਟੀ ਵੱਲੋਂ ਜਿੱਥੇ 7 ਅਗਸਤ ਨੂੰ ਚੰਡੀਗੜ੍ਹ ਵਿਖੇ ਇਤਿਹਾਸਕ ਰੈਲੀ ਕੀਤੀ ਗਈ, ਉੱਥੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਮੰਚ ਵੱਲੋਂ 23 ਅਗਸਤ ਨੂੰ ਸਤੌਜ ਪਿੰਡ ਵਿੱਚ ਕੂਚ ਕੀਤੀ ਗਈ, ਜਿਸ ਵਿੱਚ ਹਜ਼ਾਰਾਂ ਕਰਮਚਾਰੀਆਂ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਦੀ ਮੰਗ 'ਤੇ ਜ਼ੋਰ ਦਿੱਤਾ ਗਿਆ।ਆਗੂਆਂ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਸਰਕਾਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦਾ ਨੋਟੀਫਿਕੇਸ਼ਨ ਚਾਰ ਸਾਲ ਪਹਿਲਾਂ ਕਰ ਚੁੱਕੀ ਹੈ, ਪ੍ਰੰਤੂ ਜ਼ਮੀਨੀ ਪੱਧਰ 'ਤੇ ਇਸ ਨੂੰ ਲਾਗੂ ਕਰਨ ਲਈ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ।ਆਗੂਆਂ ਨੇ ਦੱਸਿਆ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਮਹਾਂਬੰਦ ਦੌਰਾਨ ਦਫ਼ਤਰ ਡਿਪਟੀ ਕਮਿਸ਼ਨਰ ਦੇ ਸਾਹਮਣੇ ਅੰਬੇਦਕਰ ਪਾਰਕ ਵਿੱਚ ਭਰਵੀਂ ਰੈਲੀ ਕੀਤੀ ਜਾਵੇਗੀ, ਜਿਸ ਵਿੱਚ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸੈਂਕੜੇ ਸਰਕਾਰੀ ਕਰਮਚਾਰੀ ਭਾਗ ਲੈਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕਰਮਜੀਤ ਸ਼ਰਮਾ ਪ੍ਰਧਾਨ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ, ਸੁਖਵਿੰਦਰ ਸਿੰਘ ਦੋਦਾ ਜਨਰਲ ਸਕੱਤਰ ਪੀ ਐਸ ਐਸ ਐਫ, ਰਵੀ ਕੁਮਾਰ ਤੇ ਕੁਲਵਿੰਦਰ ਸਿੰਘ ਡੀ ਟੀ ਐਫ, ਪਰਮਜੀਤ ਸਿੰਘ, ਕੁਲਬੀਰ ਜੋਸ਼ੀ, ਗੌਰਮਿੰਟ ਟੀਚਰਜ਼ ਯੂਨੀਅਨ, ਬਲਵੰਤ ਸਿੰਘ ਅਟਵਾਲ, ਹਰਦੇਵ ਸਿੰਘ, ਡੀ ਸੀ ਦਫ਼ਤਰ ਤੋਂ ਗੁਰਮੀਤ ਪਾਲ ਰੀਡਰ, ਰਾਕੇਸ਼ ਕੁਮਾਰ ਸੁਪਰਡੰਟ, ਦਲਜੀਤ ਸਿੰਘ ਸੁਪਰਡੰਟ, ਜਗਪ੍ਰੀਤ ਸਿੰਘ, ਹਰਬੰਸ ਸਿੰਘ, ਬਲਰਾਜ, ਗਗਨਦੀਪ ਸਿੰਘ ਭਾਟੀਆ, ਸੰਨੀ ਕੁਮਾਰ, ਵਿਸ਼ਾਲ ਕੁਮਾਰ, ਪਰਮਜੀਤ ਸਿੰਘ, ਜਸਵੀਰ ਕੌਰ, ਰੁਪਾਲੀ, ਮੇਘਾ ਆਦਿ ਵੱਡੀ ਗਿਣਤੀ ਵਿੱਚ ਕਰਮਚਾਰੀ ਹਾਜ਼ਰ ਸਨ।

## ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਵੱਲੋਂ ਪੰਜਾਬ ਬੰਦ ਦਾ ਸਮਰਥਨ

**ਸਮੂਹਿਕ ਛੁੱਟੀ ਲੈ ਕੇ ਸਿਹਤ ਮੁਲਾਜ਼ਮ ਕਰਨਗੇ ਹੜਤਾਲ**

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਤੇ ਪੰਜਾਬ ਮੁਲਾਜ਼ਮ ਸਾਂਝਾ ਫਰੰਟ ਵੱਲੋਂ 27 ਅਗਸਤ ਨੂੰ ਦਿੱਤੇ ਗਏ ਮੁਕੰਮਲ ਬੰਦ ਦੇ ਸੱਦੇ ਨੂੰ ਸਿਹਤ ਵਿਭਾਗ ਦੇ ਮੁਲਾਜ਼ਮਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ ਹੈ। ਮਲਟੀਪਰਪਜ਼ ਹੈਲਥ ਇੰਪਲਾਈਜ਼ (ਮੇਲ-ਫੀਮੇਲ) ਯੂਨੀਅਨ ਪੰਜਾਬ ਨੇ ਇਸ ਹੜਤਾਲ ਦਾ ਪੂਰਨ ਸਮਰਥਨ ਕਰਦਿਆਂ ਸਮੂਹਿਕ ਛੁੱਟੀ ਲੈ ਕੇ ਵਿਰੋਧ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ, ਸੂਬਾ ਜਨਰਲ ਸਕੱਤਰ ਸੁਖਜਿੰਦਰ ਸਿੰਘ ਫ਼ਾਜ਼ਿਲਕਾ ਤੇ ਸੂਬਾ ਕਨਵੀਨਰ ਮਨਜੀਤ ਕੌਰ ਬਾਜਵਾ ਗੁਰਦਾਸਪੁਰ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਖ਼ਿਲਾਫ਼ ਇਹ ਕਦਮ ਚੁੱਕਣਾ ਜ਼ਰੂਰੀ ਹੋ ਗਿਆ ਸੀ। ਉਨ੍ਹਾਂ ਨਾਲ ਸੂਬਾ ਕਨਵੀਨਰ ਹਰਵਿੰਦਰ ਸਿੰਘ ਛੀਨਾ ਮੋਹਾਲੀ, ਗੁਰਦੇਵ ਸਿੰਘ ਢਿੱਲੋਂ ਅੰਮ੍ਰਿਤਸਰ, ਅਵਤਾਰ ਸਿੰਘ ਗੰਢੂਆ, ਨਰਿੰਦਰ ਸ਼ਰਮਾ ਫ਼ਿਰੋਜ਼ਪੁਰ ਤੇ ਸੁਖਜੀਤ ਸੇਖੋਂ ਮੁਕਤਸਰ ਸਾਹਿਬ ਨੇ ਵੀ ਹੜਤਾਲ ਨੂੰ ਸਫ਼ਲ ਬਣਾਉਣ ਦੀ ਅਪੀਲ ਕੀਤੀ। ਆਗੂਆਂ ਨੇ ਦੱਸਿਆ ਕਿ 27 ਅਗਸਤ ਨੂੰ ਸਿਹਤ ਵਿਭਾਗ ਦੇ ਸਮੁੱਚੇ ਕਰਮਚਾਰੀ ਸਮੂਹਿਕ ਛੁੱਟੀ 'ਤੇ ਰਹਿਣਗੇ, ਜਿਸ ਨਾਲ ਸਰਕਾਰੀ ਦਫ਼ਤਰਾਂ ਅਤੇ ਫੀਲਡ ਵਿੱਚ ਕੰਮਕਾਜ ਪੂਰੀ ਤਰ੍ਹਾਂ ਬੰਦ ਰਹੇਗਾ। ਇਸ ਵਿਰੋਧ ਪ੍ਰਦਰਸ਼ਨ ਵਿੱਚ ਰਣਦੀਪ ਸਿੰਘ ਫਤਹਿਗੜ੍ਹ ਸਾਹਿਬ, ਜਸਵਿੰਦਰ ਸਿੰਘ ਪੰਧੇਰ ਲੁਧਿਆਣਾ, ਸਵਰਨ ਸਿੰਘ ਹਠੂਰ, ਹਰਜਿੰਦਰ ਸਿੰਘ ਬਰਨਾਲਾ, ਜਗਤਾਰ ਸਿੰਘ ਪਟਿਆਲਾ ਤੇ ਹਰਜੀਤ ਸਿੰਘ ਪੋਹਵਿੰਡ ਤਰਨਤਾਰਨ ਸਮੇਤ ਹੋਰ ਜ਼ਿਲ੍ਹਾ ਆਗੂਆਂ ਨੇ ਵੀ ਸਰਗਰਮ ਸ਼ਮੂਲੀਅਤ ਦਾ ਭਰੋਸਾ ਦਿੱਤਾ ਹੈ। ਇਸ ਤੋਂ ਇਲਾਵਾ ਬਲਜਿੰਦਰ ਸਿੰਘ ਬਰਨਾਲਾ, ਨਿਗਾਹੀ ਰਾਮ ਮਲੇਰਕੋਟਲਾ, ਸੁਖਵਿੰਦਰ ਸਿੰਘ ਬਾਲੇਵਾਲ, ਦਲਜੀਤ ਸਿੰਘ ਢਿੱਲੋਂ, ਮਲਕੀਤ ਸਿੰਘ ਮਾਨਸਾ, ਰਘਵੀਰ ਸਿੰਘ ਮੁਹਾਲੀ, ਬਲਜੀਤ ਸਿੰਘ ਕਪੂਰਥਲਾ ਤੇ ਸੂਬਾ ਪ੍ਰੈੱਸ ਸਕੱਤਰ ਰਾਵਿੰਦਰ ਸ਼ਰਮਾ ਫ਼ਾਜ਼ਿਲਕਾ ਨੇ ਸਪੱਸ਼ਟ ਕੀਤਾ ਕਿ ਯੂਨੀਅਨ ਸਾਂਝੇ ਫਰੰਟ ਦੇ ਹਰ ਸੰਘਰਸ਼ ਵਿੱਚ ਡੱਟ ਕੇ ਪਹਿਰਾ ਦੇਵੇਗੀ।

## ਆਲ ਇੰਡੀਆ ਆਂਗਨਵਾੜੀ ਵਰਕਰਜ਼-ਹੈਲਪਰਜ਼ ਯੂਨੀਅਨ ਵੱਲੋਂ ਧਰਨਾ

**ਜਿੰਨੀ ਦੇਰ ਤੱਕ ਸਾਰੇ ਲਾਭ ਪਾਤਰੀਆਂ ਦਾ ਪੂਰਾ ਰਾਸ਼ਨ ਨਹੀਂ ਆਉਂਦਾ, ਕੋਈ ਵੀ ਵਰਕਰ ਰਾਸ਼ਨ ਨਹੀਂ ਲਵੇਗੀ : ਸਰੋਜ ਛੱਪੜੀ ਵਾਲਾ, ਸੁਨੀਲ ਕੌਰ ਬੇਦੀ**



**ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ/ਬਲਵਿੰਦਰ ਸਿੰਘ)**-ਆਲ ਇੰਡੀਆ ਆਂਗਨਵਾੜੀ ਵਰਕਰਜ਼-ਹੈਲਪਰਜ਼ ਯੂਨੀਅਨ (ਏਟਕ) ਜਲਾਲਾਬਾਦ ਵੱਲੋਂ ਸ਼ਹੀਦ ਊਧਮ ਸਿੰਘ ਪਾਰਕ ਵਿੱਚ ਪੰਜਾਬ ਸਰਕਾਰ ਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਦੀ ਅਗਵਾਈ ਬਲਾਕ ਪ੍ਰਧਾਨ ਬਲਵਿੰਦਰ ਕੌਰ ਮੁਹੰਮਦੇ ਵਾਲਾ ਨੇ ਕੀਤੀ। ਇਸ ਧਰਨੇ ਵਿੱਚ ਉਚੇਚੇ ਤੌਰ 'ਤੇ ਪਹੁੰਚੇ ਸੂਬਾ ਪ੍ਰਧਾਨ ਸਰੋਜ ਛੱਪੜੀ ਵਾਲਾ ਤੇ ਸੂਬਾ ਸਕੱਤਰ ਸੁਨੀਲ ਕੌਰ ਬੇਦੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਹਿਕਮੇ ਵੱਲੋਂ 0 ਤੋਂ 6 ਸਾਲ ਬੱਚਿਆਂ, ਗਰਭਵਤੀ ਔਰਤਾਂ ਤੇ ਦੁੱਧ ਪਿਲਾਓ, ਮਾਵਾਂ ਨੂੰ ਪੌਸ਼ਟਿਕ ਖੁਰਾਕ ਦੇਣ ਦੇ ਨਾਮ 'ਤੇ ਗਰੀਬ ਲੋਕਾਂ ਨਾਲ ਠੱਗੀ ਕੀਤੀ ਜਾ ਰਹੀ ਹੈ ਅਤੇ ਇਹ ਠੱਗੀ ਆਂਗਨਵਾੜੀ ਵਰਕਰਾਂ ਤੋਂ ਕਰਵਾਉਣ ਲਈ ਉਨ੍ਹਾਂ ਨੂੰ ਮਜਬੂਰ ਕੀਤਾ ਜਾ ਰਿਹਾ ਹੈ। ਜਿਵੇਂ ਪਿਛਲੇ ਛੇ ਮਹੀਨਿਆਂ ਤੋਂ ਰਾਸ਼ਨ ਲਾਭਪਾਤਰੀ ਵੱਧ ਹਨ, ਜਿਨ੍ਹਾਂ ਨੂੰ ਰਾਸ਼ਨ ਘੱਟ ਦਿੱਤਾ ਜਾ ਰਿਹਾ ਹੈ ਤੇ ਆਂਗਨਵਾੜੀ ਵਰਕਰਾਂ ਨੂੰ ਇਹ ਰਾਸ਼ਨ ਪੋਸਣ ਟਰੈਕਰ ਤੇ ਵੱਧ ਲਾਭਪਾਤਰੀਆਂ ਦਾ ਆਨਲਾਈਨ ਕਰਨ ਲਈ ਦਬਾਅ ਪਾਇਆ ਜਾਂਦਾ ਹੈ। ਅਡਵਾਂਸ ਐੱਫ ਆਰ ਐੱਸ ਕਰਨ ਲਈ ਦਬਾਅ ਪਾਇਆ ਜਾਂਦਾ ਹੈ, ਜੇਕਰ ਵਰਕਰ ਕਿਸੇ ਲਾਭਪਾਤਰੀ ਨੂੰ ਅਡਵਾਂਸ ਆਨਲਾਈਨ ਕਰਦੀ ਹੈ ਤਾਂ ਲਾਭਪਾਤਰੀ ਦੇ ਫੋਨ ਵਿੱਚ ਮੈਸੇਜ ਚਲਾ ਜਾਂਦਾ ਹੈ ਕਿ ਤੁਸੀਂ ਰਾਸ਼ਨ ਪ੍ਰਾਪਤ ਕਰ ਚੁੱਕੇ ਹੋ ਤੇ ਲੋਕ ਆਂਗਨਵਾੜੀ ਵਰਕਰਾਂ ਨਾਲ ਲੜਨ ਆ ਜਾਂਦੇ ਹਨ ਕਿ ਸਾਡਾ ਰਾਸ਼ਨ ਕਿੱਥੇ ਹੈ, ਸਾਨੂੰ ਰਾਸ਼ਨ ਦਿਉ, ਸਾਨੂੰ ਮੈਸੇਜ ਆ ਚੁੱਕਾ ਹੈ। ਇਸ ਨਾਲ ਆਂਗਨਵਾੜੀ ਵਰਕਰਾਂ ਨਾਲ ਲੜਾਈ ਦਾ ਮਾਹੌਲ ਬਣ ਜਾਂਦਾ ਹੈ ਤੇ ਕਈ ਥਾਵਾਂ 'ਤੇ ਲੜਾਈਆਂ ਹੋਈਆਂ ਵੀ ਹਨ। ਇਸ ਲਈ ਅੱਜ ਜਥੇਬੰਦੀ ਵੱਲੋਂ ਫ਼ੈਸਲਾ ਲਿਆ ਗਿਆ ਕਿ ਜਿੰਨੀ ਦੇਰ ਤੱਕ ਰਾਸ਼ਨ ਪੂਰਾ ਨਹੀਂ ਦਿੱਤਾ ਜਾਂਦਾ, ਉਨੀਂ ਦੇਰ ਤੱਕ ਕੋਈ ਵੀ ਵਰਕਰ ਰਾਸ਼ਨ ਨਹੀਂ ਪ੍ਰਾਪਤ ਕਰੇਗੀ, ਜਿਸ ਦੀ ਜ਼ਿੰਮੇਵਾਰੀ ਮਹਿਕਮੇ ਦੀ ਤੇ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਰਾਜ ਲਾਧੂਕਾ ਜ਼ਿਲ੍ਹਾ ਸਕੱਤਰ, ਸੀਮਾ ਜਲਾਲਾਬਾਦ, ਕੈਲਾਸ਼ ਛੱਪੜੀ ਵਾਲਾ, ਕ੍ਰਿਸ਼ਨਾ ਸੰਤੋਖਾ, ਰਾਜ ਕੌਰ ਲਮੋਚੜ, ਅਰਪਨਾ ਰਾਣੀ ਨੇ ਸੰਬੋਧਨ ਕੀਤਾ। ਧਰਨੇ ਦੌਰਾਨ ਸੀ.ਡੀ.ਪੀ.ਓ ਦਫ਼ਤਰ ਦੇ ਸੁਪਰਵਾਈਜ਼ਰ ਗੀਤਾ ਕੰਬੋਜ ਤੇ ਪ੍ਰਕਾਸ਼ ਕੌਰ ਵੱਲੋਂ ਸੀ.ਡੀ.ਪੀ.ਓ. ਦੇ ਆਦੇਸ਼ਾਂ ਮੁਤਾਬਿਕ ਜਥੇਬੰਦੀ ਕੋਲੋਂ ਪਾਰਕ ਵਿੱਚ ਆ ਕੇ ਮੰਗ ਪੱਤਰ ਪ੍ਰਾਪਤ ਕੀਤਾ ਗਿਆ।

## ਸੀ ਪੀ ਆਈ ਐੱਮ ਪੰਜਾਬ ਦੀ ਵਰਚੁਅਲ ਮੀਟਿੰਗ 'ਚ ਮਹਿੰਗਾਈ ਮੁੱਦੇ 'ਤੇ ਚਰਚਾ

**ਗਰੀਬ ਤੇ ਮੱਧਵਰਗੀ ਲੋਕਾਂ ਨੂੰ ਢਿੱਡ ਭਰ ਕੇ ਖਾਣਾ ਨਸੀਬ ਹੋਣਾ ਔਖਾ ਹੋਇਆ : ਸੇਖੋਂ**

**ਬਠਿੰਡਾ (ਬਖਤੌਰ ਢਿੱਲੋਂ)**-ਸੀ ਪੀ ਆਈ ਐੱਮ ਪੰਜਾਬ ਦੀ ਵਰਚੁਅਲ ਮੀਟਿੰਗ ਕਾ: ਗੁਰਨੇਕ ਸਿੰਘ ਭੱਜਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਦੇਸ਼ ਭਰ 'ਚ ਸਿਖ਼ਰਾਂ 'ਤੇ ਪਹੁੰਚ ਚੁੱਕੀ ਮਹਿੰਗਾਈ ਤੇ ਪੰਜਾਬ ਵਿੱਚ ਨਸ਼ਿਆਂ ਤੇ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੂਬਾ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਸਦਕਾ ਦੇਸ਼ ਭਰ 'ਚ ਮਹਿੰਗਾਈ ਸਭ ਹੱਦਾਂ ਬੰਨੇ ਟੱਪ ਗਈ ਹੈ। ਅੱਜ ਗਰੀਬ ਤੇ ਮੱਧਵਰਗ ਦੇ ਲੋਕਾਂ ਨੂੰ ਢਿੱਡ ਭਰ ਕੇ ਖਾਣਾ ਵੀ ਨਸੀਬ ਹੋਣਾ ਔਖਾ ਹੈ। ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ ਲੋਕਾਂ ਨੂੰ ਲਾਮਬੰਦ ਕਰਕੇ ਪ੍ਰਚੂਨ ਮਹਿੰਗਾਈ ਵਿਰੁੱਧ 31 ਅਗਸਤ ਤੋਂ 2 ਸਤੰਬਰ ਤੱਕ ਤਹਿਸੀਲ ਤੇ ਸਬ ਡਵੀਜ਼ਨ ਪੱਧਰ 'ਤੇ ਧਰਨੇ ਦਿੱਤੇ ਜਾਣਗੇ। ਕਾਮਰੇਡ ਸੇਖੋਂ ਨੇ ਵਧ ਰਹੀ ਮਹਿੰਗਾਈ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਦੇਸ਼ ਵਾਸੀਆਂ ਨੂੰ ਢਿੱਡ ਭਰਨ ਲਈ ਲੋੜੀਂਦੀਆਂ ਵਸਤਾਂ ਅਨਾਜ, ਤੇਲ, ਦਾਲਾਂ ਤੇ ਬੀਮਾਰੀਆਂ ਤੋਂ ਬਚਾਅ ਲਈ ਦਵਾਈਆਂ ਦੀ ਖਰੀਦ ਕਰਨੀ ਪਹੁੰਚ ਤੋਂ ਬਾਹਰ ਹੋ ਚੁੱਕੀ ਹੈ। ਪ੍ਰਚੂਨ 'ਚ ਖੰਡ 70 ਰੁਪਏ ਪ੍ਰਤੀ ਕਿੱਲੋ 'ਤੇ ਪਹੁੰਚ ਗਈ ਹੈ ਤੇ ਦਾਲਾਂ 170 ਰੁਪਏ ਪ੍ਰਤੀ ਕਿੱਲੋ ਤੱਕ ਪਹੁੰਚ ਗਈਆਂ ਹਨ। ਆਟੇ ਦੀ ਵਧੀ ਕੀਮਤ ਸਦਕਾ ਗਰੀਬ ਲੋਕਾਂ ਨੂੰ ਆਟਾ ਖ੍ਰੀਦਣਾ ਵੀ ਮੁਸ਼ਕਲ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੂੰ ਨਾ ਲੋਕਾਂ ਦੇ ਘਰਾਂ ਦੀ ਰਸੋਈ ਦਾ ਕੋਈ ਫਿਕਰ ਹੈ ਤੇ ਨਾ ਹੀ ਉਨ੍ਹਾਂ ਦੀ ਸਿਹਤ ਦਾ। ਭੁੱਖਮਰੀ ਵਧ ਰਹੀ ਹੈ ਤੇ ਲੋਕ ਇਲਾਜ ਤੋਂ ਬਗੈਰ ਮੌਤ ਦੇ ਮੂੰਹ ਜਾ ਰਹੇ ਹਨ। ਸੂਬਾ ਸਕੱਤਰ ਨੇ ਕਿਹਾ ਕਿ ਲੋਕਾਂ ਨੂੰ ਜਿਉਣ ਲਈ ਉਹਨਾਂ ਦੇ ਖਾਣ ਪੀਣ ਦਾ ਪ੍ਰਬੰਧ ਕਰਨਾ ਤੇ ਸਿਹਤ ਸਹੂਲਤਾਂ ਦੇਣੀਆਂ ਸਰਕਾਰਾਂ ਦੀ ਜ਼ੁੰਮੇਵਾਰੀ ਹੁੰਦੀ ਹੈ, ਪਰ ਸਰਕਾਰਾਂ ਇਹ ਜ਼ੁੰਮੇਵਾਰੀ ਨਹੀਂ ਨਿਭਾਅ ਰਹੀਆਂ। ਉਨ੍ਹਾਂ ਕਿਹਾ ਕਿ ਮਹਿੰਗਾਈ ਨੂੰ ਰੋਕਣ ਲਈ ਲੋਕ ਪੱਖੀ ਪਾਰਟੀਆਂ ਵੱਲੋਂ ਇੱਕਮੁੱਠ ਹੋ ਕੇ ਸੰਘਰਸ਼ ਵਿੱਢਣ ਦੀ ਲੋੜ ਹੈ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਅਜਿਹੇ ਸੰਘਰਸ਼ ਵਿੱਚ ਸਾਥ ਦੇਣ ਲਈ ਤਿਆਰ ਰਹਿਣ।

## 27 ਨੂੰ ਰਾਏਕੋਟ ਤਹਿਸੀਲ 'ਚ ਮੁਲਾਜ਼ਮਾਂ ਦੀ ਮਹਾਂ ਹੜਤਾਲ



**ਰਾਏਕੋਟ (ਸੰਤੋਖ ਗਿੱਲ)**-ਸਾਂਝਾ ਮੁਲਾਜ਼ਮ ਤੇ ਪੈਨਸ਼ਨਰ ਫ਼ਰੰਟ ਪੰਜਾਬ ਦੇ ਸੱਦੇ 'ਤੇ 27 ਅਗਸਤ ਨੂੰ ਕੀਤੇ ਜਾਣ ਵਾਲੇ ਮਹਾਂ ਬੰਦ ਦੀਆਂ ਤਿਆਰੀਆਂ ਸਬੰਧੀ ਰਾਏਕੋਟ ਤਹਿਸੀਲ ਦੀਆਂ ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਸਾਂਝੀ ਮੀਟਿੰਗ ਹੋਈ।ਮੀਟਿੰਗ ਦੌਰਾਨ ਸਰਕਾਰ ਦੀਆਂ ਮੁਲਾਜ਼ਮ ਮੰਗਾਂ ਪ੍ਰਤੀ ਨੀਤੀਆਂ ਵਿਰੁੱਧ ਤਹਿਸੀਲ ਪੱਧਰ 'ਤੇ ਰੋਸ ਪ੍ਰਦਰਸ਼ਨ ਕਰਨ ਤੇ ਵੱਡੀ ਗਿਣਤੀ ਵਿੱਚ ਮੁਲਾਜ਼ਮਾਂ ਦੀ ਸ਼ਮੂਲੀਅਤ ਯਕੀਨੀ ਬਣਾਉਣ ਦਾ ਫ਼ੈਸਲਾ ਕੀਤਾ ਗਿਆ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਲਾਗੂ ਨਾ ਕਰਨ ਤੇ ਅਦਾਲਤਾਂ ਦੇ ਫ਼ੈਸਲਿਆਂ 'ਤੇ ਅਮਲ ਨਾ ਕਰਨ ਕਰਕ ਕੇ ਮੁਲਾਜ਼ਮ ਵਰਗ ਵਿੱਚ ਭਾਰੀ ਰੋਸ ਹੈ।ਇਸ ਦੇ ਵਿਰੋਧ ਵਿੱਚ 27 ਅਗਸਤ ਨੂੰ ਤਹਿਸੀਲ ਪੱਧਰ 'ਤੇ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ।ਇਸ ਮੌਕੇ ਮੁੱਖ ਮੰਤਰੀ ਪੰਜਾਬ ਤੇ ਸਰਕਾਰ ਦਾ ਪੁਤਲਾ ਫੂਕਣ ਦਾ ਵੀ ਫ਼ੈਸਲਾ ਕੀਤਾ ਗਿਆ।ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮਾਂ ਨੂੰ ਸਮੂਹਿਕ ਛੁੱਟੀ ਲੈ ਕੇ ਸੰਘਰਸ਼ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ।ਆਗੂਆਂ ਨੇ ਕਿਹਾ ਕਿ ਸਰਕਾਰ ਨੂੰ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਤੀ ਗੰਭੀਰਤਾ ਦਿਖਾਉਂਦਿਆਂ ਅਦਾਲਤੀ ਫ਼ੈਸਲਿਆਂ ਨੂੰ ਤੁਰੰਤ ਲਾਗੂ ਕਰਨਾ ਚਾਹੀਦਾ ਹੈ, ਨਹੀਂ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।ਮੀਟਿੰਗ ਵਿੱਚ ਡੀ.ਟੀ.ਐੱਫ਼, ਬੀ. ਐੱਡ ਫ਼ਰੰਟ, ਈ.ਟੀ.ਟੀ ਅਧਿਆਪਕ ਯੂਨੀਅਨ, ਗਜ਼ਟਿਡ/ਨਾਨ-ਗਜ਼ਟਿਡ ਐੱਸ.ਸੀ/ ਬੀ.ਸੀ. ਯੂਨੀਅਨ ਵੈੱਲਫੇਅਰ ਫੈਡਰੇਸ਼ਨ ਪੰਜਾਬ, 6635 ਅਧਿਆਪਕ ਯੂਨੀਅਨ, 5994 ਅਧਿਆਪਕ ਯੂਨੀਅਨ, 4161 ਮਾਸਟਰ ਕੇਡਰ ਯੂਨੀਅਨ, ਬਿਜਲੀ ਬੋਰਡ ਮੁਲਾਜ਼ਮ ਜਥੇਬੰਦੀਆਂ, ਪੈਨਸ਼ਨਰ ਐੱਸ.ਸੀ/ਬੀ.ਸੀ ਯੂਨੀਅਨ ਤੇ ਸੀ.ਪੀ.ਐੱਫ਼. ਕਰਮਚਾਰੀ ਯੂਨੀਅਨ ਸਮੇਤ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਸਨ।ਇਸ ਮੌਕੇ ਜੰਗਪਾਲ ਸਿੰਘ, ਸੁਭਾਸ਼ ਚੰਦਰ, ਕੁਲਦੀਪ ਸਿੰਘ ਚੀਮਾ, ਨਰਿੰਦਰ ਸਿੰਘ, ਪ੍ਰੀਤਮ ਸਿੰਘ ਬਰ੍ਹਮੀ, ਹਰਜਿੰਦਰ ਸਿੰਘ, ਗੁਰਪ੍ਰੀਤ ਕੌਰ, ਹਰਜਿੰਦਰ ਕੌਰ, ਗੁਰਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਖੇਮ ਰਾਜ, ਬਲਜਿੰਦਰ ਸਿੰਘ, ਮੁਖ਼ਤਿਆਰ ਸਿੰਘ, ਰਾਹੁਲ ਗੋਇਲ, ਜਸਵਿੰਦਰ ਸਿੰਘ, ਭਾਰਤ ਭੂਸ਼ਣ, ਰਵਿੰਦਰਪਾਲ ਸਿੰਘ, ਸ਼ਿੰਗਾਰਾ ਸਿੰਘ, ਜਗਤਾਰ ਸਿੰਘ, ਰਾਜਮਿੰਦਰਪਾਲ ਸਿੰਘ, ਜਸਵਿੰਦਰ ਸਿੰਘ ਜੌਹਲਾਂ ਤੇ ਸੁਖਰਾਜ ਸਿੰਘ ਸਮੇਤ ਹੋਰ ਆਗੂ ਮੌਜੂਦ ਸਨ।

## 'ਵਿਰਸਾ ਪੰਜਾਬਣਾਂ ਦਾ' ਸਮਾਗਮ ਕਰਾਇਆ, ਪੀਂਘਾਂ, ਫੁਲਕਾਰੀਆਂ ਨੇ ਪੁਰਾਣਾ ਪੰਜਾਬ ਚੇਤੇ ਕਰਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਪੰਜਾਬੀ ਲੋਕ-ਵਿਰਸੇ, ਸੱਭਿਆਚਾਰਕ ਪ੍ਰੰਪਰਾਵਾਂ ਤੇ ਪੰਜਾਬਣਾਂ ਦੀਆਂ ਰਵਾਇਤੀ ਗੀਤਾਂ ਨੂੰ ਸਮਰਪਿਤ 'ਵਿਰਸਾ ਪੰਜਾਬਣਾਂ ਦਾ' ਸਮਾਗਮ ਫ਼ਤਿਹ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿਖੇ ਬੜੇ ਉਤਸ਼ਾਹ ਨਾਲ ਕਰਾਇਆ ਗਿਆ।ਸਮਾਗਮ ਨੇ ਜਿੱਥੇ ਵਿਦਿਆਰਥੀਆਂ ਨੂੰ ਪੰਜਾਬ ਦੀ ਅਮੀਰ ਵਿਰਾਸਤ ਨਾਲ ਜੋੜਿਆ, ਉੱਥੇ ਪੁਰਾਤਨ ਪੰਜਾਬੀ ਜੀਵਨ-ਸ਼ੈਲੀ, ਪਹਿਰਾਵੇ, ਲੋਕ-ਕਲਾਵਾਂ ਤੇ ਰਵਾਇਤੀ ਰੰਗਾਂ ਨੂੰ ਵੀ ਜੀਵੰਤ ਕੀਤਾ।ਸਮਾਗਮ ਦੇ ਮੁੱਖ ਮਹਿਮਾਨ ਡਾ. ਨਵਦੀਪ ਕੌਰ, ਚੇਅਰਪਰਸਨ ਤੇ ਮੁਖੀ, ਥੀਏਟਰ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਵਿਦਿਆਰਥਣਾਂ ਵੱਲੋਂ ਬੇਹੱਦ ਖ਼ੂਬਸੂਰਤ ਪੰਜਾਬੀ ਅੰਦਾਜ਼ ਵਿੱਚ ਸਵਾਗਤ ਕੀਤਾ ਗਿਆ।ਵਿਦਿਆਰਥਣਾਂ ਨੇ ਫੁਲਕਾਰੀ ਤਾਣ ਕੇ ਮੁੱਖ ਮਹਿਮਾਨ ਨੂੰ ਪੰਡਾਲ ਤੱਕ ਲੈ ਕੇ ਆਉਂਦਿਆਂ ਪੰਜਾਬੀ ਸੱਭਿਆਚਾਰ ਦੀ ਨਿਵੇਕਲੀ ਝਲਕ ਪੇਸ਼ ਕੀਤੀ।ਇਸ ਦੌਰਾਨ ਪੂਰਾ ਮਾਹੌਲ ਪੰਜਾਬੀ ਲੋਕ-ਰੰਗ ਵਿੱਚ ਰੰਗਿਆ ਨਜ਼ਰ ਆਇਆ।ਸਮਾਗਮ ਦੌਰਾਨ ਮੁੱਖ ਮਹਿਮਾਨ ਡਾ. ਨਵਦੀਪ ਕੌਰ ਤੇ ਵਿਦਿਆਰਥਣਾਂ ਨੇ ਪੰਜਾਬੀ ਸੱਭਿਆਚਾਰ ਦੀ ਪ੍ਰਤੀਕ ਪੀਂਘਾਂ ਦਾ ਆਨੰਦ ਵੀ ਮਾਣਿਆ।ਪੀਂਘਾਂ, ਫੁਲਕਾਰੀਆਂ ਅਤੇ ਰਵਾਇਤੀ ਪਹਿਰਾਵਿਆਂ ਨੇ ਸਮਾਗਮ ਦੀ ਰੌਣਕ ਨੂੰ ਹੋਰ ਵਧਾ ਦਿੱਤਾ ਅਤੇ ਪੁਰਾਣੇ ਪੰਜਾਬ ਦੀਆਂ ਯਾਦਾਂ ਨੂੰ ਤਾਜ਼ਾ ਕਰ ਦਿੱਤਾ।ਡਾ. ਤੇਜਿੰਦਰ ਸਿੰਘ ਗਿੱਲ, ਡਿਪਟੀ ਡਾਇਰੈਕਟਰ, ਯੂਥ ਵੈਲਫੇਅਰ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪ੍ਰਿੰਸੀਪਲ ਭੁਪਿੰਦਰ ਸਿੰਘ ਮਾਨ, ਪ੍ਰਸਿੱਧ ਗਾਇਕ ਜੱਸੀ ਖਾਨ ਤੇ ਸਿੱਖਿਆ ਵਿਭਾਗ, ਪੰਜਾਬ ਨਾਲ ਸਬੰਧਤ ਲੈਕਚਰਾਰ ਰੀਨਾ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਡਾ. ਨਵਦੀਪ ਕੌਰ ਨੇ ਕਿਹਾ ਕਿ 'ਵਿਰਸਾ ਪੰਜਾਬਣਾਂ ਦਾ' ਵਰਗੇ ਸਮਾਗਮ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਨਵੀਂ ਪੀੜ੍ਹੀ ਨੂੰ ਆਪਣੀ ਮਿੱਟੀ, ਬੋਲੀ ਤੇ ਸੱਭਿਆਚਾਰਕ ਜੜ੍ਹਾਂ ਨਾਲ ਜੋੜਨ ਦਾ ਪ੍ਰਭਾਵਸ਼ਾਲੀ ਮਾਧਿਅਮ ਹਨ।ਉਨ੍ਹਾਂ ਵਿਦਿਆਰਥਣਾਂ ਵੱਲੋਂ ਪੰਜਾਬੀ ਵਿਰਸੇ ਨੂੰ ਪੇਸ਼ ਕਰਨ ਲਈ ਕੀਤੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ।ਫਤਿਹ ਗਰੁੱਪ ਦੇ ਚੇਅਰਮੈਨ ਐਸ.ਐਸ.ਚੱਠਾ ਨੇ ਕਿਹਾ ਕਿ ਪੰਜਾਬ ਦਾ ਵਿਰਸਾ ਸਾਡੀ ਪਛਾਣ ਤੇ ਸਾਡੀ ਸਾਂਝੀ ਧਰੋਹਰ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਆਧੁਨਿਕ ਸਿੱਖਿਆ ਦੇ ਨਾਲ ਆਪਣੀਆਂ ਜੜ੍ਹਾਂ ਨਾਲ ਜੋੜਨ ਲਈ ਅਜਿਹੇ ਸੱਭਿਆਚਾਰਕ ਉਪਰਾਲੇ ਲਗਾਤਾਰ ਹੁੰਦੇ ਰਹਿਣੇ ਚਾਹੀਦੇ ਹਨ।ਉਨ੍ਹਾਂ ਵਿਦਿਆਰਥੀਆਂ ਅਤੇ ਸਮੁੱਚੀ ਟੀਮ ਨੂੰ ਸਮਾਗਮ ਦੀ ਸਫ਼ਲਤਾ ਲਈ ਵਧਾਈ ਦਿੱਤੀ।ਸਮਾਗਮ ਦੌਰਾਨ ਪੰਜਾਬੀ ਵਿਭਾਗ ਵੱਲੋਂ ਵਿਰਾਸਤੀ ਪ੍ਰਦਰਸ਼ਨੀ ਵੀ ਲਗਾਈ ਗਈ, ਜਿਸ ਵਿੱਚ ਦਰੀਆਂ, ਪੱਖੀਆਂ, ਨਾਲੇ, ਟੋਕਰੀਆਂ ਅਤੇ ਹੋਰ ਪੁਰਾਤਨ ਵਸਤੂਆਂ ਪ੍ਰਦਰਸ਼ਿਤ ਕੀਤੀਆਂ ਗਈਆਂ। ਵਿਦਿਆਰਥਣਾਂ ਵੱਲੋਂ ਰਵਾਇਤੀ ਪੰਜਾਬੀ ਪਕਵਾਨ ਵੀ ਤਿਆਰ ਕਰਕੇ ਪੇਸ਼ ਕੀਤੇ ਗਏ, ਜਿਸ ਨੇ ਦਰਸ਼ਕਾਂ ਨੂੰ ਪੰਜਾਬ ਦੇ ਪੁਰਾਣੇ ਖਾਣ-ਪੀਣ ਅਤੇ ਜੀਵਨ-ਢੰਗ ਨਾਲ ਰੂਬਰੂ ਕਰਵਾਇਆ।ਸਮਾਗਮ ਦੇ ਅੰਤ ਵਿੱਚ ਮੁੱਖ ਮਹਿਮਾਨ ਡਾ. ਨਵਦੀਪ ਕੌਰ ਅਤੇ ਸਮੂਹ ਵਿਸ਼ੇਸ਼ ਮਹਿਮਾਨਾਂ ਨੂੰ ਫੁਲਕਾਰੀ ਅਤੇ ਯਾਦਗਾਰੀ ਚਿੰਨ੍ਹਾਂ ਨਾਲ ਸਨਮਾਨਤ ਕੀਤਾ ਗਿਆ।ਇਹ ਸਨਮਾਨ ਵੀ ਪੰਜਾਬੀ ਸੱਭਿਆਚਾਰਕ ਪ੍ਰੰਪਰਾ ਦੀ ਝਲਕ ਪੇਸ਼ ਕਰਦਾ ਰਿਹਾ।

## ਪੀ ਐੱਸ ਯੂ ਵੱਲੋਂ ਵਿਧਾਇਕ ਸਿੰਗਲਾ ਦੀ ਰਿਹਾਇਸ਼ ਮੂਹਰੇ ਧਰਨਾ ਅੱਜ



**ਮਾਨਸਾ (ਆਤਮਾ ਸਿੰਘ ਪਮਾਰ)**

ਪੰਜਾਬ ਸਟੂਡੈਂਟਸ ਯੂਨੀਅਨ ਦੀ ਆਗੂ ਅਰਵਿੰਦਰ ਕੌਰ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਵਿਧਾਇਕ ਵਿਜੇ ਸਿੰਗਲਾ ਦੀ ਰਿਹਾਇਸ਼ ਮੂਹਰੇ 26 ਅਗਸਤ ਨੂੰ ਧਰਨਾ ਦਿੱਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਨਹਿਰੂ ਕਾਲਜ ਦੀ ਕਮੇਟੀ ਦੀ ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਕਾਲਜ ਵੱਲ ਪ੍ਰਸ਼ਾਸਨ ਤੇ ਸਰਕਾਰ ਦਾ ਕੋਈ ਧਿਆਨ ਨਹੀਂ ਹੈ, ਜਿਸ ਕਰਕੇ ਕਾਲਜ ਹਾਲਾਤ ਅੱਜ ਬਹੁਤ ਜ਼ਿਆਦਾ ਮਾੜੀ ਹੋ ਚੁੱਕੀ ਹੈ।ਕਾਲਜ ਦੇ ਵਿਦਿਆਰਥੀ ਤੇ ਪ੍ਰੋਫੈਸਰ ਅਜਿਹੀਆਂ ਹਾਲਤਾਂ 'ਚ ਗੁਜ਼ਰਦੇ ਹਨ ਕਿ ਉਨ੍ਹਾਂ ਕੋਲ ਬੁਨਿਆਦੀ ਸਹੂਲਤਾਂ ਤੱਕ ਵੀ ਨਹੀਂ।ਇਸ ਤੋਂ ਇਲਾਵਾ ਕਾਲਜ਼ ਦਾ ਆਪਣਾ ਕੋਈ ਰੈਗੂਲਰ ਪ੍ਰਿੰਸੀਪਲ ਵੀ ਨਹੀਂ ਹੈ, ਜਿਸ ਕਰਕੇ ਕਾਲਜ਼ ਦੇ ਵਾਈਸ ਪ੍ਰਿੰਸੀਪਲ ਜਸਕਰਨ ਸਿੰਘ ਵੱਲੋਂ ਕੋਈ ਜ਼ਿੰਮੇਵਾਰੀ ਨਹੀਂ ਲਈ ਜਾ ਰਹੀ।ਕਾਲਜ ਗੇਟ ਅੱਗੇ ਬੱਸਾਂ ਨਹੀਂ ਰੁਕਦੀਆਂ, ਜਿਸ ਕਰਕੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੁੰਦਾ ਹੈ।ਵਿਦਿਆਰਥੀ ਕਾਲਜ 'ਚ ਲੇਟ ਪਹੁੰਚਦੇ ਹਨ ਤੇ ਉਨ੍ਹਾਂ ਦੇ ਲੈਕਚਰ ਨਹੀਂ ਲੱਗ ਪਾਉਂਦੇ, ਛੁੱਟੀ ਤੋਂ ਬਾਅਦ ਵੀ ਇਹੀ ਹਾਲ ਹੁੰਦਾ ਹੈ, ਪ੍ਰੰਤੂ ਅੱਜ ਤੱਕ ਪ੍ਰਸ਼ਾਸਨ ਤੇ ਸਰਕਾਰਾਂ ਨੇ ਇਸ ਦਾ ਕੋਈ ਹੱਲ ਨਹੀਂ ਲੱਭਿਆ।ਕਾਲਜ 'ਚ ਬਾਥਰੂਮਾਂ ਦੀ ਬਹੁਤ ਮਾੜੀ ਹਾਲਤ ਹੈ, ਇਥੋਂ ਤੱਕ ਕਿ ਕਾਲਜ ਦੇ ਪ੍ਰੋਫੈਸਰਾਂ ਦੇ ਬਾਥਰੂਮਾਂ ਦੀ ਵੀ ਮਾੜੀ ਹਾਲਤ ਹਨ।ਕਾਲਜ 'ਚ ਸਿਰਫ ਇੱਕ ਸਫਾਈ ਕਰਮਚਾਰੀ ਹੈ, ਜਿਸ ਕਾਰਨ ਕਾਲਜ ਦੀ ਕੋਈ ਸਾਫ ਸਫਾਈ ਨਹੀਂ ਹੁੰਦੀ। ਕਾਲਜ 'ਚ ਸੀਮਤ ਕੋਰਸ ਹਨ ਕਾਲਜ ਵਿੱਚ ਨਵੇਂ ਕੋਰਸ ਚਲਾਏ ਜਾਣ।

ਹੈਰਾਨੀ ਦੀ ਗੱਲ ਹੈ ਕਿ ਕਾਲਜ 'ਚ ਇੱਕ ਵੀ ਪੱਕਾ ਪ੍ਰੋਫੈਸਰ ਨਹੀਂ ਹੈ ਆਦਿ।ਇਨ੍ਹਾਂ ਸਾਰੀਆਂ ਮੰਗਾਂ ਨੂੰ ਲੈ ਕੇ ਵਿਧਾਇਕ ਸਿੰਗਲਾ ਦੀ ਰਿਹਾਇਸ਼ ਮੂਹਰੇ ਧਰਨਾ ਦਿੱਤਾ ਜਾ ਰਿਹਾ ਹੈ।ਇਸ ਮੀਟਿੰਗ 'ਚ ਦਲਜੀਤ ਕੌਰ ਖਾਰਾ, ਜਸ਼ਨਦੀਪ ਸਿੰਘ ਭਾਈ ਦੇਸਾ, ਸੁਖਵਿੰਦਰ ਸਿੰਘ ਘੁੰਮਣ, ਗੁਰਦਾਸ ਸਿੰਘ ਘੁੰਮਣ, ਗੁਰੂ ਸਾਹਿਬ ਸਿੰਘ ਝੁਨੀਰ, ਚਰਨਜੀਤ ਸਿੰਘ, ਦੀਪਕ ਕੁਮਾਰ ਗੌਰਵ ਆਦਿ ਵਿਦਿਆਰਥੀ ਹਾਜ਼ਰ ਸਨ।

## ਕਿਸਾਨ ਮਜ਼ਦੂਰ ਮੋਰਚਾ ਚੈਪਟਰ ਵੱਲੋਂ 31 ਨੂੰ ਡੀ ਸੀ ਦਫ਼ਤਰਾਂ ਅੱਗੇ ਧਰਨੇ ਦਾ ਐਲਾਨ

- 14 ਸਤੰਬਰ ਤੋਂ ਮੰਤਰੀਆਂ ਦੇ ਹਲਕਿਆਂ 'ਚ ਲੱਗਣਗੇ ਪੰਜ-ਰੋਜ਼ਾ ਮੋਰਚੇ
- ਸਰਕਾਰ ਨੇ ਮਸਲੇ ਨਾ ਸੁਲਝਾਏ ਤਾਂ ਰੇਲਾਂ ਦਾ ਕੀਤਾ ਜਾਵੇਗਾ ਚੱਕਾ ਜਾਮ : ਪੰਧੇਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਕਿਸਾਨ ਮਜ਼ਦੂਰ ਮੋਰਚਾ ਚੈਪਟਰ ਪੰਜਾਬ ਦੇ ਸੱਦੇ 'ਤੇ ਮੰਗਲਵਾਰ ਪੰਜਾਬ ਦੇ ਦਰਜਨਾਂ ਪਿੰਡਾਂ ਵਿੱਚ ਮੋਰਚੇ ਦੀਆਂ ਮੰਗਾਂ ਸਬੰਧੀ ਫਲੈਕਸੀਆਂ ਲਾਉਣ ਦਾ ਕੰਮ ਸ਼ੁਰੂ ਕੀਤਾ ਗਿਆ।ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਚੱਬਾ, ਭੰਦੇਰ ਕਲਾਂ, ਵੇਰਕਾ, ਕੱਥੂ ਨੰਗਲ ਤੇ ਭੋਏਵਾਲ ਸਮੇਤ ਵੱਖ-ਵੱਖ ਪਿੰਡਾਂ ਵਿੱਚ ਵੱਡੀ ਗਿਣਤੀ ਵਿੱਚ ਫਲੈਕਸੀਆਂ ਲਗਾਈਆਂ ਗਈਆਂ।ਪਿੰਡ ਚੱਬਾ ਵਿਖੇ ਵੱਡਾ ਇਕੱਠ ਕਰਕੇ ਫਲੈਕਸੀ ਜਾਰੀ ਕੀਤੀ ਗਈ ਤੇ ਪ੍ਰੈੱਸ ਕਾਨਫਰੰਸ ਕੀਤੀ ਗਈ।ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਸਰਵਣ ਸਿੰਘ ਭੰਦੇਰ ਨੇ ਕਿਹਾ ਕਿ ਕਿਸਾਨਾਂ, ਮਜ਼ਦੂਰਾਂ, ਮਾਤਾਵਾਂ ਤੇ ਭੈਣਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਕਿਸਾਨ ਮਜ਼ਦੂਰ ਮੋਰਚਾ ਚੈਪਟਰ ਪੰਜਾਬ ਵੱਲੋਂ ਅਗਲੇ ਪੜਾਅ ਦੇ ਸੰਘਰਸ਼ ਦਾ ਐਲਾਨ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ 31 ਅਗਸਤ 2026 ਨੂੰ ਪੂਰੇ ਪੰਜਾਬ ਦੇ ਡੀ. ਸੀ. ਦਫ਼ਤਰਾਂ ਅੱਗੇ ਕਿਸਾਨਾਂ-ਮਜ਼ਦੂਰਾਂ ਦੇ ਵਿਸ਼ਾਲ ਇੱਕ-ਰੋਜ਼ਾ ਧਰਨੇ ਦਿੱਤੇ ਜਾਣਗੇ।ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ 14 ਸਤੰਬਰ 2026 ਤੋਂ ਪੰਜਾਬ ਦੇ ਵੱਖ-ਵੱਖ ਮੰਤਰੀਆਂ ਦੇ ਹਲਕਿਆਂ ਵਿੱਚ ਪੰਜ-ਰੋਜ਼ਾ ਮੋਰਚੇ ਲਗਾਏ ਜਾਣਗੇ।ਜੇਕਰ ਪੰਜਾਬ ਸਰਕਾਰ ਨੇ ਗੱਲਬਾਤ ਰਾਹੀਂ ਇਨ੍ਹਾਂ ਮਸਲਿਆਂ ਦਾ ਨਿਬੇੜਾ ਨਾ ਕੀਤਾ ਤਾਂ ਰੇਲਾਂ ਦਾ ਚੱਕਾ ਜਾਮ ਕਰਨ ਦਾ ਸੱਦਾ ਦਿੱਤਾ ਜਾਵੇਗਾ।ਕਿਸਾਨ ਆਗੂਆਂ ਨੇ ਆਪਣੀਆਂ ਮੰਗਾਂ ਦਾ ਜ਼ਿਕਰ ਕਰਦੇ ਕਿਹਾ ਕਿ ਪੰਜਾਬ ਸਰਕਾਰ ਆਪਣੇ ਵਾਅਦੇ ਅਨੁਸਾਰ ਪੰਜ ਫ਼ਸਲਾਂ ਬਾਸਮਤੀ, ਮੱਕੀ, ਸਰ੍ਹੋਂ, ਆਲੂ ਤੇ ਕਪਾਹ 'ਤੇ ਐੱਮ.ਐੱਸ.ਪੀ. ਦੀ ਗਾਰੰਟੀ ਦੇਵੇ ਤੇ ਸਰਕਾਰੀ ਖਰੀਦ ਯਕੀਨੀ ਬਣਾਏ। ਕਿਸਾਨਾਂ ਤੇ ਮਜ਼ਦੂਰਾਂ ਨੂੰ ਸਮੁੱਚੇ ਤੌਰ 'ਤੇ ਕਰਜ਼ਾ ਮੁਕਤ ਕੀਤਾ ਜਾਵੇ।ਸ਼ੰਭੂ ਤੇ ਖਨੌਰੀ ਵਿਖੇ 401 ਦਿਨ ਚੱਲੇ ਕਿਸਾਨ ਅੰਦੋਲਨ ਨੂੰ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਨਾਲ ਮਿਲ ਕੇ ਜ਼ਬਰਦਸਤੀ ਚੁਕਵਾਉਣ ਦੌਰਾਨ ਹੋਏ ਸਾਮਾਨ ਤੇ ਹੋਰ ਨੁਕਸਾਨ ਦੀ ਪੂਰੀ ਭਰਪਾਈ ਕੀਤੀ ਜਾਵੇ।ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਤੇ ਜ਼ਖ਼ਮੀ ਕਿਸਾਨਾਂ ਨੂੰ ਬਕਾਇਆ ਮੁਆਵਜ਼ਾ ਤੁਰੰਤ ਜਾਰੀ ਕੀਤਾ ਜਾਵੇ ਤੇ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।ਸ਼ੰਭੂ, ਖਨੌਰੀ, ਦਿੱਲੀ ਤੇ ਪੰਜਾਬ ਵਿੱਚ ਚੱਲੇ ਕਿਸਾਨ ਅੰਦੋਲਨਾਂ ਦੌਰਾਨ ਕਿਸਾਨਾਂ, ਪੁਲਸ ਤੇ ਰੇਲਵੇ ਨਾਲ ਸਬੰਧਤ ਦਰਜ ਕੀਤੇ ਗਏ ਕੇਸ ਵਾਪਸ ਲਏ ਜਾਣ, ਜਿਸ ਵਿੱਚ ਕਿਸਾਨਾਂ 'ਤੇ ਦਰਜ ਪਰਾਲੀ ਸਬੰਧੀ ਕੇਸ ਤੇ ਹੋਰ ਵੀ ਮੰਗਾਂ ਸ਼ਾਮਲ ਹਨ।ਕਿਸਾਨ ਆਗੂ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਹੱਕਾਂ ਤੇ ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਲਈ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਉਨ੍ਹਾਂ ਪੰਜਾਬ ਦੀ ਸਮੁੱਚੀ ਜਨਤਾ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਸੰਘਰਸ਼ਾਂ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋ ਕੇ ਪੰਜਾਬ ਦੇ ਹੱਕਾਂ ਦੀ ਆਵਾਜ਼ ਬੁਲੰਦ ਕਰਨ।ਆਗੂਆਂ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਫਲੈਕਸੀਆਂ ਲਗਾ ਕੇ ਲੋਕਾਂ ਨੂੰ ਆਉਣ ਵਾਲੇ ਸੰਘਰਸ਼ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ।ਇਸ ਮੌਕੇ ਬਾਬਾ ਗੁਰਬਚਨ ਸਿੰਘ ਚੱਬਾ, ਲਖਵਿੰਦਰ ਸਿੰਘ ਵਰਿਆਮ ਨੰਗਲ, ਕਵਲਜੀਤ ਸਿੰਘ ਵਣਚੜ੍ਹੀ, ਰਾਜਪਾਲ ਸਿੰਘ ਸੁਲਤਾਨਵਿੰਡ, ਹਰਦੇਵ ਸਿੰਘ ਸਾਘਨਾ,ਜਗਮੋਹਣ ਸਿੰਘ ਮੰਡਿਆਲਾ, ਨਿਸ਼ਾਨ ਸਿੰਘ ਚੱਬਾ, ਅਵਤਾਰ ਸਿੰਘ, ਬਲਵਿੰਦਰ ਸਿੰਘ ਚੱਬਾ, ਮੰਗਜੀਤ ਸਿੰਘ ਸਿੱਧਵਾਂ, ਸਮੇਤ ਵੱਖ-ਵੱਖ ਪਿੰਡਾਂ ਦੇ ਕਿਸਾਨ ਆਗੂ ਤੇ ਵਰਕਰ ਹਾਜ਼ਰ ਸਨ।

# ਜ਼ਿਲ੍ਹਾ ਪੱਧਰੀ ਖੇਡਾਂ 'ਚ ਡੀ ਏ ਵੀ ਦੇ ਖਿਡਾਰੀਆਂ ਨੇ ਚਮਕਾਇਆ ਸਕੂਲ ਦਾ ਨਾਂਅ



ਜਗਰਾਉਂ (ਸੰਜੀਵ ਅਰੋੜਾ)-70ਵੀਆਂ ਜ਼ਿਲ੍ਹਾ ਪੱਧਰੀ ਪੰਜਾਬ ਸਕੂਲ ਸ਼ਤਰੰਜ ਖੇਡਾਂ ਵਿੱਚ ਡੀ.ਏ.ਵੀ. ਸੈਂਟਰਲ ਪਬਲਿਕ ਸਕੂਲ ਜਗਰਾਉਂ ਦੇ ਸ਼ਤਰੰਜ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਮ ਰੋਸ਼ਨ ਕੀਤਾ। ਇਹ ਮੁਕਾਬਲੇ ਸੈਕਰਟ ਸੋਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਧਾਂਦਰਾ ਲੁਧਿਆਣਾ ਵਿਖੇ ਕਰਵਾਇਆ ਗਿਆ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਪ੍ਰਿੰਸੀਪਲ ਡਾਕਟਰ ਵੇਦ ਵ੍ਰਤ ਪਲਾਹ ਨੇ ਦੱਸਿਆ ਕਿ ਇਨ੍ਹਾਂ ਖੇਡਾਂ ਵਿੱਚ ਡੀ.ਏ.ਵੀ. ਸਕੂਲ ਜਗਰਾਉਂ ਦੀ ਅੰਡਰ-17 ਲੜਕੀਆਂ ਦੀ ਸ਼ਤਰੰਜ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜ਼ਿਲ੍ਹਾ ਪੱਧਰ 'ਤੇ ਦੂਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਅੰਡਰ-19 ਲੜਕੀਆਂ ਦੀ ਟੀਮ ਨੇ ਵੀ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਉਂਦਿਆਂ ਤੀਸਰਾ ਸਥਾਨ ਪ੍ਰਾਪਤ ਕੀਤਾ। ਅੰਡਰ-17 ਲੜਕੀਆਂ ਦੀ ਟੀਮ ਵਿੱਚ ਪਰੂਲ ਚੌਧਰਾ, ਆਯਰਾ ਬਾਂਸਲ, ਏਂਜਲ ਗੋਇਲ, ਜਦਕਿ ਅੰਡਰ-17 ਲੜਕਿਆਂ ਦੀ ਟੀਮ ਵਿੱਚ ਸਹਜ ਸਿੰਗਲਾ, ਅਗਮਪ੍ਰੀਤ ਸਿੰਘ ਕੈਂਥ, ਦਿਕਸ਼ਾਂਤ ਅਰੋੜਾ, ਸਾਹਿਬ ਜੋਤ ਸਿੰਘ, ਜੋਨ ਰੈਡੀ ਸ਼ਾਮਲ ਸਨ। ਅੰਡਰ-19 ਲੜਕੀਆਂ ਦੀ ਟੀਮ ਵਿੱਚ ਬਲਗੀਤ ਕੌਰ, ਛਵੀ ਸਿੰਗਲਾ ਤੇ ਦਿਵਿਆਂਸ਼ੀ, ਜਦਕਿ ਅੰਡਰ-19 ਮੁੰਡਿਆਂ ਦੀ ਟੀਮ ਵਿੱਚ ਤਨਮਯ ਪੱਬੀ, ਆਸ਼ਮਨ ਸਿੰਘ ਲਾਂਬਾ, ਅੰਕਿਤ ਖੁੱਲਰ, ਨਿਕੁੰਜ ਬਾਂਸਲ, ਹਰਨੂਰ ਸਿੰਘ ਨੇ ਜ਼ਿਲ੍ਹਾ ਪੱਧਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਡਾ. ਵੇਦ ਵ੍ਰਤ ਪਲਾਹ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਮਿਹਨਤ, ਲਗਨ, ਅਨੁਸ਼ਾਸਨ ਤੇ ਨਿਰੰਤਰ ਅਭਿਆਸ ਹੀ ਸਫ਼ਲਤਾ ਦੀ ਕੁੰਜੀ ਹਨ। ਉਨ੍ਹਾਂ ਖਿਡਾਰੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਡੀ ਪੀ ਹਰਦੀਪ ਸਿੰਘ ਬਿੰਜਲ, ਡੀ. ਪੀ. ਸੁਰਿੰਦਰਪਾਲ ਵਿੱਜ ਤੇ ਸੁਰਿੰਦਰ ਕੌਰ ਤੂਰ ਵੀ ਮੌਜੂਦ ਸਨ।

# ਭਲਕੇ ਦੇ ਬੰਦ ਦੇ ਸੱਦੇ 'ਤੇ ਜਥੇਬੰਦੀਆਂ ਨੂੰ ਮੁੜ ਵਿਚਾਰ ਕਰਨ ਦੀ ਅਪੀਲ

## ਸਵੇਰੇ ਕਮਾ ਕੇ ਸ਼ਾਮ ਨੂੰ ਖਾਣ ਵਾਲੇ ਹਾਲਾਤ ਬਣੇ ਹੋਏ ਨੇ ਵਪਾਰੀ ਵਰਗ ਦੇ : ਵਿਕਾਸ ਜੈਨ



ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)-ਸੋਸ਼ਲ ਮੀਡੀਆ 'ਤੇ ਚੱਲ ਰਹੀਆਂ ਖ਼ਬਰਾਂ ਮੁਤਾਬਿਕ ਵੱਖ-ਵੱਖ ਜਥੇਬੰਦੀਆਂ ਵੱਲੋਂ 27 ਅਗਸਤ ਨੂੰ ਦਿੱਤੇ ਗਏ 'ਪੰਜਾਬ ਬੰਦ' ਦੇ ਸੱਦੇ 'ਤੇ ਵਿਚਾਰ ਵਟਾਂਦਰਾ ਕਰਨ ਲਈ ਧੂਰੀ ਵਪਾਰ ਮੰਡਲ ਦੇ ਪ੍ਰਧਾਨ ਵਿਕਾਸ ਜੈਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਆੜ੍ਹਤੀਆ ਐਸੋਸੀਏਸ਼ਨ ਧੂਰੀ ਦੇ ਪ੍ਰਧਾਨ ਜਤਿੰਦਰ ਸਿੰਘ ਸੋਨੀ ਮੰਡੇਰ, ਵਪਾਰ ਮੰਡਲ ਦੇ ਚੇਅਰਮੈਨ ਵੇਦ ਪ੍ਰਕਾਸ਼ ਛਾਜਲੀ, ਹੇਮ ਰਾਜ ਬਜਾਜ, ਸਾਬਕਾ ਕੌਂਸਲਰ ਦਰਸ਼ਨ ਕੁਮਾਰ ਦਰਸ਼ੀ, ਸੁਰੇਸ਼ ਜਿੰਦਲ, ਨਰੇਸ਼ ਕੁਮਾਰ ਮੰਗੀ ਸਮੇਤ ਧੂਰੀ ਦੀਆਂ ਵੱਖ-ਵੱਖ ਟਰੇਡ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਤੇ ਵਪਾਰੀਆਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ।ਮੀਟਿੰਗ ਦੌਰਾਨ ਵਪਾਰੀਆਂ ਦੀਆਂ ਮੌਜੂਦਾ ਸਮੱਸਿਆਵਾਂ 'ਤੇ ਗੰਭੀਰ ਚਰਚਾ ਕੀਤੀ ਗਈ।ਪ੍ਰਧਾਨ ਵਿਕਾਸ ਜੈਨ ਨੇ ਆਖਿਆ ਕਿ ਵਪਾਰੀ ਵਰਗ ਪਹਿਲਾਂ ਹੀ ਡੂੰਘੇ ਆਰਥਿਕ ਮੰਦਵਾੜੇ ਨਾਲ ਜੂਝ ਰਿਹਾ ਹੈ।ਲਗਾਤਾਰ ਵਧ ਰਹੀ ਮਹਿੰਗਾਈ ਤੇ ਮੰਦੇ ਕਾਰੋਬਾਰ ਨੇ ਦੁਕਾਨਦਾਰਾਂ ਤੇ ਵਪਾਰ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ।ਅਜਿਹੇ ਨਾਜ਼ੁਕ ਸਮੇਂ ਵਿੱਚ ਕਾਰੋਬਾਰ ਨੂੰ ਠੱਲ੍ਹ ਪੈਣ ਨਾਲ ਵਪਾਰੀਆਂ ਦਾ ਰੁਜ਼ਗਾਰ ਦਾ ਗੁਜ਼ਾਰਾ ਕਰਨਾ ਵੀ ਔਖਾ ਹੋ ਗਿਆ ਹੈ, ਕਿਉਂਕਿ ਵਪਾਰੀ ਦੀ ਹਾਲਾਤ ਸਵੇਰੇ ਕਮਾ ਕੇ ਸ਼ਾਮ ਨੂੰ ਖਾਣ ਵਾਲੇ ਬਣੇ ਹੋਏ ਹਨ।ਵਪਾਰੀ ਆਗੂਆਂ ਨੇ ਰੋਸ ਪ੍ਰਗਟਾਉਂਦਿਆਂ ਕਿਹਾ ਕਿ ਅਗਸਤ ਦੇ ਮਹੀਨੇ ਵਿੱਚ ਹੀ ਇਹ ਤੀਜੀ ਵਾਰ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਹੈ।ਵਾਰ-ਵਾਰ ਬੰਦ ਦੀਆਂ ਕਾਲਾਂ ਦੇਣ ਨਾਲ ਸਭ ਤੋਂ ਵੱਧ ਨੁਕਸਾਨ ਵਪਾਰੀਆਂ ਨੂੰ ਹੀ ਝੱਲਣਾ ਪੈਂਦਾ ਹੈ।ਉਨ੍ਹਾਂ ਸਵਾਲ ਉਠਾਇਆ ਕਿ ਹਰ ਵਾਰ ਅੰਦੋਲਨਾਂ ਜਾਂ ਵਿਰੋਧ ਪ੍ਰਦਰਸ਼ਨਾਂ ਦੀ ਆਰਥਿਕ ਮਾਰ ਵਪਾਰੀ ਵਰਗ 'ਤੇ ਹੀ ਕਿਉਂ ਪੈਂਦੀ ਹੈ? ਉਨ੍ਹਾਂ ਕਿਹਾ ਕਿ ਹਰ ਵਰਗ ਦੀਆਂ ਆਪੋ-ਆਪਣੀਆਂ ਮੰਗਾਂ ਹਨ ਅਤੇ ਉਨ੍ਹਾਂ ਪ੍ਰਤੀ ਸੰਘਰਸ਼ ਕਰਨਾ ਤੇ ਰੋਸ ਮੁਜ਼ਾਹਰੇ ਕਰਨੇ ਸੰਵਿਧਾਨਕ ਹੱਕ ਹੈ।ਧੂਰੀ ਵਪਾਰ ਮੰਡਲ ਨੇ ਬੰਦ ਦਾ ਸੱਦਾ ਦੇਣ ਵਾਲੀਆਂ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਵਪਾਰੀਆਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਆਪਣੇ ਫ਼ੈਸਲੇ 'ਤੇ ਪੁਨਰ-ਵਿਚਾਰ ਕਰਨ ਤੇ ਬਾਜ਼ਾਰ ਬੰਦ ਕਰਵਾਉਣ ਦੇ ਫ਼ੈਸਲੇ ਨੂੰ ਵਾਪਸ ਲੈਣ।

# ਭਾਰਤ ਵਿਕਾਸ ਪ੍ਰੀਸ਼ਦ ਨੇ ਮਨਾਇਆ ਤੀਆਂ ਦਾ ਤਿਉਹਾਰ



ਫਿਰੋਜ਼ਪੁਰ (ਅਸ਼ੋਕ ਸ਼ਰਮਾ) ਭਾਰਤ ਵਿਕਾਸ ਪ੍ਰੀਸ਼ਦ ਫਿਰੋਜ਼ਪੁਰ ਸ਼ਹਿਰ ਵੱਲੋਂ ਮਾਲ ਰੋਡ ਸਥਿਤ ਮਾਡਰਨ ਪਲਾਜ਼ਾ ਵਿਖੇ ਸਾਵਣ ਮਹੀਨੇ ਦੇ ਸਬੰਧ ਵਿੱਚ ਤੀਆਂ ਦਾ ਤਿਉਹਾਰ ਤੇ ਪਰਿਵਾਰ ਮਿਲਣ ਸਮਾਰੋਹ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਪੰਜਾਬੀ ਸੱਭਿਆਚਾਰ ਦੀਆਂ ਵੱਖ-ਵੱਖ ਵੰਨਗੀਆਂ, ਗਿੱਧਾ, ਬੋਲੀਆਂ ਤੇ ਲੋਕ ਗੀਤ ਖਿੱਚ ਦਾ ਕੇਂਦਰ ਰਹੇ। ਪ੍ਰੀਸ਼ਦ ਦੇ ਪ੍ਰਧਾਨ ਸਵਿੰਦਰ ਮੰਡਰਾਲ ਦੀ ਅਗਵਾਈ ਹੇਠ ਕਰਵਾਏ ਗਏ ਇਸ ਸਮਾਗਮ ਵਿੱਚ 'ਆਲ ਇੰਡੀਆ ਸ਼ੂਟਿੰਗ ਪ੍ਰਤੀਯੋਗਤਾ 2026' ਦੇ ਚਾਂਦੀ ਦਾ ਮੈਡਲ ਜੇਤੂ ਵਿਜੇਸ਼ ਭੋਲਾ (ਸੀ.ਏ.) ਤੇ ਰੇਜੂ ਭੋਲਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮਹਿਮਾਨਾਂ ਦਾ ਸਵਾਗਤ ਗੁਲਾਬ ਦੇ ਫੁੱਲਾਂ, ਤਿਲਕ ਤੇ ਪ੍ਰੰਪਰਾਗਤ ਰੀਤੀ-ਰਿਵਾਜਾਂ ਨਾਲ ਕੀਤਾ ਗਿਆ। ਔਰਤਾਂ ਨੂੰ ਝੂਲੇ 'ਤੇ ਬਿਠਾ ਕੇ ਰੰਗ-ਬਿਰੰਗੀਆਂ ਚੂੜੀਆਂ ਪਹਿਨਾਈਆਂ ਗਈਆਂ ਤੇ ਫੁਲਕਾਰੀ ਦੀ ਛਾਂ ਹੇਠ ਬੋਲੀਆਂ ਪਾਉਂਦੇ ਹੋਏ ਨੱਚ ਲਿਜਾਇਆ ਗਿਆ। ਪ੍ਰਿਆ ਧਵਨ ਵੱਲੋਂ 'ਵੰਦੇ ਮਾਤਰਮ' ਗਾਇਨ ਨਾਲ ਕਾਰਕਰਮ ਦੀ ਸ਼ੁਰੂਆਤ ਕੀਤੀ ਗਈ। ਸੱਭਿਆਚਾਰਕ ਪ੍ਰੋਗਰਾਮ ਦੀ ਸ਼ੁਰੂਆਤ ਨਸੀਬ ਸਿੰਘ ਗਿੱਲ ਦੀ ਦੇਖ-ਰੇਖ ਹੇਠ ਹੋਈ। ਪ੍ਰੀਸ਼ਦ ਦੀਆਂ ਮਹਿਲਾ ਮੈਂਬਰਾਂ ਨੇ ਸ਼ਾਨਦਾਰ ਪੇਸ਼ਕਾਰੀਆਂ ਦਿੱਤੀਆਂ। ਇਸ ਤੋਂ ਬਾਅਦ ਪ੍ਰਸਿੱਧ ਲੋਕ ਗਾਇਕ ਜਸ ਸਿੱਧੂ ਨੇ ਆਪਣੇ ਸੁਰੀਲੇ ਲੋਕ ਗੀਤਾਂ ਨਾਲ ਸਾਰੇ ਦਰਸ਼ਕਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਬਿਮੋਰਿਅਨ ਮੈਮੋਰੀਅਲ ਸਕੂਲ ਚੰਦੀ ਫੇਮ ਦੀਆਂ ਬੱਚੀਆਂ ਵੱਲੋਂ ਪੇਸ਼ ਕੀਤੇ ਗਿੱਧੇ ਨੇ ਸਭ ਦਾ ਮਨ ਮੋਹ ਲਿਆ। ਮੁੱਖ ਮਹਿਮਾਨ ਵਿਜੇਸ਼ ਭੋਲਾ ਨੇ ਸੰਸਥਾ ਦੇ ਸਮਾਜਿਕ ਕਾਰਜਾਂ ਦੀ ਸ਼ਲਾਘਾ ਕਰਦਿਆਂ ਪ੍ਰੀਸ਼ਦ ਨੂੰ 31,000 ਰੁਪਏ ਦੇਣ ਦਾ ਐਲਾਨ ਕੀਤਾ। ਪ੍ਰਾਂਤੀ ਪ੍ਰਧਾਨ ਮਨੋਜ ਮੋਂਗਾ ਨੇ ਵੀ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ। ਸਮਾਗਮ ਦੇ ਅੰਤ ਵਿੱਚ ਬਿਹਤਰੀਨ ਪੇਸ਼ਕਾਰੀ ਦੇਣ ਵਾਲੇ ਕਲਾਕਾਰਾਂ ਤੇ ਵਿਸ਼ੇਸ਼ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਮੰਚ ਦਾ ਸੰਚਾਲਨ ਨਸੀਬ ਸਿੰਘ ਗਿੱਲ ਨੇ ਬਾਖੂਬੀ ਨਿਭਾਇਆ। ਚੇਅਰਮੈਨ ਸੁਸ਼ਾਂਤ ਚੌਧਰੀ ਵੱਲੋਂ ਧੰਨਵਾਦ ਦੇ ਮਤੇ ਤੋਂ ਬਾਅਦ ਰਾਸ਼ਟਰੀ ਗਾਨ ਨਾਲ ਸਮਾਰੋਹ ਦੀ ਸਫ਼ਲਤਾਪੂਰਵਕ ਸਮਾਪਤੀ ਹੋਈ।

# ਫੂਡ ਸੇਫਟੀ ਟੀਮ ਵੱਲੋਂ ਕੋਲਡ ਸਟੋਰਾਂ ਦੀ ਚੈਕਿੰਗ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫੂਡ ਸੇਫਟੀ ਵਿੰਗ ਫਿਰੋਜ਼ਪੁਰ ਵੱਲੋਂ ਸ਼ਹਿਰ ਵਿੱਚ ਕੋਲਡ ਸਟੋਰਾਂ ਦੀ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਵਿਸ਼ੇਸ਼ ਤੌਰ 'ਤੇ ਇਹ ਜਾਂਚ ਕੀਤੀ ਗਈ ਕਿ ਕਿਸੇ ਵੀ ਕੋਲਡ ਸਟੋਰ ਵਿੱਚ ਹਲਵਾਈਆਂ ਵੱਲੋਂ ਸ਼ੱਕੀ, ਪੁਰਾਣਾ ਜਾਂ ਮਿਲਾਵਟੀ ਖੋਆ ਜਾਂ ਕਿਸੇ ਕਿਸਮ ਦੀ ਸ਼ੱਕੀ ਮਿਠਾਈ ਸਟੋਰ ਕਰਕੇ ਤਾਂ ਨਹੀਂ ਰੱਖੀ ਗਈ। ਚੈਕਿੰਗ ਦੌਰਾਨ ਕੋਲਡ ਸਟੋਰਾਂ ਦੇ ਮਾਲਕਾਂ ਤੇ ਪ੍ਰਬੰਧਕਾਂ ਨੂੰ ਸਪੱਸ਼ਟ ਤੌਰ 'ਤੇ ਹਦਾਇਤ ਕੀਤੀ ਗਈ ਕਿ ਉਹ ਕਿਸੇ ਵੀ ਸ਼ੱਕੀ ਜਾਂ ਗੈਰ-ਮਿਆਰੀ ਖੋਏ ਤੇ ਮਿਠਾਈ ਨੂੰ ਸਟੋਰ ਨਾ ਕਰਨ ਅਤੇ ਨਾ ਹੀ ਕਿਸੇ ਹੋਰ ਵਿਅਕਤੀ ਨੂੰ ਅਜਿਹਾ ਮਾਲ ਸਟੋਰ ਕਰਨ ਦੀ ਇਜਾਜ਼ਤ ਦੇਣ। ਕੋਲਡ ਸਟੋਰਾਂ ਦੇ ਪ੍ਰਬੰਧਕਾਂ ਵੱਲੋਂ ਫੂਡ ਸੇਫਟੀ ਟੀਮ ਨੂੰ ਭਰੋਸਾ ਦਿਵਾਇਆ ਗਿਆ ਕਿ ਉਹ ਮਿਲਾਵਟਖੋਰੀ ਵਿਰੁੱਧ ਮੁਹਿੰਮ ਵਿੱਚ ਪੂਰਾ ਸਹਿਯੋਗ ਦੇਣਗੇ ਤੇ ਆਪਣੇ ਸਟੋਰਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਸ਼ੱਕੀ ਮਿਠਾਈ ਜਾਂ ਖੋਆ ਨਹੀਂ ਰੱਖਣਗੇ। ਫੂਡ ਸੇਫਟੀ ਟੀਮ ਵੱਲੋਂ ਲੋਕਾਂ ਤੇ ਵਪਾਰੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਮਿਲਾਵਟਖੋਰੀ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਵਿੱਚ ਸਹਿਯੋਗ ਕਰਨ ਤੇ ਕਿਸੇ ਵੀ ਸ਼ੱਕੀ ਜਾਂ ਗੈਰ-ਮਿਆਰੀ ਖਾਦ ਪਦਾਰਥ ਬਾਰੇ ਤੁਰੰਤ ਫੂਡ ਸੇਫਟੀ ਵਿਭਾਗ ਨੂੰ ਸੂਚਿਤ ਕਰਨ। ਚੈਕਿੰਗ ਦੌਰਾਨ ਕਿਸੇ ਵੀ ਕੋਲਡ ਸਟੋਰ ਵਿੱਚ ਸ਼ੱਕੀ ਖੋਆ ਜਾਂ ਸ਼ੱਕੀ ਮਿਠਾਈ ਸਟੋਰ ਕੀਤੀ ਹੋਈ ਨਹੀਂ ਮਿਲੀ। ਫੂਡ ਸੇਫਟੀ ਵਿਭਾਗ ਵੱਲੋਂ ਅਜਿਹੀਆਂ ਚੈਕਿੰਗਾਂ ਭਵਿੱਖ ਵਿੱਚ ਵੀ ਜਾਰੀ ਰੱਖੀਆਂ ਜਾਣਗੀਆਂ।

# ਐੱਸ ਐੱਸ ਪੀ ਵੱਲੋਂ ਨਸ਼ਾ ਛੁਡਾਊ ਕੇਂਦਰ ਦਾ ਜਾਇਜ਼ਾ



ਸਮਰਾਲਾ (ਸੁਰਜੀਤ ਸਿੰਘ)-ਐੱਸ ਐੱਸ ਪੀ ਖੰਨਾ ਡਾ. ਦਰਪਣ ਆਹਲੂਵਾਲੀਆ ਨੇ ਸਿਵਲ ਹਸਪਤਾਲ ਸਮਰਾਲਾ ਵਿਖੇ ਸਥਿਤ ਨਸ਼ਾ ਛੁਡਾਊ ਕੇਂਦਰ ਦਾ ਦੌਰਾ ਕੀਤਾ।ਇਸ ਮੌਕੇ ਉਨ੍ਹਾਂ ਕੇਂਦਰ ਵਿੱਚ ਚੱਲ ਰਹੀਆਂ ਨਸ਼ਾ ਮੁਕਤੀ ਤੇ ਇਲਾਜ ਸੇਵਾਵਾਂ ਦਾ ਜਾਇਜ਼ਾ ਲਿਆ ਤੇ ਇਲਾਜ ਅਧੀਨ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਸਬੰਧੀ ਜਾਣਕਾਰੀ ਹਾਸਲ ਕੀਤੀ।ਐੱਸ.ਐੱਸ.ਪੀ. ਨੇ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਪੁਲਸ ਤੇ ਸਿਹਤ ਵਿਭਾਗ ਵਿਚਕਾਰ ਮਜ਼ਬੂਤ ਤਾਲਮੇਲ ਬੇਹੱਦ ਜ਼ਰੂਰੀ ਹੈ।ਇਸ ਸਬੰਧੀ ਇੱਕ ਵਿਸ਼ੇਸ਼ ਮੀਟਿੰਗ ਕਰਕੇ ਨਸ਼ਿਆਂ ਦੀ ਰੋਕਥਾਮ, ਨਸ਼ਾ ਤਸਕਰੀ 'ਤੇ ਸਖ਼ਤ ਕਾਰਵਾਈ ਤੇ ਨਸ਼ਾ ਪੀੜਤ ਵਿਅਕਤੀਆਂ ਨੂੰ ਇਲਾਜ ਤੇ ਮੁੜ ਵਸੇਬੇ ਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਪ੍ਰਭਾਵਸ਼ਾਲੀ ਰਣਨੀਤੀਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਨਸ਼ਿਆਂ ਦੀ ਸਪਲਾਈ ਚੇਨ ਨੂੰ ਤੋੜਨ ਲਈ ਲਗਾਤਾਰ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ, ਜਦਕਿ ਸਿਹਤ ਵਿਭਾਗ ਵੱਲੋਂ ਨਸ਼ਾ ਪੀੜਤਾਂ ਨੂੰ ਇਲਾਜ, ਕਾਊਂਸਲਿੰਗ ਤੇ ਹੋਰ ਲੋੜੀਂਦੀਆਂ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।ਦੋਵੇਂ ਵਿਭਾਗਾਂ ਦੇ ਸਾਂਝੇ ਯਤਨਾਂ ਨਾਲ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਤੇ ਰੋਕਥਾਮ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾਵੇਗਾ।ਡਾ. ਆਹਲੂਵਾਲੀਆ ਨੇ ਕਿਹਾ ਕਿ ਖੰਨਾ ਪੁਲਸ, ਸਿਹਤ ਵਿਭਾਗ ਨਾਲ ਮਿਲ ਕੇ ਨਸ਼ਾ-ਮੁਕਤ ਪੰਜਾਬ ਦੀ ਸਿਰਜਣਾ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਉਨ੍ਹਾਂ ਨੌਜਵਾਨਾਂ ਤੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਤੇ ਆਪਣੇ ਆਲੇ-ਦੁਆਲੇ ਕਿਸੇ ਵਿਅਕਤੀ ਨੂੰ ਨਸ਼ੇ ਦੀ ਲਤ ਤੋਂ ਪੀੜਤ ਦੇਖਣ 'ਤੇ ਉਸ ਨੂੰ ਇਲਾਜ ਤੇ ਕਾਊਂਸਲਿੰਗ ਲਈ ਪ੍ਰੇਰਿਤ ਕਰਨ।

# ਮਹਾਂਬੰਦ ਦੀ ਸਫਲਤਾ ਲਈ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਢੀ ਲਾਮਬੰਦੀ




ਭਵਾਨੀਗੜ੍ਹ (ਰਾਜ ਖੁਰਮੀ)-27 ਅਗਸਤ ਦੇ ਪੰਜਾਬ ਮਹਾਂ ਬੰਦ ਨੂੰ ਸਫਲ ਬਣਾਉਣ ਲਈ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਅਤੇ ਪੰਜਾਬ ਮੁਲਾਜ਼ਮ ਮੰਚ ਦੀ ਸਾਂਝੀ ਤਾਲਮੇਲ ਕਮੇਟੀ ਦੇ ਸੂਬਾ ਪੱਧਰੀ ਸੱਦੇ ਤਹਿਤ ਭਵਾਨੀਗੜ੍ਹ ਵਿਖੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਲਾਮਬੰਦੀ ਮੀਟਿੰਗ ਹੋਈ।ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮਾਂ ਨੂੰ ਬੰਦ ਵਿੱਚ ਸ਼ਮੂਲੀਅਤ ਲਈ ਡਿਊਟੀਆਂ ਸੌਂਪੀਆਂ ਗਈਆਂ।ਮੀਟਿੰਗ ਦੀ ਅਗਵਾਈ ਮੁਲਾਜ਼ਮ ਤੇ ਪੈਨਸ਼ਨਰ ਆਗੂਆਂ ਰਘਵੀਰ ਸਿੰਘ ਭਵਾਨੀਗੜ੍ਹ, ਸਤਨਾਮ ਸਿੰਘ ਸੰਧੂ, ਕੇਵਲ ਸਿੰਘ ਸਿੱਧੂ, ਕੰਵਲਜੀਤ ਸਿੰਘ, ਗੁਰਲਾਭ ਸਿੰਘ, ਜਗਮੇਲ ਸਿੰਘ, ਰਾਮ ਸਰੂਪ, ਕਰਮ ਸਿੰਘ, ਕਰਮ ਦਾਸ, ਨਵਦੀਪ ਕੁਮਾਰ, ਚਰਨ ਸਿੰਘ ਚੋਪੜਾ, ਸੰਜੀਵ ਕੁਮਾਰ ਕਾਕੜਾ ਤੇ ਬੀ.ਕੇ.ਯੂ. ਰਾਜੇਵਾਲ ਦੇ ਕੁਲਵਿੰਦਰ ਸਿੰਘ ਮਾਝਾ ਨੇ ਕੀਤੀ।ਇਸ ਮੌਕੇ ਆਗੂਆਂ ਨੇ ਕਿਹਾ ਕਿ 27 ਅਗਸਤ ਨੂੰ ਸਰਕਾਰੀ ਦਫ਼ਤਰਾਂ ਤੇ ਅਦਾਰਿਆਂ ਨੂੰ ਬੰਦ ਰੱਖਣ ਲਈ ਮੁਲਾਜ਼ਮਾਂ ਦੀ ਵੱਧ ਤੋਂ ਵੱਧ ਲਾਮਬੰਦੀ ਕੀਤੀ ਜਾਵੇਗੀ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਲਗਾਤਾਰ ਅਣਗੌਲਿਆ ਕੀਤਾ ਜਾ ਰਿਹਾ ਹੈ।ਉਨ੍ਹਾਂ ਦੋਸ਼ ਲਾਇਆ ਕਿ ਮਹਿੰਗਾਈ ਭੱਤੇ ਤੇ ਇਸ ਦੇ ਬਕਾਏ ਸਬੰਧੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਦੇ ਬਾਵਜੂਦ ਸਰਕਾਰ ਵੱਲੋਂ ਇਸ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ।ਉਨ੍ਹਾਂ ਕਿਹਾ ਕਿ ਮੁਲਾਜ਼ਮ ਤੇ ਪੈਨਸ਼ਨਰ ਵਰਗ ਆਪਣੇ ਹੱਕਾਂ ਲਈ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਮਜਬੂਰ ਹੈ।ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਤੁਰੰਤ ਹੱਲ ਨਾ ਕੀਤਾ ਤਾਂ ਇਸ ਤੋਂ ਪੈਦਾ ਹੋਣ ਵਾਲੇ ਹਾਲਾਤ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।ਇਸ ਮੌਕੇ ਕੁਲਵੰਤ ਸਿੰਘ ਖਨੌਰੀ, ਸੁਖਦੇਵ ਸਿੰਘ ਭਵਾਨੀਗੜ੍ਹ, ਪ੍ਰੀਤਮ ਸਿੰਘ ਬਟਰਿਆਣਾ, ਪਰਮਜੀਤ ਸਿੰਘ ਥੰਮਣ ਸਿੰਘ ਵਾਲਾ, ਬੀਰਬਲ ਸਿੰਘ, ਗੁਰਚਰਨ ਸਿੰਘ ਮਣਕੂ, ਸੋਮਦੱਤ ਤੇ ਸੁਖਜਿੰਦਰ ਸਿੰਘ ਨਰੈਣਗੜ੍ਹ ਸਮੇਤ ਵੱਡੀ ਗਿਣਤੀ ਵਿੱਚ ਮੁਲਾਜ਼ਮ ਤੇ ਪੈਨਸ਼ਨਰ ਆਗੂ ਹਾਜ਼ਰ ਸਨ।

# ਗੁਰਦਿੱਤ ਸਿੰਘ ਭੈਣੀ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸਰਕਲ ਪ੍ਰਧਾਨ ਬਣੇ



ਚੌਂਕੀਮਾਨ (ਇੰਜੀ ਬਲਬੀਰ ਸਿੰਘ ਮਾਨ)-ਪਿੰਡ ਭੈਣੀ ਅਰਾਈਆ ਦੇ ਖੇਡ ਗਰਾਊਂਡ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਦਾਖਾ ਦੇ ਇੰਚਾਰਜ ਜਸਕਰਨ ਸਿੰਘ ਦਿਓਲ ਤੇ ਸੂਬਾ ਕੋਰ ਕਮੇਟੀ ਦੇ ਮੈਂਬਰ ਅਮਨਦੀਪ ਸਿੰਘ ਸਵੱਦੀ ਦੀ ਅਗਵਾਈ ਵਿੱਚ ਵਿਸ਼ੇਸ਼ ਸਮਾਗਮ ਕਰਾਇਆ ਗਿਆ।ਸਮਾਗਮ ਵਿੱਚ ਸਟੇਜ ਸੈਕਟਰੀ ਦੀ ਭੂਮਿਕਾ ਬਹੁਤ ਹੀ ਪੜ੍ਹੇ ਲਿਖੇ, ਬੇਦਾਗ ਕਥਾਵਾਚਕ ਭਾਈ ਜਰਨੈਲ ਸਿੰਘ ਭੈਣੀ ਵੱਲੋਂ ਵਧੀਆ ਢੰਗ ਨਾਲ ਨਿਭਾਈ ਗਈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਦਾਖਾ ਨਾਲ ਸੰਬੰਧਤ ਨਵ ਨਿਯੁਕਤ ਸਮਾਜ ਸੇਵੀ ਗੁਰਦਿੱਤ ਸਿੰਘ ਭੈਣੀ ਨੂੰ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸਰਕਲ ਪ੍ਰਧਾਨ ਨਿਯੁਕਤ ਕਰਨ ਤੇ ਹਲਕਾ ਇੰਚਾਰਜ ਜਸਕਰਨ ਸਿੰਘ ਦਿਓਲ ਅਤੇ ਸੂਬਾ ਕੋਰ ਕਮੇਟੀ ਦੇ ਮੈਂਬਰ ਅਮਨਦੀਪ ਸਿੰਘ ਸਵੱਦੀ ਵੱਲੋਂ ਵਿਸ਼ੇਸ਼ ਸਨਮਾਨਤ ਕੀਤਾ ਗਿਆ।ਇਸ ਮੌਕੇ ਹਲਕਾ ਇੰਚਾਰਜ ਜਸਕਰਨ ਸਿੰਘ ਦਿਓਲ ਨੇ ਕਿਹਾ ਕਿ ਗੁਰਦਿੱਤ ਸਿੰਘ ਭੈਣੀ ਸਪੁੱਤਰ ਸਵ, ਬਲਵੀਰ ਸਿੰਘ ਭੈਣੀ ਸਮੂਹ ਪ੍ਰੀਵਾਰ ਲੋਕ ਸੇਵਾ ਨੂੰ ਸਮਰਪਤ ਹੈ ਤੇ ਲੋਕਾਂ ਨਾਲ ਜ਼ਮੀਨੀ ਪੱਧਰ 'ਤੇ ਜੁੜਿਆ ਹੋਇਆ, ਸ਼੍ਰੋਮਣੀ ਅਕਾਲੀ ਦਲ ਨੂੰ ਸਮਰਪਤ ਟਕਸਾਲੀ ਪਰਵਾਰ ਹੈ।ਸਵ: ਬਲਵੀਰ ਸਿੰਘ ਦੇ ਹੋਣਹਾਰ ਸਪੁੱਤਰ ਗੁਰਦਿੱਤ ਸਿੰਘ ਭੈਣੀ ਤੇ ਯੂਥ ਆਗੂ ਸਿਮਰਨ ਸਿੰਘ ਭੈਣੀ ਅਤੇ ਸਮੂਹ ਪਰਿਵਾਰ ਦੀਆਂ ਸ਼੍ਰੋਮਣੀ ਅਕਾਲੀ ਦਲ ਨੂੰ ਸਮਰਪਤ ਸੇਵਾਵਾਂ ਦੇਖ ਕੇ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸਰਕਲ ਪ੍ਰਧਾਨ ਨਿਯੁਕਤ ਕੀਤਾ ਗਿਆ ਤੇ ਸਮੁੱਚੀ ਟੀਮ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਅੱਗੇ ਸੂਬਾ ਕੋਰ ਕਮੇਟੀ ਦੇ ਮੈਂਬਰ ਅਮਨਦੀਪ ਸਿੰਘ ਸਵੱਦੀ ਨੇ ਵੀ ਕਿਹਾ ਕਿ ਇਹ ਪਰਵਾਰ ਦੀਆਂ ਪਾਰਟੀ ਲਈ ਲੰਮੇ ਸਮੇਂ ਤੋਂ ਕੀਤੀ ਮਿਹਨਤ ਅਤੇ ਸੇਵਾ ਦਾ ਸਨਮਾਨ ਹਨ।

# ਸਵਨਾ ਨੇ ਰਿਣਵਾ ਤੇ ਅਤੁੱਲ ਨੂੰ ਦਿੱਤੀ ਵਧਾਈ



ਫਾਜ਼ਿਲਕਾ (ਨਿਸ਼ਾ ਸ਼ਰਮਾ)-ਫਾਜ਼ਿਲਕਾ ਦੇ ਵਿਧਾਇਕ ਸ੍ਰ. ਨਰਿੰਦਰਪਾਲ ਸਿੰਘ ਸਵਨਾ ਨੇ ਸ੍ਰੀ ਅਮਿਤ ਰਿਣਵਾ ਨੂੰ ਮਾਰਕੀਟ ਕਮੇਟੀ ਫ਼ਾਜ਼ਿਲਕਾ ਦੇ ਚੇਅਰਮੈਨ ਤੇ ਸ੍ਰੀ ਅਤੁੱਲ ਨਾਗਪਾਲ ਨੂੰ ਇੰਪਰੂਵਮੈਂਟ ਟਰੱਸਟ ਦਾ ਚੇਅਰਮੈਨ ਬਣਨ 'ਤੇ ਵਧਾਈ ਦਿੰਦਿਆਂ ਕਿਹਾ ਕਿ ਪਾਰਟੀ ਹਾਈ ਕਮਾਂਡ ਵੱਲੋਂ ਜੋ ਵੀ ਜ਼ਿੰਮੇਵਾਰੀ ਉਨ੍ਹਾਂ ਨੂੰ ਦਿੱਤੀ ਗਈ ਹੈ, ਉਹ ਬਾਖੂਬੀ ਢੰਗ ਨਾਲ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣ।ਉਨ੍ਹਾਂ ਕਿਹਾ ਕਿ ਫ਼ਾਜ਼ਿਲਕਾ ਦੇ ਹੋਰ ਨਿਵੇਕਲੇ ਵਿਕਾਸ ਵਿੱਚ ਉਹ ਆਪਣਾ ਅਹਿਮ ਯੋਗਦਾਨ ਪਾਉਣ ਤਾਂ ਜੋ ਫਾਜ਼ਿਲਕਾ ਨੂੰ ਹੋਰ ਵੀ ਵਿਕਾਸ ਦੀਆਂ ਨਵੀਆਂ ਲੀਹਾਂ 'ਤੇ ਲਿਆਂਦਾ ਜਾ ਸਕੇ।ਉਨ੍ਹਾਂ ਕਿਹਾ ਕਿ ਜੋ ਵੀ ਲੋਕ ਉਨ੍ਹਾਂ ਕੋਲ ਕੰਮ ਲਈ ਆਉਣ, ਉਹ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਅੱਗੇ ਹੋ ਕੇ ਉਨ੍ਹਾਂ ਦੇ ਕੰਮ ਕਰਨ।

# ਪਿੰਡਾਂ ਦੇ ਮੈਦਾਨਾਂ ਤੋਂ ਤਿਆਰ ਹੋਣਗੇ ਪੰਜਾਬ ਦੇ ਨਵੇਂ ਖੇਡ ਸਿਤਾਰੇ : ਮਿੱਕੂ ਜਵੰਧਾ

- 1791 ਕਰੋੜ ਦੇ ਖੇਡ ਬਜਟ ਨਾਲ ਖੇਡ ਢਾਂਚੇ ਨੂੰ ਮਜ਼ਬੂਤ ਕਰਨ ਦਾ ਦਾਅਵਾ
- 5 ਤੋਂ ਸ਼ੁਰੂ ਹੋਵੇਗਾ 'ਖੇਡਾਂ ਵਤਨ ਪੰਜਾਬ ਦੀਆਂ' ਦਾ ਸੀਜ਼ਨ-4

ਭਵਾਨੀਗੜ੍ਹ (ਰਾਜ ਖੁਰਮੀ)-ਪੰਜਾਬ ਦੇ ਪਿੰਡਾਂ ਵਿੱਚ ਤਿਆਰ ਹੋ ਰਹੇ ਖੇਡ ਮੈਦਾਨ ਤੇ ਖੇਡ ਸਹੂਲਤਾਂ ਆਉਣ ਵਾਲੇ ਸਮੇਂ ਵਿੱਚ ਸੂਬੇ ਨੂੰ ਨਵੀਂ ਖੇਡ ਪ੍ਰਤਿਭਾ ਦੇਣ ਲਈ ਅਹਿਮ ਭੂਮਿਕਾ ਨਿਭਾਉਣਗੀਆਂ।ਇਹ ਪ੍ਰਗਟਾਵਾ ਪੰਜਾਬ ਇਨਫੋਟੈਕ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਮਿੱਕੂ ਜਵੰਧਾ ਨੇ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਖੇਡਾਂ ਨੂੰ ਪਿੰਡ ਪੱਧਰ ਤੱਕ ਲਿਜਾਣ ਲਈ ਕੀਤੇ ਜਾ ਰਹੇ ਉਪਰਾਲੇ ਪੰਜਾਬ ਵਿੱਚ 'ਖੇਡ ਕ੍ਰਾਂਤੀ' ਦੀ ਨੀਂਹ ਮਜ਼ਬੂਤ ਕਰ ਰਹੇ ਹਨ।ਡਾ. ਜਵੰਧਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡ ਖੇਤਰ ਦੇ ਸਰਵਪੱਖੀ ਵਿਕਾਸ ਲਈ 1791 ਕਰੋੜ ਰੁਪਏ ਦਾ ਖੇਡ ਬਜਟ ਰੱਖਿਆ ਗਿਆ ਹੈ।ਉਨ੍ਹਾਂ ਦੱਸਿਆ ਕਿ ਖਿਡਾਰੀਆਂ ਤੇ ਕੋਚਾਂ ਨੂੰ ਉਤਸ਼ਾਹਤ ਕਰਨ ਲਈ 40,360 ਖਿਡਾਰੀਆਂ ਤੇ 53 ਕੋਚਾਂ ਨੂੰ 138.70 ਕਰੋੜ ਰੁਪਏ ਦੇ ਨਕਦ ਇਨਾਮ ਦੇਣ ਦੀ ਵਿਵਸਥਾ ਕੀਤੀ ਗਈ ਹੈ, ਜਿਸ ਨਾਲ ਖਿਡਾਰੀਆਂ ਦਾ ਮਨੋਬਲ ਵਧਾਉਣ ਦੇ ਨਾਲ-ਨਾਲ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਵਿੱਚ ਮਦਦ ਮਿਲੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਦੀ ਖੇਡ ਪ੍ਰਤਿਭਾ ਸਿਰਫ਼ ਸ਼ਹਿਰਾਂ ਤੱਕ ਸੀਮਤ ਨਹੀਂ, ਸਗੋਂ ਪਿੰਡਾਂ ਵਿੱਚ ਵੀ ਵੱਡੀ ਗਿਣਤੀ 'ਚ ਨੌਜਵਾਨ ਖੇਡਾਂ ਪ੍ਰਤੀ ਰੁਚੀ ਰੱਖਦੇ ਹਨ।ਇਸੇ ਨੂੰ ਧਿਆਨ ਵਿੱਚ ਰੱਖਦਿਆਂ ਸਰਕਾਰ ਵੱਲੋਂ 3100 ਨਵੇਂ ਪੇਂਡੂ ਖੇਡ ਮੈਦਾਨ ਤਿਆਰ ਕੀਤੇ ਜਾ ਰਹੇ ਹਨ।ਇਸ ਤੋਂ ਇਲਾਵਾ ਨੌਜਵਾਨਾਂ ਨੂੰ ਸਰੀਰਕ ਤੌਰ 'ਤੇ ਤੰਦਰੁਸਤ ਰੱਖਣ ਤੇ ਉਨ੍ਹਾਂ ਨੂੰ ਖੇਡ ਗਤੀਵਿਧੀਆਂ ਨਾਲ ਜੋੜਨ ਲਈ 1000 ਪਿੰਡਾਂ ਵਿੱਚ ਆਧੁਨਿਕ ਜਿੰਮ ਸਥਾਪਤ ਕੀਤੇ ਗਏ ਹਨ।ਡਾ. ਜਵੰਧਾ ਨੇ ਕਿਹਾ ਕਿ ਪਿੰਡਾਂ ਵਿੱਚ ਖੇਡ ਸਹੂਲਤਾਂ ਵਿਕਸਤ ਹੋਣ ਨਾਲ ਆਮ ਪਰਵਾਰਾਂ ਦੇ ਬੱਚਿਆਂ ਨੂੰ ਵੀ ਆਪਣੀ ਪ੍ਰਤਿਭਾ ਨਿਖਾਰਨ ਲਈ ਮੌਕੇ ਮਿਲਣਗੇ।ਉਨ੍ਹਾਂ ਕਿਹਾ ਕਿ ਇਨ੍ਹਾਂ ਮੈਦਾਨਾਂ ਵਿੱਚੋਂ ਹੀ ਭਵਿੱਖ ਦੇ ਕੌਮੀ ਤੇ ਕੌਮਾਂਤਰੀ ਪੱਧਰ ਦੇ ਖਿਡਾਰੀ ਤਿਆਰ ਹੋਣਗੇ।ਉਨ੍ਹਾਂ ਦੱਸਿਆ ਕਿ 'ਖੇਡਾਂ ਵਤਨ ਪੰਜਾਬ ਦੀਆਂ' ਦਾ ਸੀਜ਼ਨ-4 5 ਸਤੰਬਰ ਤੋਂ ਸ਼ੁਰੂ ਹੋਣ ਜਾ ਰਿਹਾ ਹੈ।ਇਸ ਖੇਡ ਮਹਾਕੁੰਭ ਵਿੱਚ ਵੱਖ-ਵੱਖ ਉਮਰ ਵਰਗਾਂ ਦੇ ਖਿਡਾਰੀ 38 ਖੇਡਾਂ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨਗੇ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਪੇਂਡੂ ਖੇਤਰਾਂ ਦੇ ਖਿਡਾਰੀਆਂ ਨੂੰ ਆਪਣੀ ਕਾਬਲੀਅਤ ਦਿਖਾਉਣ ਲਈ ਵੱਡਾ ਮੰਚ ਪ੍ਰਦਾਨ ਕਰਦੇ ਹਨ।

# ਸਕੂਲਾਂ ਤੇ ਰਾਸ਼ਨ ਡਿਪੂਆਂ ਦੀ ਅਚਨਚੇਤ ਚੈਕਿੰਗ

ਧੂਰੀ (ਮਨੋਹਰ ਸਿੰਘ ਸੱਗੂ)-ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਜਸਵੀਰ ਸਿੰਘ ਸੇਖੋਂ ਨੇ ਸੰਗਰੂਰ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਸਕੂਲਾਂ, ਆਂਗਣਵਾੜੀ ਕੇਂਦਰਾਂ ਤੇ ਰਾਸ਼ਨ ਡਿਪੂਆਂ ਦੀ ਅਚਨਚੇਤ ਚੈਕਿੰਗ ਕੀਤੀ।ਉਨ੍ਹਾਂ ਨੇ ਮਿਡ-ਡੇਅ ਮੀਲ ਦੀ ਗੁਣਵੱਤਾ, ਰਾਸ਼ਨ ਦੀ ਉਪਲਬਧਤਾ ਤੇ ਸਟੋਰੇਜ, ਪੀਣ ਵਾਲੇ ਪਾਣੀ ਅਤੇ ਸਫ਼ਾਈ ਦਾ ਜਾਇਜ਼ਾ ਲਿਆ।ਪਿੰਡ ਜਹਾਂਗੀਰ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਵਿੱਚ ਮਿਡ-ਡੇਅ ਮੀਲ ਤੇ ਰਾਸ਼ਨ ਦੀ ਸਥਿਤੀ ਸੰਤੋਸ਼ਜਨਕ ਮਿਲੀ, ਪਰ ਆਰ.ਓ. ਫਿਲਟਰ ਦੇ ਬਾਵਜੂਦ ਪੀਣ ਵਾਲਾ ਪਾਣੀ ਤਸੱਲੀਬਖ਼ਸ਼ ਨਹੀਂ ਸੀ।ਆਂਗਣਵਾੜੀ ਕੇਂਦਰਾਂ ਵਿੱਚ ਬੱਚਿਆਂ ਦੀ ਗੈਰ-ਹਾਜ਼ਰੀ, ਰਜਿਸਟਰਾਂ ਦੀ ਸਾਂਭ-ਸੰਭਾਲ ਅਤੇ ਰਾਸ਼ਨ ਦੀ ਉਪਲਬਧਤਾ ਸਬੰਧੀ ਕਮੀਆਂ ਮਿਲੀਆਂ। ਜਹਾਂਗੀਰ-ਕਹੇਰੂ ਸਕੂਲ ਵਿੱਚ ਵੀ ਪਾਣੀ ਦੀ ਗੁਣਵੱਤਾ ਠੀਕ ਨਹੀਂ ਪਾਈ ਗਈ।ਧੂਰੀ ਦੇ ਸਰਕਾਰੀ ਸਕੂਲ ਵਿੱਚ ਰਸੋਈ ਦੀ ਹਾਲਤ ਅਸੁਰੱਖਿਅਤ ਤੇ ਪਾਣੀ ਦੀ ਗੁਣਵੱਤਾ ਮਾੜੀ ਮਿਲੀ।ਢਢੋਗਲ ਖੇੜੀ ਸਕੂਲ ਵਿੱਚ ਕਿਚਨ ਦੀ ਸਫ਼ਾਈ ਵੱਲ ਧਿਆਨ ਦੇਣ ਦੀ ਹਦਾਇਤ ਕੀਤੀ ਗਈ।ਈਸੀ ਦੇ ਰਾਸ਼ਨ ਡਿਪੂ 'ਤੇ ਜਾਗਰੂਕਤਾ ਬੈਨਰ ਤੇ ਕਮਿਸ਼ਨ ਦਾ ਹੈਲਪਲਾਈਨ ਨੰਬਰ ਪ੍ਰਦਰਸ਼ਿਤ ਕਰਨ ਦੇ ਨਿਰਦੇਸ਼ ਦਿੱਤੇ ਗਏ।ਸੇਖੋਂ ਨੇ ਕਿਹਾ ਕਿ ਯੋਗ ਲਾਭਪਾਤਰੀਆਂ ਨੂੰ ਉਨ੍ਹਾਂ ਦੇ ਹੱਕ ਸਮੇਂ ਸਿਰ, ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਮਿਲਣੇ ਚਾਹੀਦੇ ਹਨ।

# ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ ਦਾ ਵਫ਼ਦ ਆਰ ਟੀ ਓ ਨੂੰ ਮਿਲਿਆ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਦੇ ਵਸਨੀਕਾਂ ਨੂੰ ਵਕੀਲਾਂ ਨਾਲ ਜੁੜੀਆਂ ਸਮੱਸਿਆਵਾਂ ਦੇ ਸਬੰਧ ਵਿੱਚ ਪੰਜਾਬ ਪੈਨਸ਼ਨਰਜ਼ ਕੰਨਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਕਿਸ਼ਨ ਚੰਦ ਜਾਗੋਵਾਲੀਆ ਦੀ ਅਗਵਾਈ ਵਿੱਚ ਵਿਸ਼ਵਜੀਤ ਸਿੰਘ ਸਿੱਧੂ ਆਰ. ਟੀ. ਓ. ਫਿਰੋਜ਼ਪੁਰ ਨੂੰ ਮਿਲਿਆ। ਇਸ ਵਫਦ ਵਿੱਚ ਤਰਸੇਮ ਬੇਦੀ, ਜ਼ਿਲ੍ਹਾ ਪ੍ਰਧਾਨ ਪੰਜਾਬ ਸਟੇਟ ਕਰਮਚਾਰੀ ਦਲ, ਡਾਕਟਰ ਪ੍ਰਦੀਪ ਰਾਣਾ ਪੈਨਸ਼ਨਰ ਆਗੂ, ਰਣਵੀਰ ਸਿੰਘ ਕੁੱਕੂ ਆਦਿ ਸ਼ਾਮਲ ਹੋਏ। ਪੈਨਸ਼ਨਰ ਆਗੂਆਂ ਨੇ ਆਰ.ਟੀ.ਓ. ਫਿਰੋਜ਼ਪੁਰ ਨੂੰ ਵਹੀਕਲ ਨਾਲ ਜੁੜੀਆ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ, ਜਿਵੇਂ ਕਿ ਪੈਂਡਿੰਗ ਵਕੀਲਾਂ ਦੀਆਂ ਰਜਿਸਟਰੇਸ਼ਨ, ਲਾਇਸੰਸ ਤੇ ਹੋਰ ਕੰਮਾਂ ਤੇ ਸਮੱਸਿਆਵਾਂ ਬਾਰੇ ਦੱਸਿਆ ਗਿਆ, ਜਿਸ 'ਤੇ ਆਰ.ਟੀ.ਓ. ਫਿਰੋਜ਼ਪੁਰ ਨੇ ਵਫਦ ਨੂੰ ਵਿਸ਼ਵਾਸ ਦਿਵਾਇਆ ਕਿ ਸਟਾਫ ਦੇ ਸਹਿਯੋਗ ਨਾਲ ਪੈਂਡਿੰਗ ਪਏ ਕੰਮਾਂ ਦਾ ਜਲਦ ਨਿਪਟਾਰਾ ਕੀਤਾ ਜਾ ਰਿਹਾ ਹੈ।

# ਚੰਡੀਗੜ੍ਹ ਧਰਨੇ ਦੀ ਤਿਆਰੀ ਲਈ ਭਾਕਿਯੂ ਡਕੌਂਦਾ ਦੀ ਮੀਟਿੰਗ



ਭਵਾਨੀਗੜ੍ਹ (ਰਾਜ ਖੁਰਮੀ)-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਬਲਾਕ ਭਵਾਨੀਗੜ੍ਹ ਦੀ ਮੀਟਿੰਗ ਬਲਾਕ ਪ੍ਰਧਾਨ ਚਮਕੌਰ ਸਿੰਘ ਭੱਟੀਵਾਲ ਦੀ ਅਗਵਾਈ ਹੇਠ ਬਾਬਾ ਪੋਥੀ ਵਾਲਾ ਸਥਾਨ ਵਿਖੇ ਹੋਈ।ਮੀਟਿੰਗ ਦੌਰਾਨ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 1 ਸਤੰਬਰ ਨੂੰ ਚੰਡੀਗੜ੍ਹ ਵਿਖੇ ਲਾਏ ਜਾ ਰਹੇ ਧਰਨੇ ਸਬੰਧੀ ਵਿਚਾਰ-ਵਟਾਂਦਰਾ ਕਰਦਿਆਂ ਵੱਧ ਤੋਂ ਵੱਧ ਕਿਸਾਨਾਂ ਦੀ ਸ਼ਮੂਲੀਅਤ ਯਕੀਨੀ ਬਣਾਉਣ ਲਈ ਤਿਆਰੀਆਂ 'ਤੇ ਚਰਚਾ ਕੀਤੀ ਗਈ।ਮੀਟਿੰਗ ਦੀ ਸ਼ੁਰੂਆਤ ਮੌਕੇ ਸੂਬਾ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਤੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ ਸਮੇਤ ਸਮੂਹ ਕਿਸਾਨ ਆਗੂਆਂ ਤੇ ਕਿਸਾਨਾਂ ਨੇ ਨਾਰੰਗ ਸਿੰਘ ਕਪਿਆਲ ਦੇ ਸਦੀਵੀਂ ਵਿਛੋੜੇ 'ਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ।ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨੀ ਨਾਲ ਜੁੜੇ ਅਹਿਮ ਮਸਲਿਆਂ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚੇ ਵੱਲੋਂ 1 ਸਤੰਬਰ ਨੂੰ ਚੰਡੀਗੜ੍ਹ ਵਿਖੇ ਧਰਨਾ ਲਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪਿੰਡਾਂ ਨੂੰ ਪਾਣੀਆਂ ਦਾ ਮੁੱਦਾ, ਬੀਜ ਬਿੱਲ, ਕਿਸਾਨੀ ਕਰਜ਼ਿਆਂ ਦੀ ਮੁਆਫ਼ੀ ਤੇ ਕਿਸਾਨਾਂ ਦੀਆਂ ਹੋਰ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਲੈ ਕੇ ਸਰਕਾਰ ਨੂੰ ਗੰਭੀਰਤਾ ਨਾਲ ਕਦਮ ਚੁੱਕਣੇ ਚਾਹੀਦੇ ਹਨ।ਆਗੂਆਂ ਨੇ ਹਾਜ਼ਰ ਕਿਸਾਨਾਂ ਨੂੰ ਇਨ੍ਹਾਂ ਮੰਗਾਂ ਅਤੇ 1 ਸਤੰਬਰ ਦੇ ਧਰਨੇ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਵੱਡੀ ਗਿਣਤੀ ਵਿੱਚ ਚੰਡੀਗੜ੍ਹ ਪਹੁੰਚਣ ਦੀ ਅਪੀਲ ਕੀਤੀ।

# ਪੰਜਰੁੱਖਾ 'ਚ 32 ਲੱਖ ਦੀ ਲਾਗਤ ਨਾਲ ਬਣੇ ਮਾਡਲ ਪਲੇਅ ਗਰਾਊਂਡ ਦਾ ਉਦਘਾਟਨ




ਦੋਰਾਹਾ (ਹਰਮਿੰਦਰ ਸੇਠ)

ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ, ਉਨ੍ਹਾਂ ਦੀ ਊਰਜਾ ਨੂੰ ਉਸਾਰੂ ਦਿਸ਼ਾ ਵਿੱਚ ਲਾਉਣ ਅਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਖੰਨਾ ਵਿਧਾਨ ਸਭਾ ਹਲਕੇ ਦੇ ਪਿੰਡ ਪੰਜਰੁੱਖਾ ਵਿੱਚ 32 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਮਾਡਲ ਪਲੇਅ ਗਰਾਊਂਡ ਸੋਮਵਾਰ ਸ਼ਾਮ ਨੂੰ ਲੋਕਾਂ ਨੂੰ ਸਮਰਪਤ ਕੀਤਾ ਗਿਆ।ਖੇਡ ਮੈਦਾਨ ਦਾ ਉਦਘਾਟਨ ਹਲਕਾ ਖੰਨਾ ਦੇ ਵਿਧਾਇਕ ਅਤੇ ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ, ਕਿਰਤ, ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਅਤੇ ਬਿਜਲੀ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਕੀਤਾ ਗਿਆ। ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਪੇਂਡੂ ਖੇਤਰਾਂ ਵਿੱਚ ਖੇਡ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵੱਡੇ ਪੱਧਰ 'ਤੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਨਵੀਂ ਪੀੜ੍ਹੀ ਨੂੰ ਨਸ਼ਿਆਂ ਦੀ ਲਤ ਤੋਂ ਬਚਾ ਕੇ ਖੇਡਾਂ ਅਤੇ ਹੋਰ ਰਚਨਾਤਮਕ ਗਤੀਵਿਧੀਆਂ ਨਾਲ ਜੋੜਨਾ ਹੈ।ਇਸੇ ਮਕਸਦ ਤਹਿਤ ਪਿੰਡ-ਪਿੰਡ ਆਧੁਨਿਕ ਅਤੇ ਬਿਹਤਰ ਖੇਡ ਸਹੂਲਤਾਂ ਵਿਕਸਤ ਕੀਤੀਆਂ ਜਾ ਰਹੀਆਂ ਹਨ। ਸੌਂਦ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲਗਭਗ 1,250 ਕਰੋੜ ਰੁਪਏ ਦੀ ਲਾਗਤ ਨਾਲ 3,100 ਤੋਂ ਵੱਧ ਮਾਡਲ ਪਲੇਅ ਗਰਾਊਂਡ ਤਿਆਰ ਕਰਨ ਦੀ ਯੋਜਨਾ 'ਤੇ ਕੰਮ ਕੀਤਾ ਜਾ ਰਿਹਾ ਹੈ।ਇਨ੍ਹਾਂ ਵਿੱਚੋਂ ਵੱਡੀ ਗਿਣਤੀ ਵਿੱਚ ਖੇਡ ਮੈਦਾਨ ਤਿਆਰ ਕਰਕੇ ਲੋਕਾਂ ਨੂੰ ਸਮਰਪਤ ਕੀਤੇ ਜਾ ਚੁੱਕੇ ਹਨ।ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਬਾਕੀ ਪਲੇਅ ਗਰਾਊਂਡ ਵੀ ਮੁਕੰਮਲ ਹੋਣ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਆਪਣੇ ਪਿੰਡਾਂ ਵਿੱਚ ਹੀ ਖੇਡ ਅਭਿਆਸ ਕਰਨ ਲਈ ਉੱਚ ਪੱਧਰੀ ਮੌਕੇ ਪ੍ਰਾਪਤ ਹੋਣਗੇ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਨੇ ਕਿਹਾ ਕਿ ਪਿੰਡ ਪੰਜਰੁੱਖਾ ਵਿੱਚ ਬਣਾਇਆ ਗਿਆ ਇਹ ਖੇਡ ਮੈਦਾਨ ਆਧੁਨਿਕ ਸਹੂਲਤਾਂ ਨਾਲ ਲੈਸ ਹੈ।ਇੱਥੇ ਵਾਲੀਬਾਲ ਗਰਾਊਂਡ, ਵਾਕਿੰਗ ਟ੍ਰੈਕ, ਬੱਚਿਆਂ ਲਈ ਝੂਲੇ, ਰਾਤ ਸਮੇਂ ਖੇਡਾਂ ਲਈ ਸਟਰੀਟ ਲਾਈਟਾਂ, ਟਾਇਲਟ ਬਲਾਕ, ਸਬਮਰਸੀਬਲ ਸਮੇਤ ਹੋਰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ।

ਇਸ ਨਾਲ ਬੱਚਿਆਂ, ਨੌਜਵਾਨਾਂ, ਮਹਿਲਾਵਾਂ ਅਤੇ ਬਜ਼ੁਰਗਾਂ ਸਮੇਤ ਹਰ ਉਮਰ ਵਰਗ ਦੇ ਲੋਕਾਂ ਨੂੰ ਲਾਭ ਮਿਲੇਗਾ।

ਸੌਂਦ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਟੀਚਾ ਹਰ ਪਿੰਡ ਵਿੱਚ ਵਧੀਆ ਖੇਡ ਸਹੂਲਤਾਂ ਉਪਲਬਧ ਕਰਵਾਉਣਾ ਹੈ, ਤਾਂ ਜੁ ਪੇਂਡੂ ਖੇਤਰਾਂ ਦੇ ਪ੍ਰਤਿਭਾਸ਼ਾਲੀ ਖਿਡਾਰੀਆਂ ਨੂੰ ਅੱਗੇ ਵਧਣ ਲਈ ਲੋੜੀਂਦਾ ਮਾਹੌਲ ਮਿਲ ਸਕੇ। ਉਨ੍ਹਾਂ ਕਿਹਾ ਕਿ ਖੇਡਾਂ ਦੇ ਪ੍ਰਚਾਰ ਅਤੇ ਪ੍ਰਸਾਰ ਨਾਲ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਨੂੰ ਵੀ ਹੋਰ ਮਜ਼ਬੂਤੀ ਮਿਲੇਗੀ।

# ਭਲਕੇ ਦੇ ਮਹਾਂਬੰਦ 'ਚ ਮੁਲਾਜ਼ਮ ਵਿਰੋਧੀ ਸਰਕਾਰ ਦਾ ਭਾਂਡਾ ਭੰਨਿਆ ਜਾਵੇਗਾ : ਦਲਜੀਤ ਸਿੰਘ



ਸਮਰਾਲਾ (ਸੁਰਜੀਤ ਸਿੰਘ)-ਮੁਲਾਜ਼ਮ ਤੇ ਪੈਨਸ਼ਨਰਜ ਸਾਂਝਾ ਫਰੰਟ ਇਕਾਈ ਸਮਰਾਲਾ-ਖੰਨਾ ਤੇ ਮਾਛੀਵਾੜਾ ਸਾਹਿਬ ਦੇ ਆਗੂਆਂ ਦੀ ਸਾਂਝੀ ਮੀਟਿੰਗ ਪੈਨਸ਼ਨਰ ਆਗੂ ਮੇਘ ਦਾਸ ਜਵੰਦਾ, ਵਰਿਆਮ ਸਿੰਘ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਤੇ ਦਲਜੀਤ ਸਿੰਘ ਸਮਰਾਲਾ ਜਿਲਾ ਪ੍ਰਧਾਨ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੀ ਸਾਂਝੀ ਅਗਵਾਈ ਵਿੱਚ ਹੋਈ।ਮੀਟਿੰਗ ਵਿੱਚ 27 ਅਗਸਤ ਦੇ ਮਹਾਂਬੰਦ ਦੀ ਕਾਲ ਨੂੰ ਸਫਲ ਕਰਨ ਤੇ ਸਰਕਾਰ ਦੀਆਂ ਮੁਲਾਜ਼ਮ ਅਤੇ ਲੋਕ ਵਿਰੋਧੀ ਨੀਤੀਆਂ ਦਾ ਭਾਂਡਾ ਤੋੜਨ ਲਈ ਇੱਕ ਵਿਸ਼ਾਲ ਰੈਲੀ ਅਤੇ ਮਹਾਂ ਮਾਰਚ ਕਰਨ ਦਾ ਫੈਸਲਾ ਕੀਤਾ ਗਿਆ।27 ਅਗਸਤ ਨੂੰ ਸਮਰਾਲਾ-ਖੰਨਾ ਅਤੇ ਮਾਛੀਵਾੜਾ ਸਾਹਿਬ ਖੇਤਰ ਦੀਆਂ ਜਥੇਬੰਦੀਆਂ ਪੁਰਾਣੀ ਦਾਣਾ ਮੰਡੀ ਚੰਡੀਗੜ੍ਹ ਰੋਡ ਵਿਖੇ ਇੱਕ ਵੱਡੀ ਇਕੱਤਰਤਾ ਕਰਕੇ ਭਗਵੰਤ ਮਾਨ ਦੀ ਆਮ ਆਦਮੀ ਪਾਰਟੀ ਦੀਆਂ ਕਾਰਪੋਰੇਟੀ ਨੀਤੀਆਂ ਵਿਰੁੱਧ ਆਰ-ਪਾਰ ਦੀ ਲੜਾਈ ਦਾ ਬਿਗਲ ਵਜਾਉਣਗੀਆਂ।ਮੀਟਿੰਗ ਵਿੱਚ ਆਗੂਆਂ ਨੇ ਕਿਹਾ ਕਿ ਆਪ ਸਰਕਾਰ ਹਰ ਵਰਗ ਦੇ ਲੋਕਾਂ ਦਾ ਦਮਨ ਕਰਨ ਤੇ ਉੱਤਰ ਆਈ ਹੈ।ਉਹ ਪੰਜਾਬ ਦੇ ਵਿਵੇਕਸ਼ੀਲ ਵਰਗ ਨੂੰ ਡੰਡੇ ਦੇ ਸਿਰ ਤੇ ਦਬਾ ਕੇ ਲੋਕ ਆਵਾਜ਼ ਨੂੰ ਕੁਚਲਣ ਦੇ ਰਾਹ ਪੈ ਗਈ ਹੈ।ਪੰਜਾਬ ਦੇ ਬੁੱਧੀਜੀਵੀ ਵਰਗ 27 ਅਗਸਤ ਨੂੰ ਮੁਲਾਜ਼ਮਾਂ ਦੇ ਮਹਾਂਬੰਦ ਦੀ ਕਾਲ ਦਾ ਸਮਰਥਨ ਕਰਦਿਆਂ ਸਰਕਾਰ ਵਿਰੁੱਧ ਆਰ-ਪਾਰ ਦੀ ਲੜਾਈ ਤੇਜ ਕਰਨਗੇ।ਇਸ ਮੀਟਿੰਗ ਨੂੰ ਵਿਜੈ ਕੁਮਾਰ, ਰਘਵੀਰ ਸਿੰਘ ਅਤੇ ਪ੍ਰੇਮ ਸਿੰਘ ਨੇ ਵੀ ਸੰਬੋਧਨ ਕੀਤਾ।ਸ੍ਰੀ ਭੀਮ ਰਾਓ ਅੰਬੇਦਕਰ ਮਿਸ਼ਨ ਵੈਲਫੇਅਰ ਸੁਸਾਇਟੀ ਵੱਲੋਂ ਵੀ 27 ਅਗਸਤ ਦੀ ਕਾਲ ਦਾ ਸਮਰਥਨ ਕੀਤਾ ਗਿਆ।

# ਤੀਜ ਸਮਾਗਮ 'ਚ ਮਹਿਲਾਵਾਂ ਨੇ ਗਿੱਧਾ, ਬੋਲੀਆਂ ਤੇ ਟੱਪਿਆਂ ਨਾਲ ਬੰਨ੍ਹਿਆ ਰੰਗ

## ਤੀਜ ਪੰਜਾਬੀ ਸੱਭਿਆਚਾਰ ਦੀ ਖੂਬਸੂਰਤ ਵਿਰਾਸਤ : ਡਾ. ਅਰੋੜਾ



ਮੋਗਾ (ਇਕਬਾਲ ਸਿੰਘ ਖਹਿਰਾ)-ਨਿਹਾਲ ਸਿੰਘ ਵਾਲਾ ਵਿਖੇ ਕਰਵਾਏ ਗਏ 'ਹੈਪੀ ਹਰਿਆਲੀ ਤੀਜ ਸਮਾਗਮ' ਵਿੱਚ ਮਹਿਲਾਵਾਂ ਨੇ ਗਿੱਧਾ, ਬੋਲੀਆਂ ਤੇ ਟੱਪਿਆਂ ਰਾਹੀਂ ਪੰਜਾਬੀ ਸੱਭਿਆਚਾਰ ਦੀ ਰੌਣਕ ਨੂੰ ਜੀਵੰਤ ਕਰ ਦਿੱਤਾ।ਰੰਗ-ਬਰੰਗੇ ਪੰਜਾਬੀ ਪਹਿਰਾਵਿਆਂ ਵਿੱਚ ਸਜੀਆਂ ਮਹਿਲਾਵਾਂ ਨੇ ਪੂਰੇ ਉਤਸ਼ਾਹ ਤੇ ਖੁਸ਼ੀ ਨਾਲ ਤੀਜ ਦਾ ਤਿਉਹਾਰ ਮਨਾਇਆ। ਇਸ ਸਮਾਗਮ ਵਿੱਚ ਆਮ ਆਦਮੀ ਪਾਰਟੀ ਦੇ ਮਹਿਲਾ ਵਿੰਗ ਦੀ ਸੂਬਾ ਪ੍ਰਧਾਨ ਤੇ ਮੋਗਾ ਦੀ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਆਪਣੇ ਸੰਬੋਧਨ ਦੌਰਾਨ ਉਨ੍ਹਾਂ ਕਿਹਾ ਕਿ ਤੀਜ ਦਾ ਤਿਉਹਾਰ ਪੰਜਾਬੀ ਸੱਭਿਆਚਾਰ ਦੀ ਖੂਬਸੂਰਤ ਤੇ ਅਮੀਰ ਵਿਰਾਸਤ ਦਾ ਅਹਿਮ ਹਿੱਸਾ ਹੈ।ਉਨ੍ਹਾਂ ਕਿਹਾ ਕਿ ਸਾਡੀਆਂ ਭੈਣਾਂ ਤੇ ਧੀਆਂ ਅੱਜ ਵੀ ਇਸ ਤਿਉਹਾਰ ਨੂੰ ਪੂਰੇ ਚਾਵਾਂ ਤੇ ਉਮੰਗ ਨਾਲ ਮਨਾ ਕੇ ਆਪਣੀਆਂ ਪੁਰਾਣੀਆਂ ਪ੍ਰੰਪਰਾਵਾਂ ਨੂੰ ਸਾਂਭ ਰਹੀਆਂ ਹਨ। ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਸਾਡੇ ਪੁਰਖਿਆਂ ਵੱਲੋਂ ਮਨਾਏ ਜਾਂਦੇ ਰਵਾਇਤੀ ਤਿਉਹਾਰ ਆਪਸੀ ਭਾਈਚਾਰੇ, ਪਿਆਰ ਤੇ ਸਾਂਝ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਮਹਿਲਾਵਾਂ ਦੀ ਭਲਾਈ ਤੇ ਸਸ਼ਕਤੀਕਰਨ ਲਈ ਕਈ ਲੋਕ-ਭਲਾਈ ਸਕੀਮਾਂ ਤੇ ਪ੍ਰੋਗਰਾਮ ਚਲਾ ਰਹੀ ਹੈ।ਅੱਜ ਮਹਿਲਾਵਾਂ ਸਮਾਜ ਤੇ ਪੰਜਾਬ ਦੀ ਤਰੱਕੀ ਵਿੱਚ ਅਹਿਮ ਭੂਮਿਕਾ ਨਿਭਾਅ ਰਹੀਆਂ ਹਨ।

ਸਮਾਗਮ ਦੌਰਾਨ ਮਹਿਲਾਵਾਂ ਵੱਲੋਂ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਦਾ ਨਿੱਘਾ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਨਿਹਾਲ ਸਿੰਘ ਵਾਲਾ ਹਲਕੇ ਦੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਦੀ ਪਤਨੀ ਅਮਨਦੀਪ ਕੌਰ ਸਮੇਤ ਆਮ ਆਦਮੀ ਪਾਰਟੀ ਦੀਆਂ ਵੱਡੀ ਗਿਣਤੀ ਵਿੱਚ ਮਹਿਲਾ ਆਗੂ ਤੇ ਵਰਕਰ ਹਾਜ਼ਰ ਸਨ।


AXIS BANK LTD. ਐਕਸਿਸ ਬੈਂਕ ਲਿਮਟਿਡ, ਸ਼ਾਖਾ ਦਾ ਪਤਾ ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਰਜਿਸਟਰਡ ਦਫ਼ਤਰ : 'ਤ੍ਰਿਸ਼ੂਲ', ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬਰਿੱਜ, ਅਹਿਮਦਾਬਾਦ-380006

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਦੀ ਪਾਲਣਾ 'ਚ ਪਬਲਿਕ ਨੋਟਿਸ**

ਇਹ ਨੋਟਿਸ ਆਮ ਜਨਤਾ ਦੀ ਜਾਣਕਾਰੀ ਲਈ ਹੈ ਕਿ ਕਰਜ਼ਦਾਰ/ਸਹਿ ਕਰਜ਼ਦਾਰ/ਗਰੰਟਰ ਨੇ ਬੈਂਕ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਵਿੱਤੀ ਸਹਾਇਤਾ ਪ੍ਰਾਪਤ ਕਰਨ ਦੇ ਬਾਵਜੂਦ ਕਰਜ਼ਦਾਰ/ਗਰੰਟਰ/ਰਹਿਣਕਾਰ ਨੇ ਬੈਂਕ ਤੋਂ ਕਰਜ਼ਾ ਸਹੂਲਤ ਪ੍ਰਾਪਤ ਕੀਤੀ ਸੀ ਜੋ ਦੋਵੇਂ ਮੂਲ ਅਤੇ ਵਿਆਜ਼ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਸਿੱਟੇ ਵਜੋਂ ਅਜਿਹੇ ਕਰਜ਼ੇ ਨਾਨ-ਪਰਫਾਰਮਿੰਗ ਐਸਟਸ (ਐਨ ਪੀ ਏ) ਵਰਗੀਕ੍ਰਿਤ ਕਰ ਦਿੱਤੇ ਗਏ ਹਨ। ਕਰਜ਼ਦਾਰਾਂ ਨੂੰ ਬਕਾਇਦਾ ਉਨ੍ਹਾਂ ਦੇ ਆਖਰੀ ਪਤਿਆਂ 'ਤੇ ਉਕਤ ਐਕਟ ਦੇ ਸੈਕਸ਼ਨ 13(2) ਦੇ ਅਧੀਨ ਜਾਰੀ ਕੀਤੇ ਗਏ ਸਨ। ਜਦਕਿ ਇਹ ਨੋਟਿਸ ਬਿਨਾ ਤਾਮੀਲ ਵਾਪਿਸ ਆ ਗਏ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰਾਂ/ਗਰੰਟਰ ਦਾ ਨਾਂਅ | (1) ਨੋਟਿਸ ਦੀ ਮਿਤੀ (2) ਐਨ ਪੀ ਏ ਮਿਤੀ (3) ਬਕਾਇਆ ਰਕਮ |
|---|---|---|
| 1. | 1. ਦਸਮੇਸ਼ ਟੈਲੀਕਾਮ ਰਾਹੀਂ ਇਸ ਦੇ ਮਾਲਕ ਸ੍ਰੀ ਸੁਖਵਿੰਦਰ ਸਿੰਘ; 2. ਸ੍ਰੀ ਸੁਖਵਿੰਦਰ ਸਿੰਘ ਪਾਮਾ ਪੁੱਤਰ ਸ਼੍ਰੀ ਤਰਸੇਮ ਸਿੰਘ ਪਾਮਾ; 3. ਸ੍ਰੀ ਤਰਸੇਮ ਸਿੰਘ ਪੁੱਤਰ ਸ੍ਰੀ ਵਰਿਆਮ ਸਿੰਘ ਪਾਮਾ; 4. ਸ੍ਰੀ ਰਵੇਲ ਸਿੰਘ ਪੁੱਤਰ ਸ੍ਰੀ ਵਰਿਆਮ ਸਿੰਘ; 5. ਸ੍ਰੀ ਬਲਜਿੰਦਰ ਸਿੰਘ ਪੁੱਤਰ ਸ੍ਰੀ ਤਰਸੇਮ ਸਿੰਘ; | (1) 12.06.2026, (2) 10.08.2025 (3) 14,99,193.70/- ਰੁਪਏ (ਚੌਦਾਂ ਲੱਖ ਨੜਿਨਵੇ ਹਜ਼ਾਰ ਇੱਕ ਸੌ ਤਰਾਨਵੇਂ ਰੁਪਏ ਅਤੇ ਸੱਤਰ ਪੈਸੇ ਸਿਰਫ) |
| | ਜਾਇਦਾਦਾਂ ਦਾ ਵੇਰਵਾ:- i.) ਕੁੱਲ 11.11 ਵਰਗ ਗਜ਼ ਰਕਬੇ ਵਾਲੀ ਜਾਇਦਾਦ ਦਾ ਸਾਰਾ ਹਿੱਸਾ, ਜੋ ਕਿ ਖਸਰਾ ਨੰਬਰ 20//16/2-17-14/2-15/2, ਖੱਤਾ ਨੰਬਰ 290/319-291 ਵਿੱਚ, ਜਮਾਬੰਦੀ ਸਾਲ 2006-2007, ਪਿੰਡ ਮੁੰਡੀਆਂ ਖੁਰਦ ਵਿਖੇ ਸਥਿਤ, ਹਦਬਸਤ ਨੰਬਰ 240, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ।ਸ੍ਰੀ ਸੁਖਵਿੰਦਰ ਸਿੰਘ ਅਤੇ ਸ੍ਰੀ ਬਲਜਿੰਦਰ ਸਿੰਘ ਪੁੱਤਰਾਨ ਸ੍ਰੀ ਤਰਸੇਮ ਸਿੰਘ ਦੇ ਨਾਂਅ 'ਤੇ ਰਜਿਸਟਰਡ ਸੇਲ ਡੀਡ ਵਸੀਕਾ/ਦਸਤਾਵੇਜ਼ ਨੰਬਰ 2909 ਮਿਤੀ 08.10.2012 ਅਨੁਸਾਰ ii.) ਕੁੱਲ 88-8/9 ਵਰਗ ਗਜ਼ ਰਕਬੇ ਵਾਲੀ ਜਾਇਦਾਦ ਦਾ ਸਾਰਾ ਹਿੱਸਾ, ਖਸਰਾ ਨੰਬਰ 20//14/2, 15/2, 20//16/2, 17, ਖੱਤਾ ਨੰਬਰ 242/292, 241/291, ਜਮਾਬੰਦੀ ਸਾਲ 2001-2002, ਪਿੰਡ ਮੁੰਡੀਆਂ ਖੁਰਦ ਵਿਖੇ ਸਥਿਤ, ਹਦਬਸਤ ਨੰਬਰ 240, ਅਬਾਦੀ ਮੁੰਡੀਆਂ ਖੁਰਦ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ। ਸ੍ਰੀ ਤਰਸੇਮ ਸਿੰਘ (7/8 ਹਿੱਸਾ, ਰਕਬਾ 77 ਵਰਗ ਗਜ਼) ਅਤੇ ਸ੍ਰੀ ਰਵੇਲ ਸਿੰਘ (1/8 ਹਿੱਸਾ, ਰਕਬਾ 11 ਵਰਗ ਗਜ਼), ਪੁੱਤਰਾਨ ਸ੍ਰੀ ਵਰਿਆਮ ਸਿੰਘ ਦੇ ਨਾਂਅ ਰਜਿਸਟਰਡ, ਸੇਲ ਡੀਡ ਵਸੀਕਾ/ਦਸਤਾਵੇਜ਼ ਨੰਬਰ 1430 ਮਿਤੀ 21.04.2008 ਅਨੁਸਾਰ। | |
| 2. | 1. ਘੁਮਨ ਏਜੰਸੀਜ਼ ਰਾਹੀਂ ਇਸ ਦੇ ਮਾਲਕ ਸ੍ਰੀ ਦਲਵਾਰਾ ਸਿੰਘ ; 2. ਸ੍ਰੀ ਦਲਵਾਰਾ ਸਿੰਘ ਪੁੱਤਰ ਸ੍ਰੀ ਜਾਗਰ ਸਿੰਘ ; 3. ਸ੍ਰੀ ਭਗਵਾਨ ਸਿੰਘ ਪੁੱਤਰ ਸ੍ਰੀ ਜਾਗਰ ਸਿੰਘ ; | (1) 08.06.2026 (2) 05.05.2026 (3) 46,40,251/- ਰੁਪਏ (ਛਿਆਲੀ ਲੱਖ ਚਾਲੀ ਹਜ਼ਾਰ ਦੋ ਸੌ ਇਕਵੰਜਾ ਰੁਪਏ ਸਿਰਫ਼) |
| | ਜਾਇਦਾਦਾਂ ਦਾ ਵੇਰਵਾ:-i.) ਕੁੱਲ 2 ਬਿਸਵਾ 7 ਬਿਸਵਾਸੀ ਰਕਬੇ ਵਾਲੀ ਜਾਇਦਾਦ ਦਾ ਸਾਰਾ ਹਿੱਸਾ (47/560 ਹਿੱਸਾ ਬਕਦਰ ਵਿੱਚੋਂ 1 ਬਿੱਘਾ 8 ਬਿਸਵੇ ਰਕਬਾ), ਖੇਵਟ/ਖਤੌਨੀ ਨੰਬਰ 339/522, ਖਸਰਾ ਨੰਬਰ 871/1-8, ਕਿੱਤਾ 1, ਜਮ੍ਹਾਂਬੰਦੀ ਸਾਲ 2017-2018 , ਪਿੰਡ ਫਗੂਵਾਲਾ ਵਿਖੇ ਸਥਿਤ, ਤਹਿਸੀਲ ਅਤੇ ਜ਼ਿਲ੍ਹਾ ਸੰਗਰੂਰ, ਪੰਜਾਬ। ਸ੍ਰੀ ਭਗਵਾਨ ਸਿੰਘ, ਪੁੱਤਰ ਸ੍ਰੀ ਜਗਰ ਸਿੰਘ ਦੇ ਨਾਂਅ ਰਜਿਸਟਰਡ 'ਤੇ ਸੇਲ ਡੀਡ ਵਸੀਕਾ/ਦਸਤਾਵੇਜ਼ ਨੰਬਰ 2021-22/124/1/1714 ਮਿਤੀ 21 ਜਨਵਰੀ 2022 ਅਨੁਸਾਰ। ii.) ਕੁੱਲ 0-4 ਬਿਸਵਾ 13 ਬਿਸਵਾਸੀ ਰਕਬੇ ਵਾਲੀ ਜਾਇਦਾਦ ਦਾ ਸਾਰਾ ਹਿੱਸਾ (1/6 ਹਿੱਸੇ 'ਚੋਂ ਬਕਦਰ 1 ਬਿੱਘਾ 8 ਬਿਸਵੇ ਰਕਬਾ), ਖੱਤਾ ਨੰਬਰ 339/522, ਖਸਰਾ ਨੰਬਰ 871/1-8, ਕਿੱਤੇ 1, ਜਮਾਬੰਦੀ ਸਾਲ 2017-2018, ਪਿੰਡ ਫਗੂਵਾਲਾ, ਤਹਿਸੀਲ ਅਤੇ ਜ਼ਿਲ੍ਹਾ ਸੰਗਰੂਰ, ਪੰਜਾਬ ਵਿਖੇ ਸਥਿਤ ਹੈ।ਸ੍ਰੀ ਭਗਵਾਨ ਸਿੰਘ, ਪੁੱਤਰ ਸ੍ਰੀ ਜਗਰ ਸਿੰਘ ਦੇ ਨਾਂਅ ਰਜਿਸਟਰਡ 'ਤੇ ਸੇਲ ਡੀਡ ਵਸੀਕਾ/ਦਸਤਾਵੇਜ਼ ਨੰਬਰ 2020-21/124/1/561 ਮਿਤੀ 28 ਜੁਲਾਈ 2020 ਅਨੁਸਾਰ। | |
| 3. | 1. ਆਸ਼ੂ ਸਟੀਲ ਇੰਡਸਟਰੀਜ਼ ਰਾਹੀਂ ਇਸ ਦੇ ਮਾਲਕ ਮੁਨੀਸ਼ ਗੁਪਤਾ; 2. ਸ੍ਰੀ ਮੁਨੀਸ਼ ਗੁਪਤਾ ਸਪੁੱਤਰ ਸ੍ਰੀ ਪਵਨ ਗੁਪਤਾ; 3. ਸ਼੍ਰੀਮਤੀ ਮੰਜੂ ਪਤਨੀ ਸ੍ਰੀ ਮੁਨੀਸ਼ ਗੁਪਤਾ | (1) 12.06.2026, (2) 05.05.2026 (3) 45,81,834.06/- ਰੁਪਏ (ਪੰਤਾਲੀ ਲੱਖ ਇਕਾਸੀ ਹਜ਼ਾਰ ਅੱਠ ਸੌ ਚੌਂਤੀ ਰੁਪਏ ਅਤੇ ਛੇ ਪੈਸੇ ਸਿਰਫ) |
| | ਜਾਇਦਾਦ ਦਾ ਵੇਰਵਾ:- ਰਿਹਾਇਸ਼ੀ ਜਾਇਦਾਦ ਮਕਾਨ ਨੰਬਰ 118 ਦਾ ਸਾਰਾ ਹਿੱਸਾ, ਜ਼ਮੀਨ ਰਕਬਾ 2ਬੀ-10ਬੀ ਜੋ ਕਿ ਜ਼ਮੀਨ ਰਕਬਾ 6ਬੀ-5ਬੀ ਦਾ 50/2500 ਹਿੱਸਾ, ਖੱਤਾ ਨੰਬਰ 289/451, ਖਸਰਾ ਨੰਬਰ 447 (6-5) ਅਨੁਸਾਰ ਜਮ੍ਹਾਂਬੰਦੀ ਸਾਲ 2017-2018 ਰਿਹਾਇਸ਼ੀ ਏਰੀਆ ਨੇੜੇ ਸੇਲ ਟੈਕਸ ਆਫਿਸ ਵਿਖੇ ਸਥਿਤ, ਸੈਕਟਰ-2, ਬਲਾਕ-ਬੀ, ਗਲੀ ਨੰਬਰ 4, ਆਦਰਸ਼ ਨਗਰ, ਪਿੰਡ ਨਸਰਾਲੀ, ਉਪ-ਤਹਿਸੀਲ ਮੰਡੀ ਗੋਬਿੰਦਗੜ੍ਹ, ਤਹਿਸੀਲ ਅਮਲੋਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਪੰਜਾਬ।ਸ਼੍ਰੀਮਤੀ ਮੰਜੂ ਪਤਨੀ ਸ੍ਰੀ ਮੁਨੀਸ਼ ਗੁਪਤਾ ਦੇ ਨਾਂਅ 'ਤੇ ਰਜਿਸਟਰਡ, ਟਰਾਂਸਫਰ ਡੀਡ ਵਸੀਕਾ/ਦਸਤਾਵੇਜ਼ ਨੰਬਰ 2019-20/24/1/914, ਮਿਤੀ 15 ਜੁਲਾਈ 2019 ਅਨੁਸਾਰ | |
| 4. | 1. ਡੀ ਐਮ ਹਾਰਡਵੇਅਰ ਇੰਡਸਟਰੀਜ਼ ਰਾਹੀਂ ਇਸ ਦੇ ਮਾਲਕ ਸ੍ਰੀ ਮੁਹੰਮਦ ਯੂਸਫ਼; 2. ਸ੍ਰੀ ਮੁਹੰਮਦ ਯੂਸਫ ਪੁੱਤਰ ਮੁਹੰਮਦ ਯਾਕੂਬ; 3. ਸ਼੍ਰੀਮਤੀ ਖਦੀਜਾ ਪਤਨੀ ਮੁਹੰਮਦ ਯੂਸਫ | (1) 12.06.2026, (2) 27.08.2025 (3) 27,12,317.98/- ਰੁਪਏ (ਸਤਾਈ ਲੱਖ ਬਾਰਾਂ ਹਜ਼ਾਰ ਤਿੰਨ ਸੌ ਸਤਾਰਾਂ ਰੁਪਏ ਅਤੇ ਅਠਾਨਵੇਂ ਪੈਸੇ ਸਿਰਫ਼) |
| | ਜਾਇਦਾਦ ਦਾ ਵੇਰਵਾ:- ਜਾਇਦਾਦ ਰਕਬਾ 0-7.23/30 ਦਾ ਸਾਰਾ ਹਿੱਸਾ, ਮਰਲੇ (233 ਵਰਗ ਗਜ਼) (ਕੁੱਲ ਰਕਬੇ 233/1927 ਵਿੱਚੋਂ 3 ਕਨਾਲ 4.7/30 ਮਰਲੇ) ਖੇਵਟ ਨੰਬਰ 1791, ਖਤੌਨੀ ਨੰਬਰ 2929 ਅਤੇ ਖਸਰਾ ਨੰਬਰ 143//21/1/2-8, 11/2/2/0-6, 20/2/2/0-10.7/30 ਕਿੱਤੇ 3 ਜਮਾਂਬੰਦੀ ਸਾਲ 2008-2009, ਨਵਾਬ ਕਲੋਨੀ, ਰਾਇਕੋਟ ਰੋਡ ਸਾਈਡ, ਹੱਦਬਸਤ ਨੰਬਰ 58, ਤਹਿਸੀਲ ਅਤੇ ਜ਼ਿਲ੍ਹਾ ਮਲੇਰਕੋਟਲਾ, ਪੰਜਾਬ।ਸ਼੍ਰੀਮਤੀ ਖਦੀਜਾ ਪਤਨੀ ਸ਼੍ਰੀ ਮੁਹੰਮਦ ਯੂਸਫ ਦੇ ਨਾਂਅ ਰਜਿਸਟਰਡ ਸੇਲ ਡੀਡ ਵਸੀਕਾ ਦਸਤਾਵੇਜ਼ ਨੰਬਰ 1635, ਮਿਤੀ 01.09.2010 ਅਨੁਸਾਰ। | |
| 5. | 1. ਐੱਮ. ਜੇ. ਏ. ਇੰਡਸਟਰੀਜ਼ ਰਾਹੀਂ ਇਸ ਦੇ ਮਾਲਕ ਸ੍ਰੀ ਜਸਵੰਤ ਸਿੰਘ ਰਾਹੀਂ; 2. ਸ੍ਰੀ ਜਸਵੰਤ ਸਿੰਘ, ਸਪੁੱਤਰ ਸ੍ਰੀ ਮਹਿੰਦਰ ਸਿੰਘ; 3. ਸ੍ਰੀ ਅਨਮੋਲ ਸਿੰਘ ਸਪੁੱਤਰ ਸ੍ਰੀ ਜਸਵੰਤ ਸਿੰਘ | (1) 12.06.2026, (2) 05.05.2026 (3) 52,58,708.23/- ਰੁਪਏ (ਬਵੰਜਾ ਲੱਖ ਅਠਵੰਜਾ ਹਜ਼ਾਰ ਸੱਤ ਸੌ ਅੱਠ ਰੁਪਏ ਅਤੇ ਤੇਈ ਪੈਸੇ ਸਿਰਫ਼) |
| | ਜਾਇਦਾਦ ਦਾ ਵੇਰਵਾ:- ਜਾਇਦਾਦ ਰਕਬਾ 1 ਕਨਾਲ 15 ਮਰਲੇ ਦਾ ਸਾਰਾ ਹਿੱਸਾ (ਕੁੱਲ ਖੇਤਰ ਰਕਬਾ 5 ਕਨਾਲ 1 ਮਰਲਾ, ਜੋ ਕਿ 35/101 ਹਿੱਸਾ ਬਕਦਰ 'ਚੋਂ ਹੈ) ਖਸਰਾ ਨੰਬਰ 17//12/1/1/2, 17//12/1/2, 17//12/2/2/1, 17//12/2/2/3, 17//19/2/2/2, 17//19/2/3/2 ਅਤੇ ਖੇਵਟ ਨੰਬਰ 41, ਖਤੌਨੀ ਨੰਬਰ 45 ਜਮ੍ਹਾਂਬੰਦੀ ਸਾਲ 2018-2019, ਬਟਾਲਾ ਸ਼ਰਕੀ ਵਿਖੇ ਸਥਿਤ, ਹਦਬਸਤ ਨੰਬਰ 211, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ, ਪੰਜਾਬ। ਸ੍ਰੀ ਜਸਵੰਤ ਸਿੰਘ ਪੁੱਤਰ ਸ੍ਰੀ ਮਹਿੰਦਰ ਸਿੰਘ ਦੇ ਨਾਂਅ ਤੇ ਰਜਿਸਟਰਡ ਸੇਲ ਡੀਡ ਵਸੀਕਾ/ਦਸਤਾਵੇਜ਼ ਨੰਬਰ 2018-19/146/1/188 ਮਿਤੀ 07 ਅਗਸਤ 2018 ਵਰਤੀ ਗਈ ਸੀ। | |
| 6. | 1. ਸ੍ਰੀ ਸ਼ਿਆਮ ਸਟੀਲਜ਼ ਰਾਹੀਂ ਇਸ ਦੇ ਮਾਲਕ ਸ੍ਰੀ ਅਮਿਤ ਕੁਮਾਰ ਰਾਹੀਂ; 2. ਸ੍ਰੀ ਅਮਿਤ ਕੁਮਾਰ ਸਪੁੱਤਰ ਸ੍ਰੀ ਗਜੇਂਦਰ ਸਿੰਘ | (1) 07.07.2026 (2) 17.09.2025 (3) 31,00,000/- ਰੁਪਏ (ਇਕੱਤੀ ਲੱਖ ਰੁਪਏ ਸਿਰਫ਼) |
| | ਜਾਇਦਾਦ ਦਾ ਵੇਰਵਾ:- ਜਾਇਦਾਦ ਰਕਬਾ 6 ਕਨਾਲ 13 ਮਰਲੇ 6 ਸਰਸਾਹੀ ਦਾ ਸਾਰਾ ਹਿੱਸਾ, 600/1203 ਹਿੱਸਾ, 3 ਕਨਾਲ 6 ਮਰਲੇ 6 ਸਰਸਾਹੀ ਖੱਤਾ ਨੰਬਰ 19/50, ਖਸਰਾ ਨੰਬਰ 22//2/1-2/2 (1-14-6) ਅਤੇ ਖਸਰਾ ਨੰਬਰ 14//22/1-2/3 (4-19) ਜਮ੍ਹਾਂਬੰਦੀ ਸਾਲ 2018-2019, ਪਿੰਡ ਮੁਗਲ ਮਾਜਰਾ ਵਿਖੇ ਸਥਿਤ, ਤਹਿਸੀਲ ਅਮਲੋਹ ਅਤੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਪੰਜਾਬ। ਸ੍ਰੀ ਅਮਿਤ ਕੁਮਾਰ ਪੁੱਤਰ ਸ੍ਰੀ ਗਜੇਂਦਰ ਸਿੰਘ ਦੇ ਨਾਂਅ 'ਤੇ ਰਜਿਸਟਰਡ ਡੀਡ ਵਸੀਕਾ/ਦਸਤਾਵੇਜ਼ ਨੰਬਰ 2021-22/24/1/396, ਮਿਤੀ 10 ਮਈ 2021 ਅਨੁਸਾਰ। | |
| 7. | 1. ਮੈਸ. ਬੀ.ਆਰ. ਇੰਡਸਟਰੀਜ਼ ਰਾਹੀਂ ਇਸ ਦੇ ਮਾਲਕ ਸ਼੍ਰੀ ਬਲਵੰਤ ਰਾਏ ਧੀਮਾਨ ਪੁੱਤਰ ਸ਼੍ਰੀ ਧਨੀ ਰਾਮ ਧੀਮਾਨ; 2. ਸ਼੍ਰੀ ਧੀਰਜ ਧੀਮਾਨ ਪੁੱਤਰ ਸ੍ਰੀ ਬਲਵੰਤ ਰਾਏ ਧੀਮਾਨ | (1) 08.07.2026 (2) 18.04.2026 (3) 74,15,587.68 ਰੁਪਏ (ਚੌਹੱਤਰ ਲੱਖ ਪੰਦਰਾਂ ਹਜ਼ਾਰ ਪੰਜ ਸੌ ਸਤਾਸੀ ਰੁਪਏ ਅਤੇ ਅਠਾਹਠ ਪੈਸੇ) |
| | ਜਾਇਦਾਦ ਦਾ ਵੇਰਵਾ:- ਜਾਇਦਾਦ ਰਕਬਾ 13.33 ਮਰਲੇ ਬਕਦਰ 1/6 ਹਿੱਸਾ ਦੇ ਸਾਰਾ ਹਿੱਸਾ ਜੋ ਕਿ 4 ਕਨਾਲ, ਖਸਰਾ ਨੰਬਰ 4944/541/2(0-10), 4945/541/3(2-0), 5210/5211/542(1-10) ਕਿੱਤੇ 3, ਖੱਤਾ ਨੰਬਰ 2246/2766, ਜਮਾਬੰਦੀ ਸਾਲ 2020-2021 ਵਾਕਿਆ ਫਗਵਾੜਾ ਗਰਬੀ ਵਿਖੇ ਸਥਿਤ, ਹਦਬਸਤ ਨੰਬਰ 74, ਤਹਿਸੀਲ ਫਗਵਾੜਾ ਅਤੇ ਜ਼ਿਲ੍ਹਾ ਕਪੂਰਥਲਾ, ਪੰਜਾਬ। ਸ੍ਰੀ ਧੀਰਜ ਧੀਮਾਨ ਪੁੱਤਰ ਸ੍ਰੀ ਬਲਵੰਤ ਰਾਏ ਧੀਮਾਨ ਦੇ ਨਾਂਅ 'ਤੇ ਟਰਾਂਸਫਰ ਡੀਡ ਵਸੀਕਾ/ਦਸਤਾਵੇਜ਼ ਨੰਬਰ 2024-25/32/1/1400, ਮਿਤੀ 20 ਜੂਨ 2024 ਅਨੁਸਾਰ ਹੱਦਾਂ : ਪੂਰਬ : ਜੀ.ਟੀ. ਰੋਡ ਬਾਹੀ 30 ਫੁੱਟ, ਪੱਛਮ : ਰਕਬਾ ਪੂਜਾ ਧੀਮਾਨ ਬਾਹੀ 30 ਫੁੱਟ, ਉੱਤਰ : ਰਕਬਾ ਮੋਹਨ ਲਾਲ ਧੀਮਾਨ ਬਾਹੀ 81 ਫੁੱਟ, ਦੱਖਣ : ਰਕਬਾ ਬਰਸਾ ਟਾਵਰ ਬਾਹੀ 81 ਫੁੱਟ । | |
| 8. | 1. ਸ੍ਰੀ ਦੀਪਕ ਇੰਡਲ ਕਾਰਪੋਰੇਸ਼ਨ ਰਾਹੀਂ ਇਸ ਦੇ ਮਾਲਕ ਸ੍ਰੀ ਪਰਦੀਪ ਕੁਮਾਰ ਸ਼ਰਮਾ; 2. ਸ੍ਰੀ ਪਰਦੀਪ ਕੁਮਾਰ ਸ਼ਰਮਾ ਪੁੱਤਰ ਨੰਦ ਕਿਸ਼ੋਰ; 3. ਸ਼੍ਰੀਮਤੀ ਅਨੀਕਸ਼ਾ ਸ਼ਰਮਾ ਪਤਨੀ ਪ੍ਰਦੀਪ ਕੁਮਾਰ ਸ਼ਰਮਾ | (1) 08.07.2026, (2) 04.11.2025 (3) 1,92,313.20/- ਰੁਪਏ (ਸਿਰਫ਼ ਇੱਕ ਲੱਖ ਬਾਨਵੇਂ ਹਜ਼ਾਰ ਤਿੰਨ ਸੌ ਤੇਰਾਂ ਰੁਪਏ ਅਤੇ ਵੀਹ ਪੈਸੇ) |
| | ਜਾਇਦਾਦਾਂ ਦਾ ਵੇਰਵਾ:- 1. ਜਾਇਦਾਦ ਪਲਾਟ ਰਕਬਾ 50 ਵਰਗ ਗਜ਼ 'ਤੇ ਨਿਰਮਤ ਗਲੀ ਨੰਬਰ 1 ਵਿਖੇ ਸਥਿਤ, ਸਾਹਿਬਜ਼ਾਦਾ ਫਤਿਹ ਸਿੰਘ ਨਗਰ, ਪਿੰਡ ਡਾਬਾ, ਲੁਧਿਆਣਾ ਖੱਤਾ ਨੰਬਰ 355/434, ਖਸਰਾ ਨੰਬਰ 562 ਜਮਾਬੰਦੀ ਸਾਲ 2008-2009, ਪਿੰਡ ਡਾਬਾ, ਹਦਬਸਤ ਨੰਬਰ 262, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਅਨਿਕਸ਼ਾ ਸ਼ਰਮਾ ਦੇ ਨਾਂਅ ਸੇਲ ਡੀਡ ਨੰਬਰ 4643, ਮਿਤੀ 08.03.2016 ਅਨੁਸਾਰ। ਹੱਦਾਂ : ਪੂਰਬ: ਗੁਆਂਢੀ (36'-0"), ਪੱਛਮ : ਗੁਆਂਢੀ (36'-0"); ਉੱਤਰ: ਗੁਆਂਢ (12'-6"); ਦੱਖਣ: 16 ਫੁੱਟ ਚੌੜੀ ਗਲੀ (12'-6")। 2. ਜਾਇਦਾਦ ਪਲਾਟ ਰਕਬਾ 100 ਵਰਗ ਗਜ਼ 'ਤੇ ਨਿਰਮਤ ਮਹਾਂ ਸਿੰਘ ਨਗਰ, ਪਿੰਡ ਡਾਬਾ, ਲੁਧਿਆਣਾ, ਖਾਤਾ ਨੰਬਰ 29/38 ਤੋਂ 41,30/42 ਤੋਂ 48 ਅਤੇ ਖਸਰਾ ਨੰਬਰ 259/2, 260 ਜਮਾਬੰਦੀ ਸਾਲ 2003-2004, ਪਿੰਡ ਡਾਬਾ, ਹਦਬਸਤ ਨੰਬਰ 262, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਅਨਿਕਸ਼ਾ ਸ਼ਰਮਾ ਦੇ ਨਾਂਅ ਸੇਲ ਡੀਡ ਨੰਬਰ 6532, ਮਿਤੀ 21.06.2007 ਅਨੁਸਾਰ। ਹੱਦਾਂ : ਪੂਰਬ: ਗੁਆਂਢੀ, 18'-0" ਤੱਕ, ਪੱਛਮ: 20 ਫੁੱਟ ਚੌੜੀ ਸੜਕ, 18'-0" ਤੱਕ, ਉੱਤਰ: ਜਸਵੰਤ ਸਿੰਘ, 50'-0" ਤੱਕ, ਦੱਖਣ : ਸ੍ਰੀ ਪਾਲ, 50'-0" ਤੱਕ । | |
| 9. | 1. ਨਛੱਤਰ ਸਿੰਘ ਐਂਡ ਸੰਨਜ਼ ਰਾਹੀਂ ਇਸ ਦੇ ਸ੍ਰੀ ਰਣਜੀਤ ਸਿੰਘ ਰਾਹੀਂ; 2. ਸ੍ਰੀ ਰਣਜੀਤ ਸਿੰਘ ਪੁੱਤਰ ਸ੍ਰੀ ਨਛੱਤਰ ਸਿੰਘ; 3. ਸ਼੍ਰੀਮਤੀ ਕਰਮਜੀਤ ਕੌਰ ਅਤੇ ਸ੍ਰੀ ਰਣਜੀਤ ਸਿੰਘ; 4. ਮੈਸਰਜ਼ ਅਗਰਵਾਲ ਐਂਡ ਕੰਪਨੀ ਰਾਹੀਂ ਇਸ ਦੇ ਭਾਈਵਾਲਾਂ ਦੁਆਰਾ ਸ੍ਰੀ ਰਣਜੀਤ ਸਿੰਘ ਅਤੇ ਸ੍ਰੀ ਗੁਰਮੁੱਖ ਸਿੰਘ | (1) 06.07.2026 (2) 08.04.2026 (3) 34,48,498.11 ਰੁਪਏ (ਚੌਂਤੀ ਲੱਖ ਅਠਤਾਲੀ ਹਜ਼ਾਰ ਚਾਰ ਸੌ ਅਠਾਨਵੇਂ ਰੁਪਏ ਅਤੇ ਗਿਆਰਾਂ ਪੈਸੇ ਸਿਰਫ਼) |
| | ਜਾਇਦਾਦ ਦਾ ਵੇਰਵਾ:- ਜਾਇਦਾਦ 954 ਵਰਗ ਗਜ਼ ਦਾ ਸਾਰਾ ਹਿੱਸਾ ਰਕਬਾ 19 ਬਿਸਵਾ 2 ਬਿਸਵਾ, ਜੋ ਕਿ 132 ਬਿੱਘਾ 6 ਬਿਸਵਾ ਦਾ 382/52920 ਹਿੱਸਾ ਜਿਸ 'ਚ ਸ਼ਾਮਲ ਹੈ 147/236 ਤੋਂ 271 ਵਿੱਚ ਸ਼ਾਮਲ ਖਸਰਾ ਨੰਬਰ 106/6-5, 501/6-6, 682/1-10, 688/9-8, 806/196/2-19, 588/1/0-11, 689 ਮਿੰਨ/5-2, 689 ਮਿੰਨ/1-3, 107/1/3-3, 502/3/0-4, 502/6/0-12, 531/1-0, 532/1-4, 588/1/0-11, 689 ਮਿੰਨ/5-2, 689 ਮਿੰਨ/1-3, 107/1/3-3, 502/3/0-4, 502/6/0-12, 531/1-0, 532/1-4, 235/4-1, 273/3-2, 314/0-12, 796/260/1-7, 7/4-4, 64/0-13, 98/3-10, 105/0-9, 213/0-15, 223/4-11, 232/0-16, 248/4-0, 317/9-1, 533/8-11, 563/452/6-14, 593/9-12, 679/3-11, 692/11-13, 700/0-2, 749/0-2, 761/6-17, 860/331/0-5, 861/1-12, 926/419/0-6, 927/419/3-12, 712/0-1, 709/0-1, 711/0-1, 759/0-1, 618/1/0-1, 716/0-1, 502/8/0-5, 702/8/0-5, 74-12- 502/4/0-4, 736/0-1, 617/1/0-1, 502/7/0-4, 738/0-1, 732/0-1, 735/0-1, 758/0-1, 714/0-1, 708/0/1, 56/0-1, 567-1, 567- 502/5/0-4, 737/0-1, 757/0-1, 713/0-1, 731/0-1, 710/0-1, 502/2/0-5, 739/0-1, 754/0-1, 502/0-4, 740/01, 160/0-2, 720/0-1, 502/1/0-4, 741/0-1, 715/0-1, ਕਿੱਤੇ 75, ਜਮ੍ਹਾਂਬੰਦੀ ਸਾਲ 2014-15 ਰਕਬਾ ਨੂਰਪੁਰਾ ਵਿਖੇ ਸਥਿਤ, ਤਹਿਸੀਲ ਭਵਾਨੀਗੜ੍ਹ ਅਤੇ ਜ਼ਿਲ੍ਹਾ-ਸੰਗਰੂਰ, ਪੰਜਾਬ, ਸ਼੍ਰੀਮਤੀ ਕਰਮਜੀਤ ਕੌਰ ਪਤਨੀ ਸ੍ਰੀ ਰਣਜੀਤ ਸਿੰਘ ਦੇ ਨਾਂਅ ਰਜਿਸਟਰਡ ਟਰਾਂਸਫਰ ਡੀਡ ਵਸੀਕਾ/ਦਸਤਾਵੇਜ਼ ਨੰਬਰ 2019-20/124/1/1994, ਮਿਤੀ 16-01-2020 ਅਨੁਸਾਰ | |
| 10. | 1. ਮੈਸਰਜ਼ ਜਲ ਇੰਟਰਨੈਸ਼ਨਲ ਰਾਹੀਂ ਇਸ ਦੇ ਮਾਲਕ ਸ੍ਰੀ ਰਾਜਿੰਦਰ ਚੋਪੜਾ ਰਾਹੀਂ; 2. ਸ੍ਰੀ ਰਾਜਿੰਦਰ ਚੋਪੜਾ ਸਪੁੱਤਰ ਬਾਲਕ ਰਾਮ ਚੋਪੜਾ; ਸ੍ਰੀਮਤੀ ਮਮਤਾ ਪਤਨੀ ਰਾਜਿੰਦਰ ਚੋਪੜਾ | (1) 06.07.2026, (2) 01.06.2026 ਰੁਪਏ 2,03,92,935.10/- (ਦੋ ਕਰੋੜ ਤਿੰਨ ਲੱਖ ਬਾਨਵੇਂ ਹਜ਼ਾਰ ਨੌ ਸੌ ਪੈਂਤੀ ਰੁਪਏ ਅਤੇ ਦਸ ਪੈਸੇ ਸਿਰਫ਼) |
| | ਜਾਇਦਾਦ ਦਾ ਵੇਰਵਾ:- 1. ਗੋਦਾਮ ਵਾਲੀ ਜਾਇਦਾਦ ਦਾ ਸਾਰਾ ਹਿੱਸਾ ਰਕਬਾ 29 ਮਰਲੇ, ਖਸਰਾ ਨੰਬਰ 13607, 13608, 13609, 13610, 13611, 13613, 13614, 13615, 13612, 18776/17698/13649, 17699/13649, 13616, 17711/13681 ਵਾਕਿਆ ਆਬਾਦੀ ਰਾਮ ਬਾਗ ਕਲੋਨੀ, ਉਦਯੋਗਿਕ/ਫੈਕਟਰੀ ਸ਼ੈੱਡ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਪੰਜਾਬ ਰਜਿੰਦਰ ਚੋਪੜਾ ਦੇ ਨਾਂਅ ਸੇਲ ਡੀਡ ਨੰਬਰ 2021-22/186/1/8401 ਮਿਤੀ 28.10.2021 ਅਨੁਸਾਰ, ਜਿਸ ਵਿੱਚ ਉਸ 'ਤੇ ਬਣੀਆਂ ਸਾਰੀਆਂ ਇਮਾਰਤਾਂ, ਢਾਂਚੇ, ਫਿਕਸਚਰ, ਫਿਟਿੰਗਾਂ ਅਤੇ ਧਰਤੀ ਨਾਲ ਜੁੜੀ ਜਾਂ ਧਰਤੀ ਨਾਲ ਜੁੜੀ ਕਿਸੇ ਚੀਜ਼ ਨਾਲ ਪੱਕੇ ਤੌਰ 'ਤੇ ਜੁੜੀ ਸਾਰੀ ਮਸ਼ੀਨਰੀ ਸ਼ਾਮਲ ਹੈ ਦਾ ਉਹ ਸਾਰਾ ਹਿੱਸਾ। ਹੱਦਾਂ : ਪੂਰਬ - ਸ਼ਰਮਾ ਜੀ ਦੀ ਫੈਕਟਰੀ, ਪੱਛਮ : ਵਿਨੈ ਜੋਸ਼ੀ ਦੀ ਫੈਕਟਰੀ, ਉੱਤਰ - ਹੋਰ, ਦੱਖਣ- ਸੜਕ। 2. ਰਿਹਾਇਸ਼ੀ ਜਾਇਦਾਦ ਮਕਾਨ ਨੰਬਰ 36 ਦਾ ਸਾਰਾ ਹਿੱਸਾ ਰਕਬਾ 06 ਮਰਲੇ 138 ਵਰਗ ਫੁੱਟ, ਖਸਰਾ ਨੰਬਰ 1313, 1314 ਵਾਕਿਆ ਨਿਊ, ਸੂਰਜ ਗੰਜ, ਬਸਤੀ ਸ਼ੇਖ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਸ਼੍ਰੀਮਤੀ ਮਮਤਾ ਪਤਨੀ ਰਾਜਿੰਦਰ ਚੋਪੜਾ ਦੇ ਨਾਂਅ ਸੇਲ ਨੰਬਰ 2019-20/187/1/4191 ਮਿਤੀ 16.08.2019 ਅਨੁਸਾਰ। ਹੱਦਾਂ : ਪੂਰਬ - ਗਲੀ, ਪੱਛਮ-ਕਿਸ਼ੋਰੀ ਲਾਲ, ਉੱਤਰ - ਜਗਦੀਸ਼ ਅਰੋੜਾ, ਦੱਖਣ - ਹਰਪ੍ਰੀਤ ਸੋਨੀ। | |

ਇਸ ਲਈ, ਸਿੱਧੇ ਤੌਰ 'ਤੇ ਸੂਚਨਾ ਦੇਣ ਦੀ ਬਜਾਏ ਇਹ ਜਨਤਕ ਨੋਟਿਸ ਜਾਰੀ ਕੀਤਾ ਜਾਂਦਾ ਹੈ। ਕਰਜ਼ਦਾਰ (ਕਰਜ਼ਦਾਰਾਂ) ਅਤੇ/ਜਾਂ, ਉਨ੍ਹਾਂ ਦੇ ਗਰੰਟਰਾਂ ਜਿੱਥੇ ਲਾਗੂ ਹੋਵੇ, ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਬਕਾਇਆ ਰਕਮ ਜਮ੍ਹਾਂ ਕਰਾਉਣ ਦਾ ਸੱਦਾ ਦਿੱਤਾ ਜਾਂਦਾ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿੱਚ 60 ਦਿਨਾਂ ਦੀ ਮਿਆਦ ਸਮਾਪਤ ਹੋਣ ਤੋਂ ਬਾਅਦ ਸਿਕਿਊਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫਾਇਨੈਂਸ਼ਲ ਐਸੈਟਸ ਐਂਡ ਐਨਫੋਰਸਮੈਂਟ ਆਫ਼ ਸਕਿਊਰਿਟੀ ਇੰਟਰੈਸਟ ਐਕਟ, 2002 ਦੀ ਧਾਰਾ 13 ਦੀ ਉਪ-ਧਾਰਾ (4) ਅਧੀਨ ਕਾਨੂੰਨ ਅਨੁਸਾਰ ਅਗਲੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ।
ਕਰਜ਼ਦਾਰਾਂ ਦਾ ਵਿਸ਼ੇਸ਼ ਧਿਆਨ ਇਸ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਵੱਲ ਦਿਵਾਇਆ ਜਾਂਦਾ ਹੈ, ਜਿਸ ਵਿੱਚ ਉਨ੍ਹਾਂ ਨੂੰ ਗਿਰਵੀ/ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਦੇ ਆਪਣੇ ਅਧਿਕਾਰਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਮਿਤੀ : 26.08.2026 ਸਥਾਨ : ਪੰਜਾਬ — ਸਹੀ/- ਅਧਿਕਾਰਤ ਅਧਿਕਾਰੀ, ਐਕਸਿਸ ਬੈਂਕ ਲਿਮਟਿਡ

# ਕਲਾਸੀਫਾਈਡ ਇਸ਼ਤਿਹਾਰ

## Change of Name

I, Suman Sharma W/O Jagiri Lal Sharma R/O 42-B, Rani Ka Bagh, Near Ravi Gas Agency, Amritsar, Punjab have changed my name from Suman Sharma to Suman Bala. Concerned note.

I, Neelam W/o Sarbjit Singh Residence of Street No.13, Shaheed Bhagat Singh Nagar, Khothra Road, Post Office- Phagwara, District-Kapurthala -144401, Punjab (India)have changed my name from Neelam to Neelam Rani. Please note.

I, Navinderjeet Kaur Bal W/o Baghel Singh R/O VPO Sathiala, Tehsil Baba Bakala District Amritsar have changed my name from Navinderjeet Kaur Bal to Navinderjeet Kaur

I, Jaskaranjit Singh S/o Kulwinder Singh R/O VPO Bhagupur, Tehsil Patti, District Tarn Taran, Punjab have declare that Jaskaranjit is my Given name and Singh is my Surname

I, Sukhwinder Singh S/o Gurdial Singh R/o House No 472, VPO Gumtala, Near Banarsi Lal Kariyana Store, Amritsar have changed my daughter name from Sadiya to Sadiyadeep Kaur

I, Jagdish Kumar S/o Lajja Ram R/o 2068/17 Abadi Gokal Chand Shakti Nagar Gali Kharasiyan Amritsar have changed my name from Jagdish Kumar to Jagdish Mehra

I, Hardev Singh S/o Gursharan Singh Gulari R/o H.No.9, Gali No. 2, Vijay Nagar Batala Road, Amritsar have changed my name from Hardev Singh to Hardev Singh Gulari

I, Harpreet Singh S/o Harjinder Singh R/o Mandir Wala Bazar, Amritsar have declare that in my minor daughter Mannat Kaur DMC my name has been wrongly written as Ranjodh Singh but my correct name is Harpreet Singh

I, Hasrat Singh Mahal S/o Sanampreet Singh Mahal R/o H.No.526-A, New Amritsar, Amritsar have changed my name from Hasrat Singh to Hasrat Singh Mahal

I, Saroop Singh son of Shingara Singh resident of VPO Jalalpur Sheron, Tehsil Baba Bakala District Amritsar, Punjab, have changed my minor son's name from Harmanpreet Singh to Harmanpreet is his Given name and Singh is his Surname.

I, Harpreet Singh S/o Gurdial Singh R/o Vill Chandu Manj, 01, Akarpura, Distt. Gurdaspur. I declare that Harpreet is my given name and Singh is my surname. Please concerned note.

I, Harpreet Kaur D/O Sarvjit Singh R/O Vill. Grupar, Po. Aur , Teh. Nawanshahr , Distt. S.B.S Nagar Pin. 144417, Punjab Have Changed My Name From Harpreet Kaur To Kaur Harpreet.(surname As Kaur).

I Anita W/O Raj kumar R/O Vpo. Dosanjh Kalan, Teh Phillaur, Distt. Jalandgar, Punjab have Changed my Name from Anita to Anita Rani. All concerned please note.

I, Jaspal Singh S/o Ramesh Lal & Rainika Khosla W/o Jaspal Masih R/o Village Rajpur, PO & Tehsil Bholath, Distt. Kapurthala - 144622, Punjab have changed the name of my minor son Godson aged 10 years and he shall hereafter be known as Godson Khosla. All concerned please note.

I, Jaspal Singh S/o Ramesh Lal & Rainika Khosla W/o Jaspal Masih R/o Village Rajpur, PO & Tehsil Bholath, Distt. Kapurthala - 144622, Punjab have changed the name of my minor daughter Riya aged 13 years and she shall hereafter be known as Riya Khosla. All concerned please note.

I, Surinder Kumar Mahajan S/o Jagdish Mittar R/o 169, 100Ft Road, Azad Nagar, Amritsar, Punjab declare that I known by two names Surinder Kumar and Surinder Kumar Mahajan. Surinder Kumar and Surinder Kumar Mahajan is one and the same person.

I, Anuradha Mahajan W/o Surinder Kumar Mahajan R/o 169, 100Ft Road, Azad Nagar, Amritsar, Punjab declare that I known by two names Anuradha and Anuradha Mahajan. Anuradha and Anuradha Mahajan is one and the same person.

I, hitherto known as Harvel Singh S/o Kapoor Singh R/o Village Mohkamgarh, PO. Tanda, Teh. Dasuya, Distt. Hoshiarpur, Punjab-144204 have changed my name and shall hereafter be known as Harvail Singh.

I, Vinod Sharma son of Dwarka Dass resident of H.No. 73, Dhandra Road, Basant Avenue, Dugri, Basant Avenue, Ludhiana-141013, Punjab have changed my name from Vinod Sharma to Vinod Kumar Sharma. All concerned please note.

I, Raman Singh son of Hardev Singh resident of Vill. Diwaniwal, Tehsil Batala, Distt. Gurdaspur, Punjab have changed my name from Raman Singh to Singh Raman. Concerned Note.

I, Poonam Ghai W/o Anil Kapoor D/o Sukhpal Ghai R/o H.No. 15, Street No. 63, Model Town Road Garden Colony, Jalandhar-144003, Punjab have changed my name to Poonam Kapoor. All concerned please note.

I, Harmanjeet S/O Des Raj, R/o Suchi Pind, Jalandhar- I, Jalandhar, Punjab- 144009, have changed my name and shall hereafter be Known as Harmanjeet Raj.

I, Shveta Bansal W/O Rajesh Kumar, R/o H No.163/26, Near Vishwanath Mandir, Nai Abadi, Khanna, Ludhiana, Punjab- 141401. have changed my name and shall hereafter be Known as Shveta.

I, Bunty S/o Yakub Masih R/o VPO. Kala Afgana, Tehsil Batala, District Gurdaspur, Punjab-143513 have changed my name from Bunty to Bunty Masih. Concerned Note.

I Hitherto Known As Balwinder Kaur Wife Of Mr. Sat Parkash Singh Residing At Vpo. Palahi, Tehsil Phagwara, District Kapurthala, Punjab, India-144403 Have Changed My Name And Shall Hereafter Be Known As Narinder Kaur.

I Hitherto Known As Jagdish Kaur Wife Of Mr. Gurpartap Singh Residing At Village Singriwala, Post Office Piplanwala, Tehsil & District Hoshiarpur, Punjab, India-146022 Have Changed My Name And Shall Hereafter Be Known As Amandeep Kaur.

## Change of Name

I Atam Parkash S/o Phattu Ram,R/o H.No 206, Urban Estate Phase-2, Jalandhar-144022 have changed my name from Atam Parkash to Atam Parkash Arora.

I Sharanjit Kaur alias Sawrnjit Kaur W/o Jasvir Singh, R/o Vill. Ali Chak, PO Basti Guzan, Jalandhar, Punjab - 144002 have changed my name from Sharanjit Kaur alias Sawrnjit Kaur to Sharanjit Kaur. All concerned may note.

I, Kiran D/O Balwinder Singh, R/O Vpo Dera Lakhan Kalan, Distt Kapurthala, Punjab Have Changed My Name From Kiran To Kirandeep Kaur. Concerned Plese Note.

I Gurleen Kaur Khatkar w/o Kuldeep Singh Bhatija r/o Vill. Bhatija Randhawa, PO. Industrial Town, Distt. Jalandhar have changed my name after marriage to Gurleen Kaur Bhatija. All Please Note.

I, Kuldeep Singh s/o Sukhdev Singh r/o Vill. Bhatija Randhawa, Distt. Jalandhar have changed my name from Kuldeep Singh to Kuldeep Singh Bhatija. All Please Note.

I, Harashpreet Singh S/o Lakhvir Singh R/o Village Nawan Pind, Po. Nussi, Distt. Jalandhar, Punjab have changed my name from Harashpreet Singh to Harshpreet Singh. All Please Note.

I, Kuldeepak s/o Dharamveer r/o VPO.Bajuha Khurd, Distt. Jalandhar, Punjab-144033 have changed my name as Kuldeepak Gaddu. All Please Note.

I, Mohinder Kaur w/o Nirmal Singh r/o H.No. 331/2, Guru Nanak Pura East, Jalandhar, Punjab have changed my Given name as Mohinder & Surname as Kaur. All Please Note.

I, Rajesh Kumar s/o Bakshish Singh r/o H.No. 5-B, Aman Nagar, Near Sodal Road, Distt. Jalandhar, Punjab have changed my Given name as Rajesh & Surname as Kumar. All Please Note.

I, Sarbjit Kaur w/o Sukhdev Singh r/o Vill. Manoharpur, Po. Masania, Masanian, Po. Batala, Distt.Gurdaspur have changed my name from Sarbjit Kaur to Sarabjit Kaur. All Please Note.

I, Kuldeep Kaur W/o Ram Singh Resident of VPO. Bhandal Himmat, Distt. Jalandhar, Punjab declare that I have changed my name from Kuldip Kaur to Kuldeep Kaur.

I Raghubir Singh S/o Karnail Singh R/o VPO.Mauli Tehsil Phagwara District Kapurthala 144632 Punjab, India have changed my name from Raghubir Singh To Raghbir Singh.

I, Rajwinder Kaur W/o Kuldip Singh Ghuman, R/o H.No. 3, Milk Plant, New Guru Amar Dass Nagar, Jalandhar, 144008, Punjab, India declare that i have changed my name from Rajvinder Kaur to Rajwinder Kaur.

## ਨਾਂਅ ਦੀ ਬਦਲੀ

ਮੈਂ, ਨੀਲਮ ਪਤਨੀ ਸਰਜੀਤ ਸਿੰਘ ਵਾਸੀ ਗਲੀ ਨੰਬਰ 13, ਸ਼ਹੀਦ ਭਗਤ ਸਿੰਘ ਨਗਰ ਖੋਥਰਾਂ ਰੋਡ ਫਗਵਾੜਾ, ਜ਼ਿਲ੍ਹਾ ਕਪੂਰਥਲਾ ਨੇ ਆਪਣਾ ਨਾਮ ਨੀਲਮ ਤੋਂ ਬਦਲ ਕੇ ਨੀਲਮ ਰਾਣੀ ਰੱਖ ਲਿਆ ਹੈ। ਮੈਨੂੰ ਨੀਲਮ ਰਾਣੀ ਦੇ ਨਾਂਅ ਨਾਲ ਜਾਣਿਆ ਜਾਵੇ।

ਮੈਂ, ਅਨਿਲ ਕੁਮਾਰ ਤਿਵਾੜੀ ਪੁੱਤਰ ਰਾਮ ਰਾਜ ਤਿਵਾੜੀ ਵਾਸੀ 32/88, ਨਿਊ ਰਾਜ ਨਗਰ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰੀ ਧੀ ਅਸ਼ਿਕਾ ਅਤੇ ਅਸ਼ਿਕਾ ਤਿਵਾੜੀ ਇੱਕੋ ਵਿਅਕਤੀ ਹਨ। ਸੰਬੰਧਤ ਨੋਟ ਕਰਨ।

ਮੈਂ, ਮਧੂ ਪਤਨੀ ਓਮ ਪ੍ਰਕਾਸ਼ ਵਾਸੀ ਮਕਾਨ ਨੰ: ਬੀ/551, ਮੁਹੱਲਾ ਇਹਰਵਾਲ, ਮਕਸੂਦਾਂ, ਜਲੰਧਰ-144008, ਪੰਜਾਬ ਸੂਚਿਤ ਕਰਦੀ ਹਾਂ ਕਿ ਮੈਂ ਆਪਣੀ ਨਾਬਾਲਗ ਲੜਕੀ ਦਾ ਨਾਮ ਸਿਮਰਨ ਤੋਂ ਬਦਲ ਕੇ ਸਿਮਰਨ ਭੱਟੀ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਕਰਨ ਭਟੋਏ ਪੁੱਤਰ ਬੂਟਾ ਸਿੰਘ ਵਾਸੀ ਹੀਰਾ ਕਲੋਨੀ, ਹੁਸ਼ਿਆਰਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਕਰਨ ਤੋਂ ਬਦਲ ਕੇ ਕਰਨ ਭਟੋਏ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਜਸਵੀਰ ਸਿੰਘ ਪੁੱਤਰ ਗੁਰਬਖਸ਼ ਸਿੰਘ ਵਾਸੀ ਪਧਿਆਣਾ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਜਮੀਨ ਰਿਕਾਰਡ ਵਿਚ ਪਧਿਆਣਾ-1, ਪਧਿਆਣਾ-2, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ ਵਿਖੇ ਹੈ। ਜੋ ਕਿ ਮਾਲ ਰਿਕਾਰਡ ਵਿੱਚ ਉਸਦਾ ਅਤੇ ਉਸਦੇ ਭਰਾ ਗੁਰਦੀਪ ਦੇ ਪਿਤਾ ਦਾ ਨਾਮ ਪ੍ਰੀਤਮ ਸਿੰਘ ਲਿਖਿਆ ਹੈ, ਜਦ ਕਿ ਸਾਰੇ ਕਾਗਜ਼ਾਤ ਵਿੱਚ ਉਨ੍ਹਾਂ ਦਾ ਨਾਮ ਗੁਰਬਖਸ਼ ਸਿੰਘ ਹੈ। ਦੋਵੇਂ ਨਾਮ ਇੱਕੋ ਵਿਅਕਤੀ ਦੇ ਹਨ।

ਮੈਂ ਹੁਣ ਤੱਕ ਸੰਨੀ ਪੁੱਤਰ ਮੰਗਤ ਸਿੰਘ, ਵਾਸੀ: ਨੰਬਰ 96, ਨਗੀਨਾ ਐਵੇਨਿਊ, ਅਨੋਖਾ ਮਾਰਕੀਟ ਦੇ ਨੇੜੇ, ਮਜੀਠਾ ਰੋਡ, ਜ਼ਿਲ੍ਹਾ ਅੰਮ੍ਰਿਤਸਰ-143001, ਪੰਜਾਬ ਵਜੋਂ ਜਾਣਿਆ ਜਾਂਦਾ ਹਾਂ, ਨੇ ਆਪਣਾ ਨਾਮ ਬਦਲ ਲਿਆ ਹੈ ਅਤੇ ਇਸ ਤੋਂ ਬਾਅਦ ਸੰਨੀ ਸਿੰਘ ਵਜੋਂ ਜਾਣਿਆ ਜਾਵਾਂਗਾ।

## ਬੇਦਖਲੀ ਨੋਟਿਸ

ਅਸੀਂ, ਊਸ਼ਾ ਪਤਨੀ ਲਾਲ ਬਹਾਦਰ ਅਤੇ ਲਾਲ ਬਹਾਦਰ ਪੁੱਤਰ ਸੁਕਰ ਲਾਲ, ਵਾਸੀਆਨ ਮਕਾਨ ਨੰ: 2051, ਗਲੀ ਨੰ: 2, ਜੋੜਾ ਫਾਟਕ, ਚੌਧਰੀ ਹਰੀ ਸਿੰਘ ਨਗਰ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਨੇਹਾ ਜਿਹੜੀ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਲਿਆ ਹੈ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਸੁਰੇਸ਼ ਪਾਲ ਪੁੱਤਰ ਰਾਮ ਕਿਸ਼ਨ ਵਾਸੀ ਪੱਤੀ ਸੋਹਰਾ, ਗੁਮਟਾਲੀ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਅਮਨਜੋਤ (ਕੁਆਰੀ) ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜ਼ੀ ਕਰਦੀ ਹੈ। ਇਸ ਲਈ ਮੈਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹ ਆਪਣੇ ਕੀਤੇ ਹੋਏ ਹਰੇਕ ਕੰਮ ਦੀ ਖੁਦ ਜ਼ਿੰਮੇਵਾਰ ਹੋਵੇਗੀ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਦਵਿੰਦਰ ਪ੍ਰੀਤ ਪਤਨੀ ਲੇਟ ਮਹਿੰਦਰ ਪਾਲ ਸਿੰਘ ਵਾਸੀ ਮਕਾਨ ਨੰ. 50-ਬੀ, ਮੁਹੱਲਾ ਸ਼ਹੀਦ ਨਗਰ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸ਼ਰਨਜੀਤ ਸਿੰਘ ਉਰਫ ਬੂਬੀ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜਸਪਾਲ ਸਿੰਘ ਪੁੱਤਰ ਲੇਟ ਜਾਗੀਰ ਸਿੰਘ ਵਾਸੀ ਮਕਾਨ ਨੰ. 42/1, ਗੁਰੂ ਨਾਨਕ ਨਗਰ, ਬਸਤੀ ਸ਼ੇਖ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਜੀਤ ਸਿੰਘ ਜੋ ਕਿ ਕੁਆਰਾ ਹੈ ਅਤੇ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ, ਬਲਦੇਵ ਰਾਜ ਪੁੱਤਰ ਸ੍ਰੀ ਤੁਲਸੀ ਰਾਮ ਅਤੇ ਸੁਰਜੀਤ ਕੌਰ ਪਤਨੀ ਬਲਦੇਵ ਰਾਜ, ਵਾਸੀ ਮਕਾਨ ਨੰਬਰ 386, ਬਸਤੀ ਦਾਨਿਸ਼ਮੰਦਾ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਬੇਟਾ ਹਰਵਿੰਦਰ ਕੁਮਾਰ ਉਰਫ ਰਿਤੂ, ਜੋ ਸਾਡੇ ਕਹਿਣੇ ਤੋਂ ਬਾਹਰ ਹੈ, ਅਸੀਂ ਇਨਾਂ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸਰਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਜਾਰਸਪੁਰ, ਤਹਿ. ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਦਾ ਹਲਫਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕਮਲਜੀਤ ਸਿੰਘ ਤੇ ਮੇਰੀ ਨੂੰਹ ਨਿਸ਼ਾ ਕੌਰ ਮੇਰੇ ਕਹਿਣੇਕਾਰ ਨਹੀਂ ਹਨ। ਮੈਂ ਇਨ੍ਹਾਂ ਨੂੰ ਆਪਣੀ ਕੁੱਲ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ।

## ਬੇਦਖਲੀ ਨੋਟਿਸ

ਮੈਂ, ਜਸਵੀਰ ਸਿੰਘ ਪੁੱਤਰ ਸ੍ਰੀ ਸੁਰਿੰਦਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਮਾਣਕਰਾਏ ਜਿਲਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੇਰਾ ਲੜਕਾ ਅੰਮ੍ਰਿਤਪਾਲ ਮੇਰੇ ਕਹਿਣੇਂ ਤੋਂ ਬਾਹਰ ਹੋਣ ਕਾਰਨ ਮੈਂ ਉਸ ਨੂੰ ਆਪਣੀਂ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਹੁਣ ਉਸ ਦਾ ਮੇਰੇ ਅਤੇ ਮੇਰੇ ਪਰਿਵਾਰ ਨਾਲ ਕੋਈ ਸੰਬਧ ਨਹੀਂ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ ਮਨਜੀਤ ਕੌਰ ਵਿਧਵਾ ਕੁਲਵੰਤ ਸਿੰਘ, ਵਾਸੀ ਧਰਦਿਉ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ) ਆਪਣੇ ਲੜਕੇ ਜੋਬਨਜੀਤ ਸਿੰਘ, ਨੂੰਹ ਕਿਰਨ ਕੌਰ ਨੂੰ ਕਹਿਣੇ ਤੋਂ ਬਾਹਰੀ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ । ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ, ਬਲਵੀਰ ਸਿੰਘ ਪੁੱਤਰ ਚੰਨਣ ਸਿੰਘ ਪਿੰਡ ਸਾਫੂ ਵਾਲਾ, ਤਹਿ. ਤੇ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਪ੍ਰੀਤ ਸਿੰਘ ਅਤੇ ਮੇਰੀ ਲੜਕੀ ਸੁਖਵੀਰ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹਨ।ਮੈਂ ਆਪਣੇ ਲੜਕੇ ਜਸਪ੍ਰੀਤ ਸਿੰਘ ਅਤੇ ਲੜਕੀ ਸੁਖਵੀਰ ਕੌਰ ਨੂੰ ਆਪਣੀ ਚੱਲ ਅਚੱਲ ਜਾਇਦਾਦ ਵਿਚੋਂ ਬੇਦਖਲ ਕਰ ਦਿੱਤਾ ਹੈ।ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਰਣਜੀਤ ਕੌਰ ਪਤਨੀ ਮਹਿੰਦਰ ਸਿੰਘ ਵਾਸੀ ਮਕਾਨ ਨੰ. 66/3, ਸ਼ਹੀਦ ਬਾਬਾ ਦੀਪ ਸਿੰਘ ਨਗਰ, ਰੇਰੂ, ਨੂਰਪੁਰ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਵਰਦੀਪ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਮੇਰੀ ਕੋਈ ਸੇਵਾ ਨਹੀਂ ਕਰਦਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਸੁਭਾਸ਼ ਚੰਦਰ ਪੁੱਤਰ ਕਰਤਾਰ ਚੰਦ ਅਤੇ ਤਾਰਾ ਰਾਣੀ ਪਤਨੀ ਸੁਭਾਸ਼ ਚੰਦਰ ਵਾਸੀ ਮਕਾਨ ਨੰ. 93/31, ਗਨੇਸ਼ ਨਗਰ, ਬਸਤੀ ਨੌ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਨਿਤਿਨ ਕੁਮਾਰ (ਸ਼ਾਦੀਸ਼ੁਦਾ), ਜੋ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਇਸ ਲਈ ਅਸੀਂ ਆਪਣੇ ਲੜਕੇ ਨਿਤਿਨ ਕੁਮਾਰ, ਆਪਣੀ ਨੂੰਹ ਮਮਤਾ ਅਤੇ ਪੋਤੀ ਨਿਆ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ਸਾਡੀ ਅਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਬਲਦੇਵ ਦਾਸ ਪੁੱਤਰ ਦਰਸ਼ਨ ਦਾਸ, ਵਾਸੀ ਸੀਚੇਵਾਲ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਵਿੰਦਰ ਦਾਸ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ- ਝਗੜਾ ਤੇ ਤੰਗ-ਪ੍ਰੇਸ਼ਾਨ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਰਾਮ ਕ੍ਰਿਸ਼ਨ ਪੁੱਤਰ ਸਤਪਾਲ ਵਾਸੀ ਬਾਸਰਕੇ ਗਿੱਲਾਂ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਪ੍ਰੀਤੀ ਭੱਲਾ (ਤਲਾਕਸ਼ੁਦਾ), ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ- ਝਗੜਾ, ਤੰਗ-ਪ੍ਰੇਸ਼ਾਨ ਕਰਦੀ ਹੈ। ਮੈਂ ਉਸ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜ਼ਿੰਮੇਵਾਰ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਉਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਮਨਜੀਤ ਕੌਰ ਪਤਨੀ ਬਲਵਿੰਦਰ ਸਿੰਘ ਵਾਸੀ ਕੰਡਿਆਲਾ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦੀ ਰਹਿਣ ਵਾਲੀ ਹਾਂ । ਮੇਰਾ ਪੋਤਰਾ ਜਸਨਪ੍ਰੀਤ ਸਿੰਘ ਤੇ ਇਸਦੀ ਪਤਨੀ ਮੀਨਾ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਆਪਣੇ ਪੋਤਰੇ ਤੇ ਇਸਦੀ ਪਤਨੀ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੀ ਹਾਂ । ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ ।

ਮੈਂ, ਨਰੇਸ਼ ਕੁਮਾਰ ਪੁੱਤਰ ਜੈਦੇਵ ਸ਼ਰਮਾ, ਵਾਸੀ 2-ਏ/229, ਜਨਤਾ ਨਗਰ, ਧੂਰੀ (ਸੰਗਰੂਰ), ਆਪਣੇ ਲੜਕੇ ਪੁਨੀਤ ਕੁਮਾਰ ਅਤੇ ਨੂੰਹ ਗੀਤਾ ਰਾਣੀ ਨੂੰ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਅੱਜ ਤੋਂ ਬਾਅਦ ਮੇਰਾ ਉਨ੍ਹਾਂ ਨਾਲ ਕੋਈ ਵਾਸਤਾ ਨਹੀਂ ਹੈ। ਉਨ੍ਹਾਂ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲੇ ਵਿਅਕਤੀ ਖੁੱਦ ਜ਼ਿੰਮੇਵਾਰ ਹੋਣਗੇ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਤਿਲਕ ਰਾਜ (ਆਧਾਰ ਕਾਰਡ ਨੰਬਰ 2866 1159 4849) ਪੁੱਤਰ ਕਾਦੀ ਸਿੰਘ ਪਿੰਡ ਅਤੇ ਡਾਕਖਾਨਾ ਸੈਦੋਕੇ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਦਾ ਹਾਂ ।ਮੇਰਾ ਲੜਕਾ ਹਰਪਾਲ ਸਿੰਘ ਅਤੇ ਨੂੰਹ ਮਨਿੰਦਰ ਕੌਰ ਪਤਨੀ ਹਰਪਾਲ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਦੋਵਾਂ ਨੂੰ ਆਪਣੀ ਚੱਲ / ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ।ਇਹਨਾਂ ਦੋਵਾਂ ਨਾਲ ਲੈਣ ਦੇਣ ਕਰਨ ਵਾਲਾ ਆਪ ਜ਼ਿੰਮੇਵਾਰ ਹੋਵੇਗਾ।

ਮੈਂ, ਪ੍ਰੇਮ ਸਾਗਰ ਪੁੱਤਰ ਮੁਲਖ ਰਾਜ ਅਰੋੜਾ, ਵਾਸੀ ਮਕਾਨ ਨੰਬਰ 2-6/16811, ਵਾਰਡ ਨੰਬਰ 8, ਮੁਹੱਲਾ ਭੰਡੇਰਾ, ਫਿਲੌਰ, ਜ਼ਿਲ੍ਹਾ ਜਲੰਧਰ, ਦਾ ਹਲਫੀਆ ਬਿਆਨ ਕਰਦਾ ਹਾਂ ਮੇਰੇ ਪੁੱਤਰ ਰਾਜੀਵ ਅਰੋੜਾ ਉਰਫ਼ ਰਾਜੂ, ਮੁਨੀਸ਼ ਅਰੋੜਾ ਉਰਫ਼ ਮਨੂ, ਰਘੂ ਅਰੋੜਾ ਉਰਫ਼ ਰੌਕੀ ਅਤੇ ਮੇਰੀਆਂ ਧੀਆਂ ਰਿੰਪੀ ਅਰੋੜਾ, ਰੰਜੂ ਅਰੋੜਾ ਅਤੇ ਉਨ੍ਹਾਂ ਦੇ ਬੱਚੇ ਮੇਰੇ ਕੰਟਰੋਲ ਤੋਂ ਬਾਹਰ ਹਨ ਅਤੇ ਇਹ ਹਮੇਸ਼ਾ ਮੇਰੇ ਪਰਿਵਾਰ ਵਿੱਚ ਸਮੱਸਿਆਵਾਂ ਪੈਦਾ ਕਰਦੇ ਹਨ। ਇਸ ਕਰਕੇ, ਮੈਂ ਆਪਣੇ ਇਨ੍ਹਾਂ ਪੁੱਤਰਾਂ, ਧੀਆਂ ਅਤੇ ਸਾਰੇ ਪੋਤੇ-ਪੋਤੀਆਂ/ਦੋਹਤੇ-ਦੋਹਤੀਆਂ ਨੂੰ ਭਾਰਤ ਵਿੱਚ ਕਿਤੇ ਵੀ ਸਥਿਤ ਆਪਣੀ ਸਮੁੱਚੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਰੇ ਸਬੰਧਤ ਨੋਟ ਕਰਨ।

ਮੈਂ ਬਲਕਾਰ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪਿੰਡ ਲਿਟਾਂ, ਜ਼ਿਲ੍ਹਾ ਕਪੂਰਥਲਾ ਘੋਸ਼ਣਾ ਕਰਦਾ ਹਾਂ ਕਿ ਮੇਰਾ ਲੜਕਾ ਸਤਨਾਮ ਸਿੰਘ, ਨੂੰਹ ਬਲਜੀਤ ਕੌਰ, ਮੇਰੀਆਂ ਲੜਕੀਆਂ ਰਣਜੀਤ ਕੌਰ ਉਰਫ ਲਖਵਿੰਦਰ ਕੌਰ ਤੇ ਮਨਜੀਤ ਕੌਰ ਉਰਫ ਪਰਵੀਨ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜੀ ਕਰਦੇ ਹਨ। ਮੈਂ ਆਪਣੇ ਉਕਤ ਲੜਕੇ, ਨੂੰਹ ਅਤੇ ਲੜਕੀਆਂ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਕਸ਼ਮੀਰ ਸਿੰਘ ਪੁੱਤਰ ਸ਼੍ਰੀ ਮਹਿੰਦਰ ਸਿੰਘ ਵਾਸੀ ਪਿੰਡ ਜੌੜਾ ਤਹਿਸੀਲ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਆਪਣੇ ਪੁੱਤਰ ਗੁਲਾਬ ਸਿੰਘ ਤੇ ਉਸ ਦੀ ਪਤਨੀ ਮਮਤਾ ਨੂੰ ਕਹਿਣੇਕਾਰ ਨਾ ਹੋਣ ਕਰਕੇ ਆਪਣੀ ਚੱਲ ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਸਬੰਧਿਤ ਨੋਟ ਕਰਨ।

ਮੈਂ ਅਸ਼ੋਕ ਕੁਮਾਰ ਪੁੱਤਰ ਸੀਸੂ ਰਾਮ ਵਾਸੀ ਪਿੰਡ ਰਾਮਪੁਰ ਸੈਣੀਆ ਤਹਿਸੀਲ ਗੜ੍ਹਸੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਰੁਣ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ ਦਾ ਖੁਦ ਜੁੰਮੇਵਾਰ ਹਵੇਗਾ।

ਮੈਂ, ਸੁਨੀਤਾ ਪਤਨੀ ਲੇਟ ਸ੍ਰੀ ਕਾਲਾ ਵਾਸੀ ਮਕਾਨ ਨੰ: 915, ਸੰਤੋਸ਼ੀ ਨਗਰ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਕਮਲ ਤੇ ਉਸਦੀ ਪਤਨੀ ਸ਼ਿਵਾਨੀ ਅਤੇ ਵਿਸ਼ਾਲ ਤੇ ਸੰਨੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਸੁਰੇਸ਼ ਪੁੱਤਰ ਸ੍ਰੀ ਲੰਗੜ ਵਾਸੀ ਵਡਾਲਾ ਕਲੋਨੀ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰੋਹਿਤ ਅਤੇ ਉਸਦੀ ਪਤਨੀ ਨਿਸ਼ਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਸੰਤੋਸ਼ ਕੌਰ ਪਤਨੀ ਸੁਰਜੀਤ ਸਿੰਘ ਵਾਸੀ ਪਿੰਡ ਸਰੂਪਵਾਲੀ ਕਲਾਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਪ੍ਰਿਸਪਾਲ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਬੇਦਖਲੀ ਨੋਟਿਸ

ਮੈਂ, ਸ਼ਾਦੀ ਲਾਲ ਵਾਸੀ ਪਿੰਡ ਮੂਰਲਾ, ਡਾਕ. ਲਹਿਲੀ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ ਆਪਣੇ ਪੁੱਤਰ ਰਾਕੇਸ਼ ਕੁਮਾਰ ਅਤੇ ਉਸ ਦੀ ਪਤਨੀ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਪਰਮੋਦ ਕੁਮਾਰ ਪੁੱਤਰ ਲਕਛਮਨ ਦਾਸ ਅਤੇ ਸ਼ੀਤਲ ਪਤਨੀ ਸ੍ਰੀ ਪਰਮੋਦ ਕੁਮਾਰ, ਵਾਸੀਆਨ ਮਕਾਨ ਨੰ: 120, ਗਲੀ ਨੰ: 3, ਸ਼ਹੀਦ ਉਧਮ ਸਿੰਘ ਕਾਲੋਨੀ ਬਾਹਰਵਾਰ ਖਜ਼ਾਨਾ ਗੇਟ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਆਸ਼ੀਸ਼, ਜੋ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਜਸਮੀਨ ਪਤਨੀ ਅਜੈ ਕੁਮਾਰ ਵਾਸੀ 540 ਵਾਸੀ ਪਿੰਡ ਤੇ ਡਾਕਖਾਨਾ ਗੁੰਮਟਾਲਾ, ਗੁੰਮਟਾਲਾ ਸਬ-ਅਰਬਨ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਏਜ਼ਲ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਅਸੀਂ, ਗੁਰਸੇਵਕ ਸਿੰਘ ਪੁੱਤਰ ਜਸਵੰਤ ਸਿੰਘ ਅਤੇ ਸਰਬਜੀਤ ਕੌਰ ਪਤਨੀ ਗੁਰਸੇਵਕ ਸਿੰਘ, ਵਾਸੀਆਨ ਗਲੀ ਨੰ: 3, ਆਬਾਦੀ ਹਰਗੋਬਿੰਦਪੁਰਾ, ਵਡਾਲੀ ਰੋਡ ਛੇਹਰਟਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਅਰਮਾਨਦੀਪ ਸਿੰਘ, ਜੋ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਅਸੀ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਤੇ ਸਾਡੇ ਪਰਵਾਰ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ।

ਮੈਂ, ਬਲਜੀਤ ਕੌਰ ਪਤਨੀ ਲੇਟ ਜਸਵੰਤ ਸਿੰਘ ਵਾਸੀ ਮਕਾਨ ਨੰਬਰ 26/291, ਹਮੀਦਪੁਰਾ ਕਾਲੋਨੀ, ਸਾਹਮਣੇ ਪੰਜਾਬ ਮਿੱਲ, ਨਰੈਣਗੜ੍ਹ, ਛੇਹਰਟਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਨਵਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਸੋਨੀਆ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਸੰਬੰਧ/ਤਲਕ-ਵਾਸਤਾ ਨਹੀਂ ਹੈ।

ਅਸੀਂ, ਹਰਦਿਆਲ ਸਿੰਘ ਪੁੱਤਰ ਨਸੀਬ ਚੰਦ ਵਾ ਪਰਮਜੀਤ ਕੌਰ ਪਤਨੀ ਹਰਦਿਆਲ ਸਿੰਘ, ਵਾਸੀਆਨ ਪਿੰਡ ਚੱਕ ਸਮਾਨਾ, ਭੇਖੋਵਾਲ, ਡਾਕਖਾਨਾ ਭੀਖੋਵਾਲ, ਜ਼ਿਲ੍ਹਾ ਹੁਸ਼ਿਆਰਪੁਰ-146001 ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਚਰਨਜੀਤ ਸਿੰਘ ਅਤੇ ਉਸ ਦੀ ਪਤਨੀ ਅੰਜਨਾ ਰਾਣੀ ਅਤੇ ਇਨ੍ਹਾਂ ਦੀ ਲੜਕੀ ਮੀਸ਼ਿਤਾ ਰਾਣੀ, ਜੋ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਤੇ ਸਾਡੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਸੰਬੰਧ/ਤਲਕ-ਵਾਸਤਾ ਨਹੀਂ ਹੈ।

ਮੈਂ, ਅਜੈ ਕੁਮਾਰ ਪੁੱਤਰ ਕੈਲਾਸ਼ ਚੰਦ ਵਾਸੀ 59-ਈ, ਗਲੀ ਨੰ: 10, ਸ਼ਹੀਦ ਉਧਮ ਸਿੰਘ ਨਗਰ, ਝਬਾਲ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਕਰਨ ਸ਼ਰਮਾ ਅਤੇ ਉਸ ਦੀ ਪਤਨੀ ਸੇਜਲ, ਲੜਕੇ ਨਿਰਭੈ ਸ਼ਰਮਾ, ਨੂੰ ਜੋ ਮੇਰੇ ਕਹਿਣੇ ਤੋਂ ਬਾਹਰ ਹਨ, ਇਨ੍ਹਾਂ ਨੂੰ ਮੈਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਤੀਰਥ ਰਾਮ ਪੁੱਤਰ ਕੇਹੂ ਰਾਮ ਅਤੇ ਸੁਸ਼ੀਲਾ ਦੇਵੀ ਪਤਨੀ ਤੀਰਥ ਰਾਮ, ਵਾਸੀ ਪੱਤੀ ਮਨਸੂਰ ਦੀ, ਬੈਂਕ ਸਾਈਡ ਸੋਖੀ ਫੈਕਟਰੀ ਸੁਲਤਾਨਵਿੰਡ ਪਿੰਡ, ਅੰਮ੍ਰਿਤਸਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਵਿਨੋਦ ਸ਼ਰਮਾ ਅਤੇ ਉਸ ਦੀ ਪਤਨੀ ਕੋਮਲ ਸ਼ਰਮਾ ਅਤੇ ਉਨ੍ਹਾਂ ਦੀ ਇਕ ਲੜਕੀ ਸ਼ਨਾਯਾ ਸ਼ਰਮਾ, ਜੋ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਭੋਲਾ ਸਿੰਘ ਪੁੱਤਰ ਸੈਸੀ ਸਿੰਘ ਵਾਸੀ ਕੁਲਰੀਆਂ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਬਿਆਨ ਕਰਦਾ ਹਾਂ ਕਿ ਮੇਰਾ ਮੁਤਬੰਨਾ ਲੜਕਾ ਜਗਤਾਰ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਮੇਰੀ ਕੋਈ ਗੱਲ ਨਹੀਂ ਮੰਨਦਾ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਰਘਵੀਰ ਸਿੰਘ ਪੁੱਤਰ ਮਿਲਖਾ ਸਿੰਘ ਵਾਸੀ ਪਿੰਡ ਖਾਨਪੁਰ, ਡਾ. ਮੁੱਦੋਵਾਲ, ਸਬ ਤਹਿਸੀਲ ਢਿਲਵਾਂ, ਜ਼ਿਲ੍ਹਾ ਕਪੂਰਥਲਾ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅੰਤਰ ਸਿੰਘ ਵਾ ਇਸਦੀ ਪਤਨੀ ਗੁਰਮੀਤ ਕੌਰ ਮੇਰੇ ਵਾ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਕਾਰ ਵਿਹਾਰ ਕਰਨ ਵਾਲਾ ਖੁਦ ਆਪ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸਬੰਧਿਤ ਨੋਟ ਕਰਨ।

## ਆਮ ਸੂਚਨਾ

ਮੈਂ, ਸ਼ਮਸ਼ੇਰ ਸਿੰਘ ਹੀਰ ਪੁੱਤਰ ਹਰੀ ਸਿੰਘ ਹੀਰ ਵਾਸੀ ਪਿੰਡ ਤੇ ਡਾਕ: ਚੱਕ ਸਿੰਘਾਂ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕੁਲਦੀਪ ਹੀਰ ਜੋ ਕਿ ਅਸਟਰੀਆ ਰਹਿੰਦਾ ਹੈ, ਪਹਿਲਾਂ ਮੇਰੇ ਕਹਿਣੇ ਵਿੱਚ ਨਹੀਂ ਸੀ ਜਿਸ ਕਰਕੇ ਮੈਂ ਉਸ ਨੂੰ ਮਿਤੀ 27-10-2014 ਨੂੰ ਅਜੀਤ ਅਖਬਾਰ ਰਾਹੀਂ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਮੇਰੇ ਕਹਿਣੇ ਵਿੱਚ ਹੈ। ਇਸ ਲਈ ਮੈਂ ਆਪਣੀ ਦਿੱਤੀ ਹੋਈ ਉਕਤ ਬੇਦਖਲੀ ਵਾਪਸ ਲੈਂਦਾ ਹਾਂ। ਸੰਬੰਧਿਤ ਨੋਟ ਕਰਨ।

ਮੈਂ, ਪ੍ਰੇਮ ਦਾਸ ਪੁੱਤਰ ਲੇਟ ਗੁਰਦਿਆਲ ਦਾਸ ਵਾਸੀ ਮਕਾਨ ਨੰ. 21, ਰਾਮਾ ਮੰਡੀ ਏਕਤਾ ਨਗਰ, ਫੇਜ-2, ਪੀ.ਏ.ਪੀ ਲਾਈਨਜ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਵਿਕਾਸ ਕੌਸ਼ਲ ਅਤੇ ਉਸਦੀ ਪਤਨੀ ਸਿਵਾਨੀ ਅਤੇ ਉਹਨਾਂ ਦੀ ਲੜਕੀ ਰਿੱਧਮਾ ਕੌਸ਼ਲ ਨੂੰ ਮੇਰੇ ਕਹਿਣੇ ਵਿੱਚ ਨਾ ਹੋਣ ਕਰਕੇ ਅਖ਼ਬਾਰ ਵਿੱਚ ਦਿੱਤੇ ਇਸ਼ਤੇਹਾਰ ਰਾਹੀਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਵਿਕਾਸ ਕੌਸ਼ਲ ਅਤੇ ਉਸਦੀ ਪਤਨੀ ਸਿਵਾਨੀ ਅਤੇ ਉਹਨਾਂ ਦੀ ਲੜਕੀ ਰਿੱਧਮਾ ਕੌਸ਼ਲ ਮੇਰੇ ਕਹਿਣੇ ਵਿੱਚ ਹਨ। ਮੈਂ ਇਹਨਾਂ ਦੀ ਬੇਦਖਲੀ ਵਾਪਿਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ-ਅਚੱਲ ਜਾਇਦਾਦ ਦੇ ਵਾਰਿਸ ਹੋਣਗੇ। ਸੰਬੰਧਿਤ ਨੋਟ ਕਰਨ।

ਖਾਤਾ ਨੰਬਰ AKAP/76 ਜੋ ਕਿ ਪਿੰਡ ਅਕਬਰਪੁਰ ਖੁਡਾਲ ਵਿਖੇ ਦਰਸ਼ਨ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਅਕਬਰਪੁਰ ਖੁਡਾਲ ਦੇ ਨਾਂਅ 'ਤੇ ਚਲਦਾ ਹੈ। ਇਸ ਕੁਨੈਕਸ਼ਨ ਨੂੰ ਜੋਰਾ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਅਕਬਰਪੁਰ ਖੁਡਾਲ ਆਪਣੇ ਨਾਂਅ ਕਰਵਾਉਣਾ ਚਾਹੁੰਦਾ ਹੈ। ਇਸ ਸੰਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ - ਅੰਦਰ PSPCL ਦਫਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।

ਛੱਜੂ ਸਿੰਘ ਪੁੱਤਰ ਸੰਤ ਰਾਮ ਪਿੰਡ ਸਲੇਮਗੜ੍ਹ ਏਪੀ 21-1239 ਦੇ ਨਾਮ ਮੋਟਰ ਕੁਨੈਕਸ਼ਨ ਹੈ। ਇਸ ਨੂੰ ਬਦਲ ਕੇ ਲਖਦੀਪ ਸਿੰਘ ਪੁੱਤਰ ਸੁਖਵਿੰਦਰ ਸਿੰਘ ਪਿੰਡ ਸਲੇਮਗੜ੍ਹ ਦੇ ਨਾਮ ਬਦਲੀ ਕਰਨ ਦੀ ਅਰਜੀ ਆਈ ਹੈ। ਜੇਕਰ ਕਿਸੇ ਨੂੰ ਇਤਰਾਜ ਹੈ ਤਾਂ 15 ਦਿਨਾ ਵਿੱਚ ਕਰ ਸਕਦਾ ਹੈ। ਵੱਲੋਂ:- ਐਸ.ਡੀ.ਓ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਬੰਗਾਂ।

ਮੋਟਰ ਕੁਨੈਕਸ਼ਨ ਖਾਤਾ ਨੰਬਰ 3003316886, ਜੋ ਕਿ ਤਰਲੋਚਨ ਸਿੰਘ ਪੁੱਤਰ ਬਲਵਿੰਦਰ ਸਿੰਘ ਰਕਬਾ ਮੋਟਰ ਪਿੰਡ ਬਿਸ਼ਨਪੁਰ ਜੱਟਾਂ, ਕਪੂਰਥਲਾ ਦੇ ਨਾਂਅ ਪਰ ਚੱਲ ਰਹੀ ਹੈ, ਨੂੰ ਦਲਜੀਤ ਕੌਰ ਪਤਨੀ ਜਿੰਦਰ ਸਿੰਘ ਵਾਸੀ ਪਿੰਡ ਬਿਸ਼ਨਪੁਰ ਜੱਟਾਂ, ਜ਼ਿਲ੍ਹਾ ਕਪੂਰਥਲਾ ਨੇ ਆਪਣੇ ਨਾਂਅ ਪਰ ਕਰਵਾਉਣ ਲਈ ਅਰਜ਼ੀ ਦਿੱਤੀ ਹੈ।ਇਸ ਸੰਬੰਧ ਵਿਚ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ ਪਾਵਰਕਾਮ ਦੇ ਦਫਤਰ ਸਬ-ਅਰਬਨ ਸ/ਡ ਸਾਹਮਣੇ ਔਜਲਾ ਫਾਟਕ, ਸਰਕੂਲਰ ਰੋਡ ਕਪੂਰਥਲਾ ਵਿਖੇ ਇਤਰਾਜ ਪੇਸ਼ ਕਰੇ ।

ਮੈਂ ਹਰਪ੍ਰੀਤ ਸਿੰਘ ਪੁੱਤਰ ਸੁਰਜੀਤ ਸਿੰਘ, ਇੱਕ ਟਿਊਬਵੈੱਲ ਕੁਨੈਕਸ਼ਨ 7.5 ਹਾਰਸ ਪਾਵਰ, ਜਿਸ ਦਾ ਐੱਸ ਸੀ ਓ ਨੰਬਰ 39162/1018 ਮਿਤੀ 05/07/2016 ਅਨੁਸਾਰ ਲੱਗਾ ਹੈ। ਇਹ ਕੁਨੈਕਸ਼ਨ ਮੇਰੇ ਦਾਦਾ ਜੋਗਿੰਦਰ ਸਿੰਘ ਪੁੱਤਰ ਹਰਨਾਮ ਸਿੰਘ ਪਿੰਡ ਮਾਣਕਿਆਣਾ, ਬੱਲ ਕਲਾਂ, ਜ਼ਿਲ੍ਹਾ ਅੰਮ੍ਰਿਤਸਰ, ਤਹਿਸੀਲ ਅੰਮ੍ਰਿਤਸਰ-II ਦੇ ਨਾਂਅ 'ਤੇ ਹੈ । ਇਹ ਟਿਊਬਵੈੱਲ ਕੁਨੈਕਸ਼ਨ ਅਸੀਂ ਚਲਾ ਰਹੇ ਹਾਂ । ਇਸ ਕੁਨੈਕਸ਼ਨ ਦਾ ਅਜੇ ਤੱਕ ਸਾਨੂੰ ਕੋਈ ਖਾਤਾ ਨੰਬਰ ਨਹੀਂ ਮਿਲਿਆ। ਇਸ ਕੁਨੈਕਸ਼ਨ ਦਾ ਸਾਨੂੰ ਖਾਤਾ ਨੰਬਰ ਦਿੱਤਾ ਜਾਵੇ ਅਤੇ ਕੁਨੈਕਸ਼ਨ ਮੇਰੇ ਨਾਂਅ ਕੀਤਾ ਜਾਵੇ।ਜਿਸ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ । ਅਗਰ ਇਸ ਸੰਬੰਧੀ ਕੋਈ ਇਤਰਾਜ਼ ਹੋਵੇਗਾ ਤਾਂ ਮੈਂ ਖੁਦ ਜ਼ਿੰਮੇਵਾਰ ਹੋਵਾਂਗਾ । ਜੇਕਰ ਕਿਸੇ ਨੂੰ ਇਸ ਵਿੱਚ ਕਿਸੇ ਕਿਸਮ ਦਾ ਇਤਰਾਜ਼ ਹੈ ਤਾਂ ਉਹ ਇਹ ਇਸ਼ਤਿਹਾਰ ਛਪਣ ਦੇ 15 ਦਿਨਾਂ ਵਿੱਚ ਉਪ ਮੰਡਲ ਮਜੀਠਾ ਨੂੰ ਦਰਜ ਕਰਵਾ ਸਕਦਾ ਹੈ।

# ਤੀਆਂ ਦਾ ਤਿਉਹਾਰ ਮਨਾਇਆ



ਮੋਰਿੰਡਾ (ਨਿਹਾਲ ਸਿੰਘ ਕਲਸੀ)-ਬਾਬਾ ਸਿੱਧ ਬਲੀ ਨੇੜੇ ਮੋਰਿੰਡਾ ਵਿਖੇ ਕੌਂਸਲਰ ਪਿੰਕੀ ਕੌਰ ਦੀ ਅਗਵਾਈ ਵਿੱਚ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕੌਂਸਲਰ ਪਿੰਕੀ ਕੌਰ ਨੇ ਦੱਸਿਆ ਕਿ ਤੀਆਂ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ।ਉਹਨਾਂ ਦੱਸਿਆ ਕਿ ਤੀਆਂ ਦੇ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੀਆਂ ਮਾਵਾਂ ਭੈਣਾਂ ਤੇ ਛੋਟੀਆਂ ਬੱਚੀਆਂ ਨੂੰ ਨਗਦ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸਕਿੰਦਰ ਕੌਰ ਸ਼ੇਰਗਿੱਲ ਕੌਂਸਲਰ ਵਾਰਡ ਨੰਬਰ 11, ਬੀਬੀ ਸੁਰਿੰਦਰ ਕੌਰ ਕੌਂਸਲਰ ਵਾਰਡ ਨੰਬਰ 5, ਕਮਲਜੀਤ ਕੌਰ ਬਾਜਵਾ ਕੌਂਸਲਰ ਵਾਰਡ ਨੰਬਰ 9, ਗੁੰਜਨ ਸੂਦ ਕੌਂਸਲਰ ਵਾਰਡ ਨੰਬਰ 1, ਨੇਹਾ ਸ਼ਰਮਾ ਕੌਂਸਲਰ ਵਾਰਡ ਨੰਬਰ 3, ਮਹਿੰਦਰ ਸਿੰਘ ਢਿੱਲੋਂ ਕੌਂਸਲਰ ਵਾਰਡ ਨੰਬਰ 2, ਮਨਦੀਪ ਸਿੰਘ ਬਾਜਵਾ ਕੌਂਸਲਰ ਵਾਰਡ ਨੰਬਰ 6 ਅਤੇ ਰਜੇਸ਼ ਕੁਮਾਰ ਕੌਂਸਲਰ ਵਾਰਡ ਨੰਬਰ 8 ਨੇ ਵੀ ਇਸ ਪ੍ਰੋਗਰਾਮ ਵਿੱਚ ਆਪਣੀ ਹਾਜ਼ਰੀ ਲਗਵਾਈ। ਇਸ ਮੌਕੇ ਵਾਰਡ ਨੰਬਰ 7 ਤੋਂ ਕੌਂਸਲਰ ਪਿੰਕੀ ਕੌਰ ਨੇ ਆਪਣੇ ਵਾਰਡ ਦੇ ਸਾਰੇ ਵੋਟਰਾਂ ਤੇ ਸਪੋਟਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਾਨੂੰ ਅਜਿਹੇ ਪ੍ਰੋਗਰਾਮ ਜਰੂਰ ਕਰਵਾਉਣੇ ਚਾਹੀਦੇ ਹਨ ਜਿਸ ਨਾਲ ਭਾਈਚਾਰਕ ਸਾਂਝ ਵਿੱਚ ਵਾਧਾ ਹੁੰਦਾ ਹੈ।

## ਨਿਲਾਮੀ ਨੋਟਿਸ

ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੋਹਣਪੁਰ ਬਹੁ-ਮੰਤਵੀ ਸਹਿਕਾਰੀ ਸਭਾ (ਲਿਮ:) ਮੋਹਣਪੁਰ ਦੇ ਪੁਰਾਣੇ ਖੇਤੀਬਾੜੀ ਸੰਦਾਂ ਦੀ ਨਿਲਾਮੀ ਮਿਤੀ 14.09.2026 ਨੂੰ ਸਮਾਂ 11 ਵਜੇ ਸਭਾ ਦੇ ਦਫ਼ਤਰ ਮੋਹਣਪੁਰ ਵਿਖੇ ਹੋਵੇਗੀ।

ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।

ਸੰਦਾਂ ਦਾ ਵੇਰਵਾ :- ਜ਼ੀਰੋ ਡਰਿੱਲਾਂ-2, ਹੈਪੀ ਸੀਡਰ -3, ਐੱਮ. ਬੀ. ਪਲੋਹ-1, ਰੁਟਾਵੇਟਰ 7 ਫੁੱਟੇ -3, ਚੋਪਰ (ਤੂੜੀ ਵਾਲੀਆਂ ਮਸ਼ੀਨਾਂ) - 11, ਕੁੱਲ ਸੰਦ =11, ਮਾਡਲ 2018,

ਜਾਣਕਾਰੀ ਲਈ ਸੰਪਰਕ ਕਰੋ : 81462-01469, 84276-89754

## ਉੱਤਰ ਰੇਲਵੇ
### ਨਿਵਿਦਾ ਸੂਚਨਾ

ਉਪ ਮੁੱਖ ਇੰਜੀਨੀਅਰ/ਨਿਰਮਾਣ/ਉੱਤਰ ਰੇਲਵੇ/ਜਲੰਧਰ ਸ਼ਹਿਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਕੰਮ ਦੇ ਲਈ ਸਿੰਗਲ ਪੈਕੇਟ ਸਿਸਟਮ ਦੇ ਤਹਿਤ ਈ-ਟੈਂਡਰ ਪ੍ਰਣਾਲੀ ਦੁਆਰਾ ਨਿਵਿਦਾਵਾਂ ਦੀ ਮੰਗ ਕਰਦੇ ਹਨ:-

| | | |
|---|---|---|
| 1 | ਕੰਮ ਦਾ ਨਾਮ ਅਤੇ ਸਥਾਨ | ਫਿਰੋਜਪੁਰ ਮੰਡਲ ਦੇ ਤਹਿਤ ਨਵੇਂ ਵਿਕਸਿਤ ਜਲੰਧਰ ਕੈਂਟ, ਰੇਲਵੇ ਸਟੇਸ਼ਨ ਦੀ ਸਿਵਿਲ, ਬਿਜਲੀ ਅਤੇ ਦੂਰਸੰਚਾਰ ਪਰਿਸੰਪਤੀਆਂ/ਸਥਾਪਨਾਵਾਂ ਦੀ ਵਿਆਪਕ ਮਸ਼ੀਨੀਕ੍ਰਿਤ ਸਫਾਈ ਅਤੇ ਹਾਊਸੀਪਿੰਗ, ਮੁਰੰਮਤ ਅਤੇ ਰਖਰਖਾਅ। |
| 2 | ਕੰਮ ਨਿਪਟਾਰਾ ਸਮਾਂ | 06 (ਛੇ) ਮਹੀਨੇ |
| 3 | ਕੰਮ ਦੀ ਅੰਦਾਜ਼ਨ ਲਾਗਤ | ਰੁਪਏ 3,07,25,979.78 |
| 4 | ਬਿਆਨਾ ਰਾਸ਼ੀ (ਆਨਲਾਈਨ ਜਮ੍ਹਾ ਕਰਵਾਉਣੀ) ਹੋਵੇਗੀ | ਰੁ. 6,14,500.00 |
| 5 | ਆਫਰ ਦੀ ਵੈਲੇਡਿਟੀ | 60 ਦਿਨ |
| 6 | ਨਿਵਿਦਾ ਜਮ੍ਹਾ ਕਰਨ ਅਤੇ ਖੁਲਣ ਦੀ ਮਿਤੀ ਅਤੇ ਸਮਾਂ | ਬੋਲੀਦਾਤਾ ਆਪਣੀ ਓਰੀਜਨ/ਰਿਵਾਈਜਡ ਬੋਲੀ ਕਲੋਜਿੰਗ ਡੇਟ ਯਾਨੀ 12.09.2026 ਨੂੰ 15:00 ਵਜੇ ਤਕ IREPS ਵੈਬਸਾਈਟ www.ireps.gov.in 'ਤੇ ਸਬਮਿਟ ਕਰ ਸਕਣਗੇ। ਇਸ ਨਿਵਿਦਾ ਦੇ ਲਈ ਬੋਲੀ ਪ੍ਰਸਤਾਵ ਨੂੰ ਮੈਨੂਅਲ ਰੂਪ ਨਾਲ ਪੇਸ਼ ਕਰਨ ਦੀ ਇਜਾਜਤ ਨਹੀਂ ਹੈ, ਅਤੇ ਪ੍ਰਾਪਤ ਕਿਸੇ ਵੀ ਐਸੇ ਮੈਨੂਅਲ ਪ੍ਰਸਤਾਵ ਨੂੰ ਅਣਦੇਖਾ ਕਰ ਦਿਤਾ ਜਾਵੇਗਾ। |
| 7 | ਪਤਾ ਜਿਥੋਂ ਤੋਂ ਨਿਵਿਦਾ ਖਰੀਦੀ ਜਾ ਸਕਦੀ ਹੈ | ਨਿਵਿਦਾ ਦਸਤਾਵੇਜ www.ireps.gov.in 'ਤੇ ਉਪਲਬਧ ਹੈ। ਉਪਰੋਕਤ ਨਿਵਿਦਾ ਦਸਤਾਵੇਜ IREPS ਵੈਬਸਾਈਟ ਯਾਨੀ www.ireps.gov.in 'ਤੇ 29.08.2026 ਤੋਂ 12.09.2026 ਦੁਪਹਿਰ 1500 ਵਜੇ ਤਕ ਪ੍ਰਸਤਾਵ ਜਮ੍ਹਾ ਕਰਨ ਦੇ ਲਈ ਉਪਲਬਧ ਹੋਵੇਗਾ। ਉਪਰੋਕਤ ਨਿਵਿਦਾ ਦੇ ਸਬੰਧ ਵਿਚ ਹੋਰ ਸਾਰੇ ਨਿਯਮ ਅਤੇ ਸ਼ਰਤਾਂ ਨਿਵਿਦਾ ਦਸਤਾਵੇਜ ਵਿਚ ਦਿਤੀਆਂ ਗਈਆਂ ਹਨ। |

ਨੋਟ:-1 ਬੋਲੀ ਲਗਾਉਣ ਤੋਂ ਪਹਿਲਾਂ, ਬੋਲੀਦਾਤਾਵਾਂ ਨੂੰ ਨਿਵਿਦਾ ਦੇ ਵਿਰੁਧ ਜਾਰੀ ਕੀਤੇ ਗਏ ਕਿਸੇ ਵੀ ਸੁਧੀਪੱਤਰ ਦੀ ਜਾਂਚ ਕਰਨੀ ਹੋਵੇਗੀ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

ਨੰ. 1-W/2026-27/2/DyCE/C/JUC ਤਾਰੀਕ 22.08.2026 2937/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## PUBLIC NOTICE

This is to be put to notice that on behalf of my client ICICI Bank Following Public Notice for loss of original document may be publish by the company/owner in loan case of Shweta Chopra W/o Harsh Chopra App No. 77212424315.

"Joginderpal S/o Dev Raj and Harsh Sehgal S/o Joginderpal is owner in possession of House No. WF-17 area measuring approximately 03 Marla under Redline Area Situated at Ali Mohalla, Jalandhar Tehsil and Distt Jalandhar The previous chain document i.e. GPA No. 3016 dated 22.05.2005, SR – Jalandhar and Sale Deed No. 16922 dated 20.03.2013 and Conveyance Deed dated 31.12.1955 have been lost/ missing & is not traceable and owner is intending tolodge/register DDR/Lost information report is respect to loss of above said document to police. If any concern, Bank or any person having claim. Objection related to above transactions/ document and any objection regarding mortgageof said property with ICICI Bank, he/she may raiseobjection to ICICI Bank Limited, 4th Floor, Midland Financial Center .G.T.Road, Jalandhar , Jalandhar, within 7 days from the date of publication, failing which no claim will be entertained later by ICICI Bank."

ਮੈਂ, ਰਾਜੀਵ ਸ਼ਰਮਾ, ਮਾਲਕ M/s Visa Dost (ਰਜਿਸਟ੍ਰੇਸ਼ਨ ਸਰਟੀਫਿਕੇਟ ਨੰਬਰ B-2277/PUN/PER/100/5/10776/2024 ਪਤਾ: ਢੰਡੋਵਾਲ ਰੋਡ, ਸ਼ਾਹਕੋਟ, ਜਲੰਧਰ, ਪੰਜਾਬ- 144702), ਭਰਤੀ ਏਜੰਟ (Recruiting Agent) ਵਜੋਂ ਆਪਣਾ ਕਾਰੋਬਾਰ ਬੰਦ ਕਰ ਰਿਹਾ ਹਾਂ। M/s Visa Dost ਹੁਣ ਵਰਕ ਪਰਮਿਟ ਲਈ ਕੋਈ ਅਰਜ਼ੀ ਸਵੀਕਾਰ ਨਹੀਂ ਕਰੇਗੀ ਅਤੇ ਨਾ ਹੀ ਇਸ RA ਲਾਇਸੈਂਸ ਦੀ ਵਰਤੋਂ ਕਰਕੇ ਕਿਸੇ ਨੂੰ ਭਾਰਤ ਤੋਂ ਬਾਹਰ ਭੇਜੇਗੀ। ਸਬੰਧਤ ਸਾਰੇ ਵਿਅਕਤੀ ਕਿਰਪਾ ਕਰਕੇ ਇਸ ਗੱਲ ਦਾ ਨੋਟਿਸ ਲੈਣ।

## COURT NOTICE

(U/o 5 Rule 20 CPC)
In the Court of
Ms. Harpreet Kaur Randhawa
District and Sessions Judge,
Ludhiana
CNR No. PBLD01-018233-2025
Next Date:- 23-09-2026
Jaswinder Kaur
Vs.
Vijay Verma
Publication Issued To:
(1). Vijay Verma S/o Rajinder
Address :- Street No. 1. Bulandpur Road, Parsuram Nagar, Division No. 8, Jalandhar. (Driver of offending Vehicle Ii.e. Eicher Canter bearing Registration No. PB-10HP-1980).

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 23-09-2026 at 10:00 a.m.

For details logon to https://highcourtchd.gov.in/?mod=district_notice&district=moga-court

District and Sessions Judge
Ludhiana
Dated, this day of 24-08-2026

## COURT NOTICE

(U/o 5 Rule 20 CPC)
In the Court of
Ms. Shilpa Singh
Civil Judge (Junior Division),
Ludhiana
CNR No. PBLD02-005991-2024
Next Date:- 17-10-2026
Punjab State Power Corporation Ltd.
Vs.
Amar Singh
Publication Issued To:
Amar Singh : R/o Taj Ganj, Ldh. Mobile No. (0988369170)

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 17-10-2026 at 10:00 a.m.

For details logon to https://highcourtchd.gov.in/?mod=district_notice&district=mogacourt

Civil Judge (Junior Division)
Ludhiana
Dated, this day of 21-08-2026

Form No. 3
[See Regulation-13(1)(a)]

## DEBTS RECOVERY TRIBUNAL CHANDIGARH (DRT 3)
GROUND FLOOR, SCO 33-34-35, SECTOR 17-A, CHANDIGARH-160017

ਕੇਸ ਨੰ. ਓ ਏ/4473/2017 ਈ ਐੱਕਸ ਐੱਚ : 33133

ਕਰਜ਼ਾ ਵਸੂਲੀ ਟ੍ਰਿਬਿਊਨਲ (ਵਿਧੀ) ਰੂਲਜ਼, 1993 ਦੇ ਰੂਲ 5 ਦੇ ਸਬ-ਰੂਲ (2 ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ

ਐਕਸਿਸ ਬੈਂਕ
ਬਨਾਮ
ਪ੍ਰਤਾਪ ਸਿੰਘ ਅਤੇ ਹੋਰ

ਸੇਵਾ 'ਚ,
(1) ਬਲਜਿੰਦਰ ਸਿੰਘ ਪੁੱਤਰ ਕਰਮ ਸਿੰਘ ਵਾਸੀ ਪਿੰਡ ਨੌਨੇ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ, ਪੰਜਾਬ

ਸੰਮਨ

ਜਦੋਂ ਕਿ ਓ ਏ/4473/2017 ਮਾਣਯੋਗ ਪ੍ਰੀਜ਼ਾਇਡਿੰਗ ਅਫਸਰ/ਰਜਿਸਟਰਾਰ ਸਨਮੁੱਖ 04/08/2026 ਨੂੰ ਸੂਚੀਬੱਧ ਕੀਤਾ ਗਿਆ ਸੀ। ਜਦੋਂ ਕਿ ਇਸ ਮਾਣਯੋਗ ਟ੍ਰਿਬਿਊਨਲ ਨੂੰ ਤੁਹਾਡੇ ਵਿਰੁੱਧ ਰੁਪਏ 35,99,522.00/- ਕਰਜ਼ਾ ਵਸੂਲੀ ਲਈ ਦਾਇਰ ਉਕਤ ਅਰਜ਼ੀ 'ਤੇ ਐਕਟ (ਓ ਏ) ਦੇ ਸੈਕਸ਼ਨ 19 (4) ਤਹਿਤ ਸੰਮਨ/ਨੋਟਿਸ ਜਾਰੀ ਕਰਦਿਆਂ ਖ਼ੁਸ਼ੀ ਹੋਈ ਹੈ। ਐਕਟ ਦੇ ਸੈਕਸ਼ਨ 19 (4) ਦੇ ਅਨੁਸਾਰ ਤੁਹਾਨੂੰ ਜਵਾਬਦੇਹਾਂ ਨੂੰ ਹੇਠਾਂ ਦਰਸਾਏ ਨਿਰਦੇਸ਼ ਦਿੱਤੇ ਜਾਂਦੇ ਹਨ:

(i) ਸੰਮਨਾਂ ਦੀ ਤਾਮੀਲ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸਿਆ ਜਾਵੇ ਕਿ ਤੁਹਾਡੇ ਖਿਲਾਫ਼ ਰਾਹਤ ਕਿਉਂ ਨਾ ਮਨਜ਼ੂਰ ਕਰ ਦਿੱਤੀ ਜਾਵੇ;

(ii) ਬਿਨੈਕਾਰ ਵੱਲੋਂ ਅਸਲ ਅਰਜ਼ੀਆਂ ਦੀ ਲੜੀ ਨੰ. 3 ਏ ਤਹਿਤ ਦਰਸਾਈਆਂ ਗਈਆਂ ਜਾਇਦਾਦਾਂ ਅਤੇ ਐੱਸਟਸ ਤੋਂ ਇਲਾਵਾ ਹੋਰ ਜਾਇਦਾਦਾਂ ਅਤੇ ਐੱਸਟਸ ਦੇ ਵੇਰਵੇ ਦਾ ਖੁਲਾਸਾ ਕਰਨਾ;

(iii) ਅਸਲ ਅਰਜ਼ੀ ਦੀ ਲੜੀ ਨੰ. 3 ਏ ਤਹਿਤ ਦਰਸਾਈਆਂ ਜਾਇਦਾਦਾਂ ਅਤੇ ਐੱਸਟਸ ਦਾ ਸੰਚਾਲਨ ਕਰਨ ਜਾਂ ਨਿਪਟਾਰਾ ਕਰਨ ਤੋਂ ਰੋਕਿਆ ਜਾਂਦਾ ਹੈ [illegible];

(iv) [illegible]

(v) [illegible]

ਤੁਹਾਨੂੰ ਲਿਖਤੀ ਬਿਆਨ ਦਾਇਰ ਕਰਨ ਅਤੇ ਇਸ ਦੀ ਇਕ ਕਾਪੀ ਬਿਨੈਕਾਰ ਨੂੰ ਦੇਣ ਅਤੇ ਰਜਿਸਟਰਾਰ ਸਨਮੁੱਖ 17.09.2026 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਆਦੇਸ਼ ਹਨ, ਅਜਿਹਾ ਕਰਨ ਤੋਂ ਅਸਫਲ ਰਹਿਣ ਦੀ ਸੂਰਤ ਵਿਚ ਤੁਹਾਡੀ ਗੈਰਹਾਜ਼ਰੀ ਵਿਚ ਅਰਜ਼ੀ ਦੀ ਸੁਣਵਾਈ ਕਰਕੇ ਫ਼ੈਸਲਾ ਕਰ ਦਿੱਤਾ ਜਾਵੇਗਾ।

ਮੇਰੇ ਹਸਤਾਖਰ ਅਤੇ ਟ੍ਰਿਬਿਊਨਲ ਦੀ ਮੋਹਰ ਅਧੀਨ ਮਿਤੀ 06.08.2026 ਨੂੰ ਜਾਰੀ ਕੀਤਾ ਗਿਆ।

ਸੰਮਨ ਜਾਰੀ ਕਰਨ ਲਈ ਅਧਿਕਾਰਤ ਅਫਸਰ ਦੇ ਦਸਤਖ਼ਤ

## PUBLIC NOTICE

This is to be put to notice that on behalf of my client HDFC Bank Ltd. following Public Notice for loss of original document may be publish by the Bank/owner.

We Shama Gupta w/o Jagdish Pal Gupta & Nishant Gupta S/o LajpatRai Gupta are the owners of Property/plot No.416 (Property No. B/912/2506 – A/3581and property No. BIX /2/250/6A/3581) measuring about 20 Marla - 160 Sqfts. (1M – 207 Sqfts.) situated in abadi Civil Lines Tehsil &Distt. Jalandhar comprised in Khasra no.29752/19321-19324-6865 to 6873 on the basis of Transfer deed no.2026-27-186/1/6133 dt.25-06-2026 and Transfer deed No.2026-27/186/6118 dt.25-06-2026 and became owner of property measuring above 3.46 Marlas on the basis of inheritance of ChanderKanta. The previous chain documents i.e. the OriginalSale deed No.11269 dt.30-03-1995 &original Sale deed No.1244 dt.03-05-1995have been lost somewhere and are not in our possession, as the same has been lost and we did not found the same, despite of our best efforts and it is not possible to trace out the same.

Now, the deponents have entered into agreement to sell in respect to above said property with Vishal Aggarwal s/o Ravi Aggarwal and the said Vishal Aggarwal is raising funds from HDFC Bank Ltd. for the purchase of this property. If any person is found to be in possession of the said Original documents, that will be illegal and unlawful and if anybody found the same then under that eventuality he shall deposit or return that Original documents to HDFC Bank Ltd. OR may raise objection in writing, if any, with in Seven days from the date of this publication qua the said documents, to the contact person mentioned below in writing i.e. Mr. KetanWalia Branch Manager, HDFC Bank, 245-R Rainbow Road Model Town, Jalandhar and Sh. Akhil Chopra Advocate, 131, Master Tara Singh Nagar Jalandhar.

## AXIS BANK LTD.

ਰਿਟੇਲ ਐਸੇਟ ਸੈਂਟਰ : ਐਕਸਿਸ ਬੈਂਕ ਲਿਮਟਿਡ, ਦੂਸਰੀ ਅਤੇ ਤੀਸਰੀ ਮੰਜ਼ਲ, ਜਾਇਦਾਦ # 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਕਾਰਪੋਰੇਟ ਦਫਤਰ : 'ਐਕਸਿਸ ਹਾਊਸ' ਤੀਸਰੀ ਮੰਜ਼ਿਲ ਬਲਾਕ-ਬੀ, ਬੰਬੇ ਡਾਇੰਗ ਮਿਲਜ਼ ਕੰਪਾਊਂਡ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਦੀ ਪਾਲਣਾ 'ਚ ਪਬਲਿਕ ਨੋਟਿਸ

ਇਹ ਨੋਟਿਸ ਆਮ ਜਨਤਾ ਦੀ ਜਾਣਕਾਰੀ ਲਈ ਹੈ ਕਿ ਕਰਜ਼ਦਾਰ/ਗਰੰਟਰ/ਰਹਿਨਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੇ ਬਾਵਜੂਦ ਕਰਜ਼ਦਾਰਾਂ/ਗਰੰਟਰਾਂ/ਰਹਿਨਕਾਰਾਂ ਨੇ ਨਿਸ਼ਚਿਤ ਮਿਤੀ 'ਤੇ ਮੂਲ ਰਕਮ ਅਤੇ ਇਸ 'ਤੇ ਵਿਆਜ ਦੀ ਮੁੜ ਅਦਾਇਗੀ ਲਈ ਅਨੇਕਾਂ ਭੁੱਲਾਂ ਕੀਤੀਆਂ ਹਨ। ਸਿੱਟੇ ਵਜੋਂ ਰਿਜ਼ਰਵ ਬੈਂਕ ਆਫ਼ ਇੰਡੀਆ ਵੱਲੋਂ ਜਾਰੀ ਹਦਾਇਤਾਂ/ਦਿਸ਼ਾ-ਨਿਰਦੇਸ਼ਾਂ ਮੁਤਾਬਿਕ ਅਜਿਹੇ ਖਾਤੇ ਨਾਨ-ਪਰਫਾਰਮਿੰਗ ਐਸੇਟ ਵਜੋਂ ਕਲਾਸੀਫਾਈਡ ਕਰ ਦਿੱਤੇ ਗਏ ਹਨ।

ਸਰਫੇਸੀ ਐਕਟ, 2002 ਦੇ ਸੈਕਸ਼ਨ 13(2) ਅਧੀਨ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਨਕਾਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਨੋਟਿਸ ਜਾਰੀ ਕੀਤੇ ਗਏ ਸਨ, ਜੋ ਕਿ ਬਿਨਾਂ ਤਾਮੀਲ ਵਾਪਸ ਆ ਗਏ ਅਤੇ ਇਹ ਸੂਚਨਾ ਇਸ ਦੇ ਸੰਬੰਧ 'ਚ ਹੀ ਜਨਤਕ ਨੋਟਿਸ ਰਾਹੀਂ ਦਿੱਤੀ ਜਾ ਰਹੀ ਹੈ।

| ਕਰਜ਼ਦਾਰ ਦਾ ਨਾਂਅ/ਪਤਾ/ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ | (1) ਡਿਮਾਂਡ ਨੋਟਿਸ ਦੀ ਮਿਤੀ, (2) ਐੱਨ ਪੀ ਏ ਮਿਤੀ (3) ਬਕਾਇਆ ਰਕਮ (ਨੋਟਿਸ ਦੇ ਅਨੁਸਾਰ) (4) ਕਰਜ਼ਾ ਰਕਮ ਮਨਜ਼ੂਰ/ਡਿਸਬਰਸਡ |
|---|---|
| 1. ਹਰਕਵਲਪੀਤ ਸਿੰਘ ਪੁੱਤਰ ਸਵਿੰਦਰ ਸਿੰਘ (ਕਰਜ਼ਦਾਰ/ਰਹਿਨਕਾਰ) ਅਤੇ 2. ਸ੍ਰੀਮਤੀ ਅਰਸ਼ਦੀਪ ਕੌਰ ਪਤਨੀ ਹਰਕਵਲਪੀਤ ਸਿੰਘ (ਸਹਿ-ਕਰਜ਼ਦਾਰ) | (1) 12 ਅਗਸਤ 2026, (2) 08 ਅਗਸਤ 2026 (3) ਰੁਪਏ 71,75,820/- (ਇਕੱਤਰ ਲੱਖ ਪਚੱਤਰ ਹਜ਼ਾਰ ਅੱਠ ਸੌ ਵੀਹ ਕੇਵਲ) (4) 1. ਪਾਵਰ ਹੋਮ ਲੋਨ ਸਹੂਲਤ ਰੁਪਏ 64,61,756/- (ਰੁਪਏ ਚੌਂਹਠ ਲੱਖ ਇਕਾਹਠ ਹਜ਼ਾਰ ਸੱਤ ਸੌ ਛਪੰਜਾ ਕੇਵਲ) 2. ਐੱਸਟ ਪਾਵਰ ਲੋਨ ਸਹੂਲਤ (ਐੱਲ ਏ ਪੀ) ਰੁਪਏ 9,99,000/- (ਰੁਪਏ ਨੌਂ ਲੱਖ ਨੜਿੰਨਵੇਂ ਹਜ਼ਾਰ ਕੇਵਲ) |

ਅਚੱਲ ਜਾਇਦਾਦ ਦਾ ਵੇਰਵਾ :- ਸਮੁੱਚਾ ਰਿਹਾਇਸ਼ੀ ਜਾਇਦਾਦ/ਮਕਾਨ ਦਾ ਹਿੱਸਾ, ਜੋ ਪਲਾਟ ਪ੍ਰਾਈਵੇਟ ਨੰ. 5 'ਤੇ ਬਣਿਆ ਹੈ, ਰਕਬਾ 280 ਵਰਗ ਗਜ਼, ਖਸਰਾ ਨੰ. 19//1 ਮਿੰਨ, ਖਾਤਾ ਖਤੌਨੀ ਨੰ. 428/491, ਜਮ੍ਹਾਂਬੰਦੀ ਸਾਲ 2019-2020 ਅਨੁਸਾਰ, ਹੱਦਬਸਤ ਨੰ. 370, ਸਥਿਤ ਵਾਕਿਆ ਗੁਮਟਾਲਾ, ਸਬ-ਅਰਬਨ ਅਬਾਦੀ ਸਿਲਵਰ ਓਕ ਇਨਕਲੇਵ, ਤਹਿ ਤੇ ਜ਼ਿਲ੍ਹਾ ਅੰਮ੍ਰਿਤਸਰ ਸ੍ਰੀ ਹਰਕਵਲਪੀਤ ਸਿੰਘ ਪੁੱਤਰ ਸਵਿੰਦਰ ਸਿੰਘ ਦਾ ਨਾਂਅ 'ਤੇ ਰਜਿਸਟਰਡ ਹੈ, ਬੈਨਾਮਾ ਨੰ. 2023-24/93/1/886 ਮਿਤੀ 25 ਅਪ੍ਰੈਲ 2023 ਹੱਦਬੰਦੀ (ਬੈਨਾਮਾ ਅਨੁਸਾਰ) ਪੂਰਬ : ਸਰਵਿਸ ਲਾਈਨ 16 ਫੁੱਟ, ਪੱਛਮ : ਸੜਕ 35' ਚੌੜੀ, ਉੱਤਰ : ਪਲਾਟ ਨੰ. 4, ਦੱਖਣ : ਪਲਾਟ ਨੰ. 6

ਇਸ ਲਈ, ਇਹ ਜਨਤਕ ਸੂਚਨਾ ਸਿੱਧੇ ਪੱਤਰ ਵਿਹਾਰ ਦੀ ਜਗ੍ਹਾ ਜਾਰੀ ਕੀਤੀ ਜਾਂਦੀ ਹੈ।

ਕਰਜ਼ਦਾਰ (ਕਰਜ਼ਦਾਰਾਂ) ਅਤੇ/ਜਾਂ ਉਨ੍ਹਾਂ ਦੇ ਗਰੰਟਰ (ਗਰੰਟਰਾਂ) ਜਿੱਥੇ ਲਾਗੂਯੋਗ, ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਬਕਾਇਆ ਨਿਕਲਦੀ ਰਕਮ ਜਮ੍ਹਾਂ ਕਰਵਾਉਣ ਦਾ ਸੱਦਾ ਦਿੱਤਾ ਜਾਂਦਾ ਹੈ। ਅਜਿਹਾ ਕਰਨ ਵਿੱਚ ਨਾਕਾਮ ਰਹਿਣ ਦੀ ਸੂਰਤ ਵਿੱਚ ਸਕਿਓਰਿਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫਾਈਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਸਕਿਓਰਿਟੀ ਇੰਟਰੈਸਟ ਐਕਟ, 2002 ਸੈਕਸ਼ਨ 13 ਦੇ ਸਬ-ਸੈਕਸ਼ਨ (4) ਦੇ ਤਹਿਤ 60 ਦਿਨਾਂ ਦਾ ਸਮਾਂ ਲੰਘ ਜਾਣ ਤੋਂ ਬਾਅਦ ਅਗਲੀਆਂ ਕਾਰਵਾਈਆਂ ਕੀਤੀਆਂ ਜਾਣਗੀਆਂ। ਕਰਜ਼ਦਾਰਾਂ ਨੂੰ ਆਪਣੇ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਆਪਣੇ ਅਧਿਕਾਰਾਂ ਵਾਸਤੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦਾ ਵਿਸ਼ੇਸ਼ ਹਵਾਲਾ ਦਿੱਤਾ ਜਾਂਦਾ ਹੈ। ਕ੍ਰਿਪਾ ਕਰਕੇ ਨੋਟ ਕੀਤਾ ਜਾਵੇ ਕਿ ਉਕਤ ਦੱਸੇ ਐਕਟ ਦੇ ਸੈਕਸ਼ਨ 13 (13) ਤਹਿਤ ਬਿਨਾਂ ਅਗਾਊਂ ਲਿਖਤੀ ਸਹਿਮਤੀ ਦੇ ਕਰਜ਼ਦਾਰ ਜਾਇਦਾਦ ਨੂੰ ਵਿਕਰੀ ਰਾਹੀਂ ਤਬਾਦਲਾ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਸਕਿਓਰਡ ਐਸਟਸ ਦੀ ਵਿਕਰੀ ਕਰਨ ਦਾ ਅਧਿਕਾਰ ਨਹੀਂ ਹੈ।

ਮਿਤੀ : 26 ਅਗਸਤ 2026 — ਸਹੀ/- ਅਧਿਕਾਰਤ ਅਫ਼ਸਰ
ਸਥਾਨ : ਪੰਜਾਬ — ਐਕਸਿਸ ਬੈਂਕ ਲਿਮਟਿਡ

## ਉੱਤਰ ਰੇਲਵੇ
### ਈ-ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜਨ ਲਾਗਤ(ਰੁ.) | ਬਿਆਨਾ ਰਾਸ਼ੀ (ਰੁ.) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|
| 251-Elect-T-03-R2-2026-27 | ਫਿਰੋਜ਼ਪੁਰ ਡਵੀਜਨ ਦੇ 88 ਸਟੇਸ਼ਨਾਂ ਉਤੇ SMs ਦੇ VDU ਚੈਨਲ ਰੂਮ ਵਿਚ ਏਅਰ ਕੰਡੀਸ਼ਨਰ ਲਗਾਉਣ ਦੇ ਸਬੰਧ ਵਿਚ ਇਲੈਕਟ੍ਰੀਕਲ ਕੰਮ। | Rs. 75,24,661.25/- | Rs. 150500.00/- | 06 ਮਹੀਨੇ | 14.09.2026 15:00 ਵਜੇ ਦੇ ਬਾਅਦ | www.ireps.gov.in |

ਨੰ. 251-ਬਿਜਲੀ ਟੈਂਡਰ ਨੋਟਿਸ ਨੰ. 03-ਆਰ-2-ਬਿਜਲੀ-2026-27 ਮਿਤੀ:- 24.08.2026 2944/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ
### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਪਾਰਕ ਪ੍ਰਬੰਧਕ, ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਜਾਂਦੀ ਹੈ।

| ਨੀਲਾਮੀ ਸੂਚੀ ਨੰ: | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR26-44 | 08.09.26 ਨੂੰ 11:00 Hrs. | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਉਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ) : 12716/F1 & 12422/F1. |
| EAFZR-FAS-26-3 | 08.09.26 ਨੂੰ 11:00 Hrs. | 'ਫ੍ਰੇਟ ਏਲਾਇਡ ਸਰਵਿਸ ਕੰਟ੍ਰੈਕਟ' ਦੇ ਤਹਿਤ BWZ, MLX & JGN ਗੁਡਸ ਸ਼ੈਡ ਵਿਚ ਗੁਡ ਵੇਅ ਆਫ ਏਰੀਆ BWZ & JGN ਗੁਡਸ ਸ਼ੈਡ [illegible] |

ਪੂਰੀ ਜਾਣਕਾਰੀ ਅਤੇ ਰਜਿਸਟਰੇਸ਼ਨ ਦੇ ਲਈ ਕ੍ਰਿਪਾ ਰੇਲਵੇ ਦੀ ਵੈੱਬਸਾਈਟ www.ireps.gov.in ਉਤੇ ਜਾਉ। 2955/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ
### ਈ-ਨਿਵਿਦਾ ਸੂਚਨਾ

ਨਿਵਿਦਾ ਨੰਬਰ:— 105-2026-27-DEN-TRACK-FZR & 107-2026-27-DEN-HQ-FZR — ਤਾਰੀਕ : 24.08.2026

ਮੰਡਲ ਇੰਜੀਨੀਅਰ-ਹੈੱਡਕੁਆਟਰ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਜਿਹਨਾਂ ਮਿਤੀ 14.09.2026 ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। [illegible]

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਬੰਧ | ਪੈਕੇਟ ਪ੍ਰਣਾਲੀ |
|---|---|---|
| ਖੁਲਾ | ਕੰਮ | ਸਿੰਗਲ ਪੈਕੇਟ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਕਰਨ ਦੀ ਮਿਤੀ | ਨਿਵਿਦਾ ਸਮਾਪਨ ਦੀ ਮਿਤੀ ਅਤੇ ਸਮਾਂ |
| 21.08.2026 | 31.08.2026 | 14.09.2026 15.00 ਵਜੇ |

| ਲ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 1 | 105-2026-27-DEN-TRACK-FZR | ਡਵੀਜਨ ਵਿਚ ਐਫਆਰਐਮ ਦੁਆਰਾ ਛੱਡੇ ਗਏ ਸੋਲਡਰ ਬੈਲਾਸਟ ਦੀ ਸਕ੍ਰੀਨਿੰਗ ਦੇ ਨਾਲ-ਨਾਲ ਪੀ ਅਤੇ ਪੋਸਟ-ਅਟੈਂਡਸ ਨਾਲ ਜੁੜੇ ਵੱਖ-ਵੱਖ ਟ੍ਰੈਕ ਕੰਮ। |

| ਵਿਗਿਆਪਨ ਮੂਲ (ਰੁ) | ਬਿਆਨਾ ਰਾਸ਼ੀ | ਆਫਰ ਦੀ ਵੈਲੀਡਿਟੀ | ਸਮਾਪਨ ਦੀ ਅਵਧੀ |
|---|---|---|---|
| 12492949.59 | 249900.00 | 60 ਦਿਨ | 12 ਮਹੀਨੇ |

ਸਮਾਨ ਹੋਣ ਦਾ ਕੰਮ: "CTR/TRR/TFR/TTR, ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ, ਡੀਪ ਸਕ੍ਰੀਨਿੰਗ, ਟ੍ਰੈਕ ਡਿਸਟ੍ਰੈਸਿੰਗ, ਅਤੇ ਟ੍ਰੈਕ ਮੈਨਟੇਨੈਂਸ ਮਸ਼ੀਨਾਂ (ਜਿਵੇਂ ਮਸ਼ੀਨ/ਬੈਲਾਸਟ ਸਕ੍ਰੀਨਿੰਗ/ਰੀਗੁਲੇਟਿੰਗ ਮਸ਼ੀਨ) ਦੇ ਲਈ ਪ੍ਰੀ ਅਤੇ ਪੋਸਟ ਅਟੈਂਡਸ ਕੰਮ ਅਤੇ T-28 ਤੋਂ TTR ਸ਼ਾਮਲ ਹੈ।

| ਲ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 2 | 107-2026-27-DEN-HQ-FZR | ਮੰਡਲ ਇੰਜੀਨੀਅਰ/ਹੈੱਡਕੁਆਟਰ, ਫਿਰੋਜਪੁਰ ਦੇ ਅਧਿਕਾਰ ਖੇਤਰ ਵਿਚ ਜਲੰਧਰ ਸਿਟੀ-ਫਿਰੋਜਪੁਰ ਕੈਂਟ- CTR(P) PQRS-7.594 Tkm (SL ਲਾਈਨ ਤੇ ਕਮ-ਵੱਖ ਥਾਵਾਂ ਤੇ ਐਸਐਲ ਲਾਈਨ Km 26.526 ਤੋਂ Km 27.88, Km 29 ਤੋਂ Km 35.24 ਅਤੇ Km 41.169 ਤੋਂ Km 43; ਮੌਜੂਦਾ ਟ੍ਰੈਕ ਜਿਸ ਵਿਚ M+7 ਡੈਂਸਿਟੀ ਵਾਲੇ PSC-6 ਲਾਈਨ ਤੇ 52 kg ਰੇਲ ਵਾਲੀ ਹੈ, ਉਨ੍ਹਾਂ M+8 ਡੈਂਸਿਟੀ PSC ਵਾਇਡਬੇਸ ਸਲੀਪਰ ਅਤੇ 60 ਕਿਲੋ ਰੇਲ ਨਾਲ ਬਦਲਣਾ) - CTR(P)-1.781 Tkm ਤੇ TRR(P)-36.172 Tkm (SL ਲਾਈਨ ਤੇ ਵੱਖ-ਵੱਖ ਥਾਵਾਂ ਤੇ: BTI-FZR 'ਤੇ SL ਲਾਈਨ KM 330.656 ਤੋਂ KM 33.439 ਅਤੇ KKP 'ਤੇ SL ਲਾਈਨ Km 0 ਤੋਂ Km 0.998) ਨਾਲ ਜੁੜੇ ਵੱਖ-ਵੱਖ ਕੰਮ [illegible] |

| ਵਿਗਿਆਪਨ ਮੂਲ (ਰੁ) | ਬਿਆਨਾ ਰਾਸ਼ੀ | ਆਫਰ ਦੀ ਵੈਲੀਡਿਟੀ | ਸਮਾਪਨ ਦੀ ਅਵਧੀ |
|---|---|---|---|
| 14886145.26 | 297700.00 | 60 ਦਿਨ | 12 ਮਹੀਨੇ |

ਸਮਾਨ ਹੋਣ ਦਾ ਕੰਮ: "CTR/TRR/TFR/TTR, ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ, ਡੀਪ ਸਕ੍ਰੀਨਿੰਗ, ਟ੍ਰੈਕ ਡਿਸਟ੍ਰੈਸਿੰਗ, ਅਤੇ ਟ੍ਰੈਕ ਮੈਨਟੇਨੈਂਸ ਮਸ਼ੀਨਾਂ (ਜਿਵੇਂ ਮਸ਼ੀਨ/ਬੈਲਾਸਟ ਸਕ੍ਰੀਨਿੰਗ/ਰੀਗੁਲੇਟਿੰਗ ਮਸ਼ੀਨ) ਦੇ ਲਈ ਪ੍ਰੀ ਅਤੇ ਪੋਸਟ ਅਟੈਂਡਸ ਕੰਮ ਅਤੇ T-28 ਤੋਂ TTR ਸ਼ਾਮਲ ਹੈ।

ਨੋਟ : 1. ਨਿਵਿਦਾ ਪ੍ਰਸਤਾਵ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਵੇਗਾ। 2948/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਆਰ ਐੱਮ ਪੀ ਆਈ ਤੇ ਲਿਬਰੇਸ਼ਨ ਵੱਲੋਂ ਮਹਿੰਗਾਈ ਵਿਰੁੱਧ ਰੋਸ ਮੁਜ਼ਾਹਰਾ

ਜਲੰਧਰ (ਸ਼ੈਲੀ ਐਲਬਰਟ, ਰਾਜੇਸ਼ ਥਾਪਾ) ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ) ਤੇ ਸੀ ਪੀ ਆਈ (ਐੱਮ ਐੱਲ) ਲਿਬ੍ਰੇਸ਼ਨ ਦੇ ਆਗੂਆਂ ਤੇ ਵਰਕਰਾਂ ਨੇ ਇੱਥੋਂ ਦੇ ਬੀ ਐੱਮ ਸੀ ਚੌਂਕ ਵਿਖੇ ਮਹਿੰਗਾਈ ਵਿਰੋਧੀ ਤਖ਼ਤੀਆਂ ਲੈ ਕੇ ਜ਼ੋਰਦਾਰ ਰੋਸ ਮੁਜ਼ਾਹਰਾ ਕੀਤਾ।ਖਾਣ-ਪੀਣ ਦੀਆਂ ਵਸਤਾਂ, ਖਾਸ ਕਰਕੇ ਖੰਡ ਤੇ ਗੁੜ ਦੀਆਂ ਕੀਮਤਾਂ ਦੇ ਬੇਤਹਾਸ਼ਾ ਵਾਧੇ ਵਿਰੁੱਧ ਕੀਤੇ ਗਏ ਇਸ ਮੁਜ਼ਾਹਰੇ ਦੀ ਅਗਵਾਈ ਕਾਮਰੇਡ ਮੰਗਤ ਰਾਮ ਪਾਸਲਾ, ਸੁਖਦਰਸ਼ਨ ਨੱਤ, ਪਰਗਟ ਸਿੰਘ ਜਾਮਾਰਾਏ ਤੇ ਗੁਰਜੰਟ ਸਿੰਘ ਮਾਨਸਾ ਨੇ ਕੀਤੀ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਕੱਤਰ ਸਾਥੀ ਗੁਰਮੀਤ ਸਿੰਘ ਤੇ ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਵੀ ਮੁਜ਼ਾਹਰੇ 'ਚ ਸ਼ਾਮਲ ਹੋਏ। ਮੁਜ਼ਾਹਰਾਕਾਰੀਆਂ ਨੇ ਮਹਿੰਗਾਈ ਨੂੰ ਕਾਬੂ ਕਰਨ ਲਈ ਮਿੱਲ ਮਾਲਕਾਂ ਤੇ ਕਾਲਾ-ਬਾਜ਼ਾਰੀਆਂ ਖਿਲਾਫ਼ ਸਖ਼ਤ ਕਾਰਵਾਈ ਕੀਤੇ ਜਾਣ ਤੋਂ ਜਾਣ-ਬੁੱਝ ਕੇ ਘੇਸਲ ਮਾਰੀ ਬੈਠੀ ਮੋਦੀ ਸਰਕਾਰ ਖਿਲਾਫ ਜ਼ਬਰਦਸਤ ਨਾਅਰੇਬਾਜ਼ੀ ਕੀਤੀ। ਇਸ ਮੌਕੇ ਆਗੂਆਂ ਨੇ ਆਉਣ ਵਾਲੀ 29 ਸਤੰਬਰ ਨੂੰ ਵੱਡੇ ਪਿੰਡਾਂ ਤੇ ਸ਼ਹਿਰਾਂ-ਕਸਬਿਆਂ 'ਚ ਮਹਿੰਗਾਈ ਲਈ ਜਿੰਮੇਵਾਰ




ਕੇਂਦਰੀ ਸਰਕਾਰ ਵਿਰੁੱਧ ਆਮ ਲੋਕਾਂ ਦੀ ਵਿਸ਼ਾਲ ਭਾਗੀਦਾਰੀ ਨਾਲ ਭਰਵੇਂ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ।ਇਸ ਤੋਂ ਪਹਿਲਾਂ ਦੇਸ਼ ਭਗਤ ਯਾਦਗਾਰ ਜਲੰਧਰ ਵਿਖੇ ਹੋਈ ਦੋਹਾਂ ਪਾਰਟੀਆਂ ਦੀ ਸਾਂਝੀ ਮੀਟਿੰਗ ਵਲੋਂ ਹੇਠ ਲਿਖਿਆ ਮਤਾ ਪ੍ਰਵਾਨ ਕੀਤਾ ਗਿਆ।ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ) ਅਤੇ ਸੀ ਪੀ ਆਈ (ਐੱਮ ਐੱਲ ) ਲਿਬ੍ਰੇਸ਼ਨ ਦੀ ਜਲੰਧਰ ਵਿਖੇ ਹੋਈ ਸਾਂਝੀ ਸੂਬਾਈ ਮੀਟਿੰਗ ਬੇਤਹਾਸ਼ਾ ਵਧ ਰਹੀ ਮਹਿੰਗਾਈ, ਖਾਸ ਕਰਕੇ ਖੰਡ-ਗੁੜ ਦੇ ਅਣਕਿਆਸੇ, ਭਾਰੀ ਕੀਮਤ ਵਾਧੇ 'ਤੇ ਡੂੰਘੇ ਦੁੱਖ ਤੇ ਸਖ਼ਤ ਰੋਸ ਦਾ ਇਜ਼ਹਾਰ ਕਰਦੀ ਹੈ।ਮੀਟਿੰਗ ਦੀ ਇਹ ਪ੍ਰਪੱਕ ਰਾਇ ਹੈ ਕਿ ਕੇਂਦਰ ਦੀ ਮੋਦੀ ਸਰਕਾਰ ਦੀ ਮਹਿੰਗਾਈ 'ਤੇ ਕਾਬੂ ਪਾਉਣ ਦੀ ਬਿਲਕੁਲ ਵੀ ਇੱਛਾ ਨਹੀਂ ਹੈ। ਸਰਕਾਰ ਦੀ ਦਿਲਚਸਪੀ ਤਾਂ ਸਗੋਂ ਕਾਲੇ ਕਾਰਬਾਰੀਆਂ ਤੇ ਖੰਡ ਮਿੱਲ ਮਾਲਕਾਂ ਦੇ ਮੁਨਾਫੇ ਵਧਾਉਣ ਤੇ ਇਨ੍ਹਾਂ ਠੱਗਾਂ ਤੋਂ ਚੋਣਾਂ ਜਿੱਤਣ ਲਈ ਹਜ਼ਾਰਾਂ ਕਰੋੜ ਰੁਪਏ ਦੇ ਚੰਦੇ ਵਸੂਲਣ 'ਚ ਹੈ। ਮੀਟਿੰਗ ਪਾਰਟੀ ਕਮੇਟੀਆਂ ਨੂੰ ਸੱਦਾ ਦਿੰਦੀ ਹੈ ਕਿ 29 ਸਤੰਬਰ ਨੂੰ ਪਿੰਡਾਂ-ਸ਼ਹਿਰਾਂ ਦੇ ਗਰੀਬ ਮੁਹੱਲਿਆਂ 'ਚ ਮਹਿੰਗਾਈ ਵਿਰੁੱਧ ਆਮ ਲੋਕਾਂ ਦੀ ਭਰਵੀਂ ਸ਼ਮੂਲੀਅਤ ਵਾਲੇ ਰੋਸ ਮੁਜ਼ਾਹਰੇ ਕੀਤੇ ਜਾਣ। ਹੋਰਨਾਂ ਤੋਂ ਇਲਾਵਾ ਗੁਰਨਾਮ ਸਿੰਘ ਦਾਊਦ, ਮਹੀਪਾਲ, ਡਾਕਟਰ ਸਤਨਾਮ ਸਿੰਘ ਅਜਨਾਲਾ, ਜਸਵੀਰ ਕੌਰ, ਰਘਬੀਰ ਸਿੰਘ ਬੈਨੀਪਾਲ, ਸਰਬਜੀਤ ਸਿੰਘ, ਧਰਮਿੰਦਰ ਸਿੰਘ, ਨਰਿੰਦਰ ਕੌਰ ਨੇ ਵਿਚਾਰ ਰੱਖੇ।

# ਪਲਸੌਰਾ ਦੇ ਪਿੰਗਲਵਾੜੇ 'ਚ ਸਨਮਾਨ ਸਮਾਰੋਹ

ਚੰਡੀਗੜ੍ਹ (ਸੁਰਜੀਤ ਸੁਮਨ)- ਕਵੀ ਮੰਚ (ਰਜਿ:) ਮੁਹਾਲੀ ਵੱਲੋਂ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ:), ਪਲਸੌਰਾ (ਸੈਕਟਰ-55) ਚੰਡੀਗੜ੍ਹ ਦੇ ਸਹਿਯੋਗ ਨਾਲ ਪਿੰਗਲਵਾੜਾ ਦੇ ਅਪਾਹਜ ਬਜ਼ੁਰਗਾਂ, ਭਰਾਵਾਂ, ਮਾਤਾਵਾਂ, ਬੀਬੀਆਂ, ਭੈਣਾਂ ਤੇ ਬੱਚਿਆਂ ਦੇ ਮਾਨਸਿਕ ਪੱਧਰ ਨੂੰ ਉੱਚਾ ਚੁੱਕਣ ਦੇ ਮਨਸ਼ੇ ਨਾਲ ਮਨੋਰੰਜਕ ਸਨਮਾਨ ਸਮਾਗਮ ਤੇ ਗੀਤ ਮਹਿਫ਼ਲ ਦਾ ਆਯੋਜਨ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਸੰਸਥਾ ਦੇ ਪ੍ਰਧਾਨ ਭਗਤ ਰਾਮ ਰੰਗਾੜਾ, ਮਹਿੰਦਰ ਸਿੰਘ, ਸ਼ਾਇਰਾ ਬੀਬੀ ਅੰਜੂ ਅਮਨ ਗਰੋਵਰ, ਮੋਹਨਬੀਰ ਸਿੰਘ ਸ਼ੇਰਗਿੱਲ ਤੇ ਬਲਕਾਰ ਸਿੰਘ ਸਿੱਧੂ ਸ਼ਾਮਿਲ ਹੋਏ। ਸਮਾਗਮ ਦਾ ਆਗਾਜ਼ ਗੀਤਕਾਰ ਤੇ ਗਾਇਕ ਖੁਸ਼ੀ ਰਾਮ ਨਿਮਾਣਾ ਤੇ ਗਾਇਕ ਧਿਆਨ ਸਿੰਘ ਕਾਹਲੋਂ ਦੇ ਗੀਤਾਂ ਨਾਲ ਹੋਇਆ।ਇਸੇ ਤਰ੍ਹਾਂ ਭੁਪਿੰਦਰ ਮਟੌਰੀਆ, ਅਮਰ ਵਿਰਦੀ, ਦੀਪਕ ਰਿਖੀ, ਬਲਵਿੰਦਰ ਸਿੰਘ ਢਿੱਲੋਂ, ਨਵਦੀਪ ਕੌਰ, ਗੁਰਵਿੰਦਰ ਗੁਰੀ, ਹਰਪ੍ਰੀਤ ਕੌਰ, ਅਮਰਜੀਤ ਕੌਰ ਅਤੇ ਅਮਰਜੀਤ ਕੌਰ ਮੋਰਿੰਡਾ ਤੇ ਬਲਕਾਰ ਸਿੰਘ ਸਿੱਧੂ ਨੇ ਗੀਤਾਂ ਦੇ ਨਾਲ ਨਾਲ ਬੋਲੀਆਂ ਪਾ ਕੇ ਇਸ ਪ੍ਰੋਗਰਾਮ ਨੂੰ ਸਿਖਰ ਵੱਲ ਵਧਾਇਆ। ਸ਼ਾਖਾ ਇੰਚਾਰਜ ਮਹਿੰਦਰ ਸਿੰਘ ਨੇ ਸੰਸਥਾ ਦਾ ਮੁੱਖ ਸੁਨੇਹਾ ਦਿੰਦਿਆਂ ਤਰੰਨਮ ਵਿੱਚ ਨਜ਼ਮ ਪੇਸ਼ ਕੀਤੀ, ਜਦਕਿ



ਭਗਤ ਰਾਮ ਰੰਗਾੜਾ ਵੱਲੋਂ ਆਪਣੀਆਂ ਚਰਚਿਤ ਰੁਬਾਈਆਂ ਸੁਣਾਈਆਂ। ਇਸ ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਇਹ ਬੋਝਲਤਾ ਤੋਂ ਕੋਹਾਂ ਦੂਰ, ਜਿਸ ਵਿੱਚ ਗਿੱਧਾ ਤੇ ਭੰਗੜਾ ਵੀ ਵਿਸ਼ੇਸ਼ ਖਿੱਚ ਦਾ ਕੇਂਦਰ ਰਿਹਾ। ਪਿੰਗਲਵਾੜੇ ਦੇ ਕਈ ਅਪਾਹਜ ਨੌਜਵਾਨ ਗੀਤਾਂ ਦੇ ਨਾਲ਼ ਭੰਗੜੇ ਵਿੱਚ ਸ਼ਮੂਲੀਅਤ ਕੀਤੀ।ਹਰਮੋਨੀਅਮ ਆਰਟਿਸਟ ਚਰਨਜੀਤ ਸਿੰਘ ਚੰਨੀ, ਐਡਵੋਕੇਟ ਨੀਲਮ ਨਾਰੰਗ, ਡਾ. ਰਜਿੰਦਰ ਰੇਣੂੰ, ਸਰਬਜੀਤ ਸਿੰਘ ਪੱਡਾ, ਸਰਬਜੀਤ ਕੌਰ ਸਾਬੀ ਨੇ ਵੀ ਆਪਣੇ ਫ਼ਨ ਦਾ ਮੁਜ਼ਾਹਰਾ ਕੀਤਾ, ਜਦਕਿ ਡਾ. ਪਵਨਪ੍ਰੀਤ ਕੌਰ, ਮੋਹਨਬੀਰ ਸਿੰਘ ਸ਼ੇਰਗਿੱਲ, ਬਲਕਾਰ ਸਿੰਘ ਸਿੱਧੂ ਤੇ ਅੰਜੂ ਅਮਨਦੀਪ ਗਰੋਵਰ ਨੇ ਆਪੋ ਆਪਣੇ ਕੁੰਜੀਵਤ ਭਾਸ਼ਣ ਵਿੱਚ ਸਮੁੱਚੇ ਪ੍ਰੋਗਰਾਮ ਨੂੰ ਇੱਕ ਨਿਵੇਕਲਾ ਤੇ ਮਿਆਰੀ ਦੱਸਦਿਆਂ ਇਹੋ ਜਿਹੇ ਪ੍ਰੋਗਰਾਮ ਭਵਿੱਖ ਵਿੱਚ ਵੀ ਉਲੀਕਣ ਦਾ ਸੁਝਾਅ ਦਿੱਤਾ। ਇਸ ਸਮਾਗਮ ਵਿੱਚ ਵੱਖ-ਵੱਖ ਕਲਾਵਾਂ ਨਾਲ ਸਰਸ਼ਾਰ ਸ਼ਖ਼ਸੀਅਤਾਂ ਵਿੱਚ ਸ਼ਾਮਿਲ ਧਿਆਨ ਸਿੰਘ ਕਾਹਲੋਂ, ਖੁਸ਼ੀ ਰਾਮ ਨਿਮਾਣਾ, ਭੁਪਿੰਦਰ ਮਟੌਰੀਆ, ਮਲਕੀਅਤ ਸਿੰਘ ਔਜਲਾ, ਅਮਰ ਵਿਰਦੀ, ਦੀਪਕ ਰਿਖੀ, ਬਲਵਿੰਦਰ ਢਿੱਲੋਂ, ਹਰਭਜਨ ਕੌਰ ਢਿੱਲੋਂ, ਅਮਰਜੀਤ ਕੌਰ, ਐਡਵੋਕੇਟ ਨੀਲਮ ਨਾਰੰਗ, ਡਾ. ਰਜਿੰਦਰ ਰੇਣੂੰ, ਸਰਬਜੀਤ ਕੌਰ ਸਾਹਬੀ, ਹਰਪ੍ਰੀਤ ਕੌਰ, ਸਰਬਜੀਤ ਸਿੰਘ ਪੱਡਾ, ਅਮਰਜੀਤ ਕੌਰ ਮੋਰਿੰਡਾ, ਨਵਦੀਪ ਕੌਰ, ਨਰਿੰਦਰ ਕੌਰ ਲੌਂਗੀਆਂ, ਡਾ. ਪਵਨਪ੍ਰੀਤ ਕੌਰ ਨੂੰ ਲੋਈ ਤੇ ਸਨਮਾਨ ਚਿੰਨ੍ਹ ਦੇ ਕੇ ਨਿਵਾਜਿਆ ਗਿਆ।

# ਸੀ ਪੀ ਆਈ ਐੱਮ ਦੀ ਵਰਚੁਅਲ ਮੀਟਿੰਗ 'ਚ ਮਹਿੰਗਾਈ 'ਤੇ ਹੋਈ ਚਰਚਾ



# ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਵਿਧਾਇਕ ਨੇ ਦਿੱਤੇ ਨਿਯੁਕਤੀ ਪੱਤਰ



ਸਾਬਕਾ ਕੌਂਸਲਰ ਲਖਵਿੰਦਰ ਸਿੰਘ ਮੁਲਤਾਨੀ, ਜਸਪ੍ਰੀਤ ਜੱਸੀ, ਅਨਿਲ ਕੁਮਾਰ ਗਰਾ, ਗੁਰਮੀਤ ਖਿੰਟੂ, ਅਮਨ ਘੁੰਮਣ, ਸਨਮਪ੍ਰੀਤ ਸਿੰਘ ਸਮੇਤ ਹੋਰ ਹਾਜ਼ਰ ਸਨ। ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਪੰਜਾਬ ਸਰਕਾਰ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਅਤੇ ਸਰਕਾਰੀ ਯੋਜਨਾਵਾਂ ਦਾ ਲਾਭ ਲੋੜਵੰਦ ਲੋਕਾਂ ਤੱਕ ਪਹੁੰਚਾਉਣ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਨਿਯੁਕਤੀਆਂ ਵਿੱਚ ਪਾਰਦਰਸ਼ਤਾ ਨੂੰ ਤਰਜੀਹ ਦਿੰਦਿਆਂ ਯੋਗ ਉਮੀਦਵਾਰਾਂ ਦੀ ਚੋਣ ਮੈਰਿਟ ਦੇ ਆਧਾਰ 'ਤੇ ਕੀਤੀ ਗਈ ਹੈ।ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੀਆਂ ਕਿਰਨਦੀਪ ਕੌਰ, ਗਗਨਦੀਪ ਕੌਰ, ਮਮਤਾ ਰਾਣੀ, ਪਰਵੀਨ ਕੌਰ, ਗਗਨਦੀਪ ਕੌਰ, ਨਵਨੀਤ ਕੌਰ, ਅਮਨਦੀਪ ਕੌਰ, ਰਾਜਿੰਦਰ ਕੌਰ, ਰਜਨੀ, ਹਰਚਰਨਦੀਪ ਕੌਰ, ਮਨਦੀਪ ਕੌਰ, ਬਲਵੀਰ ਕੌਰ ਅਤੇ ਪਰਮਜੀਤ ਕੌਰ ਸੋਨੀਆ ਸਮੇਤ ਹੋਰ ਨਵ-ਨਿਯੁਕਤ ਵਰਕਰਾਂ ਵਿੱਚ ਖ਼ੁਸ਼ੀ ਦੀ ਲਹਿਰ ਦੇਖਣ ਨੂੰ ਮਿਲੀ।

# ਪੰਜਾਬ ਪੈਨਸ਼ਨਰਜ਼ ਯੂਨੀਅਨ ਨਵਾਂਸ਼ਹਿਰ ਦੀ ਮੀਟਿੰਗ



ਵਿੱਚ ਵੱਧ ਤੋਂ ਵੱਧ ਸ਼ਾਮਲ ਹੋਣਗੇ। ਜਿਹੜੇ ਵਰਕਰ ਠੇਕੇ 'ਤੇ ਕੰਮ ਕਰਦੇ ਹਨ ਉਹਨਾਂ ਨੂੰ ਪੱਕਾ ਕੀਤਾ ਜਾਵੇ ਅਤੇ ਉਜਰਤਾਂ ਵਿੱਚ ਵਾਧਾ ਕੀਤਾ ਜਾਵੇ। ਜੋ ਬਰਾਬਰ ਕੰਮ ਬਰਾਬਰ ਤਨਖਾਹ ਇਹ ਹਿਸਾਬ ਨਾਲ ਬਣਦਾ ਹੈ ਪਰ ਸਰਕਾਰਾਂ ਦੇਣ ਤੋਂ ਇਨਕਾਰੀ ਹਨ। ਮੁਲਾਜ਼ਮਾਂ ਦੇ ਇਕੱਠ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ

ਨੂੰ ਨੰਗਾ ਕੀਤਾ ਜਾਵੇ। ਮੀਟਿੰਗ ਵਿੱਚ ਦਸੌਂਧਾ ਸਿੰਘ, ਅਵਤਾਰ ਸਿੰਘ, ਜਗਤਾਰ ਸਿੰਘ, ਸੁਰਜੀਤ ਸਿੰਘ ਮਾਣਕ, ਜੀਵਨ ਕੁਮਾਰ, ਕਲਿਆਣ ਸਿੰਘ, ਪ੍ਰੇਮ ਕੁਮਾਰ, ਪ੍ਰੇਮ ਸਿੰਘ, ਸੁਰਿੰਦਰ ਸਿੰਘ, ਮਹਿੰਦਰ ਸਿੰਘ, ਸ਼ਾਮ ਲਾਲ, ਸੋਹਣ ਸਿੰਘ, ਸੋਹਣ ਲਾਲ, ਬਲਵੀਰ ਸਿੰਘ ਮਹਿਤਪੁਰੀ, ਸੁਖਦੇਵ ਸਿੰਘ ਅਤੇ ਹੋਰ ਬਹੁਤ ਸਾਰੇ ਸਾਥੀ ਸ਼ਾਮਲ ਸਨ।

# ਸੀ ਟੀ ਗਰੁੱਪ ਵਿਖੇ ਤਿੰਨ ਰੋਜ਼ਾ ਪਰਿਸ਼ਦ ਬੈਠਕ ਸੰਪੰਨ

ਜਲੰਧਰ (ਸ਼ੈਲੀ ਐਲਬਰਟ)- ਸ਼ਾਹਪੁਰ ਸਥਿਤ ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿਖੇ ਨੈਸ਼ਨਲ ਐਸੋਸੀਏਸ਼ਨ ਆਫ਼ ਸਟੂਡੈਂਟਸ ਆਫ਼ ਆਰਕੀਟੈਕਚਰ (ਨਾਸਾ ਇੰਡੀਆ) ਦੇ 69ਵੇਂ ਪੇਸ਼ੇਵਰ ਪੱਖਾਂ ਬਾਰੇ ਜਾਣੂ ਕਰਵਾਇਆ। ਇਸ ਦੌਰਾਨ ਜ਼ੋਨ-1 ਦੀਆਂ ਵੱਖ-ਵੱਖ ਇਕਾਈਆਂ ਦੇ ਜਾਣ-ਪਛਾਣ ਸੈਸ਼ਨ ਵੀ ਕਰਵਾਏ ਗਏ, ਜਿਨ੍ਹਾਂ ਰਾਹੀਂ ਭਾਗੀਦਾਰ ਸੰਸਥਾਵਾਂ ਨੇ ਆਪਣੇ



ਸੱਭਿਆਚਾਰਕ ਪੇਸ਼ਕਾਰੀ ਨਾਲ ਉਦਘਾਟਨੀ ਸਮਾਰੋਹ ਆਯੋਜਿਤ ਕੀਤਾ ਗਿਆ।ਕਾਰਜਕ੍ਰਮ ਦੀ ਸਫ਼ਲ ਰੂਪ-ਰੇਖਾ ਅਤੇ ਸੰਚਾਲਨ ਵਿੱਚ ਪ੍ਰੋਗਰਾਮ ਮੁਖੀ ਰਿਧਿਮਾ ਭਾਟੀਆ ਨੇ ਅਹਿਮ ਭੂਮਿਕਾ ਨਿਭਾਈ, ਜਦਕਿ ਸਮੁੱਚਾ ਆਯੋਜਨ ਜ਼ੋਨ-1 ਦੇ ਜ਼ੋਨਲ ਪ੍ਰਧਾਨ ਕੁੰਜ ਖੁਰਾਨਾ ਦੀ ਅਗਵਾਈ ਹੇਠ ਸੰਪੰਨ ਹੋਇਆ। ਉਦਘਾਟਨੀ ਸੈਸ਼ਨ ਤੋਂ ਬਾਅਦ ਆਰਕੀਟੈਕਟ ਸਿਧਾਂਤ ਗਰਗ ਨੇ ਮੁੱਖ ਭਾਸ਼ਣ ਰਾਹੀਂ ਵਿਦਿਆਰਥੀਆਂ ਨੂੰ ਅਕਾਦਮਿਕ ਅਤੇ ਸਬੰਧੀ ਨਿਯਮਾਂ ਤੇ ਵੀ ਵਿਚਾਰ-ਵਟਾਂਦਰਾ ਹੋਇਆ।ਵਿਦਿਆਰਥੀਆਂ ਨੂੰ ਨਾਸਾ ਇੰਡੀਆ ਦੇ ਪ੍ਰਸ਼ਾਸਕੀ ਢਾਂਚੇ, ਵੱਖ-ਵੱਖ ਧਾਰਾਵਾਂ ਅਤੇ ਉਨ੍ਹਾਂ ਵਿੱਚ ਸੰਭਾਵਿਤ ਸੋਧਾਂ ਬਾਰੇ ਜਾਣੂ ਕਰਵਾਇਆ ਗਿਆ। ਲੀਡਰਸ਼ਿਪ ਕੇਂਦਰਿਤ ਸੈਸ਼ਨਾਂ ਵਿੱਚ ਈ-ਮੇਲ ਤਿਆਰ ਕਰਨ, ਸਰਕਾਰੀ ਪੱਤਰ-ਵਿਹਾਰ, ਸਮਾਜਿਕ ਮਾਧਿਅਮਾਂ ਰਾਹੀਂ ਬ੍ਰਾਂਡਿੰਗ ਅਤੇ ਦਸਤਾਵੇਜ਼ੀਕਰਨ ਸਬੰਧੀ ਵਿਹਾਰਕ ਸਿਖਲਾਈ ਵੀ ਦਿੱਤੀ ਗਈ।

# ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ ਨਾ ਕਰਨ ਵਾਲਿਆਂ 'ਤੇ ਹੋਵੇ ਸਖ਼ਤੀ : ਡਿਪਟੀ ਕਮਿਸ਼ਨਰ

ਨਵਾਂਸ਼ਹਿਰ (ਮਨੋਜ ਲਾਡੀ)- ਜ਼ਿਲ੍ਹੇ ਵਿੱਚ ਸੜਕ ਸੁਰੱਖਿਆ ਸੰਬੰਧੀ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ

ਬਾਰੇ ਵੀ ਵਿਚਾਰ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਸੜਕਾਂ ਤੇ ਦੁਰਘਟਾਨਵਾਂ ਤੋਂ ਬਚਾਅ ਲਈ ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ ਕੀਤੀ ਜਾਵੇ ਅਤੇ ਪਾਲਣਾ ਨਾ ਕਰਨ ਵਾਲਿਆਂ ਦੇ ਚਾਲਾਨ ਕੱਟੇ ਜਾਣ। ਉਨ੍ਹਾਂ ਕਿਹਾ ਕਿ ਦੋ ਪਹੀਆਂ ਵਾਹਨ ਚਲਾਉਣ ਲਈ ਹੈਲਮਟ ਅਤੇ ਚਾਰ ਪਹੀਆਂ ਲਈ ਬੈਲਟ ਲਗਾਈ ਜਾਣੀ ਵੀ ਯਕੀਨੀ ਬਣਾਈ ਜਾਵੇ।

# ਮੇਜਰ ਧਿਆਨ ਚੰਦ ਦੇ ਜਨਮ ਦਿਵਸ 'ਤੇ ਵਿਸ਼ੇਸ਼ ਸਮਾਗਮ 29 ਨੂੰ

ਜਲੰਧਰ (ਇਕਬਾਲ ਸਿੰਘ ਉਭੀ)- ਹਾਕੀ ਦੇ ਜਾਦੂਗਰ ਅਤੇ ਮਹਾਨ ਖਿਡਾਰੀ ਮੇਜਰ ਧਿਆਨ ਚੰਦ ਦੇ ਜਨਮ ਦਿਵਸ ਅਤੇ ਰਾਸ਼ਟਰੀ ਖੇਡ ਦਿਵਸ ਮੌਕੇ ਸਥਾਨਕ ਸੁਰਜੀਤ ਹਾਕੀ ਸੁਸਾਇਟੀ ਵੱਲੋਂ 29 ਅਗਸਤ ਨੂੰ ਸੁਰਜੀਤ ਹਾਕੀ ਸਟੇਡੀਅਮ ਦੇ ਐਸਟ੍ਰੋਟਰਫ ਪ੍ਰੈਕਟਿਸ ਗਰਾਊਂਡ, ਸਥਾਨਕ ਬਰਲਟਨ ਪਾਰਕ, ਵਿਖੇ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਰਜੀਤ ਹਾਕੀ ਸੁਸਾਇਟੀ ਦੇ ਸੀ ਈ ਓ ਇਕਬਾਲ ਸਿੰਘ ਸੰਧੂ, ਪੀ ਸੀ ਐੱਸ ਸੇਵਾਮੁਕਤ ਨੇ ਦੱਸਿਆ ਕਿ ਸਮਾਗਮ ਵਿੱਚ ਜਲੰਧਰ ਦੇ ਡਿਪਟੀ ਕਮਿਸ਼ਨਰ ਤੇ ਸੁਰਜੀਤ ਹਾਕੀ ਸੁਸਾਇਟੀ ਦੇ ਪ੍ਰਧਾਨ ਵਰਜੀਤ ਸਿੰਘ ਵਾਲੀਆਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ।ਇਸ ਮੌਕੇ ਸੁਰਜੀਤ ਹਾਕੀ ਅਕੈਡਮੀ ਦੇ 100 ਉੱਭਰਦੇ ਨੌਜਵਾਨ ਹਾਕੀ ਖਿਡਾਰੀਆਂ ਨੂੰ ਖੇਡ ਕਿੱਟਾਂ ਵੰਡੀਆਂ ਜਾਣਗੀਆਂ । ਵਰਣਨਯੋਗ ਹੈ ਕਿ ਭਾਰਤ ਵਿਚ ਰਾਸ਼ਟਰੀ ਖੇਡ ਦਿਵਸ 29 ਅਗਸਤ ਨੂੰ ਹਾਕੀ ਦੇ ਮਹਾਨ ਕਪਤਾਨ ਮੇਜਰ ਧਿਆਨ ਚੰਦ ਦੀ ਜਨਮ ਦਿਨ ਤੇ ਮਨਾਇਆ ਜਾਂਦਾ ਹੈ। ਇਹ ਦਿਨ ਹਾਕੀ ਦੇ ਖਿਡਾਰੀ ਮੇਜਰ ਧਿਆਨ ਚੰਦ ਸਿੰਘ ਦਾ ਜਨਮਦਿਨ ਹੈ, ਜਿਸ ਨੇ 1928, 1932 ਅਤੇ 1936 ਵਿਚ ਭਾਰਤ ਲਈ ਓਲੰਪਿਕ ਵਿਚ ਸੋਨ ਤਗਮੇ ਜਿੱਤੇ ਸਨ। ਸਮਾਗਮ 29 ਅਗਸਤ ਨੂੰ ਸਵੇਰੇ 6:30 ਵਜੇ ਸ਼ੁਰੂ ਹੋਵੇਗਾ। ਵਰਣਨਯੋਗ ਹੈ ਖੇਡ ਕਿੱਟਾਂ ਪੰਜਾਬ ਸਰਕਾਰ ਦੇ ਖੇਡ ਵਿਭਾਗ ਅਤੇ ਸੁਰਜੀਤ ਹਾਕੀ ਸੁਸਾਇਟੀ ਵੱਲੋਂ ਜਲੰਧਰ ਦੇ ਉੱਘੇ ਡਾਕਟਰ ਬੀ.ਐਸ.ਜੌਹਲ ਮੈਨੇਜਿੰਗ ਡਾਇਰੈਕਟਰ ਜੌਹਲ ਸੁਪਰ ਸਪੈਸ਼ਲਟੀ ਹਸਪਤਾਲ ਦੇ ਸਹਿਯੋਗ ਨਾਲ ਦਿੱਤੀਆਂ ਜਾ ਰਹੀਆਂ ਹਨ।



# ਤੀਜ ਦਾ ਤਿਉਹਾਰ ਮਨਾਇਆ

ਅੱਡਾ ਸਰਾਂ (ਜਸਵੀਰ ਕਾਜਲ)- ਪਿੰਡ ਕੰਧਾਲੀ ਨੌਰੰਗ ਪੁਰ ਵਿਖੇ ਪੰਜਾਬੀ ਸਭਿਆਚਾਰਕ ਅਤੇ ਵਿਰਸੇ ਨੂੰ ਸਮਰਪਿਤ ਤੀਜ ਫੈਸਟੀਵਲ ਬੜੇ ਹੀ ਉਤਸਾਹ ਅਤੇ ਖੁਸ਼ੀ ਅਤੇ ਰਵਾਇਤੀ ਰੰਗਾ ਨਾਲ ਮਨਾਇਆ ਗਿਆ। ਇਸ ਮੌਕੇ ਪੰਜਾਬੀ ਸਭਿਆਚਾਰਕ ਦੀ ਝਲਕ ਪੇਸ ਕਰਦਿਆਂ ਸੁੰਦਰ ਸਜਾਵਟਾਂ ਨਾਲ ਸਜਾਇਆ ਗਿਆ ਇਸ ਫੈਸਟੀਵਲ ਦੌਰਾਨ ਲੜਕੀਆਂ ਨੇ ਰਵਾਇਤੀ ਪੰਜਾਬੀ ਪਹਿਰਾਵੇ, ਮਹਿਦੀ ਅਤੇ ਸਭਿਆਚਾਰਕ ਰੰਗ ਰੂਪ ਰਾਹੀ ਪੰਜਾਬ ਦੇ ਅਮੀਰ ਵਿਰਸੇ ਦੀ ਖੂਬਸੂਰਤ ਪੇਸ਼ਕਾਰੀ ਕੀਤੀ ਅਤੇ ਇਹ ਫੈਸਟੀਵਲ ਤੀਜ ਵਿਸ਼ੇਸ਼ ਖਿੱਚ ਦਾ ਕੇਂਦਰ ਬਣਿਆ। ਇਸ ਮੌਕੇ ਰਾਜ, ਪੂਜਾ ਸਰਤ ਪ੍ਰੀਤ, ਪਰਮਜੋਤ, ਸੁਖਦੀਪ, ਪ੍ਰਭਦੀਪ, ਨੂਰ ਪ੍ਰੀਤ ਮਨਗੀਤ, ਜਸਮੀਨ, ਹਰਲੀਨ, ਰਾਜਵੀਰ, ਸੀਮੀ, ਗਗਨ, ਜੋਤੀ, ਕੋਮਲ, ਜਸ ਪ੍ਰੀਤ, ਨੀਸਾ, ਰਾਜ, ਜਸਕੋਮਲ, ਸਹਿਜ ਪ੍ਰੀਤ, ਸੋਨਿਕਾ, ਸੋਨੀਆ, ਅਦਿ ਹਾਜਰ ਸਨ ਇਸ ਮੌਕੇ ਕੜੀ ਚੋਲ ਦਾ ਵੀ ਲੰਗਰ ਲਗਾਇਆ ਗਿਆ।



# ਭਲਕ ਦੀ ਮੁਕੰਮਲ ਹੜਤਾਲ ਲਈ ਮੁਲਾਜ਼ਮ ਦ੍ਰਿੜ੍ਹ



ਚੰਡੀਗੜ੍ਹ (ਸੁਰਜੀਤ ਸੁਮਨ)- ਮੁਲਾਜ਼ਮਾਂ ਵੱਲੋਂ ਮਹਿੰਗਾਈ ਭੱਤੇ ਦਾ ਕੇਸ ਕਾਨੂੰਨੀ ਤੌਰ ਤੇ ਜਿੱਤਣ ਉਪਰੰਤ ਸਰਕਾਰੀ ਸਫਾਂ ਵਿੱਚਲੀ ਖਾਮੋਸ਼ੀ ਨੂੰ ਦੇਖਦਿਆਂ 27 ਅਗਸਤ ਨੂੰ ਮੁਕੰਮਲ ਹੜਤਾਲ ਦੇ ਦਿੱਤੇ ਸੱਦੇ ਨੂੰ ਕਾਮਯਾਬ ਕਰਨ ਲਈ ਮੁਲਾਜ਼ਮ ਆਗੂ ਪੱਬਾਂ ਭਾਰ ਹੋ ਗਏ ਹਨ। ਮੁਕੰਮਲ ਹੜਤਾਲ ਦੇ ਦਿੱਤੇ ਸੱਦੇ ਦੇ ਵਿਆਪਕ ਅਸਰ ਨਾਲ ਡਾਇਰੈਕਟੋਰੇਟਾਂ, ਡਿਪਟੀ ਕਮਿਸ਼ਨਰ ਦਫਤਰਾਂ, ਤਹਿਸੀਲਾਂ ਆਦਿ ਤੋਂ ਇਲਾਵਾ ਪੰਜਾਬ ਸਿਵਲ ਸਕੱਤਰੇਤ-1 ਅਤੇ 2 ਵਿੱਚ ਰੋਜ਼ਮਰਾ ਦੇ ਕੰਮ ਪ੍ਰਭਾਵਿਤ ਹੋਣ ਦੀ ਸੰਭਾਵਨਾ ਬਣ ਗਈ ਹੈ। ਇਹ ਕਿਆਸ ਅਰਾਈਆਂ ਵੀ ਲਗਾਈਆਂ ਜਾ ਰਹੀਆਂ ਹਨ ਕਿ ਇਸ ਦਾ ਮਾਰੂ ਅਸਰ ਸਿਹਤ ਸੇਵਾਵਾਂ ਤੇ ਵਿਦਿਅਕ ਅਦਾਰਿਆਂ ਉੱਤੇ ਵੀ ਪਵੇਗਾ। ਪਿਛਲੇ ਦਿਨੀਂ ਸਾਂਝਾ ਮੁਲਾਜ਼ਮ ਮੰਚ ਪੰਜਾਬ ਅਤੇ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਕਨਵੀਨਰਾਂ ਗੁਰਨਾਮ ਸਿੰਘ ਵਿਰਕ ਅਤੇ ਸਤੀਸ਼ ਰਾਣਾ ਵੱਲੋਂ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਸਕਕਾਰੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਪ੍ਰਤੀ ਕਠੋਰਤਾ ਭਰਪੂਰ ਬੇਰੁਖੀ ਵਿਰੁੱਧ 27 ਅਗਸਤ ਨੂੰ ਸਮੂਹਿਕ ਛੁੱਟੀ 'ਤੇ ਜਾਣ ਸਬੰਧੀ ਸੂਚਿਤ ਕਰਦਿਆਂ ਮੁਲਾਜ਼ਮ ਮੰਗਾਂ ਮੰਨਣ ਲਈ ਅਪੀਲ ਕੀਤੀ ਗਈ ਸੀ। ਮੋਟੇ ਤੌਰ 'ਤੇ ਇਸ ਪੱਤਰ ਵਿੱਚ ਪੁਰਾਣੀ ਪੈਨਸ਼ਨ ਬਹਾਲ ਕਰਨ ਸਮੇਤ ਮੁਕੰਮਲ ਮੰਗ ਪੱਤਰ ਪੇਸ਼ ਕੀਤਾ ਗਿਆ ਸੀ। ਦੂਜੇ ਪਾਸੇ ਪੰਜਾਬ ਸਿਵਲ ਸਰਵਿਸ (ਐਗਜ਼ਿਕਿਊਟਿਵ) ਰਿਟਾਇਰਡ ਐਸੋਸੀਏਸ਼ਨ ਦੇ ਪ੍ਰਧਾਨ ਡਾ. ਬਲਬੀਰ ਸਿੰਘ ਢੋਲ ਨੇ ਮੁਲਾਜ਼ਮਾਂ/ ਪੈਨਸ਼ਨਰਾਂ ਦੀ ਹਿਮਾਇਤ ਕਰਨ ਦੇ ਨਾਲ ਸਰਕਾਰ ਨੂੰ ਹੱਕੀ ਮੰਗਾਂ ਮੰਨਣ ਦੀ ਅਪੀਲ ਕੀਤੀ ਹੈ।

# ਮੋਹਿੰਦਰ ਭਗਤ ਨੇ ਸਫਾਈ ਸੇਵਕਾਂ ਦੀ ਹੜਤਾਲ ਖਤਮ ਕਰਵਾਈ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)- ਕੈਬਨਿਟ ਮੰਤਰੀ ਪੰਜਾਬ ਮੋਹਿੰਦਰ ਭਗਤ ਨੇ ਜਲੰਧਰ ਵਿੱਚ ਸਫਾਈ ਸੇਵਕਾਂ ਵੱਲੋਂ ਆਪਣੀਆਂ ਮੰਗਾਂ ਸੰਬੰਧੀ ਕੀਤੀ ਜਾ ਰਹੀ ਹੜਤਾਲ ਨੂੰ ਖਤਮ ਕਰਵਾਉਂਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੇ ਸਥਾਨਕ ਆਗੂਆਂ ਵਲੋਂ ਸਫਾਈ ਸੇਵਕਾਂ ਨਾਲ ਮਿਲਕੇ ਜਲੰਧਰ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਫਾਈ ਸੇਵਕਾਂ ਦੀਆਂ ਜਾਇਜ਼ ਮੰਗਾਂ ਅਤੇ ਸਮੱਸਿਆਵਾਂ ਦੇ ਹੱਲ ਲਈ ਪੂਰੀ ਤਰ੍ਹਾਂ ਵਚਨਬੱਧ ਹੈ।



ਚੇਅਰਮੈਨ ਪੰਜਾਬ ਰਾਜ ਸਫਾਈ ਕਰਮਚਾਰੀ ਕਮਿਸ਼ਨ ਚੰਦਨ ਗਰੇਵਾਲ, ਮੇਅਰ ਵਨੀਤ ਧੀਰ, ਹਲਕਾ ਇੰਚਾਰਜ ਨਿਤਿਨ ਕੋਹਲੀ ਤੇ ਰਾਜਵਿੰਦਰ ਸਿੰਘ ਥਿਆੜਾ ਸਮੇਤ ਕੈਬਨਿਟ ਮੰਤਰੀ ਭਗਤ ਨੇ ਸਫਾਈ ਸੇਵਕਾਂ ਨਾਲ ਮੁਲਾਕਾਤ ਕੀਤੀ। ਕੈਬਨਿਟ ਮੰਤਰੀ ਨੇ ਮੁਸ਼ਕਿਲਾਂ ਨੂੰ ਵਿਸਥਾਰ ਨਾਲ ਸੁਣਿਆ ਅਤੇ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵਲੋਂ ਉਹਨਾਂ ਦੀ ਬੇਹਤਰੀ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਫਾਈ ਸੇਵਕ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਹਨ ਅਤੇ ਉਨ੍ਹਾਂ ਦੀ ਭਲਾਈ ਸੂਬਾ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ। ਮੋਹਿੰਦਰ ਭਗਤ ਨੇ ਕਿਹਾ ਕਿ ਸਫਾਈ ਸੇਵਕਾਂ ਨਾਲ ਮਿਲਕੇ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਹੋਰ ਬਿਹਤਰ ਅਤੇ ਸੁਚਾਰੂ ਬਣਾਇਆ ਜਾਵੇਗਾ। ਉਨ੍ਹਾਂ ਸਫਾਈ ਸੇਵਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਡਿਊਟੀ 'ਤੇ ਵਾਪਸ ਪਰਤਣ ਅਤੇ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਸੁਚਾਰੂ ਰੱਖਣ ਵਿੱਚ ਆਪਣਾ ਬਹੁਮੁੱਲਾ ਯੋਗਦਾਨ ਪਾਉਣ।

ਇਸ ਮੌਕੇ ਪੰਜਾਬ ਰਾਜ ਸਫ਼ਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਚੰਦਨ ਗਰੇਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਅਤੇ ਪੰਜਾਬ ਰਾਜ ਸਫ਼ਾਈ ਕਰਮਚਾਰੀ ਕਮਿਸ਼ਨ ਸਫ਼ਾਈ ਕਰਮਚਾਰੀਆਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸਫ਼ਾਈ ਕਰਮਚਾਰੀਆਂ ਦੇ ਹਿੱਤ ਵਿੱਚ ਇਤਿਹਾਸਿਕ ਫੈਸਲਾ ਲੈਂਦਿਆਂ ਮਹੀਨਾਵਾਰ ਤਨਖਾਹ 20,500 ਰੁਪਏ ਕਰ ਦਿੱਤੀ ਹੈ। ਇਸ ਮੌਕੇ ਬਲਬੀਰ ਸਿੰਘ ਬਿੱਟੂ ਸੀਨੀਅਰ ਡਿਪਟੀ ਮੇਅਰ ਅਤੇ ਮਲਕੀਤ ਸਿੰਘ ਡਿਪਟੀ ਮੇਅਰ ਵੀ ਮੌਜੂਦ ਸਨ।

# ਟੋਰੋਵਾਲ ਵਿਖੇ ਬ੍ਰਿਗੇਡੀਅਰ ਰਾਜ ਕੁਮਾਰ ਨੇ ਕੀਤੀ ਲੋਕ ਮਿਲਣੀ



ਪੋਜੇਵਾਲ (ਰਾਮ ਲਾਲ)- ਪੰਜਾਬ ਗੁੱਜਰ ਵੈਲਫੇਅਰ ਬੋਰਡ ਦੇ ਚੇਅਰਮੈਨ ਬ੍ਰਿਗੇਡੀਅਰ ਰਾਜ ਕੁਮਾਰ ਵੱਲੋਂ ਪਿੰਡ ਟੋਰੋਵਾਲ ਵਿਖੇ ਲੋਕ ਮਿਲਣੀ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨੇ ਪਿੰਡ ਵਾਸੀਆਂ ਨਾਲ ਸਿੱਧਾ ਸੰਵਾਦ ਕਰਦਿਆਂ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਅਤੇ ਲੋਕ ਭਲਾਈ ਦੀਆਂ ਯੋਜਨਾਵਾਂ ਬਾਰੇ ਜਾਣੂ ਕਰਵਾਇਆ। ਬ੍ਰਿਗੇਡੀਅਰ ਰਾਜ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾ ਰਹੀ ਹੈ ਅਤੇ ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਦਾ ਵਿਕਾਸ ਪਹਿਲ ਦੇ ਆਧਾਰ 'ਤੇ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ ਹਰ ਵਰਗ ਤੱਕ ਵਿਕਾਸ ਅਤੇ ਲੋਕ ਭਲਾਈ ਦੀਆਂ ਸਹੂਲਤਾਂ ਪਹੁੰਚਾਉਣਾ ਹੈ।ਉਨ੍ਹਾਂ ਲੋਕਾਂ ਨੂੰ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਘਰੇਲੂ ਬਿਜਲੀ ਖਪਤਕਾਰਾਂ ਨੂੰ 300 ਯੂਨਿਟ ਤੱਕ ਮੁਫ਼ਤ ਬਿਜਲੀ ਦੀ ਸਹੂਲਤ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਰਾਸ਼ਨ ਕਾਰਡ ਧਾਰਕਾਂ ਨੂੰ ਰਾਸ਼ਨ ਕਿੱਟਾਂ ਮੁਹੱਈਆ ਕਰਵਾਉਣ ਅਤੇ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦੀ ਸਹੂਲਤ ਦੇਣ ਵਰਗੀਆਂ ਲੋਕ ਭਲਾਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਇਸ ਮੌਕੇ ਤੇ ਰਾਮ ਦਾਸ ਚੇਚੀ, ਮਹਿੰਦਰ ਪਾਲ ਫੌਜੀ, ਰਣਜੀਤ ਸਿੰਘ ਗੋਰਸੀ, ਰਾਮ ਕਿਸ਼ਨ ਲੰਬੜ, ਆਤਮਾ ਰਾਮ ਟੋਰੋਵਾਲ, ਨਵਜੋਤ ਸਿੰਘ, ਬਲਵਿੰਦਰ ਕੁਮਾਰ, ਰਾਮ ਚੇਚੀ, ਦਲਜੀਤ ਸਿੰਘ, ਓਮ ਪਾਲ, ਬੰਟੀ ਚੌਧਰੀ, ਜਸ ਕਸਾਣਾ , ਚਰਨ ਜੀਤ, ਕਾਲਾ ਲੰਬੜ, ਹਰਮੇਸ਼ ਚੇਚੀ, ਹਰਮੇਸ਼ ਮਿਸਤਰੀ, ਜਰਨੈਲ ਸਿੰਘ, ਗੁਲਸ਼ਨ, ਪਿੰਦਰ ਕੁਮਾਰ, ਬਲਵਿੰਦਰ ਸਿੰਘ, ਅਵਤਾਰ ਧੀਮਾਨ, ਸ਼ਿੰਦਾ ਧੀਮਾਨ, ਸੁਰਿੰਦਰ ਸ਼ਿੰਦਾ, ਅਜੀਤ ਸਿੰਘ ਮਿਸਤਰੀ, ਅਵਤਾਰ ਚੰਦ, ਪਿਆਰਾ ਸਿੰਘ, ਜਸਵੰਤ ਸ਼ੇਰ ਤੇ ਸਮੂਹ ਪਿੰਡ ਵਾਸੀ ਮੌਜੂਦ ਸਨ।

# ਮੜੌਲੀ ਕਲਾਂ ਵਿਖੇ ਕੁਸ਼ਤੀ ਦੰਗਲ 30 ਨੂੰ

ਮੋਰਿੰਡਾ (ਨਿਹਾਲ ਸਿੰਘ ਕਲਸੀ)- ਗ੍ਰਾਮ ਪੰਚਾਇਤ ਮੜੌਲੀ ਕਲਾਂ ਅਤੇ ਨਗਰ ਨਿਵਾਸੀਆਂ ਵੱਲੋਂ 30 ਅਗਸਤ ਨੂੰ ਗੁੱਗਾ ਮੈੜੀ ਗਰਾਉਂਡ ਵਿਖੇ ਸਾਲਾਨਾ ਵਿਸ਼ਾਲ ਕੁਸ਼ਤੀ ਦੰਗਲ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਬਲਾਕ ਸੰਮਤੀ ਮੋਰਿੰਡਾ ਦੇ ਮੈਂਬਰ ਹਰਕੀਰਤ ਸਿੰਘ ਅਤੇ ਸੋਨੂੰ ਢੰਗਰਾਲੀ ਨੇ ਦੱਸਿਆ ਕਿ ਇਸ ਕੁਸ਼ਤੀ ਦੰਗਲ ਮੌਕੇ ਮੁੱਖ ਮਹਿਮਾਨ ਵਜੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸ਼ਾਮਲ ਹੋਣਗੇ। ਉਹਨਾਂ ਦੱਸਿਆ ਕਿ ਇਸ ਮੌਕੇ ਵੱਖ ਵੱਖ ਰਾਜਾਂ ਵਿਚੋਂ ਨਾਮਵਾਰ ਪਹਿਲਵਾਨ ਅਪਣੀ ਤਾਕਤ ਦੇ ਜੌਹਰ ਦਿਖਾਉਣਗੇ। ਉਹਨਾਂ ਦੱਸਿਆ ਕਿ ਇਸ ਕੁਸ਼ਤੀ ਦੰਗਲ ਸੰਬੰਧੀ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਪੋਸਟਰ ਜਾਰੀ ਕੀਤਾ ਗਿਆ। ਪ੍ਰਬੰਧਕ ਹਰਕੀਰਤ ਸਿੰਘ ਨੇ ਸਮੂਹ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ ਇਸ ਕੁਸ਼ਤੀ ਦੰਗਲ ਸ਼ਾਮਲ ਹੋ ਕੇ ਪਹਿਲਵਾਨਾਂ ਦੀ ਹੌਸਲਾ ਅਫ਼ਜ਼ਾਈ ਕਰਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਮਤੀ ਮੈਂਬਰ ਹਰਕੀਰਤ ਸਿੰਘ, ਤੇਜਿੰਦਰ ਸਿੰਘ ਸੋਨੂੰ, ਦਰਸ਼ਨ ਸਿੰਘ ਸਮੇਤ ਅਨੇਕਾਂ ਪਤਵੰਤੇ ਸੱਜਣ ਹਾਜ਼ਰ ਸਨ।



# ਐੱਲ ਪੀ ਯੂ ਨੇ ਰਾਸ਼ਟਰੀ ਸਪੇਸ ਦਿਵਸ ਮਨਾਇਆ

ਜਲੰਧਰ (ਸ਼ੈਲੀ ਐਲਬਰਟ)- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ 'ਇੱਕ ਵਿਕਸਤ ਭਾਰਤ ਵੱਲ: ਇਨੋਵੇਸ਼ਨ, ਸਹਿਯੋਗ ਅਤੇ ਗਲੋਬਲ ਸਪੇਸ ਲੀਡਰਸ਼ਿਪ ਦੀ ਇੱਛਾ' ਥੀਮ ਤੋਂ ਪ੍ਰੇਰਿਤ ਕਈ ਇਨੋਵੇਸ਼ਨ-ਅਧਾਰਤ ਗਤੀਵਿਧੀਆਂ ਨਾਲ ਰਾਸ਼ਟਰੀ ਸਪੇਸ ਦਿਵਸ 2026 ਮਨਾਇਆ। ਸੈਂਟਰ ਫਾਰ ਸਪੇਸ ਸਾਇੰਸ (ਸੀ ਐੱਸ ਐੱਸ) ਦੁਆਰਾ ਆਰ ਐਂਡ ਡੀ ਸੈੱਲ ਦੇ ਅਧੀਨ ਆਯੋਜਿਤ, ਜਸ਼ਨ ਵਿੱਚ ਇੱਕ ਸਪੇਸ ਇਨੋਵੇਸ਼ਨ ਚੈਲੇਂਜ, ਇੱਕ ਭੂ-ਸਥਾਨਕ ਮੁਕਾਬਲਾ, ਮਾਹਰ ਸੈਸ਼ਨ ਅਤੇ ਇੰਟਰਐਕਟਿਵ ਗਤੀਵਿਧੀਆਂ ਸ਼ਾਮਲ ਸਨ। ਇਨ੍ਹਾਂ ਗਤੀਵਿਧੀਆਂ ਨੇ ਵਿਦਿਆਰਥੀਆਂ ਨੂੰ ਪੁਲਾੜ ਵਿਗਿਆਨ ਵਿੱਚ ਭਾਰਤ ਦੀਆਂ ਪ੍ਰਾਪਤੀਆਂ ਬਾਰੇ ਜਾਣਨ ਅਤੇ ਪੁਲਾੜ ਖੋਜ ਵਿੱਚ ਨਵੀਆਂ ਤਕਨਾਲੋਜੀਆਂ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਨਾਲ ਜੁੜਨ ਲਈ ਉਤਸ਼ਾਹਿਤ ਕੀਤਾ। ਐੱਲ ਪੀ ਯੂ ਦੇ ਕਾਰਜਕਾਰੀ ਡੀਨ ਡਾ. ਮੋਨਿਕਾ ਗੁਲਾਟੀ ਨੇ ਕਿਹਾ, 'ਭਾਰਤ ਦਾ ਪੁਲਾੜ ਪ੍ਰੋਗਰਾਮ ਦੇਸ਼ ਵਿੱਚ ਵਿਗਿਆਨਕ ਵਿਸ਼ਵਾਸ ਅਤੇ ਸਵੈ-ਨਿਰਭਰਤਾ ਦੇ ਸਭ ਤੋਂ ਮਜ਼ਬੂਤ ਪ੍ਰਤੀਕਾਂ ਵਿੱਚੋਂ ਇੱਕ ਵਜੋਂ ਉਭਰਿਆ ਹੈ। ਰਾਸ਼ਟਰੀ ਪੁਲਾੜ ਦਿਵਸ ਨੌਜਵਾਨ ਮਨਾਂ ਨੂੰ ਯਾਦ ਦਿਵਾਉਂਦਾ ਹੈ ਕਿ ਪੁਲਾੜ ਖੋਜ ਦਾ ਭਵਿੱਖ ਨਾ ਸਿਰਫ਼ ਪੁਲਾੜ ਯਾਤਰੀਆਂ ਅਤੇ ਵਿਗਿਆਨੀਆਂ ਦੁਆਰਾ, ਸਗੋਂ ਵਿਭਿੰਨ ਖੇਤਰਾਂ ਦੇ ਇੰਜੀਨੀਅਰਾਂ, ਖੋਜਕਰਤਾਵਾਂ, ਉੱਦਮੀਆਂ, ਡਿਜ਼ਾਈਨਰਾਂ ਅਤੇ ਨਵੀਨਤਾਕਾਰਾਂ ਦੁਆਰਾ ਵੀ ਨਿਰਧਾਰਤ ਕੀਤਾ ਜਾਵੇਗਾ।'



ਇੰਟਰ-ਸਕੂਲ ਸਪੇਸ ਇਨੋਵੇਸ਼ਨ ਐਕਸਪੋ ਵਿੱਚ, ਵਿਦਿਆਰਥੀਆਂ ਨੇ ਪੁਲਾੜ ਵਿਗਿਆਨ ਤੋਂ ਪ੍ਰੇਰਿਤ ਕਾਰਜਸ਼ੀਲ ਮਾਡਲ ਅਤੇ ਤਕਨਾਲੋਜੀ-ਅਧਾਰਤ ਹੱਲ ਪੇਸ਼ ਕੀਤੇ।

# ਗੁਰੂ ਨਾਨਕ ਦੇਵ 'ਵਰਸਿਟੀ ਕਾਲਜ ਦੇ ਬੀ ਏ ਦੂਸਰਾ ਸਮੈਸਟਰ ਦਾ ਸ਼ਾਨਦਾਰ ਨਤੀਜਾ



ਗੁਰਾਇਆ (ਬਿੰਦਰ ਸੁੰਮਨ)- ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਐਲਾਨੇ ਗਏ ਨਤੀਜਿਆਂ ਵਿੱਚ ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਦੇ ਬੀ ਏ ਦੂਸਰੇ ਸਮੈਸਟਰ ਦੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ ਰਿਹਾ। ਵਿਦਿਆਰਥੀਆਂ ਨੇ ਆਪਣੇ ਉੱਤਮ ਪ੍ਰਦਰਸ਼ਨ ਨਾਲ ਕਾਲਜ ਦਾ ਨਾਂਅ ਰੌਸ਼ਨ ਕੀਤਾ। ਇਸ ਨਤੀਜੇ ਵਿੱਚ ਵਿਦਿਆਰਥਣ ਗੁਰਪ੍ਰੀਤ (8.13 ਐੱਸ ਜੀ ਪੀ ਏ) ਨੇ ਪਹਿਲਾ ਸਥਾਨ, ਜਦਕਿ ਸੀਮਾ (7.75 ਐੱਸ ਜੀ ਪੀ ਏ) ਨੇ ਦੂਸਰਾ ਸਥਾਨ ਅਤੇ ਅੰਜਲੀ (7.58 ਐੱਸ ਜੀ ਪੀ ਏ) ਨੇ ਤੀਸਰਾ ਸਥਾਨ ਹਾਸਲ ਕਰਕੇ ਵਿਭਾਗ ਦਾ ਮਾਣ ਵਧਾਇਆ। ਕਾਲਜ ਇੰਚਾਰਜ ਜਸ਼ਨਜੋਤ ਸਿੰਘ ਜੌਹਲ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕ ਰਾਜਵਿੰਦਰ ਕੌਰ, ਗੌਰਵ ਸ਼ਰਮਾ, ਡਾ.ਤਰਨਪ੍ਰੀਤ ਕੌਰ ਅਤੇ ਡਾ. ਸੂਰਜ ਭਗਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਫ਼ਲਤਾ ਉਹਨਾਂ ਦੀ ਲਗਨ, ਮਿਹਨਤ ਅਤੇ ਅਧਿਆਪਕਾਂ ਦੀ ਸਹੀ ਮਾਰਗਦਰਸ਼ਨ ਦਾ ਨਤੀਜਾ ਹੈ। ਉਨ੍ਹਾਂ ਨੇ ਕਿਹਾ ਕਿ ਕਾਲਜ ਵੱਲੋਂ ਲੋੜਵੰਦ ਅਤੇ ਮੈਰਿਟ ਸੂਚੀ ਵਿੱਚ ਆਉਣ ਵਾਲੇ ਵਿਦਿਆਰਥੀਆਂ ਲਈ ਵੱਖ-ਵੱਖ ਕਿਸਮ ਦੀ ਸਕਾਲਰਸ਼ਿਪ ਵੀ ਉਪਲੱਬਧ ਕਰਵਾਈ ਜਾਂਦੀ ਹੈ।


# ਕਲਾਊਡ ਕੰਪਿਊਟਿੰਗ ਤੇ ਏਜੈਂਟਿਕ ਏ.ਆਈ. 'ਤੇ ਵਿਸ਼ੇਸ਼ ਸੈਸ਼ਨ ਕਰਵਾਇਆ

ਜਲੰਧਰ ( ਸ਼ੈਲੀ ਐਲਬਰਟ)- ਇੰਨੋਸੈਂਟ ਹਾਰਟਸ ਸਕੂਲ, ਲੋਹਾਰਾਂ ਵੱਲੋਂ ਕਲਾਸ +1 ਤੇ +2 ਦੇ ਵਿਦਿਆਰਥੀਆਂ ਲਈ ਉਭਰ ਰਹੀਆਂ ਤਕਨਾਲੋਜੀਆਂ, ਖ਼ਾਸ ਤੌਰ 'ਤੇ ਕਲਾਊਡ ਕੰਪਿਊਟਿੰਗ ਅਤੇ ਏਜੈਂਟਿਕ ਏ.ਆਈ. ਬਾਰੇ ਇੱਕ ਗਿਆਨਵਰਧਕ ਅਤੇ ਰੁਚੀਕਰ ਸੈਸ਼ਨ ਆਯੋਜਿਤ ਕੀਤਾ ਗਿਆ। ਇਹ ਸੈਸ਼ਨ ਵਿਦਿਆਰਥੀਆਂ ਨੂੰ ਆਧੁਨਿਕ ਵਪਾਰਕ ਅਤੇ ਤਕਨੀਕੀ ਹੁਨਰਾਂ ਨਾਲ ਸਜਜਿਤ ਕਰਨ ਲਈ ਸਕੂਲ ਵੱਲੋਂ ਕੀਤੇ ਜਾ ਰਹੇ ਨਿਰੰਤਰ ਯਤਨਾਂ ਦਾ ਹਿੱਸਾ ਸੀ।ਸੈਸ਼ਨ ਦਾ ਸੰਚਾਲਨ ਮੁਕੇਸ਼ ਕੁਮਾਰ, ਪ੍ਰਿੰਸੀਪਲ (ਸਾਫਟਵੇਅਰ ਇੰਜੀਨੀਅਰਿੰਗ ਗਰੁੱਪ ਦੇ ਮੈਨੇਜਰ, ਮਾਈਕ੍ਰੋਸਾਫਟ ਇੰਡੀਆ ਹੈਦਰਾਬਾਦ) ਵੱਲੋਂ ਕੀਤਾ ਗਿਆ। ਉਨ੍ਹਾਂ ਕੋਲ ਕਲਾਉਡ ਕੰਪਿਊਟਿੰਗ ਅਤੇ ਏ.ਆਈ.-ਆਧਾਰਿਤ ਹੱਲਾਂ ਦੇ ਖੇਤਰ ਵਿੱਚ ਦੋ ਦਹਾਕਿਆਂ ਤੋਂ ਵੱਧ ਦਾ ਤਜਰਬਾ ਹੈ। ਉਹ 'ਸਿੱਖਿਆ ਦੀ ਦਿਸ਼ਾ ਵੈਲਫੇਅਰ ਸੋਸਾਇਟੀ' ਦੇ ਸੰਸਥਾਪਕ ਵੀ ਹਨ। ਉਨ੍ਹਾਂ ਦੇ ਨਾਲ ਮੋਹਿਤ ਸ਼ਰਮਾ, ਪੀ ਜੀ ਟੀ ਸਾਇੰਸ, ਸਰਕਾਰੀ ਸਕੂਲ, ਬਸਤੀ ਨੌਂ ਵੀ ਮੌਜੂਦ ਰਹੇ। ਮੁਕੇਸ਼ ਕੁਮਾਰ ਨੇ ਆਪਣੇ ਪੇਸ਼ੇਵਰ ਤਜਰਬਿਆਂ ਅਤੇ ਸਫ਼ਰ ਬਾਰੇ ਵਿਦਿਆਰਥੀਆਂ ਨਾਲ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਐਜ਼ੂਰ ਆਬਜ਼ਰਵੇਬਿਲਿਟੀ ਅਤੇ ਏਜੈਂਟਿਕ ਏ.ਆਈ. ਦੇ ਖੇਤਰ ਵਿੱਚ ਨਵੀਨਤਾ ਨੂੰ ਉਤਸ਼ਾਹਿਤ ਕਰਨ ਅਤੇ ਵਿਸ਼ਵ ਪੱਧਰੀ ਟੀਮਾਂ ਦੀ ਅਗਵਾਈ ਕਰਦਿਆਂ ਸਕੇਲੇਬਲ ਅਤੇ ਭਰੋਸੇਯੋਗ ਤਕਨੀਕੀ ਪਲੇਟਫਾਰਮ ਵਿਕਸਿਤ ਕਰਨ ਦੇ ਆਪਣੇ ਤਜਰਬੇ ਸਾਂਝੇ ਕੀਤੇ। ਵਿਦਿਆਰਥੀਆਂ ਨੂੰ ਨਵੀਨਤਾ ਲਈ ਪ੍ਰੇਰਿਤ ਕਰਦਿਆਂ ਉਨ੍ਹਾਂ ਨੇ ਕਿਹਾ— ਵੱਡੇ ਸੁਪਨੇ ਦੇਖੋ, ਨਿਡਰ ਹੋ ਕੇ ਨਿਰਮਾਣ ਕਰੋ ਅਤੇ ਸਮਾਜ 'ਤੇ ਸਕਾਰਾਤਮਕ ਪ੍ਰਭਾਵ ਪੈਦਾ ਕਰਨ ਲਈ ਤਕਨਾਲੋਜੀ ਦੀ ਵਰਤੋਂ ਸੰਵੇਦਨਸ਼ੀਲਤਾ ਅਤੇ ਕਰੁਣਾ ਨਾਲ ਕਰੋ। ਸੈਸ਼ਨ ਦਾ ਸਮਾਪਨ ਅਜਿਹੇ ਤਕਨਾਲੋਜੀ-ਜਾਗਰੂਕ, ਹੁਨਰਮੰਦ, ਸੰਵੇਦਨਸ਼ੀਲ ਅਤੇ ਭਵਿੱਖ ਲਈ ਤਿਆਰ ਵਿਦਿਆਰਥੀਆਂ ਨੂੰ ਵਿਕਸਿਤ ਕਰਨ ਦੇ ਸੰਕਲਪ ਨਾਲ ਹੋਇਆ, ਜੋ ਸਹਿਯੋਗਾਤਮਕ ਅਤੇ ਡਿਜੀਟਲ ਤੌਰ 'ਤੇ ਸਮਰੱਥ ਸਿੱਖਿਆਤਮਕ ਪਹਿਲਕਦਮੀਆਂ ਰਾਹੀਂ ਨਿਰੰਤਰ ਸਿੱਖਣ, ਨਵੀਨਤਾ ਕਰਨ ਅਤੇ ਸਮਾਜ ਲਈ ਸਕਾਰਾਤਮਕ ਯੋਗਦਾਨ ਪਾਉਣ ਦੇ ਯੋਗ ਹੋਣ।



# ਰੈਗਿੰਗ ਵਿਰੋਧੀ ਜਾਗਰੂਕਤਾ ਮੁਹਿੰਮ ਚਲਾਈ

ਸੁਲਤਾਨਪੁਰ ਲੋਧੀ (ਹਨੀ)- ਐੱਸ ਡੀ ਕਾਲਜ ਫਾਰ ਵੂਮੈਨ ਵਿਖੇ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਰੈਗਿੰਗ ਵਰਗੀ ਸਮਾਜਿਕ ਬੁਰਾਈ ਦੇ ਖਾਤਮੇ ਅਤੇ ਵਿਦਿਆਰਥੀਆਂ ਨੂੰ ਇਸ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਲਈ ਦੋ ਦਿਨਾਂ ਰੈਗਿੰਗ ਵਿਰੋਧੀ ਜਾਗਰੂਕਤਾ ਮੁਹਿੰਮ ਦਾ ਆਯੋਜਨ ਕੀਤਾ ਗਿਆ। ਇਸ ਮੁਹਿੰਮ ਦਾ ਮੁੱਖ ਉਦੇਸ਼ ਕਾਲਜ ਕੈਂਪਸ ਵਿੱਚ ਨਵੇਂ ਵਿਦਿਆਰਥੀਆਂ ਲਈ ਸੁਰੱਖਿਅਤ, ਸਨਮਾਨਜਨਕ ਅਤੇ ਭੈ-ਮੁਕਤ ਵਾਤਾਵਰਣ ਨੂੰ ਯਕੀਨੀ ਬਣਾਉਣਾ ਸੀ। ਪਹਿਲੇ ਦਿਨ ਵਿਦਿਆਰਥੀਆਂ ਵੱਲੋਂ ਐਂਟੀ-ਰੈਗਿੰਗ ਜਾਗਰੂਕਤਾ ਪੋਸਟਰ ਪ੍ਰਦਰਸ਼ਨੀ ਲਗਾਈ ਗਈ। ਵਿਦਿਆਰਥੀਆਂ ਨੇ ਆਪਣੇ ਰਚਨਾਤਮਕ ਪੋਸਟਰਾਂ ਰਾਹੀਂ ਪ੍ਰਭਾਵਸ਼ਾਲੀ ਸੰਦੇਸ਼ ਦਿੱਤੇ। ਵਿਦਿਆਰਥੀਆਂ ਨੇ ਹੱਥਾਂ ਵਿੱਚ ਜਾਗਰੂਕਤਾ ਪੋਸਟਰ ਫੜ ਕੇ ਰੈਗਿੰਗ ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਸਾਰੇ ਵਿਦਿਆਰਥੀਆਂ ਨੂੰ ਰੈਗਿੰਗ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ। ਦੂਜੇ ਦਿਨ ਵਿਦਿਆਰਥੀਆਂ ਨੂੰ ਰੈਗਿੰਗ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਲਈ ਐਂਟੀ-ਰੈਗਿੰਗ ਜਾਗਰੂਕਤਾ ਲੈਕਚਰ ਕਰਵਾਇਆ ਗਿਆ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਮੈਡਮ ਰਜਨੀ ਬਾਲਾ ਨੇ ਕਿਹਾ ਕਿ ਰੈਗਿੰਗ ਕਿਸੇ ਵੀ ਰੂਪ ਵਿੱਚ ਮਨੋਰੰਜਨ, ਮਜ਼ਾਕ ਜਾਂ ਜਾਣ-ਪਛਾਣ ਦਾ ਸਾਧਨ ਨਹੀਂ ਹੋ ਸਕਦੀ।




# ਪੰਜਾਬੀ ਫਿਲਮ ਐਂਡ ਟੀ ਵੀ ਐਕਟਰਜ਼ ਐਸੋਸੀਏਸ਼ਨ ਨੇ ਸਥਾਪਨਾ ਦਿਵਸ ਮਨਾਇਆ

ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)- ਇੱਥੇ ਪੰਜਾਬੀ ਫਿਲਮ ਐਂਡ ਟੀ ਵੀ ਐਕਟਰਜ਼ ਐਸੋਸੀਏਸ਼ਨ (ਰਜਿ.) ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਸੰਸਥਾ ਦਾ ਸਥਾਪਨਾ ਦਿਵਸ ਸਥਾਨਕ ਹੋਟਲ ਸ਼ਿਰਾਜ ਰਿੰਜੈਸੀ ਵਿਖੇ ਕਲਾਕਾਰ ਇੱਕਤਰਤਾ ਕਰਕੇ ਮਨਾਇਆ ਗਿਆ । ਇਸ ਪ੍ਰੋਗਰਾਮ ਦੇ ਚੇਅਰਮੈਨ ਸੰਗੀਤਕਾਰ ਵਿਵੇਕ ਸਾਹਨੀ ਅਤੇ ਡਿਸਟ੍ਰਿਕ ਕਵਾਡੀਨੇਟਰ ਕਲਾਕਾਰ ਅਸ਼ੋਕ ਪੁਰੀ ਹਨ । ਇਸ ਪ੍ਰੋਗਰਾਮ ਦੀ ਸ਼ੁਰੂਆਤ ਪਿੱਠ ਵਰਤੀ ਗਾਇਕ ਕੁਮਾਰ ਵਿਨੋਦ ਅਤੇ ਕਲਾਕਾਰ ਅਜੇ ਸਹਿਦੇਵ ਨੇ ਮੁੰਹਮਦ ਰਫ਼ੀ ਦੇ ਗਾਏ ਹੋਏ ਗੀਤ ਗਾ ਕੇ ਕੀਤੀ। ਐਸੋਸੀਏਸ਼ਨ ਦੇ ਸਥਾਪਨਾ ਦਿਵਸ ਦੇ ਮੌਕੇ ਤੇ ਫਿਲਮ ਨਿਰਦੇਸ਼ਕ ਅਤੇ ਐਡੀਟਰ ਨਰੇਸ਼ ਗਰਗ ਨੂੰ ਜਨਮ ਦਿਨ ਦੀਆਂ ਮੁਬਾਰਕਾ ਦਿੰਦੇ ਹੋਏ ਕਲਾਕਾਰ ਗੁਰਮੇਲ ਧਾਲੀਵਾਲ ਨੇ ਪਫਟਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਇਸ ਉਪਰਾਲੇ ਲਈ ਮੁਬਾਰਕਬਾਦ ਦਿੱਤੀ। ਇਸ ਮੌਕੇ ਤੇ ਅੰਮ੍ਰਿਤ ਲਾਲ, ਮਹੇਸ਼ ਕੁਮਾਰ, ਅਜੇ ਸਹਿਦੇਵ ਅਤੇ ਹੋਰ ਹਾਜ਼ਿਰ ਕਲਾਕਾਰਾਂ ਦਾ ਧੰਨਵਾਦ ਕਰਦੇ ਹੋਏ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਵਾਡੀਨੇਟਰ ਅਸ਼ੋਕ ਪੁਰੀ ਨੇ ਦੱਸਿਆ ਕਿ ਹੁਸ਼ਿਆਰਪੁਰ ਵਿੱਚ ਅਨੇਕਾਂ ਕਲਾਕਾਰਾਂ ਨੇ ਫਿਲਮਾਂ ਅਤੇ ਟੀ.ਵੀ ਪ੍ਰੋਗਰਾਮਾ ਵਿੱਚ ਕੰਮ ਕੀਤਾ ਹੈ, ਪਰ ਇਹ ਉਹਨਾਂ ਦੇ ਨਿੱਜੀ ਉਪਰਾਲੇ ਹੀ ਰਹੇ ਹਨ। 21ਵੀਂ ਸਦੀ ਦੇ ਇਸ ਯੁੱਗ ਵਿੱਚ ਜਦੋਂ ਸਾਰਾ ਸੰਸਾਰ ਇੱਕ ਫੋਨ ਤੱਕ ਸੀਮਤ ਰਹਿ ਗਿਆ ਹੈ, ਉੱਥੇ ਸਮੁਚੇ ਸਮਾਜ ਨੂੰ ਇੱਕ ਦੂਜੇ ਦੇ ਨਾਲ ਖੜੇ ਹੋਣ ਦੀ ਜ਼ਰੂਰਤ ਹੈ। ਇਸ ਮੌਕੇ ਤੇ ਚੇਅਰਮੈਨ ਵਿਵੇਕ ਸਾਹਨੀ ਨੇ ਕਿਹਾ ਕਿ ਸੰਤਬਰ ਮਹੀਨੇ ਦੇ ਤੀਸਰੇ ਹਫ਼ਤੇ ਵਿੱਚ ਇੱਕ ਸੰਗੀਤਕ ਸ਼ਾਮ ਦਾ ਆਯੋਜਨ ਕਰਕੇ ਸਮੁਚੇ ਸੰਗੀਤ ਅਤੇ ਕਲਾ ਦੇ ਪ੍ਰੇਮੀਆਂ ਨਾਲ ਸੰਪਰਕ ਕੀਤਾ ਜਾਵੇਗਾ। ਇਸ ਮੌਕੇ ਤੇ ਸਥਾਪਨਾ ਦਿਵਸ ਅਤੇ ਫਿਲਮ ਨਿਰਦੇਸ਼ਕ ਅਤੇ ਐਡੀਟਰ ਨਰੇਸ਼ ਗਰਗ ਦੇ ਜਨਮ ਦਿਨ ਤੇ ਕੇਕ ਕੱਟਿਆ ਗਿਆ । ਸੰਸਥਾ ਵੱਲੋਂ ਨੌ ਚਲਾਨ ਕਰੋ ਧਿਆਨ ਦੇ ਪਿੱਠ ਵਰਤੀ ਗਾਇਕ ਕੁਮਾਰ ਵਿਨੋਦ ਨੂੰ ਵੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ । ਪ੍ਰੋਗਰਾਮ ਸਮੁਚੇ ਕਲਾਕਾਰਾਂ ਦੀ ਹਾਜ਼ਰੀ ਨਾਲ ਯਾਦਗਾਰੀ ਹੋ ਨਿਬੜਿਆ ।



# ਵਾਲਮੀਕਿ ਯੋਗ ਆਸ਼ਰਮ ਰਹੀਮਪੁਰ 'ਚ ਲਵ-ਕੁਸ਼ ਜੈਅੰਤੀ ਮਨਾਈ

ਨਕੋਦਰ (ਮਨਜੀਤ ਮਾਨ)- ਤਹਿਸੀਲ ਨਕੋਦਰ ਅਧੀਨ ਪੈਂਦੇ ਪਿੰਡ ਰਹੀਮਪੁਰ ਦੇ ਭਗਵਾਨ ਵਾਲਮੀਕਿ ਯੋਗ ਆਸ਼ਰਮ ਦੇ ਮੁੱਖ ਸੰਚਾਲਕ ਬਾਲਯੋਗੀ ਪ੍ਰਗਟ ਨਾਥ ਦੀ ਰਹਿਨੁਮਾਈ ਹੇਠ ਪਿੰਡ, ਇਲਾਕਾ ਤੇ ਐਨ ਆਰ ਆਈਜ਼ ਦੇ ਸਹਿਯੋਗ ਨਾਲ ਲਵ ਕੁਸ਼ ਜੈਅੰਤੀ ਮਨਾਈ ਗਈ। ਇਸ ਮੌਕੇ ਵਾਲਮੀਕਿ ਕੌਮ ਦੇ ਸ਼੍ਰੋਮਣੀ ਪੰਥਕ ਕੀਰਤਨੀਏ ਭਾਈ ਅਜੇਵੀਰ ਮਾਹੂੰਵਾਲ ਵਾਲੇ, ਵੀਰ ਗੌਰਵਮੀਤ ਪਰਜੀਆਂ ਵਾਲੇ, ਸੰਨੀ ਰੱਤੀ, ਸੁਖਦੇਵ ਤੇਜ਼ੀ, ਵੀਰ ਕੁਲਵੰਤ ਢੰਡੋਵਾਲ, ਕੁਲਦੀਪ ਸਿੰਘ ਸੇਵਕ ਤੇ ਸ਼ਿਵਾਨੀ ਗਿੱਲ ਤੇ ਗਾਇਕ ਅਮਰਜੀਤ ਖੈੜਾ ਨੇ ਭਗਵਾਨ ਵਾਲਮੀਕ ਮਹਾਰਾਜ ਦੀ ਮਹਿਮਾ ਦਾ ਗੁਣਗਾਨ ਕੀਤਾ। ਇਸ ਮੌਕੇ ਵਾਲਮੀਕਿ ਯੋਗ ਆਸ਼ਰਮ ਦੇ ਮੁੱਖ ਸੰਚਾਲਕ ਬਾਲਯੋਗੀ ਪ੍ਰਗਟ ਨਾਥ ਨੇ ਸੰਗਤਾਂ ਨਾਲ ਪ੍ਰਵਚਨ ਕਰਦਿਆਂ ਸੰਗਤਾਂ ਨੂੰ ਗੁਰੂ ਦੇ ਲੜ ਲੱਗਣ ਲਈ ਕਿਹਾ। ਇਸ ਮੇਲੇ ਵਿੱਚ ਪਹੁੰਚੀਆਂ ਵੱਖ ਵੱਖ ਸ਼ਖ਼ਸੀਅਤਾਂ ਦਾ ਬਾਲਯੋਗੀ ਪ੍ਰਗਟ ਨਾਥ ਵੱਲੋਂ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।



ਇਸ ਮੌਕੇ ਬਾਬਾ ਹੀਰਾ ਸਿੰਘ ਗੁਰਦੁਆਰਾ ਟਾਹਲੀ ਸਾਹਿਬ ਬਲ੍ਹੇਰ ਖਾਨਪੁਰ, ਬਲਵੀਰ ਸਿੰਘ ਸਿੱਧੂ ਕਪੂਰਥਲਾ, ਡੀ ਐਸ ਪੀ ਉਂਕਾਰ ਸਿੰਘ ਬਰਾੜ ਸਬ ਡਵੀਜ਼ਨ ਨਕੋਦਰ, ਦਰਸ਼ਨ ਸਿੰਘ ਟਾਹਲੀ, ਡਾਕਟਰ ਅਸ਼ੋਕ ਥਾਪਰ, ਸੰਤੋਖ ਘਾਰੂ, ਗੁਰਦਿਆਲ ਸਿੰਘ, ਅਮਰਜੀਤ ਸਿੰਘ ਈਦਾ, ਪ੍ਰਧਾਨ ਸਾਬੀ ਰਸੂਲਪੁਰੀ, ਰੌਨੀ ਗਿੱਲ, ਕੁਲਵੰਤ ਸਿੱਧੂ, ਲਾਲ ਚੰਦ ਚੀਦਾ, ਸੰਨੀ ਪਰਜੀਆਂ ਤੋਂ ਇਲਾਵਾ ਪਿੰਡ ਤੇ ਇਲਾਕੇ ਤੋਂ ਨਾਮਵਰ ਸ਼ਖ਼ਸੀਅਤਾਂ ਤੋਂ ਇਲਾਵਾ ਐਨ ਆਰ ਆਈਜ਼ ਵੀ ਹਾਜ਼ਰ ਸਨ। ਇਸ ਮੌਕੇ ਰੱਬ ਦੀ ਮਹਿਮਾ ਪ੍ਰਚਾਰ ਸੇਵਾ ਸੁਸਾਇਟੀ ਵੱਲੋਂ ਜੋੜਿਆਂ ਦੀ ਸੇਵਾ ਕੀਤੀ ਗਈ। ਇਸ ਮੌਕੇ ਸੰਗਤਾਂ ਵਾਸਤੇ ਚਾਹ ਪਕੌੜਿਆਂ, ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ।

# ਸਾਲਾਨਾ ਜੋੜ ਮੇਲਾ ਕਰਵਾਇਆ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਪਿੰਡ ਬੱਡਲਾ ਵਿਖੇ ਦਰਬਾਰ ਲੱਖ ਦਾਤਾ ਪੀਰ ਰੋਜ਼ਾ ਬੱਡਲਾ ਸ਼ਰੀਫ਼ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਸਮੂਹ ਕਲੇਰ ਪਰਵਾਰ ਵੱਲੋਂ ਪਿੰਡ ਬੱਡਲਾ ਅਤੇ ਬੱਡਲਾ ਖੁਰਦ ਦੀ ਸੰਗਤ ਦੇ ਸਹਿਯੋਗ ਨਾਲ ਲੱਖ ਦਾਤਾ ਪੀਰ ਜੀ ਦੀ ਯਾਦ ਵਿੱਚ ਸਲਾਨਾ ਜੋੜ ਮੇਲਾ ਧੂਮਧਾਮ ਨਾਲ ਕਰਵਾਇਆ ਗਿਆ। ਇਸ ਮੌਕੇ ਮੁੱਖ ਸੇਵਾਦਾਰ ਜਸਵੀਰ ਸਿੰਘ ਬੱਡਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਲਾਨਾ ਜੋੜ ਮੇਲੇ ਮੌਕੇ ਸ਼ਾਮ ਚਿਰਾਗ ਰੋਸ਼ਨ ਕੀਤੇ ਗਏ। ਉਪਰੰਤ ਸਾਲਾਨਾ ਜੋੜ ਮੇਲੇ ਮੌਕੇ ਪਿੰਕੀ ਨਕਾਲ ਪਾਰਟੀ ਮੇਹਟੀਆਣਾ ਪੀਰਾਂ ਦੀ ਮਹਿਫ਼ਲ ਸਜਾਈ। ਉਨ੍ਹਾਂ ਦੱਸਿਆ ਕਿ ਸਲਾਨਾ ਜੋੜ ਮੇਲੇ ਮੌਕੇ ਚਾਦਰ ਅਤੇ ਝੰਡੇ ਦੀ ਰਸਮ ਸੰਗਤਾਂ ਵੱਲੋਂ ਅਦਾ ਕੀਤੀ ਗਈ। ਇਸ ਮੌਕੇ ਸਲਾਨਾ ਜੋੜ ਮੇਲੇ ਦੌਰਾਨ ਰਾਜ ਕੁਮਾਰ ਨਕਾਲ ਪਾਰਟੀ ਪੰਡੋਰੀ ਬੀਬੀ ਪੀਰਾਂ ਦੇ ਗੁਣ ਗਾਇਨ ਕੀਤੇ ਗਏ। ਉਨ੍ਹਾਂ ਦੱਸਿਆ ਕਿ ਬੱਚਿਆਂ ਦਾ ਸਲਾਨਾ ਜੋੜ ਮੇਲੇ ਮੌਕੇ ਲੱਖ ਦਾਤਾ ਪੀਰ ਜੀ ਦੀ ਯਾਦ ਵਿੱਚ ਛਿੰਝ ਮੇਲਾ ਕਰਵਾਇਆ ਗਿਆ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਸਾਲਾਨਾ ਜੋੜ ਮੇਲੇ ਮੌਕੇ ਬਾਬਾ ਰਾਜੂ ਸ਼ਾਹ ਬੱਡਲਾ, ਬਾਬਾ ਬਲਦੇਵ ਸਿੰਘ ਬੱਡਲਾ, ਬਾਬਾ ਲਾਡੀ ਬੱਡਲਾ, ਬਾਬਾ ਨਰਿੰਦਰ ਪਾਲ ਭਲੇਠੂ ਰਾਜਪੁਰ ਭਾਈਆਂ, ਬਾਬਾ ਬੁੱਧ ਰਾਮ ਫੁਗਲਾਣਾ, ਬਾਬਾ ਗਿਆਨ ਸ਼ਾਹ ਬੱਡਲਾ, ਬਾਬਾ ਸੋਢੀ ਸ਼ਾਹ ਮਹਿਮੋਵਾਲ, ਬਾਬਾ ਹਰੀਸ਼ ਕੁਮਾਰ ਬੋਹਣ, ਬਾਬਾ ਫੂਲ ਚੰਦ ਬਜਵਾੜਾ, ਢਾਬਾ ਕੁਲਦੀਪ ਸਿੰਘ ਬੱਡਲਾ, ਬਾਬਾ ਰਾਮ ਲਾਲ ਪੰਡੋਰੀ ਕੱਦ, ਬਾਬਾ ਕਾਲਾ ਜਲੰਧਰ ਆਦਿ ਫੱਕਰ ਫਕੀਰ ਪੁੱਜ ਕੇ ਹਾਜ਼ਰੀ ਭਰੀ। ਇਸ ਮੌਕੇ ਸੇਵਾਦਾਰ ਜਸਵੀਰ ਸਿੰਘ ਬੱਡਲਾ, ਮਨਪ੍ਰੀਤ ਸਿੰਘ, ਰਵੀ ਪ੍ਰਕਾਸ਼, ਤਨਵੀਰ ਕੁਮਾਰ, ਗੁਰਮੀਤ ਸਿੰਘ ਸੈਕਟਰੀ, ਰੋਹਨ ਕਲੇਰ, ਅਭੀ ਜੋਤ, ਜੋਗਿੰਦਰ ਪਾਲ, ਚਮਨ ਲਾਲ, ਸੁਖਦੀਪ, ਹਰਪ੍ਰੀਤ, ਗੁਰਪ੍ਰੀਤ, ਬੰਟੀ, ਰੋਹਿਨ, ਵਿਜੈ, ਸ਼ਿੰਦਾ, ਸੱਤੀ, ਗੋਰਵ, ਕਾਲਾ, ਕੁਲਵਿੰਦਰ, ਲਾਲ ਚੰਦ, ਵਿਜੈ ਕੁਮਾਰ, ਸ਼ੀਤਲ, ਗੁਰਦੀਪ ਕਲੇਰ, ਪਿੰਦਾ ਕਲੇਰ, ਸਤਪਾਲ, ਹੈਪੀ ਡੀ ਜੇ, ਸਹਿਲ ਕੁਮਾਰ, ਪਾਲਾ, ਗਗਨ, ਹਰਦੇਵ ਸਿੰਘ ਆਦਿ ਹਾਜ਼ਰ ਸਨ। ਇਸ ਮੌਕੇ ਸਲਾਨਾ ਜੋੜ ਮੇਲੇ ਦੌਰਾਨ ਚਾਹ ਪਕੌੜੇ ਅਤੇ ਦਾਤਾ ਜੀ ਦੇ ਲੰਗਰ ਅਤੁੱਟ ਵਰਤਾਇਆ ਗਿਆ।



# ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਮੀਟਿੰਗ

ਕਪੂਰਥਲਾ (ਮਨਜੀਤ ਮਾਨ)-ਪੰਜਾਬ ਸਟੇਟ ਟ੍ਰੇਡਰਜ਼ ਕਮਿਸ਼ਨ ਦੇ ਉੱਪ ਚੇਅਰਮੈਨ ਅਨਿਲ ਠਾਕੁਰ ਨੇ ਕਿਹਾ ਕਿ ਸੂਬਾ ਸਰਕਾਰ ਵਪਾਰੀਆਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਅਤੇ ਬੁਨਿਆਦੀ ਢਾਂਚੇ ਨਾਲ ਜੁੜੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ




'ਤੇ ਹੱਲ ਕਰਨ ਲਈ ਵਚਨਬੱਧ ਹੈ।ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਉੱਪ ਚੇਅਰਮੈਨ ਅਨਿਲ ਠਾਕੁਰ ਨੇ ਡਿਪਟੀ ਕਮਿਸ਼ਨਰ ਅਕਾਸ਼ ਬਾਂਸਲ, ਐੱਸ ਐੱਸ ਪੀ ਗੌਰਵ ਤੂਰਾ, ਪੰਜਾਬ ਸਟੇਟ ਟ੍ਰੇਡਰਜ਼ ਕਮਿਸ਼ਨ ਦੇ ਮੈਂਬਰਾਂ ਹਰਿੰਦਰ ਮਨੋਚਾ, ਕੰਵਰ ਇਕਬਾਲ ਸਿੰਘ ਤੇ ਹੋਰਨਾਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਸੂਬੇ ਦੇ ਵਪਾਰਕ ਬਾਜ਼ਾਰਾਂ ਵਿੱਚ ਲੰਬੇ ਸਮੇਂ ਤੋਂ ਚੱਲ ਰਹੀਆਂ ਬੁਨਿਆਦੀ ਸਮੱਸਿਆਵਾਂ—ਜਿਵੇਂ ਕਿ ਆਧੁਨਿਕ ਬਾਥਰੂਮਾਂ ਦੀ ਉਸਾਰੀ ਤੇ ਮੁਰੰਮਤ, ਸੀਵਰੇਜ ਸਬੰਧੀ ਸਮੱਸਿਆਵਾਂ, ਪੀਣ ਵਾਲਾ ਸਾਫ਼ ਪਾਣੀ, ਸੜਕਾਂ ਦੀ ਉਸਾਰੀ ਅਤੇ ਮੁਰੰਮਤ, ਬਿਜਲੀ ਦੀਆਂ ਹੇਠਾਂ ਲਟਕਦੀਆਂ ਤਾਰਾਂ ਨਾਲ ਸਬੰਧਤ ਸਮੱਸਿਆਵਾਂ ਦੇ ਨਿਪਟਾਰੇ ਅਤੇ ਹੋਰ ਲੋੜੀਂਦੀਆਂ ਨਾਗਰਿਕ ਸਹੂਲਤਾਂ ਦੇ ਵਿਕਾਸ ਲਈ ਕੰਮ ਕਰਵਾਏ ਜਾਣਗੇ, ਜਿਸ ਨਾਲ ਵਪਾਰੀਆਂ ਦੇ ਨਾਲ-ਨਾਲ ਆਮ ਲੋਕਾਂ ਨੂੰ ਵੀ ਵੱਡਾ ਲਾਭ ਮਿਲੇਗਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਟ੍ਰੇਡਰਜ਼ ਕਮਿਸ਼ਨਾਂ ਵੱਲੋਂ ਪੰਜਾਬ ਸਟੇਟ ਟ੍ਰੇਡਰਜ਼ ਕਮਿਸ਼ਨ ਦੀ ਅਗਵਾਈ ਹੇਠ ਸੂਬੇ ਭਰ ਵਿੱਚ ਵਪਾਰੀਆਂ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਮੀਟਿੰਗਾਂ ਦੌਰਾਨ ਵਪਾਰੀਆਂ ਅਤੇ ਦੁਕਾਨਦਾਰਾਂ ਦੀਆਂ ਸਥਾਨਕ ਪੱਧਰ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਨ ਦੇ ਨਾਲ-ਨਾਲ ਸੂਬਾ ਪੱਧਰ 'ਤੇ ਵੀ ਕਈ ਮਹੱਤਵਪੂਰਨ ਫ਼ੈਸਲੇ ਕਰਵਾਏ ਗਏ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਪਾਰੀਆਂ ਦੀ ਭਲਾਈ, ਵਪਾਰਕ ਸਰਗਰਮੀਆਂ ਨੂੰ ਹੋਰ ਪ੍ਰੋਤਸਾਹਨ ਦੇਣ ਅਤੇ ਬਾਜ਼ਾਰਾਂ ਦੇ ਸਰਵਪੱਖੀ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਇਸ ਮੌਕੇ ਸਹਾਇਕ ਕਮਿਸ਼ਨਰ ਰਵਿੰਦਰ ਅਰੋੜਾ, ਸੁਸ਼ੀਲ ਬੌਬੀ ਚੰਮ ਚੇਅਰਮੈਨ ਹਲਕਾ ਫਗਵਾੜਾ, ਲਕਸ਼ ਚੌਧਰੀ ਚੇਅਰਮੈਨ ਹਲਕਾ ਭੁਲੱਥ, ਜਰਨੈਲ ਸਿੰਘ ਮਰਵਾਹਾ ਹਲਕਾ ਸੁਲਤਾਨਪੁਰ ਲੋਧੀ, ਰਮਨ ਮਲਹੋਤਰਾ ਚੇਅਰਮੈਨ ਹਲਕਾ ਕਪੂਰਥਲਾ ਆਦਿ ਹਾਜ਼ਰ ਸਨ।

# ਬਰਨਾਲਾ ਦਾ ਬਿਰਧ ਆਸ਼ਰਮ ਰਿਹਾਇਸ਼ੀ ਸਹੂਲਤ ਸਮੇਤ ਵਿਆਪਕ ਸੇਵਾਵਾਂ ਪ੍ਰਦਾਨ ਕਰ ਰਿਹਾ : ਡਾ. ਬਲਜੀਤ ਕੌਰ



ਚੰਡੀਗੜ੍ਹ (ਗੁਰਜੀਤ ਬਿੱਲਾ)-ਪੰਜਾਬ ਸਰਕਾਰ ਵੱਲੋਂ ਬਜ਼ੁਰਗ ਨਾਗਰਿਕਾਂ ਦੀ ਭਲਾਈ ਪ੍ਰਤੀ ਆਪਣੀ ਦ੍ਰਿੜ੍ਹ ਵਚਨਬੱਧਤਾ ਨੂੰ ਦੁਹਰਾਉਂਦਿਆਂ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੇ ਬਜ਼ੁਰਗਾਂ ਨੂੰ ਸਮਾਜ ਦੀ ਅਨਮੋਲ ਧਰੋਹਰ ਮੰਨਦੀ ਹੈ ਅਤੇ ਉਨ੍ਹਾਂ ਨੂੰ ਮਾਣ-ਸਨਮਾਨ, ਸੁਰੱਖਿਆ ਅਤੇ ਸਹਾਰਾ ਦੇਣ ਲਈ ਲਗਾਤਾਰ ਯਤਨ ਕਰ ਰਹੀ ਹੈ। ਵੇਰਵੇ ਸਾਂਝੇ ਕਰਦਿਆਂ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਕਈ ਬਿਰਧ ਆਸ਼ਰਮ ਚਲਾਏ ਜਾ ਰਹੇ ਹਨ, ਜਿੱਥੇ ਦੇਖਭਾਲ ਅਤੇ ਸਹਾਇਤਾ ਦੀ ਲੋੜ ਵਾਲੇ ਬਜ਼ੁਰਗਾਂ ਨੂੰ ਸੁਰੱਖਿਅਤ ਰਹਿਣ-ਸਹਿਣ, ਗੁਣਵੱਤਾ ਭਰਪੂਰ ਸੇਵਾਵਾਂ ਤੇ ਸਹਿਯੋਗੀ ਮਾਹੌਲ ਮੁਹੱਈਆ ਕਰਵਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਬਰਨਾਲਾ ਜ਼ਿਲ੍ਹੇ ਦੇ ਤਪਾ ਵਿਖੇ ਢਿੱਲਵਾਂ ਰੋਡ ਸਥਿਤ ਖੱਟੜ ਪੱਟੀ ਵਿੱਚ ਬਣਾਇਆ ਗਿਆ 72 ਬਿਸਤਰਿਆਂ ਵਾਲਾ ਬਾਬਾ ਫੂਲ ਸਰਕਾਰੀ ਬਿਰਧ ਆਸ਼ਰਮ 8.21 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਹੈ, ਜਿਸ ਦਾ ਉਦਘਾਟਨ 9 ਅਪ੍ਰੈਲ, 2025 ਨੂੰ ਕੀਤਾ ਗਿਆ ਸੀ।ਮੰਤਰੀ ਨੇ ਦੱਸਿਆ ਕਿ ਇਸ ਸਮੇਂ ਬਾਬਾ ਫੂਲ ਸਰਕਾਰੀ ਬਿਰਧ ਆਸ਼ਰਮ ਵਿੱਚ 16 ਬਜ਼ੁਰਗ ਰਹਿ ਰਹੇ ਹਨ, ਜਿਨ੍ਹਾਂ ਨੂੰ ਸਾਰੀਆਂ ਜ਼ਰੂਰੀ ਸਹੂਲਤਾਂ ਬਿਲਕੁਲ ਮੁਫ਼ਤ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਵਿੱਚ ਆਰਾਮਦਾਇਕ ਡਾਰਮਿਟਰੀ ਰਹਿਣ ਦੀ ਸਹੂਲਤ, ਪੌਸ਼ਟਿਕ ਭੋਜਨ, ਕੱਪੜੇ, ਗੁਣਵੱਤਾ ਭਰਪੂਰ ਸਿਹਤ ਸਹੂਲਤਾਂ, ਲਾਇਬ੍ਰੇਰੀ, ਬਾਗਬਾਨੀ ਦੀ ਸਹੂਲਤ, ਹਫ਼ਤੇ ਵਿੱਚ ਦੋ ਵਾਰ ਯੋਗਾ ਸੈਸ਼ਨ ਅਤੇ ਅੰਦਰੂਨੀ ਮਨੋਰੰਜਨ ਗਤੀਵਿਧੀਆਂ ਸ਼ਾਮਲ ਹਨ, ਜੋ ਬਜ਼ੁਰਗਾਂ ਦੀ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਦੀਆਂ ਹਨ।

# ਵਿਕਾਸ ਕਾਰਜਾਂ ਨਾਲ ਕੋਟ ਫਤੂਹੀ ਦਾ ਬੁਨਿਆਦੀ ਢਾਂਚਾ ਹੋਵੇਗਾ ਮਜ਼ਬੂਤ : ਵਿਧਾਇਕ

ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)- ਕੋਟ ਫਤੂਹੀ ਪਿੰਡ ਵਿੱਚ ਬੁਨਿਆਦੀ ਢਾਂਚੇ ਅਤੇ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਨੂੰ ਹੋਰ ਬਿਹਤਰ ਬਣਾਉਣ ਲਈ ਕਰੀਬ ?4.52 ਕਰੋੜ ਦੇ ਵੱਖ-ਵੱਖ ਵਿਕਾਸ ਕਾਰਜ ਮੁਕੰਮਲ ਕੀਤੇ ਜਾ ਰਹੇ ਹਨ, ਜਦਕਿ ਕਈ ਕਾਰਜ ਪ੍ਰਗਤੀ ਅਧੀਨ ਹਨ ਅਤੇ ਕੁਝ ਕੰਮਾਂ ਨੂੰ ਮਨਜ਼ੂਰੀ ਮਿਲ ਚੁੱਕੀ ਹੈ।ਚੱਬੇਵਾਲ ਤੋਂ ਵਿਧਾਇਕ ਡਾ. ਈਸ਼ਾਂਕ ਕੁਮਾਰ ਨੇ ਹਾਲ ਹੀ ਵਿੱਚ ਕੋਟ ਫਤੂਹੀ ਦਾ ਦੌਰਾ ਕਰਕੇ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਵੱਖ-ਵੱਖ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਦੇ ਨਾਲ-ਨਾਲ ਨਵੀਂ ਡਿਸਪੈਂਸਰੀ ਦਾ ਨੀਂਹ ਪੱਥਰ ਵੀ ਰੱਖਿਆ।



ਸੜਕੀ ਢਾਂਚੇ ਸੰਬੰਧੀ ਜਾਣਕਾਰੀ ਦਿੰਦਿਆਂ ਡਾ. ਈਸ਼ਾਂਕ ਕੁਮਾਰ ਨੇ ਦੱਸਿਆ ਕਿ ਕੋਟ ਫਤੂਹੀ ਅਤੇ ਆਸ-ਪਾਸ ਦੇ ਪਿੰਡਾਂ ਦੀ ਆਵਾਜਾਈ ਨੂੰ ਸੁਖਾਲਾ ਬਣਾਉਣ ਲਈ ਕਈ ਮਹੱਤਵਪੂਰਨ ਸੜਕ ਪ੍ਰੋਜੈਕਟ ਮੁਕੰਮਲ ਹੋ ਚੁੱਕੇ ਹਨ। ਇਨ੍ਹਾਂ ਵਿੱਚ ਮਹਿਲਪੁਰ-ਫਗਵਾੜਾ ਰੋਡ ਤੋਂ ਮੰਨਣਹਾਨਾ ਗੁਰਦੁਆਰਾ ਤੋਂ ਪੁਲ ਤੱਕ 5.18 ਕਿਲੋਮੀਟਰ ਲੰਬੀ ਕੋਟ ਫਤੂਹੀ-ਮੰਨਣਹਾਨਾ-ਚੱਕ ਮੂਸਾ ਦੱਤਾ ਚੇਲਾ ਸੜਕ ਦਾ 86.77 ਲੱਖ ਦੀ ਲਾਗਤ ਨਾਲ ਮੁਕੰਮਲ ਕੀਤਾ ਗਿਆ ਕੰਮ, 2.56 ਕਿਲੋਮੀਟਰ ਲੰਬੀ ਕੋਟ ਫਤੂਹੀ-ਮੰਨਣਹਾਨਾ ਸੜਕ ਦਾ ?55.01 ਲੱਖ ਦੀ ਲਾਗਤ ਨਾਲ ਕੀਤਾ ਗਿਆ ਕੰਮ, 0.62 ਕਿਲੋਮੀਟਰ ਲੰਬੀ ਕੋਟ ਫਤੂਹੀ-ਗੜ੍ਹਸ਼ੰਕਰ-ਝੱਜ ਸੜਕ ਦਾ 20.48 ਲੱਖ ਦੀ ਲਾਗਤ ਨਾਲ ਮੁਕੰਮਲ ਕੰਮ ਅਤੇ 1.60 ਕਿਲੋਮੀਟਰ ਲੰਬੀ ਭਗਤੂਪੁਰ -ਕੋਟ ਫਤੂਹੀ ਸੜਕ ਦਾ 33.63 ਲੱਖ ਦੀ ਲਾਗਤ ਨਾਲ ਮੁਕੰਮਲ ਕੰਮ ਸ਼ਾਮਲ ਹੈ। ਉਨ੍ਹਾਂ ਅੱਗੇ ਦੱਸਿਆ ਕਿ 4.25 ਕਿਲੋਮੀਟਰ ਲੰਬੀ ਕੋਟ ਫਤੂਹੀ-ਬੰਗਾ ਵਾਇਆ ਬਹਿਬਲਪੁਰ ਐੱਮ.ਸੀ. ਲਿਮਟ ਤੱਕ ਸੜਕ ਦਾ ਕੰਮ 1.44 ਕਰੋੜ ਦੀ ਲਾਗਤ ਨਾਲ ਪ੍ਰਗਤੀ ਅਧੀਨ ਹੈ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਡਾ. ਵਿਪਨ ਪੰਚਨੰਗਲ, ਸੰਮਤੀ ਮੈਂਬਰ ਸੁਖਵਿੰਦਰ ਕੌਰ, ਬਲਾਕ ਪ੍ਰਧਾਨ ਕੁਸ਼ਵ ਕਰਨ, ਮਲਕੀਤ ਰਾਮ ਸੋਨੂੰ, ਗੁਰਮੇਲ ਸਿੰਘ ਅਟਵਾਲ, ਦਰਸ਼ਨਾ ਦੇਵੀ, ਗੁਰਮੇਲ ਸਿੰਘ, ਬਲਕਾਰ ਸਿੰਘ, ਸੰਦੀਪ ਸਿੰਘ ਕਲੂਪੁਰ, ਪੰਚ ਵੰਦਨਾ ਦੇਵੀ, ਪੰਚ ਜਸਵਿੰਦਰ ਕੌਰ ਸਮੇਤ ਹੋਰ ਪਤਵੰਤੇ ਪਿੰਡ ਵਾਸੀ ਹਾਜ਼ਰ ਸਨ।

# 31 ਲੋੜਵੰਦ ਵਿਦਿਆਰਥੀਆਂ ਦੀਆਂ ਸਕੂਲ ਫੀਸਾਂ ਭਰੀਆਂ



ਲੋਹੀਆਂ ਖ਼ਾਸ (ਯੋਗੇਸ਼ਵਰ, ਰੀਨਾ ਸ਼ਰਮਾ)- ਗੁਰੂ ਨਾਨਕ ਮੋਦੀਖਾਨਾ ਚੈਰੀਟੇਬਲ ਟਰੱਸਟ ਲੋਹੀਆਂ ਖ਼ਾਸ ਗੁਰਦੁਆਰਾ ਸਿੱਖ ਸੈਂਟਰ ਆਫ਼ ਸਿਆਟਲ ਅਤੇ ਸੋਚ ਸੈਂਟਰ ਸਿਆਟਲ (ਅਮਰੀਕਾ) ਵੱਲੋਂ ਹਰ ਸਾਲ ਚਲਾਏ ਜਾਂਦੇ ਮਿਸ਼ਨ 'ਵਿੱਦਿਆ ਦਾ ਲੰਗਰ' ਤਹਿਤ ਸੈਸ਼ਨ 2026-27 ਲਈ 31 ਲੋੜਵੰਦ ਅਤੇ ਹੋਣਹਾਰ ਵਿਦਿਆਰਥੀਆਂ ਦੀਆਂ ਸਕੂਲ ਫੀਸਾਂ ਭਰੀਆਂ ਗਈਆਂ। ਟਰੱਸਟ ਵੱਲੋਂ ਅਜਿਹੇ ਬੱਚਿਆਂ ਦੀ ਚੋਣ ਕੀਤੀ ਜਾਂਦੀ ਹੈ ਜਿਨ੍ਹਾਂ ਦੇ ਮਾਤਾ-ਪਿਤਾ ਵਿੱਚੋਂ ਇੱਕ ਜਾਂ ਦੋਵੇਂ ਇਸ ਦੁਨੀਆ ਵਿੱਚ ਨਹੀਂ ਹਨ ਜਾਂ ਪਰਵਾਰ ਦਾ ਕਮਾਊ ਮੈਂਬਰ ਬਿਮਾਰੀ ਕਾਰਨ ਬੱਚੇ ਦੀ ਫੀਸ ਭਰਨ ਤੋਂ ਅਸਮਰੱਥ ਹੈ। ਇਸ ਸਾਲ ਵੱਖ-ਵੱਖ ਦਾਨੀ ਸੱਜਣਾਂ ਦੇ ਸਹਿਯੋਗ ਨਾਲ 31 ਬੱਚਿਆਂ ਦੀਆਂ 2,24,060 ਰੁਪਏ ਦੀਆਂ ਫੀਸਾਂ ਵੱਖ-ਵੱਖ ਸਕੂਲਾਂ ਵਿੱਚ ਜਮ੍ਹਾਂ ਕਰਵਾਈਆਂ ਗਈਆਂ। ਇਸ ਤੋਂ ਇਲਾਵਾ ਦਰਬਾਰਾ ਸਿੰਘ ਬਰਾੜ ਅਤੇ ਉਨ੍ਹਾਂ ਦੇ ਪਰਵਾਰ ਵੱਲੋਂ ਬੇਹੱਦ ਲੋੜਵੰਦ ਘਰਾਂ ਦੀਆਂ 25 ਲੜਕੀਆਂ ਨੂੰ ਸਕੂਲ ਵਰਦੀਆਂ ਵੀ ਦਿੱਤੀਆਂ ਗਈਆਂ। ਸਕੂਲਾਂ ਵਿੱਚ ਫੀਸਾਂ ਪਹੁੰਚਾਉਣ ਦੀ ਜ਼ਿੰਮੇਵਾਰੀ ਵੱਖ-ਵੱਖ ਟੀਮਾਂ ਵੱਲੋਂ ਨਿਭਾਈ ਗਈ। ਇਸ ਸੇਵਾ ਕਾਰਜ ਲਈ ਅਮਰੀਕਾ, ਕੈਨੇਡਾ, ਇੰਗਲੈਂਡ, ਨਿਊਜ਼ੀਲੈਂਡ, ਫ਼ਰਾਂਸ ਅਤੇ ਆਸਟ੍ਰੇਲੀਆ ਸਮੇਤ ਦੇਸ਼-ਵਿਦੇਸ਼ ਵੱਸਦੇ ਦਾਨੀ ਸੱਜਣਾਂ ਵੱਲੋਂ ਸਹਿਯੋਗ ਦਿੱਤਾ ਗਿਆ।

# ਮੀਂਹ ਨਾਲ ਕੱਚਾ ਮਕਾਨ ਡਿੱਗਿਆ



... ਤੋਂ ਉਸ ਲਈ ਦੂਰ ਦੀ ਕੌਡੀ ਹੈ। ਕਮਲਜੀਤ ਸਿੰਘ ਦੀ ਪਤਨੀ ਬਲਵਿੰਦਰ ਕੌਰ ਨੇ ਦੱਸਿਆ ਕਿ ਉਹ ਬਜ਼ੁਰਗਾਂ ਦੇ ਪੁਰਾਣੇ ਮਕਾਨ 'ਚ ਰਹਿ ਰਹੇ ਸਨ, ਪਰ ਮੀਂਹ ਕਾਰਨ ਮਕਾਨ ਦਾ ਅੱਧਾ ਹਿੱਸਾ ਡਿੱਗ ਗਿਆ ਹੈ, ਅਤੇ ਰਹਿੰਦੇ ਹਿੱਸੇ 'ਚ ਤਰੇੜਾਂ ਆ ਗਈਆਂ ਹਨ, ਕਿਸੇ ਵਕਤ ਵੀ ਡਿੱਗ ਸਦਕਾ ਹੈ। ਅੰਦਰ ਪਿਆ ਘਰੇਲੂ ਸਮਾਨ ਵੀ ਨੁਕਸਾਨਿਆ ਗਿਆ ਹੈ।

# 2.59 ਗੁਣਾਂਕ ਨੂੰ ਪੈਨਸ਼ਨਰਾਂ 'ਤੇ ਲਾਗੂ ਕਰਨ ਲਈ ਹਾਈ ਪਾਵਰ ਕਮੇਟੀ ਬਣਾਈ

ਜਲੰਧਰ (ਰਾਜੇਸ਼ ਥਾਪਾ)- ਪੰਜਾਬ ਪੈਨਸ਼ਨਰਜ਼ ਜੁਆਇੰਟ ਫਰੰਟ ਦੇ ਇੱਕ ਵਫਦ ਦੀ ਮੀਟਿੰਗ ਕੈਬਨਿਟ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਦਫ਼ਤਰ ਸਿਵਲ ਸਕੱਤਰੇਤ ...



... ਆਫ਼ੀਸਰ ਮੈਂਬਰ ਬਣਾਏ ਗਏ। ਇਸ ਕਮੇਟੀ ਦੀ ਮੀਟਿੰਗ 25 ਅਗਸਤ ਨੂੰ ਮਿਨੀ ਸਕੱਤਰੇਤ ਚੰਡੀਗੜ੍ਹ ਵਿਖੇ 11:00 ਵਜੇ ਨਿਸ਼ਚਿਤ ਕੀਤੀ ਗਈ ਹੈ। ਜਿਸ ਵਿੱਚ ਪੈਨਸ਼ਨਰਜ਼ ਜੁਆਇੰਟ ਫਰੰਟ ਦੇ ਆਗੂਆਂ ਨੂੰ ਵੀ ਸੱਦਾ ਦਿੱਤਾ ਗਿਆ ਹੈ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ 2.59 ਗੁਣਾਂਕ ਨੂੰ ਪੈਨਸ਼ਨਰਾਂ 'ਤੇ ਲਾਗੂ ਕਰਨ ਲਈ ਗੱਲਬਾਤ ਹੋਵੇਗੀ। ਇਸ ਵਫ਼ਦ ਵਿੱਚ ਕਰਮ ਸਿੰਘ ਧਨੋਆ ਕਨਵੀਨਰ, ਅਵਿਨਾਸ਼ ਸ਼ਰਮਾ ਕਨਵੀਨਰ, ਸੁਖਵਿੰਦਰ ਸਿੰਘ ਕਨਵੀਨਰ, ਬਲਵੀਰ ਸਿੰਘ ਸੈਣੀ, ਗੁਰਦੀਪ ਸਿੰਘ ਵਾਲੀਆ, ਗੁਰਮੀਤ ਸਿੰਘ, ਰਾਕੇਸ਼ ਕੁਮਾਰ ਸ਼ਰਮਾ, ਦੇਵ ਰਾਜ ਅਤੇ ਨਾਹਰ ਸਿੰਘ ਆਦਿ ਸ਼ਾਮਲ ਹੋਏ।

# ਨਾਜਾਇਜ਼ ਕਬਜ਼ਿਆਂ ਵਿਰੁੱਧ 'ਪੰਜਾਬ ਅਗੇਂਸਟ ਕੁਰੱਪਸ਼ਨ' ਨੇ ਚੁੱਕੇ ਗੰਭੀਰ ਸਵਾਲ

ਮੋਹਾਲੀ (ਗੁਰਜੀਤ ਬਿੱਲਾ)-ਭ੍ਰਿਸ਼ਟਾਚਾਰ ਵਿਰੋਧੀ ਸੰਸਥਾ 'ਪੰਜਾਬ ਅਗੇਂਸਟ ਕੁਰੱਪਸ਼ਨ' ਦੀ ਇੱਕ ਅਹਿਮ ਮੀਟਿੰਗ ਸੈਕਟਰ-88 ਵਿਖੇ ਸੰਸਥਾ ਦੇ ਸਰਪ੍ਰਸਤ ਡਾ. ਦਲੇਰ ਸਿੰਘ ਮੁਲਤਾਨੀ ... ਸਹੂਲਤਾਂ ਅਤੇ ਹਰੇ-ਭਰੇ ਪਾਰਕਾਂ ਤੋਂ ਵਾਂਝੇ ਹੋ ਰਹੇ ਹਨ। ਸੰਸਥਾ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਤੁਰੰਤ ਸਖ਼ਤ ਕਦਮ ਚੁੱਕਦਿਆਂ ਸਰਕਾਰੀ ਜ਼ਮੀਨਾਂ ਅਤੇ ਪਾਰਕਾਂ ਨੂੰ ਕਬਜ਼ਾ-ਮੁਕਤ ਕਰਵਾਏ ਅਤੇ ...



... ਦੀ ਮਿਲੀਭੁਗਤ ਨਾਲ ਕੀਤੇ ਜਾ ਰਹੇ ਹਨ, ਜਦਕਿ ਜ਼ਿੰਮੇਵਾਰ ਅਧਿਕਾਰੀ ਅਤੇ ਸਬੰਧਤ ਏਜੰਸੀਆਂ ਮੂਕ-ਦਰਸ਼ਕ ਬਣ ਕੇ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀਆਂ ਹਨ।ਸੰਸਥਾ ਨੇ ਸਪੱਸ਼ਟ ਕੀਤਾ ਕਿ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਸਰਕਾਰੀ ਜ਼ਮੀਨਾਂ ਦਾ ਵੱਡਾ ਹਿੱਸਾ ਭੂ-ਮਾਫੀਆ ਦੀ ਲਪੇਟ ਵਿੱਚ ਹੈ, ਜਿਸ ਨਾਲ ਆਮ ਲੋਕ ਬੁਨਿਆਦੀ ... ਦੇ ਉਦਯੋਗਪਤੀਆਂ ਅਤੇ ਰੈਜ਼ੀਡੈਂਟਸ ਵੈਲਫੇਅਰ ਐਸੋਸੀਏਸ਼ਨਾਂ ਨੂੰ ਸੌਂਪੀ ਜਾਵੇ ਤਾਂ ਜੋ ਦੁਬਾਰਾ ਕਬਜ਼ੇ ਨਾ ਹੋ ਸਕਣ।ਜੇਕਰ ਪ੍ਰਸ਼ਾਸਨ ਨੇ ਜਲਦ ਠੋਸ ਕਾਰਵਾਈ ਨਾ ਕੀਤੀ ਤਾਂ 'ਪੰਜਾਬ ਅਗੇਂਸਟ ਕੁਰੱਪਸ਼ਨ' ਆਮ ਜਨਤਾ ਨੂੰ ਨਾਲ ਲੈ ਕੇ ਜ਼ਮੀਨੀ ਪੱਧਰ 'ਤੇ ਸ਼ਾਂਤਮਈ ਸੰਘਰਸ਼ ਅਤੇ ਵਿਸ਼ਾਲ ਅੰਦੋਲਨ ਸ਼ੁਰੂ ਕਰਨ ਲਈ ਮਜਬੂਰ ਹੋਵੇਗੀ।

# ਮਹਿੰਗੀ ਸਿੱਖਿਆ, ਬੇਰੁਜ਼ਗਾਰੀ ਵਿਰੁੱਧ ਆਵਾਜ਼ ਬੁਲੰਦ ਕਰੇਗੀ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ



... ਸਕੱਤਰ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਨੇ ਕਿਹਾ ਕਿ ਅੱਜ ਪੰਜਾਬ ਦੀ ਨੌਜਵਾਨੀ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੀ ਹੈ। ਸਿੱਖਿਆ ਮਹਿੰਗੀ ਹੋ ਰਹੀ ਹੈ, ਬੇਰੁਜ਼ਗਾਰੀ ਵਧ ਰਹੀ ਹੈ ਅਤੇ ਨਸ਼ਿਆਂ ਦਾ ਫੈਲਾਅ ਨੌਜਵਾਨਾਂ ਦੇ ਭਵਿੱਖ ਲਈ ਵੱਡਾ ਖ਼ਤਰਾ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਨ੍ਹਾਂ ਮੁੱਦਿਆਂ ਦਾ ਸਥਾਈ ਹੱਲ ਕਰਨ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ।ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਵੱਲੋਂ ਇਨ੍ਹਾਂ ਮੁੱਦਿਆਂ ਨੂੰ ਲੈ ਕੇ ... ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਕਾਮਰੇਡ ਨਿਰਮਲ ਸਹੋਤਾ ਮਲਸੀਆਂ, ਤਹਿਸੀਲ ਸਕੱਤਰ ਤਾਰਾ ਸਿੰਘ ਜੀ ਥਾਮੂਵਾਲ ਸ਼ਾਹਕੋਟ, ਪ੍ਰਿੰਸ ਮਲਸੀਆਂ, ਤਹਿਸੀਲ ਪ੍ਰਧਾਨ ਅਤੇ ਸੁਨੀਲ ਭੈਣੀ, ਤਹਿਸੀਲ ਪ੍ਰਧਾਨ ਮੱਖਣ ਸੰਗਰਾਮੀ ਜਿਲ੍ਹਾ ਕਮੇਟੀ ਫਿਲੌਰ ਕਰਨ , ਰਮਨ ਕੁਮਾਰ, ਸਤਵੀਰ ਸੱਭਰਵਾਲ, ਪਵਨਦੀਪ ਢਿੱਲੋਂ, ਅਭੀ,ਐਲੀ, ਰਣਜੀਤ ਸਿੰਘ ਸਾਰੰਗਵਾਲ, ਨੰਦ ਲਾਲ ਲੋਹੀਆ, ਕੁਲਦੀਪ ਸਿੰਘ ਮਡਲਾਂ ਸਮੇਤ ਹੋਰ ਆਗੂ ਹਾਜ਼ਰ ਸਨ।

# ਸਿੱਖਿਆ ਮੰਤਰੀ ਨੇ ਸਰਕਾਰੀ ਮਿਡਲ ਸਕੂਲ ਦਾ ਕੀਤਾ ਦੌਰਾ

ਨੰਗਲ ਭਲਾਣ (ਹਰਭਜਨ ਸਿੰਘ ਢਿੱਲੋਂ)-ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਵਿਧਾਇਕ ਅਤੇ ਪੰਜਾਬ ਸਰਕਾਰ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਰਕਾਰੀ ਮਿਡਲ ਸਕੂਲ ਅਜੋਲੀ ਦਾ ਦੌਰਾ ਕਰਕੇ ਸਕੂਲ ਵਿੱਚ ਚੱਲ ਰਹੀਆਂ ਵਿਦਿਅਕ ਅਤੇ ਹੋਰ ਗਤੀਵਿਧੀਆਂ



ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਨੇ ਸਕੂਲ ਦੀਆਂ ਵੱਖ-ਵੱਖ ਕਲਾਸਾਂ ਵਿੱਚ ਜਾ ਕੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀ ਪੜ੍ਹਾਈ ਸਬੰਧੀ ਜਾਣਕਾਰੀ ਹਾਸਲ ਕੀਤੀ। ਸਿੱਖਿਆ ਮੰਤਰੀ ਨੇ ਵਿਦਿਆਰਥੀਆਂ ਨੂੰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ ਅਤੇ ਅਧਿਆਪਕਾਂ ਵੱਲੋਂ ਕਰਵਾਈ ਜਾ ਰਹੀ ਪੜ੍ਹਾਈ ਬਾਰੇ ਵੀ ਜਾਣਕਾਰੀ ਲਈ। ਸਕੂਲ ਦੌਰੇ ਦੌਰਾਨ ਬੈਂਸ ਨੇ ਸਕੂਲ ਦੇ ਕਮਰਿਆਂ, ਸਿੱਖਿਆ ਪ੍ਰਬੰਧਾਂ ਅਤੇ ਵਿਦਿਆਰਥੀਆਂ ਲਈ ਉਪਲੱਬਧ ਸਹੂਲਤਾਂ ਦਾ ਵੀ ਨਿਰੀਖਣ ਕੀਤਾ। ਉਨ੍ਹਾਂ ਨੇ ਕਲਾਸਾਂ ਵਿੱਚ ਵਿਦਿਆਰਥੀਆਂ ਨਾਲ ਸਿੱਧਾ ਸੰਵਾਦ ਕਰਦਿਆਂ ਉਨ੍ਹਾਂ ਦੀਆਂ ਮੁਸ਼ਕਲਾਂ ਅਤੇ ਲੋੜਾਂ ਬਾਰੇ ਪੁੱਛਿਆ।ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਕੂਲ ਪ੍ਰਬੰਧਕਾਂ ਅਤੇ ਅਧਿਆਪਕਾਂ ਨੂੰ ਭਰੋਸਾ ਦਿਵਾਇਆ ਕਿ ਸਕੂਲ ਵਿੱਚ ਜਿਹੜੇ ਵੀ ਕੰਮ ਜਾਂ ਲੋੜਾਂ ਅਜੇ ਬਾਕੀ ਹਨ, ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਕੂਲ ਦੇ ਵਿਕਾਸ ਅਤੇ ਵਿਦਿਆਰਥੀਆਂ ਦੀ ਸਹੂਲਤ ਨਾਲ ਜੁੜੇ ਕੰਮਾਂ ਵਿੱਚ ਕਿਸੇ ਕਿਸਮ ਦੀ ਦੇਰੀ ਨਹੀਂ ਹੋਣ ਦਿੱਤੀ ਜਾਵੇਗੀ।ਇਸ ਮੌਕੇ ਡਾ.ਸੁਮਿਤ ਕੁਮਾਰ ਢਿੱਲੋਂ ਤਹਿਸੀਲਦਾਰ, ਸਰਪੰਚ ਤਿਲਕ ਰਾਜ, ਬੂਥ ਇੰਚਾਰਜ ਯੁਗੇਸ਼, ਕਰਮ ਚੰਦ, ਕਰਮ ਸਿੰਘ, ਓਂਕਾਰ ਚੰਦ ਪੰਚ, ਰੇਨੂ ਪੰਚ, ਨੀਲਮ, ਮਮਤਾ, ਸਨੇਹ, ਬੀ ਸੀ ਵਿੰਗ ਸੈਕਟਰੀ ਰਾਕੇਸ਼ ਕੁਮਾਰ, ਸਾਬਕਾ ਪੰਚ ਕਿਸ਼ਨ ਚੰਦ, ਧਰਮ ਦਾਸ, ਤਰਸੇਮ ਲਾਲ, ਗੋਪਾਲ ਕ੍ਰਿਸ਼ਨ, ਬਚਨ ਸਿੰਘ ਹਾਜ਼ਰ ਸਨ। ਸਕੂਲ ਦੌਰੇ ਦੌਰਾਨ ਬੈਂਸ ਨੇ ਸਕੂਲ ਦੇ ਕਮਰਿਆਂ, ਸਿੱਖਿਆ ਪ੍ਰਬੰਧਾਂ ਅਤੇ ਵਿਦਿਆਰਥੀਆਂ ਲਈ ਉਪਲੱਬਧ ਸਹੂਲਤਾਂ ਦਾ ਵੀ ਨਿਰੀਖਣ ਕੀਤਾ ਇਸ ਮੌਕੇ ਡਾ.ਸੁਮਿਤ ਕੁਮਾਰ ਢਿੱਲੋਂ ਤਹਿਸੀਲਦਾਰ, ਸਰਪੰਚ ਤਿਲਕ ਰਾਜ, ਬੂਥ ਇੰਚਾਰਜ ਯੁਗੇਸ਼, ਕਰਮ ਚੰਦ, ਕਰਮ ਸਿੰਘ, ਓਂਕਾਰ ਚੰਦ ਪੰਚ, ਰੇਨੂ ਪੰਚ, ਨੀਲਮ, ਮਮਤਾ, ਸਨੇਹ, ਬੀਸੀ ਵਿੰਗ ਸੈਕਟਰੀ ਰਾਕੇਸ਼ ਕੁਮਾਰ, ਸਾਬਕਾ ਪੰਚ ਕਿਸ਼ਨ ਚੰਦ, ਧਰਮ ਦਾਸ, ਤਰਸੇਮ ਲਾਲ, ਗੋਪਾਲ ਕ੍ਰਿਸ਼ਨ, ਬਚਨ ਸਿੰਘ ਹਾਜ਼ਰ ਸਨ।

# 10 ਦਿਨਾਂ ਤੋਂ ਲਾਪਤਾ ਨੀਰਜ ਦਾ ਪੁਲਸ ਕੋਈ ਸੁਰਾਗ ਨਹੀਂ ਲਗਾ ਸਕੀ


ਜਲੰਧਰ (ਸੁਰਿੰਦਰ ਕੁਮਾਰ)- ਅਲਾਵਲਪੁਰ ਵਿੱਚ ਸਥਿਤ ਇੱਕ ਚੱਪਲਾਂ ਦੀ ਫੈਕਟਰੀ ਵਿੱਚ ਕੰਮ ਕਰਨ ਵਾਲਾ ਮਜ਼ਦੂਰ ਨੀਰਜ 15 ਅਗਸਤ ਨੂੰ ਜਲੰਧਰ ਤੋਂ ਹਰਿਆਣਾ ਆਪਣੇ ਪਿੰਡ ਮਾਲੀ ਖੇੜਾ ਜਾਣ ਲਈ ਬੱਸ ਵਿੱਚ ਸਵਾਰ ਹੋਇਆ ਪਰ ਦਸ ਬੀਤ ਜਾਣ ਬਾਅਦ ਨਹੀਂ ਪੁਹੰਚਿਆ। ਪਰਵਾਰ ਉਸਦੀ ਸਲਾਮਤੀ ਨੂੰ ਲੈ ਕੇ ਚਿੰਤਾ ਵਿੱਚ ਡੁੱਬਿਆ ਹੈ। ਪਿਤਾ



ਪ੍ਰਿਥੀਪਾਲ ਨੇ ਜਲੰਧਰ ਦੀ ਬੱਸ ਸਟੈਂਡ ਇਲਾਕੇ ਦੀ ਪੁਲਸ ਡਵੀਜਨ ਨੰਬਰ 6 ਵਿੱਚ ਸ਼ਿਕਾਇਤ ਦਰਜ ਕਰਵਾਈ ਹੈ। ਪੁਲਸ ਹੁਣ ਤੱਕ ਲਾਪਤਾ ਹੋਏ ਨੀਰਜ ਦਾ ਕੋਈ ਸੁਰਾਗ ਨਹੀਂ ਲਗਾ ਸਕੀ। ਇਸ ਸੰਬੰਧ ਵਿੱਚ ਓਮ ਸ਼ਿਵਾਏ ਚੱਪਲਾਂ ਦੀ ਫੈਕਟਰੀ ਦੇ ਮਾਲਿਕ ਮਨੋਹਰ ਅਗਰਵਾਲ ਆਨੀਸ਼ ਅਗਰਵਾਲ ਨਿਤਿਨ ਅਗਰਵਾਲ ਨੇ ਜਾਣਕਾਰੀ ਦੇਦਿਆ ਦੱਸਿਆ ਕਿ ਉਨ੍ਹਾ ਦੀ ਚੱਪਲਾ ਦੀ ਫੈਕਟਰੀ ਵਿੱਚ ਨੀਰਜ ਪੁੱਤਰ ਪ੍ਰਿਥੀ ਮਨ ਪਿਛੱਲੇ ਕਈ ਮਹੀਨਿਆ ਤੋ ਕੰਮ ਕਰਦਾ ਸੀ ਤੇ ਕਿਸ਼ਨਗੜ੍ਹ ਅਲਾਵਲਪੁਰ ਰੋਡ ਤੇ ਪੈਦੇ ਪਿੰਡ ਦੌਲਤਪੁਰ ਵਿੱਚ ਕਿਰਾਏ ਦੇ ਕਮਰੇ ਵਿੱਚ ਰਹਿੰਦਾ ਸੀ। । ਬੀਤੀ 15 ਅਗਸਤ ਨੂੰ ਉਹ ਆਪਣੇ ਜੱਦੀ ਪਿੰਡ ਮਾਲੀ ਖੇੜਾ ਜਾਣ ਲਈ ਦੁਪਹਿਰ ਦੇ 1 ਵੱਜ ਕੇ 30 ਮਿੰਟ ਤੇ ਜਲੰਧਰ ਦੇ ਬੱਸ ਸਟੈਂਡ ਤੇ ਉਸਦੇ ਦੋ ਦੋਸਤ ਉਸਨੂੰ ਬੱਸ ਤੇ ਸਵਾਰ ਕਰਵਾਏ ਆਏ ਸਨ। ਉਹ ਆਪਣੇ ਪਿੰਡ ਨਹੀਂ ਪੁਹੰਚਿਆ ਜਿਸ ਤੋ ਬਾਅਦ ਉਸਦੇ ਪਿੱਤਾ ਨੇ ਫੈਕਟਰੀ ਮਾਲਿਕਾਂ ਨੂੰ ਇਸ ਦੀ ਸੂਚਨਾ ਦਿੱਤੀ । ਨੀਰਜ ਦੇ ਪਿਤਾ ਪ੍ਰਿਥੀਮਾਨ ਖੁਦ ਜਲੰਧਰ ਪੁਹੰਚੇ ਤੇ ਉਸ ਨੇ ਫੈਕਟਰੀ ਮਾਲਿਕਾ ਦੀ ਮਦੱਦ ਨਾਲ ਉਸ ਦੀ ਤਲਾਸ਼ ਕੀਤੀ ਪਰ ਉਹ ਨਹੀ ਲੱਭਿਆ ਤਾ ਨੀਰਜ ਤੇ ਪਿਤਾਂ ਪ੍ਰਿਥੀਮਾਨ ਜਲੰਧਰ ਕਮਿਸ਼ਨਰੇਟ ਥਾਣਾ ਨੰਬਰ 6 ਵਿੱਚ ਆਪਣੇ ਪੁੱਤਰ ਨੂੰ ਤਲਾਸ਼ ਕਰਨ ਲਈ ਰਿਪੋਟ ਦਰਜ ਕਰਵਾਈ ਇਸ ਤੇ ਕਾਰਵਾਈ ਕਰਦਿਆ ਐਸ ਆਈ ਦਿਲਬਾਗ ਸਿੰਘ ਨੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

# ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਸਹੁੰ ਚੁੱਕ ਸਮਾਗਮ

ਸੁਲਤਾਨਪੁਰ ਲੋਧੀ (ਹਨੀ)-ਐਸ ਡੀ ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਵਿਖੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਦੇ ਉਦੇਸ਼ ਨਾਲ 'ਨਸ਼ਾ ਮੁਕਤ ਭਾਰਤ ਅਭਿਆਨ' ਤਹਿਤ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ।ਇਹ ਸਮਾਗਮ ਕਾਲਜ ਦੀ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਹੇਠ ਐੱਨ ਐੱਸ ਐੱਸ ਵਿਭਾਗ, ਈਕੋ ਕਲੱਬ ਅਤੇ ਰੈੱਡ ਰਿਬਨ



ਕਲੱਬ ਵੱਲੋਂ ਆਯੋਜਿਤ ਕੀਤਾ ਗਿਆ। ਇਸ ਮੌਕੇ ਵਿਦਿਆਰਥਣਾਂ ਨੇ ਇਕੱਠੇ ਹੋ ਕੇ ਨਸ਼ਿਆਂ ਦੇ ਹਰ ਰੂਪ ਤੋਂ ਦੂਰ ਰਹਿਣ, ਆਪਣੇ ਪਰਵਾਰ ਅਤੇ ਸਮਾਜ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਬਚਾਉਣ ਅਤੇ ਨਸ਼ਾ ਮੁਕਤ ਭਾਰਤ ਦੇ ਨਿਰਮਾਣ ਵਿੱਚ ਆਪਣਾ ਯੋਗਦਾਨ ਪਾਉਣ ਦੀ ਸਹੁੰ ਚੁੱਕੀ। ਵਿਦਿਆਰਥਣਾਂ ਨੇ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣ ਅਤੇ ਆਪਣੇ ਆਲੇ-ਦੁਆਲੇ ਦੇ ਨੌਜਵਾਨਾਂ ਨੂੰ ਵੀ ਇਸ ਮੁਹਿੰਮ ਨਾਲ ਜੋੜਨ ਦਾ ਸੰਕਲਪ ਲਿਆ। ਸਮਾਗਮ ਦੌਰਾਨ ਵਿਦਿਆਰਥਣਾਂ ਨੂੰ ਨਸ਼ਿਆਂ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਨੁਕਸਾਨਾਂ ਬਾਰੇ ਜਾਗਰੂਕ ਕਰਦਿਆਂ ਸਿਹਤਮੰਦ ਅਤੇ ਨਸ਼ਾ ਮੁਕਤ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ। ਵਿਦਿਆਰਥਣਾਂ ਦੀ ਸਰਗਰਮ ਭਾਗੀਦਾਰੀ ਨੇ ਸਮਾਗਮ ਨੂੰ ਪ੍ਰਭਾਵਸ਼ਾਲੀ ਅਤੇ ਪ੍ਰੇਰਨਾਦਾਇਕ ਬਣਾਇਆ।

ਇਸ ਮੌਕੇ ਐਨ.ਐਸ.ਐਸ. ਵਿਭਾਗ, ਈਕੋ ਕਲੱਬ ਅਤੇ ਰੈੱਡ ਰਿਬਨ ਕਲੱਬ ਦੀ ਇੰਚਾਰਜ ਸੁਨੀਤਾ ਕਲੇਰ ਨੇ ਵਿਦਿਆਰਥਣਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਰਹਿਣ ਅਤੇ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਲਈ ਪ੍ਰੇਰਿਤ ਕੀਤਾ।

# ਡਾਕਟਰ ਅੰਬੇਡਕਰ ਮਹਾਨ ਤਰਕਸ਼ੀਲ ਤੇ ਮਾਨਵਤਾਵਾਦੀ ਸਨ : ਪ੍ਰੋ. ਬਲਬੀਰ

ਜਲੰਧਰ (ਰਾਜੇਸ਼ ਥਾਪਾ)-ਅੰਬੇਡਕਰ ਮਿਸ਼ਨ ਸੋਸਾਇਟੀ (ਰਜਿ.) ਪੰਜਾਬ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈੱਸ ਨੋਟ ਜਾਰੀ ਕਰਕੇ ਕਿਹਾ ਕਿ ਸੁਸਾਇਟੀ ਦੀ ਕਾਰਜਕਾਰੀ ਕਮੇਟੀ ਦੀ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਪ੍ਰੋਫੈਸਰ ਬਲਬੀਰ ਦੀ ਪ੍ਰਧਾਨਗੀ ਹੇਠ ਜਲੰਧਰ ਦੇ ਡਾ. ਅੰਬੇਡਕਰ ਮਾਰਗ 'ਤੇ ਅੰਬੇਡਕਰ ਭਵਨ ਵਿਖੇ ਹੋਈ। ਮੀਟਿੰਗ ਵਿੱਚ ਅੰਬੇਡਕਰ ਮਿਸ਼ਨ ਸੁਸਾਇਟੀ ਵੱਲੋਂ 'ਡਾ. ਅੰਬੇਡਕਰ ਦੇ ਸੰਦਰਭ ਵਿੱਚ ਭਾਰਤੀ ਅਰਥਵਿਵਸਥਾ ਦੀ ਮੌਜੂਦਾ ਸਥਿਤੀ' ਵਿਸ਼ੇ 'ਤੇ ਆਯੋਜਿਤ ਪਿਛਲੇ ਸੈਮੀਨਾਰ ਦੀ ਸਮੀਖਿਆ ਕੀਤੀ ਗਈ। ਮੀਟਿੰਗ ਵਿੱਚ ਮੌਜੂਦ ਸਾਰਿਆਂ ਨੇ ਡਾ. ਸੁੱਚਾ ਸਿੰਘ ਗਿੱਲ ਅਤੇ ਸਾਬਕਾ ਪ੍ਰਿੰਸੀਪਲ ਡਾ. ਕੁਲਵੰਤ ਸਿੰਘ ਫੁੱਲ ਦੇ ਭਾਸ਼ਣਾਂ ਦੀ ਪ੍ਰਸ਼ੰਸਾ ਕੀਤੀ। ਸੀਨੀਅਰ ਪੱਤਰਕਾਰ ਸਤਨਾਮ ਸਿੰਘ ਮਾਣਕ ਦੇ ਵਿਚਾਰਾਂ ਦੀ ਵੀ ਸ਼ਲਾਘਾ ਕੀਤੀ ਗਈ। ਸਾਰੇ ਇਸ ਗੱਲ 'ਤੇ ਸਹਿਮਤ ਸਨ ਕਿ ਸੈਮੀਨਾਰ ਪ੍ਰੋਗਰਾਮ ਕੁੱਲ ਮਿਲਾ ਕੇ ਚੰਗਾ ਸੀ। ਮਿਸ਼ਨ ਸੋਸਾਇਟੀ ਨੇ 23 ਅਗਸਤ ਤੋਂ 28 ਅਗਸਤ ਤੱਕ ਬਿਹਾਰ ਦੇ ਮੁੱਖ ਮੰਤਰੀ ਦੇ ਪਟਨਾ ਸਥਿਤ ਨਿਵਾਸ 'ਤੇ ਮਹਾਬੋਧੀ ਮਹਾਂਵਿਹਾਰ ਮੁਕਤੀ ਅੰਦੋਲਨ ਸਮਿਤੀ ਦੁਆਰਾ ਆਯੋਜਿਤ ਭੁੱਖ ਹੜਤਾਲ ਦਾ ਸਮਰਥਨ ਕੀਤਾ, ਜਿਸ ਵਿੱਚ ਬੀ ਟੀ ਐਕਟ 1949 ਨੂੰ ਰੱਦ ਕਰਨ ਅਤੇ ਬੋਧਗਯਾ ਵਿੱਚ ਮਹਾਬੋਧੀ ਮਹਾਂਵਿਹਾਰ ਦਾ ਕੰਟਰੋਲ ਸਿਰਫ਼ ਬੋਧੀਆਂ ਨੂੰ ਸੌਂਪਣ ਦੀ ਮੰਗ ਕੀਤੀ ਗਈ। ਪ੍ਰੋਫੈਸਰ ਬਲਬੀਰ ਨੇ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਇੱਕ ਮਹਾਨ ਤਰਕਸ਼ੀਲ ਅਤੇ ਮਾਨਵਤਾਵਾਦੀ ਸਨ ਜਿਨ੍ਹਾਂ ਨੇ ਹਮੇਸ਼ਾ ਅੰਧਵਿਸ਼ਵਾਸ ਅਤੇ ਅਸਮਾਨਤਾ ਉੱਤੇ ਤਰਕ, ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਨੂੰ ਤਰਜੀਹ ਦਿੱਤੀ। 'ਤਰਕਸ਼ੀਲ ਸੁਸਾਇਟੀ ਪੰਜਾਬ' ਦੇ



ਅਹੁਦੇਦਾਰਾਂ ਨੇ ਵੀ ਸੁਸਾਇਟੀ ਦੀ ਮੀਟਿੰਗ ਵਿੱਚ ਹਿੱਸਾ ਲਿਆ ਤੇ ਲੋਕਾਂ ਨੂੰ ਮਾਨਸਿਕ ਬਿਮਾਰੀਆਂ ਅਤੇ ਅੰਧਵਿਸ਼ਵਾਸਾਂ ਤੋਂ ਮੁਕਤ ਕਰਨ ਲਈ ਕੀਤੇ ਜਾ ਰਹੇ ਆਪਣੇ ਕੰਮਾਂ ਬਾਰੇ ਦੱਸਿਆ।ਇਸ ਮੌਕੇ ਸਰਬ ਚਰਨ ਦਾਸ ਸੰਧੂ, ਡਾ. ਜੀ ਸੀ ਕੌਲ, ਕਮਲ ਕੁਮਾਰ, ਡਾ. ਕੁਲਵੰਤ ਸਿੰਘ ਫੁੱਲ, ਜਸਵਿੰਦਰ ਵਰਿਆਣਾ, ਤਿਲਕ ਰਾਜ, ਡਾ: ਮਹਿੰਦਰ ਸੰਧੂ, ਮਨਜੀਤ ਸਿੰਘ, ਪ੍ਰਿੰਸੀਪਲ ਪਰਮਜੀਤ ਜੱਸਲ, ਐਡਵੋਕੇਟ ਹਰਭਜਨ ਸਾਂਪਲਾ, ਸੋਹਨ ਲਾਲ, ਸੂਰਜ ਵਿਰਦੀ, ਜਗਦੀਸ਼ ਡਾਲੀਆ, ਓਮ ਪ੍ਰਕਾਸ਼, ਪਰਮਜੀਤ ਸਿੰਘ, ਜਰਨੈਲ ਸਿੰਘ, ਵਿਜੇ ਰਾਹੀ ਆਦਿ ਹਾਜ਼ਰ ਸਨ।

# ਸੇਂਟ ਮਨੂਜ਼ ਕਾਨਵੈਂਟ ਸਕੂਲ ਵਿਖੇ ਤੀਆਂ ਦਾ ਤਿਉਹਾਰ ਮਨਾਇਆ

ਸ਼ਾਹਕੋਟ (ਅਮਨਦੀਪ ਸੈਦਪੁਰੀ)-'ਕੋਈ ਸਮਾਂ ਸੀ ਜਦ ਤੀਆਂ ਦਾ ਤਿਉਹਾਰ ਪਿੰਡਾਂ ਦੀਆਂ ਸੱਥਾਂ ਅਤੇ ਬੋਹੜ ਦੇ ਦਰਖਤਾਂ ਦੀ ਛਾਵੇਂ ਪੀਘਾਂ ਪਾ ਕੇ ਮਨਾਏ ਜਾਂਦੇ ਸਨ। ਅੱਜ ਇਹੀ ਤਿਉਹਾਰ ਸਕੂਲਾਂ, ਕਾਲਜਾਂ, ਵੱਡੇ ਵੱਡੇ ਹੋਟਲਾਂ, ਪੱਬਾਂ ਅਤੇ ਕਲੱਬਾਂ ਵਿੱਚ ਬੜੀ ਸ਼ਾਨੋ ਸ਼ੌਕਤ ਦੇ ਨਾਲ ਮਨਾਏ ਜਾਂਦੇ ਹਨ'। ਉਕਤ ਵਿਚਾਰਾਂ ਦਾ ਪ੍ਰਗਟਾਵਾ ਸਾਬਕਾ ਮੁੱਖ ਮੰਤਰੀ ਅਤੇ ਮੈਂਬਰ ਪਾਰਲੀਮੈਂਟ ਜਲੰਧਰ ਚਰਨਜੀਤ ਸਿੰਘ ਚੰਨੀ ਦੀ ਸੁਪਤਨੀ ਡਾ. ਕਮਲਜੀਤ ਕੌਰ ਨੇ ਸ਼ਾਹਕੋਟ ਵਿਖੇ ਸਥਿਤ ਸੈਂਟ ਮਨੂੰਜ਼ ਕਾਨਵੈਂਟ ਸਕੂਲ ਵਿਖੇ ਮਨਾਏ ਗਏ ਤੀਆਂ ਦੇ ਤਿਉਹਾਰ ਮੌਕੇ ਸਕੂਲ ਮੈਨੇਜਮੈਂਟ ਕਮੇਟੀ,





ਵਿਦਿਆਰਥੀਆਂ ਅਤੇ ਹੋਰ ਪਤਵੰਤਿਆਂ ਨੂੰ ਸੰਬੋਧਨ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਉਹ ਕਿਸੇ ਸਿਆਸੀ ਜਾਂ ਸਮਾਜਿਕ ਸਮਾਗਮਾਂ ਦਾ ਬਹੁਤ ਘੱਟ ਹਿੱਸਾ ਬਣਦੇ ਹਨ। ਉਹਨਾਂ ਸਕੂਲ ਮੈਨੇਜਮੈਂਟ ਕਮੇਟੀ, ਸਮੂਹ ਸਟਾਫ ਅਤੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ। ਇਸ ਤੋਂ ਪਹਿਲਾਂ ਪ੍ਰਿੰਸੀਪਲ ਅਤੇ ਸਮੂਹ ਸਟਾਫ ਵੱਲੋਂ ਡਾ. ਕਮਲਜੀਤ ਕੌਰ ਅਤੇ ਉਹਨਾਂ ਦੇ ਨਾਲ ਆਏ ਹੋਰ ਵਿਸ਼ੇਸ਼ ਮਹਿਮਾਨਾਂ ਦਾ ਗਰਮ ਜੋਸ਼ੀ ਦੇ ਨਾਲ ਸਵਾਗਤ ਕੀਤਾ ਗਿਆ। ਮੁੱਖ ਮਹਿਮਾਨ ਡਾ. ਕਮਲਜੀਤ ਕੌਰ, ਵਿਸ਼ੇਸ਼ ਮਹਿਮਾਨ ਜਸਵਿੰਦਰ ਕੌਰ ਖੈਹਿਰਾ, ਮਨਵੀਰ ਕੌਰ ਖੈਹਿਰਾ, ਅਤੇ ਪ੍ਰਦੀਪ ਕੌਰ ਖੈਹਿਰਾ ਨੂੰ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਢੋਲ ਦੇ ਡਗੇ ਦੇ ਨਾਲ ਬੋਲੀਆਂ ਪਾ ਕੇ ਆਡੀਟੋਰੀਅਮ ਹਾਲ ਤੱਕ ਲਿਜਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸ਼ਮਾ ਰੌਸ਼ਨ ਕਰਕੇ ਕੀਤੀ ਗਈ। ਪ੍ਰਿੰਸੀਪਲ ਰੀਤੂ ਪਾਠਕ ਵੱਲੋਂ ਮੁੱਖ ਮਹਿਮਾਨ ਅਤੇ ਆਏ ਹੋਏ ਹੋਰ ਮਹਿਮਾਨਾਂ ਨੂੰ ਜੀ ਆਇਆ ਆਖਿਆ ਗਿਆ। ਉਹਨਾਂ ਨੇ ਆਪਣੇ ਸੰਬੋਧਨ ਦੌਰਾਨ ਮੁੱਖ ਮਹਿਮਾਨ ਨੂੰ ਦੱਸਿਆ ਕਿ ਉਨ੍ਹਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਵਿਦਿਆਰਥੀ ਸਿਰਫ ਕਿਤਾਬ ਗਿਆਨ ਤੱਕ ਹੀ ਸੀਮਤ ਨਾ ਰਹਿਣ ਸਗੋਂ ਉਨ੍ਹਾਂ ਨੂੰ ਹੋਰ ਗਤੀਵਿਧੀਆਂ ਅਤੇ ਪੰਜਾਬੀ ਸੱਭਿਆਚਾਰ ਨਾਲ ਵੀ ਜੋੜਿਆ ਜਾਂਦਾ ਹੈ।

ਇਸ ਉਪਰੰਤ ਐਲ ਕੇ ਜੀ ਦੀਆਂ ਛੋਟੀਆਂ ਛੋਟੀਆਂ ਬੱਚੀਆਂ ਨੇ ਪੰਜਾਬੀ ਪਹਿਰਾਵਾ ਪਹਿਨ ਕੇ ਡਾਂਸ ਕੀਤਾ ਤਾਂ ਸਮਾਗਮ ਹੋਰ ਰੌਣਕੀਲਾ ਬਣਾ ਗਿਆ। ਸਕੂਲ ਮੈਨੇਜਮੈਂਟ ਕਮੇਟੀ ਦੇ ਸਕੱਤਰ ਸਲੈਕਸ਼ਨ ਜਿੰਦਲ ਨੇ ਆਪਣੇ ਸੰਬੋਧਨ ਵਿੱਚ ਜਿੱਥੇ ਡਾ. ਕਮਲਜੀਤ ਕੌਰ ਨੂੰ ਜੀ ਆਇਆ ਆਖਿਆ, ਉੱਥੇ ਸਾਬਕਾ ਮੁੱਖ ਮੰਤਰੀ ਅਤੇ ਮੈਂਬਰ ਪਾਰਲੀਮੈਂਟ ਚਰਨਜੀਤ ਸਿੰਘ ਚੰਨੀ ਦੀ ਵਿਦਿਅਕ ਯੋਗਤਾ 'ਤੇ ਵੀ ਚਾਨਣਾ ਪਾਇਆ। ਉਹਨਾਂ ਕਿਹਾ ਜੇ ਅੱਜ ਡਾ. ਕਮਲਜੀਤ ਕੌਰ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਹਨ ਤਾਂ ਇਸ ਦਾ ਸਿਹਰਾ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੂੰ ਜਾਂਦਾ ਹੈ। ਸ਼ੇਰੋਵਾਲੀਆ ਵੱਲੋਂ ਸਾਡੇ ਸਕੂਲ ਲਈ ਹਰ ਸੰਭਵ ਮਦਦ ਕੀਤੀ ਜਾਂਦੀ ਹੈ। ਅੰਤ ਵਿੱਚ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਗਿੱਧੇ ਦੀ ਪੇਸ਼ਕਾਰੀ ਦੇ ਨਾਲ ਸਮਾਗਮ ਦੀ ਸਮਾਪਤੀ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਸੇਮ ਅੱਗਰਵਾਲ ਸੀ.ਏ, ਅਸ਼ੋਕ ਜੈਨ ਪ੍ਰਧਾਨ, ਚੰਦਰ ਮੋਹਨ ਫ਼ਾਈਨਸ ਸੈਕਟਰੀ ਸੁਖਦੀਪ, ਸਿੰਘ ਕੰਗ ਪੀਏ, ਅਮਰਜੀਤ ਕੌਰ ਥਿੰਦ, ਪਰਮਜੀਤ ਕੌਰ ਬਜਾਜ ਸਾਬਕਾ ਵਾਈਸ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ ਅਤੇ ਮੈਂਬਰ ਨਗਰ ਪੰਚਾਇਤ ਸ਼ਾਹਕੋਟ, ਕੁਲਦੀਪ ਕੌਰ ਕੰਗ, ਸਵੀਨਾ ਕੁਮਰਾ, ਵੰਦਨਾ ਮਿੱਤਲ, ਕਰੁਣਾ ਜਿੰਦਲ (ਤਿੰਨੋ ਮੈਂਬਰ ਨਗਰ ਪੰਚਾਇਤ ਸ਼ਾਹਕੋਟ), ਪਵਨਦੀਪ ਕੌਰ ਸਰਪੰਚ ਕਿਲੀ, ਅਮਰਜੀਤ ਕੌਰ ਸਚਦੇਵਾ ਪ੍ਰਧਾਨ ਮਹਿਲਾ ਕਾਂਗਰਸ, ਕੰਵਲਜੀਤ ਕੌਰ ਬੱਠਲਾ, ਸੁਖਜੀਤ ਕੌਰ ਪ੍ਰਧਾਨ ਮਹਿਲਾ ਮੰਡਲ, ਕੁਲਵਿੰਦਰ ਕੌਰ, ਅਮਨਪ੍ਰੀਤ ਕੌਰ ਬਜਾਜ, ਪ੍ਰਦੀਪ ਕੁਮਾਰ, ਸੰਨੀ ਪੁਰੀ ਆਦਿ ਮੌਜੂਦ ਸਨ। ਸਟੇਜ ਸਕੱਤਰ ਦੀ ਭੂਮਿਕਾ ਮੈਡਮ ਕਰਮਜੀਤ ਕੌਰ ਤੇ ਸਕੂਲ ਦੀਆਂ ਵਿਦਿਆਰਥਣਾਂ ਚਾਹਨਾ ਅਤੇ ਮਨਵੀਰ ਨੇ ਬਾਖੂਬੀ ਨਿਭਾਏ।

# ਦਾਤਰ ਸਮੇਤ ਦੋ ਲੁਟੇਰੇ ਕਾਬੂ

ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)- ਕਪੂਰਥਲਾ ਦੇ ਪਿੰਡ ਖੈੜਾ ਤੋਂ ਮੁਰਾਦਪੁਰ ਰੋਡ 'ਤੇ ਕਾਲੀ ਵੇਈ ਨੇੜੇ ਲੁੱਟ ਦੀ ਵੱਡੀ ਵਾਰਦਾਤ ਨੂੰ ਪਿੰਡ ਵਾਸੀਆਂ ਨੇ ਨਾਕਾਮ ਕਰ ਦਿੱਤਾ। ਦਾਤਰ ਲੈ ਕੇ ਬਿਨਾਂ ਨੰਬਰ ਵਾਲੇ ਮੋਟਰਸਾਈਕਲ 'ਤੇ ਘੁੰਮ



ਰਹੇ ਤਿੰਨ ਸ਼ੱਕੀ ਨੌਜਵਾਨਾਂ 'ਚੋਂ ਦੋ ਨੂੰ ਪਿੰਡ ਵਾਸੀਆਂ ਨੇ ਕਾਬੂ ਕਰ ਲਿਆ, ਜਦਕਿ ਇੱਕ ਮੌਕੇ ਤੋਂ ਫਰਾਰ ਹੋ ਗਿਆ। ਸ਼ੱਕੀਆਂ ਕੋਲੋਂ ਦਾਤਰ ਅਤੇ ਬਿਨਾਂ ਨੰਬਰ ਵਾਲਾ ਮੋਟਰਸਾਈਕਲ ਬਰਾਮਦ ਹੋਣ ਦੀ ਗੱਲ ਸਾਹਮਣੇ ਆਈ ਹੈ।ਮੁੱਢਲੀ ਜਾਣਕਾਰੀ ਮੁਤਾਬਕ, ਤਿੰਨੋਂ ਸ਼ੱਕੀ ਨੌਜਵਾਨਾਂ ਨੇ ਰਸਤੇ ਵਿੱਚ ਜਾ ਰਹੇ ਬਜ਼ੁਰਗ ਜਗੀਰ ਸਿੰਘ ਨੂੰ ਘੇਰ ਕੇ ਉਸ ਕੋਲੋਂ ਮੋਬਾਈਲ ਫੋਨ ਅਤੇ ਨਕਦੀ ਖੋਹ ਲਈ। ਪੀੜਤ ਮੁਤਾਬਕ, ਲੁੱਟ ਤੋਂ ਬਾਅਦ ਕਥਿਤ ਤੌਰ 'ਤੇ ਉਸ ਨਾਲ ਕੁੱਟਮਾਰ ਕਰਨ ਦੀ ਧਮਕੀ ਵੀ ਦਿੱਤੀ ਗਈ।ਇਸੇ ਦੌਰਾਨ ਪਿੱਛੋਂ ਆ ਰਹੇ ਕੁਝ ਨੌਜਵਾਨਾਂ ਨੇ ਹਿੰਮਤ ਦਿਖਾਉਂਦਿਆਂ ਤਿੰਨਾਂ ਨੂੰ ਘੇਰ ਲਿਆ। ਲੋਕਾਂ ਨੇ ਦੋ ਸ਼ੱਕੀ ਨੌਜਵਾਨਾਂ ਨੂੰ ਕਾਬੂ ਕਰ ਲਿਆ, ਜਦਕਿ ਤੀਜਾ ਮੌਕੇ ਤੋਂ ਫਰਾਰ ਹੋਣ ਵਿੱਚ ਕਾਮਯਾਬ ਹੋ ਗਿਆ। ਕਾਬੂ ਕੀਤੇ ਨੌਜਵਾਨਾਂ ਦੀ ਲੋਕਾਂ ਵੱਲੋਂ ਕੁੱਟਮਾਰ ਕੀਤੇ ਜਾਣ ਦੀ ਵੀ ਗੱਲ ਸਾਹਮਣੇ ਆਈ ਹੈ। ਇਸ ਦੌਰਾਨ ਇੱਕ ਹੋਰ ਬਜ਼ੁਰਗ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਲਾਕੇ ਵਿੱਚ ਲੁੱਟ ਦੀਆਂ ਪਿਛਲੀਆਂ ਘਟਨਾਵਾਂ ਬਾਰੇ ਵੀ ਗੰਭੀਰ ਦਾਅਵਾ ਕੀਤਾ। ਬਜ਼ੁਰਗ ਮੁਤਾਬਕ, ਕੁਝ ਦਿਨ ਪਹਿਲਾਂ ਉਹ ਆਪਣੀ ਪਤਨੀ ਨਾਲ ਜਾ ਰਿਹਾ ਸੀ, ਤਾਂ ਕਥਿਤ ਲੁਟੇਰਿਆਂ ਨੇ ਉਨ੍ਹਾਂ ਨੂੰ ਘੇਰ ਕੇ ਨਕਦੀ ਅਤੇ ਹੋਰ ਸਾਮਾਨ ਲੁੱਟ ਲਿਆ। ਬਜ਼ੁਰਗ ਨੇ ਦੱਸਿਆ ਕਿ ਉਸ ਵੱਲੋਂ ਕਾਫ਼ੀ ਕੋਸ਼ਿਸ਼ ਕਰਕੇ ਘਟਨਾ ਨਾਲ ਸਬੰਧਤ ਸੀ ਸੀ ਟੀ ਵੀ ਫੁਟੇਜ ਹਾਸਲ ਕੀਤੀ ਗਈ, ਜਿਸ ਵਿੱਚ ਕਥਿਤ ਮੁਲਜ਼ਮਾਂ ਦੀ ਤਸਵੀਰ ਵੀ ਸਾਹਮਣੇ ਆਈ ਸੀ।ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।ਪੁਲਿਸ ਮੁਤਾਬਕ ਪੀੜਤਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਬਿਆਨਾਂ ਅਤੇ ਜਾਂਚ ਦੇ ਆਧਾਰ 'ਤੇ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਫਰਾਰ ਹੋਏ ਤੀਜੇ ਸ਼ੱਕੀ ਦੀ ਵੀ ਭਾਲ ਕੀਤੀ ਜਾ ਰਹੀ ਹੈ।

# ਬਿਜਲੀ ਸਪਲਾਈ ਦੇ ਮਸਲੇ ਨੂੰ ਲੈ ਕੇ ਕਿਸਾਨਾਂ ਦਾ ਐਕਸੀਅਨ ਦਫ਼ਤਰ ਅੱਗੇ ਧਰਨਾ

ਜ਼ੀਰਕਪੁਰ (ਜਤਿੰਦਰ ਕੁਮਾਰ)- ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਡੇਰਾਬੱਸੀ ਜ਼ਿਲ੍ਹਾ ਮੋਹਾਲੀ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਹੈਪੀ ਮਲਕਪੁਰ ਦੀ ਅਗਵਾਈ ਹੇਠ ਪਿੰਡ ਜੋਲਾ ਕਲਾਂ ਵਿਖੇ ਹੋਈ ਜਿਸ ਵਿੱਚ ਵੱਖ ਵੱਖ ਪਿੰਡਾਂ ਤੋਂ ਆਗੂ ਤੇ ਇਲਾਕੇ ਦੇ ਕਿਸਾਨ ਵੀਰ ਸ਼ਾਮਲ ਹੋਏ। ਮੀਟਿੰਗ ਵਿੱਚ ਆਏ ਇਲਾਕੇ ਦੇ ਕਿਸਾਨਾਂ ਨੇ ਦੱਸਿਆ ਕਿ ਮੋਟਰਾਂ ਦੀ ਬਿਜਲੀ ਦੀ ਸਪਲਾਈ ਬਹੁਤ ਘੱਟ ਆ ਰਹੀ ਹੈ ਲੰਮੇ ਲੰਮੇ ਬਿਜਲੀ ਦੇ ਕੱਟ ਲੱਗ ਰਹੇ ਹਨ



ਜਿਸ ਕਰਕੇ ਕਿਸਾਨਾਂ ਦੀ ਝੋਨੇ ਦੀਆਂ ਫ਼ਸਲਾਂ ਦਾ ਨੁਕਸਾਨ ਹੋ ਰਿਹਾ ਹੈ। ਇਸ ਕਰਕੇ ਜਥੇਬੰਦੀ ਵੱਲੋਂ ਫ਼ੈਸਲਾ ਕੀਤਾ ਗਿਆ ਹੈ ਕਿ 26 ਅਗਸਤ ਨੂੰ ਸਵੇਰੇ 9 ਵਜੇ ਐਕਸੀਅਨ ਦਫ਼ਤਰ ਅੱਗੇ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ ਤੇ ਜੇ ਐਕਸੀਅਨ ਨੇ ਮਸਲਾ ਹੱਲ ਨਾ ਕੀਤਾ ਤਾਂ ਜਥੇਬੰਦੀ ਵੱਲੋਂ ਅਣਮਿੱਥੇ ਸਮੇਂ ਲਈ ਅੰਬਾਲਾ, ਚੰਡੀਗੜ੍ਹ ਹਾਈਵੇ ਜਾਮ ਕੀਤਾ ਜਾਵੇਗਾ । ਦੂਜਾ ਮਸਲਾ ਡੇਰਾਬੱਸੀ ਤੇ ਮੋਹਾਲੀ ਦੇ ਡੀਲਰ ਕਿਸਾਨਾਂ ਨੂੰ ਜ਼ਮੀਨ ਦਾ ਬਿਆਨਾਂ ਦੇ ਕੇ ਸਮੇਂ ਸਿਰ ਰਜਿਸਟਰੀ ਨਹੀਂ ਕਰਵਾਉਂਦੇ ਤੇ ਨਾ ਹੀ ਪੈਸੇ ਨਹੀਂ ਦਿੰਦੇ ਜਿਸ ਕਰਕੇ ਜਥੇਬੰਦੀ ਵੱਲੋਂ ਇਹ ਮੁੱਦਾ ਵਿਚਾਰਿਆ ਗਿਆ ਤੇ ਜਥੇਬੰਦੀ ਵੱਲੋਂ ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਜਥੇਬੰਦੀ ਵੱਲੋਂ ਉਨ੍ਹਾਂ ਕਿਸਾਨਾਂ ਦੀ ਹਰ ਮਦਦ ਕੀਤੀ ਜਾਵੇਗੀ ਤੇ ਜੇ ਮਸਲਾ ਹੱਲ ਨਹੀਂ ਹੁੰਦਾ ਤਾਂ ਜਥੇਬੰਦੀ ਵੱਲੋਂ ਉਨ੍ਹਾਂ ਡੀਲਰਾਂ ਦਾ ਘਿਰਾਓ ਕੀਤਾ ਜਾਵੇਗਾ। ਮੀਟਿੰਗ ਵਿੱਚ ਇਲਾਕੇ ਦੇ ਸੈਂਕੜੇ ਕਿਸਾਨ ਹਾਜ਼ਰ ਹੋਏ।

# ਵਿਧਾਇਕ ਨੇ ਸਰਪੰਚਾਂ ਨਾਲ ਕੀਤੀ ਮੀਟਿੰਗ



ਡੇਰਾਬੱਸੀ/ਜ਼ੀਰਕਪੁਰ (ਵਿਨੈ ਕੁਮਾਰ ਜੈਨ, ਜਤਿੰਦਰ ਕੁਮਾਰ)-ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਬਲਾਕ ਵਿਕਾਸ ਅਤੇ ਪੰਚਾਇਤ ਦਫ਼ਤਰ, ਡੇਰਾਬੱਸੀ ਵਿਖੇ ਹਲਕੇ ਦੀਆਂ ਲਗਭਗ 46 ਗ੍ਰਾਮ ਪੰਚਾਇਤਾਂ ਦੇ ਸਰਪੰਚ ਸਾਹਿਬਾਨ ਨਾਲ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਪਿੰਡਾਂ ਵਿੱਚ ਚੱਲ ਰਹੇ ਅਤੇ ਆਉਣ ਵਾਲੇ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਵੱਖ-ਵੱਖ ਵਿਕਾਸ ਕਾਰਜਾਂ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਵਿਧਾਇਕ ਰੰਧਾਵਾ ਨੇ ਸਰਪੰਚ ਸਾਹਿਬਾਨ ਤੋਂ ਆਪੋ-ਆਪਣੇ ਪਿੰਡਾਂ ਦੀਆਂ ਮੁੱਖ ਲੋੜਾਂ ਅਤੇ ਵਿਕਾਸ ਕਾਰਜਾਂ ਸਬੰਧੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਲਈ ਜਾਰੀ ਕੀਤੀਆਂ ਗ੍ਰਾਂਟਾਂ ਨਾਲ ਸਬੰਧਤ ਕੰਮਾਂ ਨੂੰ ਬਿਨਾਂ ਕਿਸੇ ਦੇਰੀ ਦੇ ਸ਼ੁਰੂ ਕਰਵਾਇਆ ਜਾਵੇ ਅਤੇ ਵਿਕਾਸ ਕਾਰਜਾਂ ਨੂੰ ਗੁਣਵੱਤਾ ਦੇ ਮਾਪਦੰਡਾਂ ਅਨੁਸਾਰ ਸਮੇਂ ਸਿਰ ਮੁਕੰਮਲ ਕੀਤਾ ਜਾਵੇ।ਵਿਧਾਇਕ ਰੰਧਾਵਾ ਨੇ ਕਿਹਾ ਕਿ ਪਿੰਡਾਂ ਦਾ ਸਰਵਪੱਖੀ ਵਿਕਾਸ ਸਰਕਾਰ ਦੀਆਂ ਮੁੱਖ ਤਰਜੀਹਾਂ ਵਿੱਚੋਂ ਇੱਕ ਹੈ। ਇਸ ਮੌਕੇ ਬੀ ਡੀ ਪੀ ਓ ਸਮੇਤ ਸਮੂਹ ਪੰਚਾਇਤ ਸੈਕਟਰੀ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਰਹੇ।

# ਭਲਕੇ 'ਵਰਸਿਟੀ ਅੰਦਰ ਕੰਮਕਾਰ ਠੱਪ ਰੱਖਿਆ ਜਾਵੇਗਾ : ਪਵਨ ਖਿੱਚੀ



ਕਪੂਰਥਲਾ (ਮਨਜੀਤ ਮਾਨ)- ਪੁਰਾਣੀ ਪੈਨਸ਼ਨ ਸਕੀਮ ਅਤੇ ਡੀ ਏ ਦੀਆਂ ਮੰਗਾਂ ਨੂੰ ਲਾਗੂ ਨਾ ਕਰਨ ਦੇ ਵਿਰੋਧ ਵਿੱਚ 27 ਅਗਸਤ ਨੂੰ ਪੰਜਾਬ ਦੇ ਸਮੂਹ ਮੁਲਾਜ਼ਮਾਂ ਵੱਲੋਂ ਪੰਜਾਬ ਬੰਦ ਦੇ ਵਿਰੋਧ ਵਿੱਚ ਯੂਨੀਵਰਸਿਟੀ ਮੁਲਾਜ਼ਮਾਂ ਵੱਲੋਂ ਕੰਮਕਾਰ ਠੱਪ ਰੱਖਿਆ ਜਾਵੇਗਾ ਤੇ ਸ਼ਾਂਤਮਈ ਢੰਗ ਨਾਲ ਪੰਜਾਬ ਸਰਕਾਰ ਦੇ ਖਿਲਾਫ ਰੋਸ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਪ੍ਰਧਾਨ ਪਵਨ ਖਿੱਚੀ ਨੇ ਪ੍ਰੈੱਸ ਦੇ ਨਾਂਅ ਇਕ ਲਿਖਤੀ ਬਿਆਨ ਜਾਰੀ ਕਰਦਿਆਂ ਕਿਹਾ ਕਿ ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਸਮੂਹ ਮੁਲਾਜ਼ਮਾਂ ਵੱਲੋਂ ਆਪਣੇ ਸਾਥੀ ਮੁਲਾਜ਼ਮਾਂ ਦੇ ਸਾਂਝੇ ਸੰਘਰਸ਼ ਨਾਲ ਇਕਜੁਟਤਾ ਦਿਖਾਉਂਦੇ ਹੋਏ 27 ਅਗਸਤ ਨੂੰ ਇੱਕ ਦਿਨ ਲਈ ਯੂਨੀਵਰਸਿਟੀ ਵਿੱਚ ਸਮੂਹ ਮੁਲਾਜ਼ਮਾਂ ਵੱਲੋਂ ਕੰਮਕਾਜ ਠੱਪ ਰੱਖਿਆ ਜਾਵੇਗਾ ਤੇ ਪੰਜਾਬ ਸਰਕਾਰ ਖਿਲਾਫ ਇੱਕ ਸ਼ਾਂਤਮਈ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਸੁਖਚੈਨ ਸਿੰਘ ਖਹਿਰਾ ਕੋਆਰਡੀਨੇਟਰ ਸਾਂਝਾ ਮੁਲਾਜ਼ਮ ਮੰਚ, ਮਨਦੀਪ ਸਿੰਘ ਸਿੱਧੂ, ਅਮਨਪ੍ਰੀਤ ਸਿੰਘ ਪ੍ਰਧਾਨ ਡਾਇਰੈਕਟਰ ਸਿਹਤ ਵਿਭਾਗ ਚੰਡੀਗੜ੍ਹ, ਅਮਿਤ ਕਟੌਚ, ਕਨਵੀਨਰ ਸਾਂਝਾ ਮੁਲਾਜ਼ਮ ਮੰਚ ਮੋਹਾਲੀ, ਨਰਿੰਦਰ ਸਿੰਘ ਸੂਬਾ ਪ੍ਰਧਾਨ ਸਿਹਤ ਵਿਭਾਗ ਪੰਜਾਬ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਤੇ 27 ਦੇ ਰੋਸ ਧਰਨੇ ਨੂੰ ਸਫ਼ਲ ਕਰਨ ਲਈ ਮੁਲਾਜ਼ਮਾਂ ਨਾਲ ਨੁੱਕੜ ਮੀਟਿੰਗਾਂ ਕਰਕੇ ਲਾਮਬੰਦ ਕੀਤਾ ਜਾ ਰਿਹਾ ਹੈ।


# ਸਰਕਾਰੀ ਪ੍ਰੋਜੈਕਟਾਂ ਲਈ ਜ਼ਮੀਨ ਦੀ ਲੋੜ : ਡਿਪਟੀ ਕਮਿਸ਼ਨਰ

ਸੁਲਤਾਨਪੁਰ ਲੋਧੀ/ ਫਗਵਾੜਾ (ਬਲਵਿੰਦਰ ਸਿੰਘ ਧਾਲੀਵਾਲ) ਡਿਪਟੀ ਕਮਿਸ਼ਨਰ ਅਕਾਸ਼ ਬਾਂਸਲ ਨੇ ਕਿਹਾ ਹੈ ਕਿ ਸਬ ਡਿਵੀਜ਼ਨ ਸੁਲਤਾਨਪੁਰ ਲੋਧੀ ਵਿਖੇ ਅਤਿ-ਆਧੁਨਿਕ ਸੁਵਿਧਾਵਾਂ ਵਾਲੇ ਨਵੇਂ ਜੁਡੀਸ਼ੀਅਲ ਕੋਰਟ ਕੰਪਲੈਕਸ ਅਤੇ ਜੁਡੀਸ਼ੀਅਲ ਅਧਿਕਾਰੀਆਂ ਦੀਆਂ ਰਿਹਾਇਸ਼ਾਂ ਦੀ ਉਸਾਰੀ ਲਈ ਲਗਭਗ 7 ਏਕੜ ਥਾਂ ਦੀ ਲੋੜ ਹੈ। ਇਸ ਦੇ ਨਾਲ ਹੀ, ਫਗਵਾੜਾ ਵਿਖੇ ਵੀ ਜੁਡੀਸ਼ੀਅਲ ਅਧਿਕਾਰੀਆਂ ਦੀਆਂ ਰਿਹਾਇਸ਼ਾਂ ਤਿਆਰ ਕਰਨ ਲਈ ਤਕਰੀਬਨ 2.5 ਤੋਂ 4 ਏਕੜ ਜ਼ਮੀਨ ਪ੍ਰਾਪਤ ਕੀਤੀ ਜਾਣੀ ਹੈ।ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ ਜੇਕਰ ਕੋਈ ਵੀ ਨਿੱਜੀ ਜ਼ਮੀਨ ਮਾਲਕ, ਗ੍ਰਾਮ ਪੰਚਾਇਤ ਜਾਂ ਹੋਰ ਸਰਕਾਰੀ/ਅਰਧ-ਸਰਕਾਰੀ ਅਦਾਰਾ ਆਪਣੀ ਜ਼ਮੀਨ ਪ੍ਰਸ਼ਾਸਨ ਨੂੰ ਮਾਰਕੀਟ ਰੇਟ 'ਤੇ ਦੇਣ ਦਾ ਚਾਹਵਾਨ ਹੋਵੇ, ਤਾਂ ਉਹ ਸੁਲਤਾਨਪੁਰ ਲੋਧੀ ਦੇ ਪ੍ਰੋਜੈਕਟ ਲਈ ਐੱਸ ਡੀ ਐੱਮ (ਉਪ ਮੰਡਲ ਮੈਜਿਸਟ੍ਰੇਟ) ਸੁਲਤਾਨਪੁਰ ਲੋਧੀ ਅਤੇ ਫਗਵਾੜਾ ਦੇ ਪ੍ਰੋਜੈਕਟ ਲਈ ਐੱਸ.ਡੀ.ਐੱਮ. (ਉਪ ਮੰਡਲ ਮੈਜਿਸਟ੍ਰੇਟ) ਫਗਵਾੜਾ ਨਾਲ ਤੁਰੰਤ ਰਾਬਤਾ ਕਾਇਮ ਕਰ ਸਕਦਾ ਹੈ।

# ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਦੀ ਮੀਟਿੰਗ

## ਵਪਾਰੀਆਂ ਨਾਲ ਸਬੰਧਤ 54 ਲੰਬਿਤ ਮਾਮਲਿਆਂ ਦੀ ਸਮੀਖਿਆ

ਮੁਹਾਲੀ (ਗੁਰਜੀਤ ਬਿੱਲਾ)- ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਦੀ ਮੀਟਿੰਗ ਸਹਾਇਕ ਕਮਿਸ਼ਨਰ (ਜਨਰਲ) ਡਾ. ਅੰਕਿਤਾ ਕਾਂਸਲ ਅਤੇ ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਰਣਜੀਤ ਪਾਲ



ਸਿੰਘ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਵਪਾਰੀਆਂ ਵੱਲੋਂ ਉਠਾਏ ਗਏ ਵੱਖ-ਵੱਖ ਮੁੱਦਿਆਂ ਅਤੇ ਉਨ੍ਹਾਂ ਦੇ ਨਿਪਟਾਰੇ ਲਈ ਕੀਤੀ ਜਾ ਰਹੀ ਕਾਰਵਾਈ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ। ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਨਾਲ ਸਬੰਧਤ 54 ਲੰਬਿਤ ਮਾਮਲਿਆਂ ਦੀ ਸਮੀਖਿਆ ਕੀਤੀ ਗਈ, ਜਿਨ੍ਹਾਂ ਵਿੱਚੋਂ 29 ਮਾਮਲੇ ਸਥਾਨਕ ਸਰਕਾਰ ਵਿਭਾਗ ਨਾਲ ਸਬੰਧਤ ਸਨ। ਇਸ ਤੋਂ ਇਲਾਵਾ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਨਾਲ ਸਬੰਧਤ ਮਾਮਲਿਆਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਪਾਣੀ ਦੀ ਨਿਕਾਸੀ/ਵਾਟਰ ਲੌਗਿੰਗ, ਗਰੀਨ ਬੈਲਟਾਂ, ਮਾਰਕੀਟਾਂ ਵਿਚ ਆਵਾਜਾਈ 'ਚ ਅੜਿੱਕਾ ਬਣਦੇ ਬਿਜਲੀ ਦੇ ਖੰਭੇ ਅਤੇ ਹੋਰ ਬੁਨਿਆਦੀ ਸਹੂਲਤਾਂ ਨਾਲ ਸਬੰਧਤ ਮੁੱਦੇ ਵੀ ਮੀਟਿੰਗ ਵਿੱਚ ਵਿਚਾਰੇ ਗਏ।ਸਹਾਇਕ ਕਮਿਸ਼ਨਰ (ਜਨਰਲ) ਡਾ. ਅੰਕਿਤਾ ਕਾਂਸਲ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਪਾਰੀਆਂ ਨਾਲ ਸਬੰਧਤ ਲੰਬਿਤ ਮਾਮਲਿਆਂ ਦਾ ਤਰਜੀਹੀ ਆਧਾਰ 'ਤੇ ਨਿਪਟਾਰਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਆਪਣੇ ਲਾਗਇਨ ਮੁੜ ਚੈੱਕ ਕਰਨ ਅਤੇ ਲੰਬਿਤ ਅਰਜ਼ੀਆਂ/ਮਾਮਲਿਆਂ ਨੂੰ ਤਰਜੀਹ ਦੇ ਆਧਾਰ 'ਤੇ ਪ੍ਰੋਸੈਸ ਕਰਨ ਲਈ ਵੀ ਕਿਹਾ। ਮੀਟਿੰਗ ਵਿੱਚ ਚੇਅਰਮੈਨ ਰਣਜੀਤ ਪਾਲ ਸਿੰਘ ਵੱਲੋਂ ਦੱਸਿਆ ਗਿਆ ਕਿ ਵਪਾਰੀਆਂ ਵੱਲੋਂ ਉਠਾਈਆਂ ਗਈਆਂ ਮੁਸ਼ਕਿਲਾਂ ਤੋਂ ਬਾਅਦ ਵੱਖ-ਵੱਖ ਵਿਕਾਸ ਕਾਰਜਾਂ ਲਈ ਲਗਭਗ 2 ਕਰੋੜ ਰੁਪਏ ਦੇ ਅਨੁਮਾਨ ਤਿਆਰ ਕੀਤੇ ਜਾ ਰਹੇ ਹਨ। ਸਬੰਧਤ ਵਿਭਾਗਾਂ ਨੂੰ ਇਹ ਅਨੁਮਾਨ ਜਲਦ ਤੋਂ ਜਲਦ ਸਾਂਝੇ ਕਰਨ ਲਈ ਕਿਹਾ ਗਿਆ ਤਾਂ ਜੋ ਅਗਲੀ ਕਾਰਵਾਈ ਬਿਨਾਂ ਦੇਰੀ ਸ਼ੁਰੂ ਕੀਤੀ ਜਾ ਸਕੇ।ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਸ੍ਰੀ ਰਣਜੀਤ ਪਾਲ ਸਿੰਘ ਨੇ ਕਿਹਾ ਕਿ ਵਪਾਰੀਆਂ ਵੱਲੋਂ ਉਠਾਏ ਗਏ ਮੁੱਦਿਆਂ ਦਾ ਸਮੇਂ ਸਿਰ ਹੱਲ ਹੋਣਾ ਜ਼ਰੂਰੀ ਹੈ ।ਅਧਿਕਾਰੀਆਂ ਨੂੰ 30 ਅਗਸਤ ਤੱਕ ਸਾਰੇ ਲੰਬਿਤ ਮਾਮਲਿਆਂ 'ਤੇ ਲੋੜੀਂਦੀ ਕਾਰਵਾਈ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਗਏ।

# ਰੋਜ਼ਗਾਰ ਮੇਲਾ ਮੁਲਤਵੀ

ਜ਼ੀਰਕਪੁਰ (ਜਤਿੰਦਰ ਕੁਮਾਰ)- ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ ਐੱਸ ਏ ਐੱਸ ਨਗਰ ਵੱਲੋਂ 26 ਅਗਸਤ ਨੂੰ ਜ਼ਿਲ੍ਹਾ ਐੱਸ ਏ ਐੱਸ. ਨਗਰ ਵਿਖੇ ਕਰਵਾਇਆ ਜਾਣ ਵਾਲਾ ਮੈਗਾ ਰੋਜ਼ਗਾਰ ਮੇਲਾ ਪ੍ਰਬੰਧਕੀ ਕਾਰਨਾਂ ਕਰਕੇ ਅਗਲੇ ਹੁਕਮਾਂ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ। ਡਿਪਟੀ ਡਾਇਰੈਕਟਰ, ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ, ਐੱਸ ਏ ਐੱਸ ਨਗਰ ਨੇ ਦੱਸਿਆ ਕਿ ਕਿਸੇ ਅਣਕਿਆਸੇ ਪ੍ਰਬੰਧਕੀ ਕਾਰਨ ਕਰਕੇ 26 ਅਗਸਤ ਨੂੰ ਹੋਣ ਵਾਲੇ ਮੈਗਾ ਰੋਜ਼ਗਾਰ ਮੇਲੇ ਦਾ ਆਯੋਜਨ ਫਿਲਹਾਲ ਮੁਲਤਵੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੈਗਾ ਰੋਜ਼ਗਾਰ ਮੇਲੇ ਦੀ ਅਗਲੀ ਤਰੀਕ ਸਬੰਧੀ ਜਾਣਕਾਰੀ ਵੱਖਰੇ ਤੌਰ 'ਤੇ ਜਾਰੀ ਕਰ ਦਿੱਤੀ ਜਾਵੇਗੀ।

## 'ਵਿਦਿਆਰਥੀ ਸ਼ਖ਼ਸੀਅਤ ਨਿਰਮਾਣ : ਮਾਨਸਿਕ ਤੇ ਵਿਹਾਰਕ ਪੱਖ' ਵਿਸ਼ੇ 'ਤੇ ਵਰਕਸ਼ਾਪ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਾਠ-ਸਹਾਇਕ ਗਤੀਵਿਧੀ ਕੇਂਦਰ, ਪੰਜਾਬੀ ਵਿਭਾਗ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ 'ਵਿਦਿਆਰਥੀ ਸ਼ਖ਼ਸੀਅਤ ਨਿਰਮਾਣ: ਮਾਨਸਿਕ ਤੇ ਵਿਹਾਰਕ ਪੱਖ' ਵਿਸ਼ੇ 'ਤੇ ਇੱਕ ਰੋਜ਼ਾ ਵਿਦਿਆਰਥੀ ਵਰਕਸ਼ਾਪ ਕਰਵਾਈ ਗਈ, ਜਿਸ ਵਿੱਚ ਬੈਚ 2025 ਦੇ ਵਿਦਿਆਰਥੀਆਂ ਨੇ ਭਾਗ ਲਿਆ।'ਰੋਜ਼ਾਨਾ ਜ਼ਿੰਦਗੀ ਵਿੱਚ ਆਦਤ ਨਿਰਮਾਣ' ਵਿਸ਼ੇ 'ਤੇ ਡਾ. ਸਿਕੰਦਰ ਸਿੰਘ, ਮੁਖੀ, ਪੰਜਾਬੀ ਵਿਭਾਗ ਨੇ ਵਿਦਿਆਰਥੀਆਂ ਨਾਲ ਵਿਹਾਰਕ ਗੱਲਬਾਤ ਕੀਤੀ।ਉਨ੍ਹਾਂ ਯੂਨੀਵਰਸਿਟੀ ਕੈਂਪਸ ਤੇ ਘਰ-ਪਰਿਵਾਰ ਦੇ ਮਾਹੌਲ ਨੂੰ ਖ਼ੁਸ਼ਗਵਾਰ ਬਣਾਉਣ ਲਈ ਰੋਜ਼ਾਨਾ ਜੀਵਨ ਨਾਲ ਸਬੰਧਤ ਵਿਹਾਰਕ ਉਦਾਹਰਨਾਂ ਸਾਂਝੀਆਂ ਕੀਤੀਆਂ।ਡਾ. ਜਿੰਦਰ ਸਿੰਘ ਨੇ ਵਿਦਿਆਰਥੀਆਂ ਨਾਲ ਮਾਨਸਿਕ ਸਿਹਤ ਸੰਬੰਧੀ ਗੱਲਬਾਤ ਕੀਤੀ ਤੇ ਮਾਨਸਿਕ ਤੰਦਰੁਸਤੀ ਲਈ ਵੱਖ-ਵੱਖ ਅਭਿਆਸ ਕਰਵਾਏ।ਸ਼੍ਰੀਮਤੀ ਪਵਨਜੀਤ ਕੌਰ ਨੇ ਵਿਦਿਆਰਥੀਆਂ ਨੂੰ ਸਵੈ-ਅਭਿਆਸ ਨਾਲ ਜੋੜਦਿਆਂ ਵਿਹਾਰਕ ਗਤੀਵਿਧੀਆਂ ਕਰਵਾਈਆਂ।ਵਰਕਸ਼ਾਪ ਦੌਰਾਨ ਕਈ ਵਿਦਿਆਰਥੀਆਂ ਨੇ ਆਪਣੀਆਂ ਮਾਨਸਿਕ ਤੇ ਸਰੀਰਕ ਸਮੱਸਿਆਵਾਂ ਹਾਜ਼ਰ ਅਧਿਆਪਕਾਂ ਨਾਲ ਸਾਂਝੀਆਂ ਕੀਤੀਆਂ।ਅਧਿਆਪਕਾਂ ਨੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਦਿਆਂ ਉਨ੍ਹਾਂ ਦੇ ਹੱਲ ਲਈ ਲੋੜੀਂਦੇ ਸੁਝਾਅ ਦਿੱਤੇ।

## ਭਾਈ ਗੁਰਦਾਸ ਗਰੁੱਪ ਵਿਖੇ ਨਵੇਂ ਵਿਦਿਆਰਥੀਆਂ ਲਈ ਓਰੀਐਂਟੇਸ਼ਨ ਪ੍ਰੋਗਰਾਮ

**ਭਵਾਨੀਗੜ੍ਹ (ਰਾਜ ਖੁਰਮੀ)**-ਮਾਲਵਾ ਖੇਤਰ ਦੀ ਨਾਮਵਰ ਸਿੱਖਿਆ ਸੰਸਥਾ ਭਾਈ ਗੁਰਦਾਸ ਗਰੁੱਪ ਆਫ ਇੰਸਟੀਚਿਊਸ਼ਨਜ਼ ਸੰਗਰੂਰ ਦੇ ਮੁੱਖ ਆਡੀਟੋਰੀਅਮ ਵਿਖੇ 2026 ਸੈਸ਼ਨ ਦੌਰਾਨ ਨਵੇਂ ਦਾਖਲ ਹੋਏ ਵਿਦਿਆਰਥੀਆਂ ਦੇ ਸਵਾਗਤ ਲਈ ਵਿਸ਼ੇਸ਼ ਓਰੀਐਂਟੇਸ਼ਨ ਪ੍ਰੋਗਰਾਮ ਕਰਵਾਇਆ ਗਿਆ।ਖਚਾਖਚ ਭਰੇ ਆਡੀਟੋਰੀਅਮ 'ਚ ਇੰਜੀਨੀਅਰਿੰਗ, ਮੈਨੇਜਮੈਂਟ, ਪੌਲੀਟੈਕਨਿਕ, ਅਲਾਈਡ ਸਾਇੰਸ, ਡਿਗਰੀ ਤੇ ਫਾਰਮੇਸੀ ਕਾਲਜ ਦੇ ਨਵੇਂ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ।ਪ੍ਰੋਗਰਾਮ ਦੀ ਸ਼ੁਰੂਆਤ ਕੈਂਪਸ ਡਾਇਰੈਕਟਰ ਡਾ. ਤਨੂਜਾ ਸ੍ਰੀਵਾਸਤਵਾ, ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲਾਂ ਤੇ ਵਿਭਾਗਾਂ ਦੇ ਮੁਖੀਆਂ ਵੱਲੋਂ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ ਗਈ।ਇਸ ਮੌਕੇ ਡਾ. ਤਨੂਜਾ ਸ੍ਰੀਵਾਸਤਵਾ ਨੇ ਨਵੇਂ ਵਿਦਿਆਰਥੀਆਂ ਨੂੰ ਜੀ ਆਇਆਂ ਆਖਦਿਆਂ ਸੰਸਥਾ ਵਿੱਚ ਉਨ੍ਹਾਂ ਦੇ ਉਜਲੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਪ੍ਰੋਗਰਾਮ ਦੌਰਾਨ ਨਵੇਂ ਵਿਦਿਆਰਥੀਆਂ ਨੂੰ ਸੰਸਥਾ ਦੇ ਅਧਿਕਾਰੀਆਂ, ਅਧਿਆਪਕਾਂ ਤੇ ਵੱਖ-ਵੱਖ ਵਿਭਾਗਾਂ ਨਾਲ ਜਾਣੂ ਕਰਵਾਇਆ ਗਿਆ।ਇਸ ਮੌਕੇ ਚੰਡੀਗੜ੍ਹ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੀ ਪ੍ਰਸਿੱਧ ਮੋਟੀਵੇਸ਼ਨਲ ਸਪੀਕਰ ਦੀਪਿਕਾ ਚਾਵਲਾ ਨੇ ਵਿਦਿਆਰਥੀਆਂ ਨੂੰ ਪ੍ਰੇਰਨਾਦਾਇਕ ਲੈਕਚਰ ਦਿੰਦਿਆਂ ਸਿੱਖਿਆ, ਮਿਹਨਤ, ਆਤਮ-ਵਿਸ਼ਵਾਸ ਤੇ ਜੀਵਨ ਵਿੱਚ ਸਪੱਸ਼ਟ ਟੀਚਾ ਬਣਾਉਣ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ। ਪ੍ਰੋਗਰਾਮ ਦੌਰਾਨ ਕਰਵਾਏ ਸਭਿਆਚਾਰ ਸੱਭਿਆਚਾਰਕ ਸਮਾਗਮ ਨੇ ਵੀ ਖੂਬ ਰੰਗ ਬੰਨ੍ਹਿਆ। ਇਸ ਮੌਕੇ ਕੈਂਪਸ ਡਾਇਰੈਕਟਰ ਵੱਲੋਂ ਮੋਟੀਵੇਸ਼ਨਲ ਸਪੀਕਰ ਦੀਪਿਕਾ ਚਾਵਲਾ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਵੀ ਕੀਤਾ ਗਿਆ।



ਇਸ ਮੌਕੇ ਭਾਈ ਗੁਰਦਾਸ ਗਰੁੱਪ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਜਵੰਧਾ ਨੇ ਕਿਹਾ ਕਿ ਸੰਸਥਾ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਹਰ ਸਾਲ ਨਵੇਂ ਵਿਦਿਆਰਥੀਆਂ ਦਾ ਸਵਾਗਤ ਕਰਨਾ ਸੰਸਥਾ ਲਈ ਖੁਸ਼ੀ ਤੇ ਉਤਸ਼ਾਹ ਦਾ ਯਾਦਗਾਰੀ ਪਲ ਹੁੰਦਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਨਵੇਂ ਵਿਦਿਆਰਥੀ ਆਪਣੀ ਮਿਹਨਤ ਤੇ ਲਗਨ ਨਾਲ ਸੰਸਥਾ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕਰਨਗੇ।ਸ਼੍ਰੀਮਤੀ ਸਰਬਜਿੰਦਰ ਕੌਰ ਜਵੰਧਾ ਨੇ ਵੀ ਨਵੇਂ ਵਿਦਿਆਰਥੀਆਂ ਤੇ ਪ੍ਰੋਗਰਾਮ ਦੇ ਪ੍ਰਬੰਧਕਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।ਡਾ. ਸੁਰਜੀਤ ਕੌਰ ਜਵੰਧਾ, ਐੱਮ.ਡੀ. ਭਾਈ ਗੁਰਦਾਸ ਗਰੁੱਪ ਨੇ ਪ੍ਰੋਗਰਾਮ ਦੀ ਸਫ਼ਲਤਾ ਲਈ ਸਟਾਫ਼ ਤੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ।ਅੰਤ ਵਿੱਚ ਕੈਂਪਸ ਡਾਇਰੈਕਟਰ ਡਾ. ਤਨੂਜਾ ਸ੍ਰੀਵਾਸਤਵਾ ਨੇ ਸਮਾਗਮ ਵਿੱਚ ਸ਼ਾਮਲ ਹੋਏ ਸਮੂਹ ਮਹਿਮਾਨਾਂ, ਅਧਿਆਪਕਾਂ, ਸਟਾਫ਼ ਤੇ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਨਵੇਂ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ।

## ਬੀ ਕੇ ਯੂ ਏਕਤਾ ਵੱਲੋਂ ਧਰਨਾ 30 ਨੂੰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਵਿਖੇ ਜਗਦੀਪ ਸਿੰਘ ਛੰਨਾ ਜ਼ਿਲ੍ਹਾ ਮੀਤ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਵੱਖ-ਵੱਖ ਬਲਾਕਾਂ ਦੇ ਕਿਸਾਨ ਆਗੂ ਪਹੁੰਚੇ ਹੋਏ ਸਨ।ਮੀਟਿੰਗ ਵਿੱਚ 30 ਅਗਸਤ ਨੂੰ ਜੋ ਜ਼ਿਲ੍ਹਾ ਪੱਧਰ ਦਾ ਪੱਕਾ ਮੋਰਚਾ ਪਟਿਆਲਾ ਵਿਖੇ ਲਾਇਆ ਜਾਣਾ ਹੈ, ਉਸ ਦੀ ਵਿਉਂਤਬੰਦੀ ਕੀਤੀ ਗਈ, ਜਿਸ ਤਹਿਤ ਸਾਰੇ ਬਲਾਕਾਂ ਦੀਆਂ ਵੱਡੀਆਂ ਮੀਟਿੰਗਾਂ ਕਰ ਕੇ ਕਿਸਾਨਾਂ ਨੂੰ ਲਾਮਬੰਦ ਕੀਤਾ ਜਾਵੇਗਾ। ਮੀਟਿੰਗ ਵਿੱਚ ਇਹ ਵੀ ਵਿਚਾਰ ਕੀਤਾ ਗਿਆ ਕਿ ਸਰਕਾਰ ਵੱਲੋਂ ਜੋ ਕਿਸਾਨ ਵਿਰੋਧੀ ਫ਼ੈਸਲੇ ਕੀਤੇ ਜਾ ਰਹੇ ਹਨ, ਉਨ੍ਹਾਂ ਦਾ ਡਟ ਕੇ ਵਿਰੋਧ ਕੀਤਾ ਜਾਵੇ। ਮੀਟਿੰਗ ਵਿੱਚ ਭਾਰਤ ਅਮਰੀਕਾ ਵਪਾਰ ਸਮਝੌਤਾ ਰੱਦ ਕਰਨ ਪਿਛਲੇ ਸਾਲ ਝੋਨੇ ਦੇ ਸੀਜ਼ਨ ਵਿੱਚ ਜੀਰੀ ਦੇ ਬੋਏ ਬੂਟੇ, ਜਿਸ ਦਾ ਸਿਹਤ ਮੰਤਰੀ ਬਲਬੀਰ ਸਿੰਘ ਵੱਲੋਂ ਮੁਆਵਜ਼ਾ ਦੇਣ ਦਾ ਅਖ਼ਬਾਰਾਂ ਵਿੱਚ ਵੱਡਾ ਦਾਅਵਾ ਕੀਤਾ ਗਿਆ ਸੀ, ਦੇ ਮੁਆਵਜ਼ੇ ਦੀ ਮੰਗ ਕੀਤੀ ਜਾਵੇਗੀ। ਇਸ ਤੋਂ ਇਲਾਵਾ ਲੈਂਡ ਪੂਲਿੰਗ ਪਾਲਿਸੀ ਦਾ ਵਿਰੋਧ ਆਬਾਦਕਾਰਾਂ ਨੂੰ ਜ਼ਮੀਨਾਂ ਦੇ ਮਾਲਕੀ ਹੱਕ ਦਿਵਾਉਣ ਕਰਜ਼ਾ ਖੁਦਕੁਸ਼ੀ ਪੀੜਤ ਕਿਸਾਨਾਂ ਨੂੰ ਮੁਆਵਜ਼ਾ ਦਿਵਾਉਣ ਤੇ ਐੱਮਐੱਸਪੀ ਦੀ ਗਾਰੰਟੀ ਕਾਨੂੰਨ, ਬਿਜਲੀ ਬਿੱਲ 2025 ਰੱਦ ਕਰਾਉਣ, ਸੀ ਰਾਮ ਜੀ ਕਾਨੂੰਨ ਨੂੰ ਰੱਦ ਕਰਾ ਕੇ ਮਨਰੇਗਾ ਕਾਨੂੰਨ ਬਹਾਲ ਕਰਾਉਣ ਲਈ ਵੱਡੇ ਪੱਧਰ 'ਤੇ ਆਵਾਜ਼ ਉਠਾਈ ਜਾਵੇਗੀ।

## ਲੰਬੀ ਛਾਲ 'ਚ ਅੰਮ੍ਰਿਤਪਾਲ ਸਿੰਘ ਨੇ ਜਿੱਤਿਆ ਸੋਨ ਤਮਗਾ



**ਰਾਏਕੋਟ (ਸੰਤੋਖ ਗਿੱਲ)**-ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਗੁਰੂਸਰ ਸੁਧਾਰ ਦੇ ਹੋਣਹਾਰ ਵਿਦਿਆਰਥੀ ਅੰਮ੍ਰਿਤਪਾਲ ਸਿੰਘ ਨੇ 101ਵੀਂ ਪੰਜਾਬ ਰਾਜ ਜੂਨੀਅਰ ਐਥਲੈਟਿਕਸ ਚੈਂਪੀਅਨਸ਼ਿਪ-2026 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 18 ਸਾਲ ਤੋਂ ਘੱਟ ਉਮਰ ਵਰਗ ਦੇ ਲੜਕਿਆਂ ਦੀ ਲੰਬੀ ਛਾਲ ਮੁਕਾਬਲੇ ਵਿੱਚ ਸੋਨ ਤਮਗਾ ਜਿੱਤ ਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ।ਗੁਰੂ ਨਾਨਕ ਸਟੇਡੀਅਮ ਲੁਧਿਆਣਾ ਵਿੱਚ ਹੋਈ ਰਾਜ ਪੱਧਰੀ ਚੈਂਪੀਅਨਸ਼ਿਪ ਦੌਰਾਨ ਅੰਮ੍ਰਿਤਪਾਲ ਸਿੰਘ ਨੇ 7.36 ਮੀਟਰ ਲੰਬੀ ਸ਼ਾਨਦਾਰ ਛਾਲ ਮਾਰ ਕੇ ਪਹਿਲਾ ਸਥਾਨ ਹਾਸਲ ਕੀਤਾ।ਕਾਲਜ ਦੇ ਪ੍ਰਿੰਸੀਪਲ ਡਾ. ਹਿਰਦਜੀਤ ਸਿੰਘ ਨੇ ਅੰਮ੍ਰਿਤਪਾਲ ਸਿੰਘ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੰਦਿਆਂ ਉਸ ਦੀ ਮਿਹਨਤ, ਲਗਨ ਤੇ ਖੇਡ ਪ੍ਰਤੀ ਸਮਰਪਣ ਦੀ ਸ਼ਲਾਘਾ ਕੀਤੀ।ਉਨ੍ਹਾਂ ਅੰਮ੍ਰਿਤਪਾਲ ਸਿੰਘ ਦੇ ਉੱਜਵਲ ਭਵਿੱਖ ਤੇ ਆਉਣ ਵਾਲੇ ਖੇਡ ਮੁਕਾਬਲਿਆਂ ਵਿੱਚ ਹੋਰ ਵੱਡੀਆਂ ਸਫਲਤਾਵਾਂ ਲਈ ਸ਼ੁੱਭਕਾਮਨਾਵਾਂ ਦਿੱਤੀਆਂ।ਸਰੀਰਕ ਸਿੱਖਿਆ ਵਿਭਾਗ ਦੇ ਸਮੂਹ ਸਟਾਫ਼ ਤੇ ਪਰਿਵਾਰਕ ਮੈਂਬਰਾਂ ਨੇ ਵੀ ਅੰਮ੍ਰਿਤਪਾਲ ਸਿੰਘ ਨੂੰ ਵਧਾਈ ਦਿੱਤੀ।

## ਪਰਮਿੰਦਰ ਸਿੱਧੂ ਮਾਰਕੀਟ ਕਮੇਟੀ ਸਿੱਧਵਾਂ ਬੇਟ ਦੇ ਚੇਅਰਮੈਨ ਨਿਯੁਕਤ



**ਜਗਰਾਉਂ (ਸੰਜੀਵ ਅਰੋੜਾ)**-ਹਲਕਾ ਦਾਖਾ ਦੇ ਸੰਗਠਨ ਇੰਚਾਰਜ ਪਰਮਿੰਦਰ ਸਿੰਘ ਸਿੱਧੂ ਨੂੰ ਸਿੱਧਵਾਂ ਬੇਟ ਮਾਰਕੀਟ ਕਮੇਟੀ ਦਾ ਨਵਾਂ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਸ ਖ਼ਬਰ ਦੇ ਸਾਹਮਣੇ ਆਉਂਦਿਆਂ ਹੀ ਪੂਰੇ ਇਲਾਕੇ ਤੇ ਵੱਖ-ਵੱਖ ਪਿੰਡਾਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ। ਸਮਰਥਕਾਂ ਤੇ ਸਥਾਨਕ ਲੋਕਾਂ ਵੱਲੋਂ ਇੱਕ-ਦੂਜੇ ਨੂੰ ਮੂੰਹ ਮਿੱਠਾ ਕਰਵਾ ਕੇ ਵਧਾਈਆਂ ਦਿੱਤੀਆਂ ਗਈਆਂ। ਇਲਾਕਾ ਵਾਸੀਆਂ ਨੇ ਆਖਿਆ ਕਿ ਪਰਮਿੰਦਰ ਸਿੰਘ ਸਿੱਧੂ ਦੀ ਇਹ ਨਿਯੁਕਤੀ ਉਨ੍ਹਾਂ ਦੀ ਲਗਾਤਾਰ ਮਿਹਨਤ, ਇਮਾਨਦਾਰੀ ਤੇ ਲੋਕਾਂ ਨਾਲ ਜੁੜੇ ਰਹਿਣ ਦਾ ਨਤੀਜਾ ਹੈ। ਲੋਕਾਂ ਨੇ ਉਮੀਦ ਜਤਾਈ ਕਿ ਨਵੇਂ ਚੇਅਰਮੈਨ ਦੀ ਅਗਵਾਈ ਹੇਠ ਮਾਰਕੀਟ ਕਮੇਟੀ ਦੇ ਕੰਮਕਾਜ ਵਿੱਚ ਹੋਰ ਸੁਧਾਰ ਆਵੇਗਾ ਤੇ ਖੇਤਰ ਦੇ ਵਿਕਾਸ ਨੂੰ ਨਵੀਂ ਦਿਸ਼ਾ ਮਿਲੇਗੀ। ਸਮਰਥਕਾਂ ਨੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਿੱਧੂ ਦੀ ਨਿਯੁਕਤੀ ਨਾਲ ਮੰਡੀਆਂ ਨਾਲ ਜੁੜੇ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਮੈਂ ਇਸ ਜ਼ਿੰਮੇਵਾਰੀ ਲਈ ਪਾਰਟੀ ਹਾਈਕਮਾਂਡ ਤੇ ਇਲਾਕਾ ਵਾਸੀਆਂ ਦਾ ਤਹਿ ਦਿਲੋਂ ਧੰਨਵਾਦੀ ਹਾਂ। ਮਾਰਕੀਟ ਕਮੇਟੀ ਨਾਲ ਸਬੰਧਤ ਹਰ ਕੰਮ ਨੂੰ ਪੂਰੀ ਪਾਰਦਰਸ਼ਤਾ ਤੇ ਇਮਾਨਦਾਰੀ ਨਾਲ ਨਿਭਾਇਆ ਜਾਵੇਗਾ। ਕਿਸਾਨਾਂ ਤੇ ਆਮ ਲੋਕਾਂ ਦੀਆਂ ਉਮੀਦਾਂ 'ਤੇ ਖ਼ਰਾ ਉਤਰਨਾ ਹੀ ਮੇਰੀ ਮੁੱਖ ਤਰਜੀਹ ਰਹੇਗਾ।

## ਪੈਨਸ਼ਨਰਾਂ ਵੱਲੋਂ ਭਲਕ ਦੇ ਮਹਾਂ ਬੰਦ ਦੀ ਪੂਰਨ ਹਮਾਇਤ



**ਧੂਰੀ (ਸੁਖਦੇਵ ਧੂਰੀ)**-ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਧੂਰੀ ਨੇ ਸਮੂਹ ਪੈਨਸ਼ਨਰਾਂ ਨੂੰ 27 ਅਗਸਤ ਦੇ ਪੰਜਾਬ ਮਹਾਂ ਬੰਦ ਨੂੰ ਪੂਰਨ ਹਮਾਇਤ ਦਿੰਦਿਆਂ ਹਰ ਤਰੀਕੇ ਨਾਲ ਸਫ਼ਲ ਕਰਨ ਦਾ ਸੱਦਾ ਦਿੱਤਾ ਹੈ।ਇਥੇ ਸਥਾਨਕ ਦਫ਼ਤਰ ਵਿਖੇ ਮੀਟਿੰਗ ਉਪਰੰਤ ਪ੍ਰੈੱਸ ਨੂੰ ਜਾਰੀ ਬਿਆਨ ਵਿੱਚ ਪ੍ਰਧਾਨ ਸੁਖਦੇਵ ਸ਼ਰਮਾ ਨੇ ਪੰਜਾਬ ਸਰਕਾਰ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਸਾਜ਼ਿਸ਼ੀ ਚੁੱਪ ਧਾਰਨ ਕੀਤੀ ਹੋਈ ਹੈ।ਸਰਕਾਰ ਨੇ ਆਪਣੇ ਇਰਦ ਗਿਰਦ ਸੰਵੇਦਨਹੀਣਤਾ ਦੀ ਚਾਦਰ ਤਾਣ ਰੱਖੀ ਹੈ, ਜਿਸ ਕਰਕੇ ਬਜ਼ੁਰਗ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਟਾਲ਼ ਰਹੀ ਹੈ।ਪੰਜਾਬੀਆਂ ਦੇ ਖ਼ੂਨ ਪਸੀਨੇ ਦੀ ਕਮਾਈ ਜੋ ਟੈਕਸਾਂ ਦੇ ਰੂਪ ਵਿੱਚ ਇਕੱਠਾ ਕਰਦੀ ਹੈ, ਨੂੰ ਇਸ਼ਤਿਹਾਰ-ਬਾਜ਼ੀ ਵਰਗੇ ਅਣ-ਉਪਜਾਊ ਕੰਮਾਂ ਉੱਤੇ ਲੁਟਾ ਰਹੀ ਹੈ।ਇੱਕ ਪਾਸੇ ਜਿੱਥੇ ਸੱਭ ਤੋਂ ਉੱਚੀ ਥਾਂ ਬੈਠੇ ਆਈ ਏ ਐੱਸ, ਆਈ ਪੀ ਐੱਸ ਵਰਗ ਦੇ ਕਰਮਚਾਰੀਆਂ ਨੂੰ ਪੂਰਾ ਡੀ ਏ ਦੇ ਰਹੀ ਹੈ, ਉੱਥੇ ਹੀ ਹੇਠਲੇ ਕਰਮਚਾਰੀਆਂ ਲਈ ਕਥਿਤ ਤੌਰ 'ਤੇ ਖ਼ਜ਼ਾਨੇ ਦੀਆਂ ਚਾਬੀਆਂ ਗੁੰਮ ਕਰੀ ਬੈਠੀ ਹੈ।ਸੋ ਸਰਕਾਰ ਦੇ ਮਤਰੇਈ ਮਾਂ ਵਾਲੇ ਸਲੂਕ ਕਾਰਨ 27 ਅਗਸਤ ਨੂੰ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਪੰਜਾਬ ਅੰਦਰ ਮਹਾਂ ਬੰਦ ਦੀ ਕਾਲ ਦਿੱਤੀ ਹੈ, ਜਿਸ ਨੂੰ ਹਰ ਮੁਲਾਜ਼ਮ ਤੇ ਪੈਨਸ਼ਨਰ ਅਪਣੀ ਪੂਰੀ ਤਾਕਤ ਨਾਲ ਸਫ਼ਲ ਕਰਨ ਲਈ ਤਿਆਰ ਬਰ ਤਿਆਰ ਹੈ। ਪੈਨਸ਼ਨਰ ਆਗੂਆਂ ਨੇ ਸਮੂਹ ਪੰਜਾਬੀਆਂ ਨੂੰ ਵੀ ਇਸ ਬੰਦ ਦੇ ਸੱਦੇ ਨੂੰ ਭਰਵਾਂ ਹੁੰਗਾਰਾ ਦੇਣ ਦੀ ਅਪੀਲ ਕੀਤੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਅਮਰਜੀਤ ਸਿੰਘ, ਰਤਨ ਸਿੰਘ ਭੰਡਾਰੀ, ਲਾਭ ਸਿੰਘ, ਫ਼ਕੀਰ ਸਿੰਘ, ਮੱਘਰ ਸਿੰਘ, ਸੁਖਦੇਵ ਸਿੰਘ, ਕਰਮਜੀਤ ਸਿੰਘ, ਰਾਮ ਲਾਲ ਸਮੇਤ ਅਨੇਕਾਂ ਪੈਨਸ਼ਨਰ ਹਾਜ਼ਰ ਸਨ।

## ਰਾਣਾ ਹਸਪਤਾਲ ਵਿਖੇ ਮਨਾਇਆ ਤੀਆਂ ਦਾ ਤਿਉਹਾਰ



**ਸਰਹੰਦ ਮੰਡੀ (ਪ੍ਰਮੋਦ ਭਾਰਦਵਾਜ)**-ਰਾਣਾ ਹਸਪਤਾਲ, ਸਰਹਿੰਦ ਵਿਖੇ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ, ਖੁਸ਼ੀ ਤੇ ਪੰਜਾਬੀ ਸੱਭਿਆਚਾਰਕ ਰੰਗਾਂ ਨਾਲ ਮਨਾਇਆ ਗਿਆ।ਇਸ ਮੌਕੇ ਹਸਪਤਾਲ ਦੀਆਂ ਸਮੂਹ ਮਹਿਲਾ ਸਟਾਫ ਮੈਂਬਰਾਂ ਨੇ ਉਤਸ਼ਾਹ ਨਾਲ ਭਾਗ ਲਿਆ।ਸਮਾਗਮ ਦਾ ਆਯੋਜਨ ਰਾਣਾ ਹਸਪਤਾਲ ਦੀ ਐੱਮ. ਡੀ. ਡਾ. ਦੀਪਿਕਾ ਸੂਰੀ ਦੀ ਅਗਵਾਈ ਤੇ ਮਾਰਗਦਰਸ਼ਨ ਹੇਠ ਕੀਤਾ ਗਿਆ।ਇਸ ਮੌਕੇ ਹਸਪਤਾਲ ਦਾ ਮਾਹੌਲ ਪੰਜਾਬੀ ਸੱਭਿਆਚਾਰ ਦੇ ਰੰਗਾਂ ਨਾਲ ਰੰਗਿਆ ਨਜ਼ਰ ਆਇਆ।ਮਹਿਲਾ ਸਟਾਫ ਮੈਂਬਰਾਂ ਨੇ ਰਵਾਇਤੀ ਪੰਜਾਬੀ ਪਹਿਰਾਵੇ ਪਹਿਨ ਕੇ ਤੀਆਂ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ ਤੇ ਵੱਖ-ਵੱਖ ਸੱਭਿਆਚਾਰਕ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ।ਸਮਾਗਮ ਵਿੱਚ ਡਾ. ਦੀਪਿਕਾ ਸੂਰੀ, ਸ਼੍ਰੀਮਤੀ ਰਮਾ ਸੂਰੀ, ਸ਼੍ਰੀਮਤੀ ਸਰੋਜ ਕਟਿਆਲ ਸਮੇਤ ਰਾਣਾ ਹਸਪਤਾਲ ਦੇ ਹੋਰ ਸਟਾਫ ਮੈਂਬਰ ਵੀ ਮੌਜੂਦ ਸਨ।ਡਾ. ਦੀਪਿਕਾ ਸੂਰੀ ਨੇ ਸਮੂਹ ਮਹਿਲਾ ਸਟਾਫ ਨੂੰ ਤੀਆਂ ਦੇ ਪਵਿੱਤਰ ਤੇ ਖੁਸ਼ੀਆਂ ਭਰੇ ਤਿਉਹਾਰ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਤੇ ਸਮਾਗਮ ਵਿੱਚ ਉਨ੍ਹਾਂ ਦੀ ਉਤਸ਼ਾਹਪੂਰਨ ਭਾਗੀਦਾਰੀ ਦੀ ਸ਼ਲਾਘਾ ਕੀਤੀ।ਇਸ ਮੌਕੇ ਡਾ. ਦੀਪਿਕਾ ਸੂਰੀ ਨੇ ਕਿਹਾ ਕਿ ਅਜਿਹੇ ਸੱਭਿਆਚਾਰਕ ਸਮਾਗਮ ਸਟਾਫ ਮੈਂਬਰਾਂ ਵਿਚਕਾਰ ਆਪਸੀ ਪਿਆਰ, ਸਾਂਝ, ਭਾਈਚਾਰਕ ਭਾਵਨਾ ਤੇ ਟੀਮ ਸਪਿਰਿਟ ਨੂੰ ਹੋਰ ਮਜ਼ਬੂਤ ਕਰਦੇ ਹਨ।ਰਾਣਾ ਹਸਪਤਾਲ ਵੱਲੋਂ ਹਮੇਸ਼ਾ ਇੱਕ ਸਕਾਰਾਤਮਕ ਤੇ ਪਰਿਵਾਰਕ ਮਾਹੌਲ ਬਣਾਈ ਰੱਖਣ ਨੂੰ ਮਹੱਤਵ ਦਿੱਤਾ ਜਾਂਦਾ ਹੈ, ਤਾਂ ਜੋ ਸਟਾਫ ਮੈਂਬਰ ਮਿਲਜੁਲ ਕੇ ਤਿਉਹਾਰਾਂ ਦੀਆਂ ਖੁਸ਼ੀਆਂ ਮਨਾ ਸਕਣ।ਸਮਾਗਮ ਦਾ ਸਮਾਪਨ ਖੁਸ਼ੀ ਤੇ ਉਤਸ਼ਾਹ ਭਰੇ ਮਾਹੌਲ ਵਿੱਚ ਹੋਇਆ।

## ਭਾਜਪਾ ਪੰਜਾਬ 'ਚ 117 ਸੀਟਾਂ 'ਤੇ ਚੋਣ ਲੜੇਗੀ : ਬੀ ਐੱਲ ਸੰਤੋਸ਼



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਕ ਵਾਰ ਫ਼ਿਰ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਗੱਠਜੋੜ ਦੀਆਂ ਚਰਚਾਵਾਂ ਚੱਲ ਰਹੀਆਂ ਹਨ।ਇਸ ਦੌਰਾਨ ਜਿੱਥੇ ਸਾਬਕਾ ਕੇਂਦਰੀ ਮੰਤਰੀ ਤੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਹਾਲ ਹੀ ਵਿੱਚ ਦਿੱਤੇ ਗਏ ਬਿਆਨਾਂ ਨੂੰ ਵੀ ਇਸ ਗੱਠਜੋੜ ਦੀਆਂ ਸੰਭਾਵਨਾਵਾਂ ਨਾਲ ਜੋੜ ਕੇ ਵੇਖਿਆ ਜਾ ਰਿਹਾ ਸੀ, ਉੱਥੇ ਹੀ ਅੱਜ ਪੰਜਾਬ ਦੌਰੇ 'ਤੇ ਪਹੁੰਚੇ ਭਾਜਪਾ ਦੇ ਕੌਮੀ ਜਨਰਲ ਸਕੱਤਰ (ਸੰਗਠਨ) ਬੀ. ਐੱਲ. ਸੰਤੋਸ਼ ਨੇ ਇਸ ਸੰਭਾਵਨਾ ਦੇ ਉਲਟ ਬਿਆਨ ਦਿੱਤਾ ਹੈ।ਬੀ. ਐੱਲ. ਸੰਤੋਸ਼ ਨੇ ਆਖਿਆ ਹੈ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਦੀਆਂ 117 ਸੀਟਾਂ 'ਤੇ ਆਪਣੇ ਦਮ 'ਤੇ ਚੋਣ ਲੜੇਗੀ ਤੇ ਜਿੱਤ ਹਾਸਲ ਕਰ ਕੇ ਸਰਕਾਰ ਵੀ ਬਣਾਵੇਗੀ।ਆਪਣੇ ਪੰਜਾਬ ਦੌਰੇ ਦੇ ਪਹਿਲੇ ਦਿਨ ਪਟਿਆਲਾ ਪਹੁੰਚੇ ਬੀ. ਐੱਲ. ਸੰਤੋਸ਼ ਨੇ ਕਿਹਾ ਕਿ ਪੰਜਾਬ ਬਦਲਾਅ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਭਾਜਪਾ ਵੀ ਇਸ ਬਦਲਾਅ ਨੂੰ ਹਕੀਕਤ ਬਣਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ।ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ 'ਤੇ ਚੋਣ ਲੜੇਗੀ ਤੇ ਜਿੱਤ ਹਾਸਲ ਕਰਕੇ ਸੂਬੇ ਵਿੱਚ ਆਪਣੀ ਸਰਕਾਰ ਵੀ ਬਣਾਏਗੀ।ਇਸ ਤੋਂ ਪਹਿਲਾਂ, ਭਾਰਤੀ ਜਨਤਾ ਪਾਰਟੀ ਦੇ ਪੰਜਾਬ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਵੀ ਸ਼੍ਰੋਮਣੀ ਅਕਾਲੀ ਦਲ ਜਾਂ ਕਿਸੇ ਹੋਰ ਧਿਰ ਨਾਲ ਗੱਠਜੋੜ ਦੀਆਂ ਸਾਰੀਆਂ ਅਟਕਲਾਂ ਨੂੰ ਖਾਰਜ ਕਰ ਦਿੱਤਾ ਸੀ।ਉਨ੍ਹਾਂ ਐਲਾਨ ਕੀਤਾ ਸੀ ਕਿ ਭਾਜਪਾ ਸੂਬੇ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ 'ਤੇ ਪੂਰੀ ਤਰ੍ਹਾਂ ਤਿਆਰ ਹੈ ਤੇ ਆਪਣੇ ਦਮ 'ਤੇ ਇਕੱਲਿਆਂ ਚੋਣ ਲੜੇਗੀ।

## ਲਾਲਬਾਈ, ਚੰਨੂੰ ਤੇ ਬੀਦੋਵਾਲੀ ਵਿਖੇ ਦਿਖਾਈ ਦਸਤਾਵੇਜ਼ੀ ਫਿਲਮ




**ਲੰਬੀ/ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਸ਼ੁਰੂ ਕੀਤੀ ਗਈ ਰਾਜ ਪੱਧਰੀ ਜਾਗਰੂਕਤਾ ਮੁਹਿੰਮ ਤਹਿਤ ਪ੍ਰਚਾਰ ਵੈਨ ਬੀਤੇ ਦਿਨੀਂ ਲੰਬੀ ਵਿਧਾਨ ਸਭਾ ਹਲਕੇ ਦੇ ਪਿੰਡ ਲਾਲਬਾਈ, ਚੰਨੂੰ ਤੇ ਬੀਦੋਵਾਲੀ ਵਿਖੇ ਪੁੱਜੀ।ਇਸ ਮੌਕੇ ਇਹਨਾਂ ਪਿੰਡਾਂ ਵਿਚ ਵੱਡੀ ਗਿਣਤੀ 'ਚ ਪਿੰਡ ਵਾਸੀਆਂ, ਨੌਜਵਾਨਾਂ, ਮਹਿਲਾਵਾਂ ਤੇ ਬਜ਼ੁਰਗਾਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ।ਪ੍ਰਚਾਰ ਵੈਨ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਉਨ੍ਹਾਂ ਦੀ ਬਾਣੀ, ਸਮਾਜਿਕ ਬਰਾਬਰੀ, ਆਪਸੀ ਸਦਭਾਵਨਾ ਅਤੇ ਉੱਚ-ਨੀਚ ਦੇ ਭੇਦਭਾਵ ਨੂੰ ਖਤਮ ਕਰਨ ਦੇ ਮਹਾਨ ਸੰਦੇਸ਼ 'ਤੇ ਆਧਾਰਤ ਕਰੀਬ 30 ਮਿੰਟ ਦੀ ਪ੍ਰਭਾਵਸ਼ਾਲੀ ਦਸਤਾਵੇਜੀ ਫਿਲਮ ਦਾ ਪ੍ਰਦਰਸ਼ਨ ਕੀਤਾ ਗਿਆ।ਦਸਤਾਵੇਜ਼ੀ ਫ਼ਿਲਮ ਰਾਹੀਂ ਹਾਜ਼ਰ ਲੋਕਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਉਹਨਾਂ ਦੀਆਂ ਸਿੱਖਿਆਵਾਂ ਤੇ ਮਨੁੱਖਤਾ ਦੇ ਭਲੇ ਲਈ ਦਿੱਤੇ ਅਮੁੱਲੇ ਸੰਦੇਸ਼ਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਹਾਜ਼ਰ ਦਰਸ਼ਕਾਂ ਨੇ ਡਾਕੂਮੈਂਟਰੀ ਸ਼ੋਅ ਨੂੰ ਬਹੁਤ ਸ਼ਰਧਾ ਤੇ ਰੁਚੀ ਨਾਲ ਦੇਖਿਆ ਅਤੇ ਗੁਰੂ ਸਾਹਿਬ ਵੱਲੋਂ ਦਰਸਾਏ ਸਮਾਨਤਾ, ਭਾਈਚਾਰੇ ਅਤੇ ਮਨੁੱਖੀ ਏਕਤਾ ਦੇ ਆਦਰਸ਼ਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦਾ ਸੰਕਲਪ ਲਿਆ।

## ਬੂਟਾ ਸਿੰਘ ਦੌਲਤਪੁਰਾ ਪੀ ਏ ਸੀ 'ਚ ਮੁੜ ਸ਼ਾਮਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਮੁੱਚੀ ਹਾਈ ਕਮਾਂਡ ਵੱਲੋਂ ਸਾਬਕਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਤੇ ਪਲਾਨਿੰਗ ਬੋਰਡ ਬੂਟਾ ਸਿੰਘ ਦੌਲਤਪੁਰਾ ਨੂੰ ਰਾਜਸੀ ਮਾਮਲਿਆਂ ਬਾਰੇ ਕਮੇਟੀ ਪੀ ਏ ਸੀ ਵਿੱਚ ਸ਼ਾਮਲ ਕਰਕੇ ਮੋਗਾ ਜ਼ਿਲ੍ਹੇ ਨੂੰ ਵੱਡਾ ਮਾਣ ਦਿੱਤਾ। ਦੌਲਤਪੁਰਾ ਨੇ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਵਫਾਦਾਰ ਸਿਪਾਹੀ ਹਨ ਤੇ ਪਿਛਲੇ 35-36 ਸਾਲ ਤੋਂ ਪਾਰਟੀ ਲਈ ਸਰਗਰਮ ਵਰਕਰ ਤੇ ਬੁਲਾਰੇ ਦੇ ਤੌਰ 'ਤੇ ਪਾਰਟੀ ਦੀਆਂ ਸੇਵਾਵਾਂ ਨਿਭਾਅ ਰਹੇ ਹਨ ਤੇ ਪਾਰਟੀ ਦੀ ਚੜ੍ਹਦੀ ਕਲਾ ਲਈ ਕੰਮ ਕਰਦੇ ਆ ਰਹੇ ਹਨ, ਜਦੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੈਂਬਰ ਪਾਰਲੀਮੈਂਟ ਦਾ ਇਲੈਕਸ਼ਨ ਫਰੀਦਕੋਟ ਰਿਜ਼ਰਵ ਸੀਟ ਤੋਂ ਲੜਿਆ ਤਾਂ ਉਸ ਦਾ ਡੱਟ ਕੇ ਸਾਥ ਦਿੱਤਾ।ਦਿਨ ਰਾਤ ਇੱਕ ਕੀਤਾ ਮੇਰੀ ਮਿਹਨਤ ਤੇ ਵਫ਼ਾਦਾਰੀ ਨੂੰ ਵੇਖਦਿਆਂ, ਜੋ ਮੈਨੂੰ ਪਾਰਟੀ ਨੇ ਦੂਸਰੀ ਵਾਰ ਵੱਡੀ ਜ਼ਿੰਮੇਵਾਰੀ ਦੇ ਕੇ ਨਿਵਾਜਿਆ, ਮੈਂ ਪਾਰਟੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ, ਹਲਕਾ ਇੰਚਾਰਜ ਸੰਜੀਤ ਸਿੰਘ ਸਨੀ ਗਿੱਲ ਤੇ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦਾ ਹਾਂ ਅਤੇ ਵਿਸ਼ਵਾਸ ਦਿਵਾਉਂਦਾ ਹਾਂ ਕਿ ਪਾਰਟੀ ਦੀ ਮਜ਼ਬੂਤੀ ਤੇ ਚੜ੍ਹਦੀ ਕਲਾ ਲਈ ਸਖਤ ਮਿਹਨਤ ਕਰਾਂਗਾ।

## ਪੰਜਾਬ ਟਰੇਡ ਕੌਂਸਲ ਤੇ ਡੀ ਬੀ ਯੂ ਵੱਲੋਂ ਵਪਾਰ 'ਤੇ ਵਿਜ਼ਨ ਦਸਤਾਵੇਜ਼ ਜਾਰੀ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਦੇ ਵਪਾਰ, ਨਿਰਯਾਤ ਪੰਜਾਬ ਟਰੇਡ ਪ੍ਰਮੋਸ਼ਨ ਕੌਂਸਲ, ਜੋ ਦੇਸ਼ ਭਗਤ ਯੂਨੀਵਰਸਿਟੀ ਦੀ ਸਹਿਯੋਗੀ ਨਵੀਂ ਗਠਿਤ ਖੁਦਮੁਖਤਿਆਰ ਉਦਯੋਗਿਕ ਸੰਸਥਾ, ਨੇ ਪ੍ਰੈੱਸ ਕਲੱਬ, ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਪੰਜਾਬ ਦੇ ਵਪਾਰ, ਉਦਯੋਗ ਤੇ ਨਿਰਯਾਤ ਦੇ ਸਮੁੱਚੇ ਤੰਤਰ ਨੂੰ ਮਜ਼ਬੂਤ ਕਰਨ ਸਬੰਧੀ ਆਪਣਾ ਵਿਜ਼ਨ ਜਾਰੀ ਕੀਤਾ।ਕੌਂਸਲ ਨੇ 8 ਸਤੰਬਰ ਨੂੰ ਹੋਣ ਵਾਲੇ ਆਪਣੇ ਪਹਿਲੇ ਸੈਮੀਨਾਰ-ਕਮ-ਐਵਾਰਡ ਸਮਾਰੋਹ ਦਾ ਵੀ ਐਲਾਨ ਕੀਤਾ।ਇਸ ਮੌਕੇ ਪੀਟੀਪੀਸੀ ਦੀ ਚੇਅਰਪਰਸਨ ਕੰਚਨ ਸ਼ਰਮਾ ਨੇ ਪੰਜਾਬ ਨੂੰ ਵਿਸ਼ਵ ਪੱਧਰ 'ਤੇ ਪ੍ਰਸਿੱਧ ਵਪਾਰ, ਨਿਵੇਸ਼ ਤੇ ਉਦਯੋਗਿਕ ਕੇਂਦਰ ਵਜੋਂ ਸਥਾਪਤ ਕਰਨ ਲਈ ਕੌਂਸਲ ਦੇ ਵਿਜ਼ਨ ਨੂੰ ਪੇਸ਼ ਕੀਤਾ।ਪੰਜਾਬ ਫੂਡ ਕਮਿਸ਼ਨ ਦੇ ਚੇਅਰਪਰਸਨ ਬਾਲ ਮੁਕੰਦ ਸ਼ਰਮਾ ਨੇ ਸੂਖਮ, ਲਘੂ ਤੇ ਦਰਮਿਆਨੇ ਉਦਯੋਗਾਂ, ਨਵੇਂ ਉੱਦਮਾਂ ਤੇ ਉੱਦਮੀਆਂ ਨੂੰ ਸਸ਼ਕਤ ਬਣਾਉਣ ਤੇ ਉਨ੍ਹਾਂ ਨੂੰ ਸਰਕਾਰੀ ਯੋਜਨਾਵਾਂ, ਬਾਜ਼ਾਰਾਂ ਤੇ ਨਿਵੇਸ਼ ਦੇ ਮੌਕਿਆਂ ਤੱਕ ਸੁਗਮ ਪਹੁੰਚ ਪ੍ਰਦਾਨ ਕਰਨ ਲਈ ਪੀਟੀਪੀਸੀ ਵੱਲੋਂ ਦਿੱਤੇ ਜਾ ਰਹੇ ਮਹੱਤਵ ਨੂੰ ਉਜਾਗਰ ਕੀਤਾ।ਇਸੇ ਤਰ੍ਹਾਂ ਸਹਿਯੋਗੀ ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰਧਾਨ ਡਾ. ਸੰਦੀਪ ਸਿੰਘ ਨੇ ਇਸ ਉਪਰਾਲੇ ਦਾ ਸਵਾਗਤ ਕਰਦਿਆਂ ਟਿਕਾਊ ਉਦਯੋਗਿਕ ਵਿਕਾਸ ਨੂੰ ਉਤਸ਼ਾਹਤ ਕਰਨ ਲਈ ਉਦਯੋਗ ਤੇ ਸਿੱਖਿਆ ਸੰਸਥਾਵਾਂ ਦਰਮਿਆਨ ਮਜ਼ਬੂਤ ਸਾਂਝ ਦੀ ਲੋੜ 'ਤੇ ਜ਼ੋਰ ਦਿੱਤਾ।ਇਸ ਮੌਕੇ ਪੀਟੀਪੀਸੀ ਦੇ ਸਲਾਹਕਾਰ ਸ੍ਰੀ ਵਿਸ਼ਵ ਬੰਧੂ ਮੋਂਗਾ ਤੋਂ ਇਲਾਵਾ ਐੱਨ. ਐੱਸ. ਬਰਾੜ, ਅਰੁਣ ਗਰੋਵਰ ਤੇ ਤਰਨਜੀਤ ਸਿੰਘ ਭਮਰਾ ਵੀ ਹਾਜ਼ਰ ਸਨ।ਪਹਿਲੇ ਪੁਰਸਕਾਰ ਸਮਾਰੋਹ ਵਿੱਚ ਸੂਖਮ, ਲਘੂ ਤੇ ਦਰਮਿਆਨੇ ਉਦਯੋਗਾਂ, ਨਿਰਯਾਤ ਵਿੱਚ ਉੱਤਮਤਾ ਤੇ ਮਹਿਲਾ ਉੱਦਮਤਾ ਦੇ ਖੇਤਰਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਸਨਮਾਨਤ ਕੀਤਾ ਜਾਵੇਗਾ।ਪੁਰਸਕਾਰਾਂ ਲਈ ਨਾਮਜ਼ਦਗੀਆਂ 19 ਅਗਸਤ ਤੋਂ ਸ਼ੁਰੂ ਹੋ ਚੁੱਕੀਆਂ ਹਨ ਤੇ 2 ਸਤੰਬਰ ਤੱਕ ਜਾਰੀ ਰਹਿਣਗੀਆਂ।ਇੱਕ ਸੁਤੰਤਰ ਜਿਊਰੀ ਵੱਲੋਂ ਵਿਕਾਸ, ਰੁਜ਼ਗਾਰ ਸਿਰਜਣਾ, ਨਵੀਨਤਾ, ਗੁਣਵੱਤਾ, ਟਿਕਾਊਪਣ, ਕਿਸਾਨਾਂ ਨਾਲ ਸਾਂਝ ਤੇ ਨਿਰਯਾਤ ਪ੍ਰਦਰਸ਼ਨ ਸਮੇਤ ਵੱਖ-ਵੱਖ ਮਾਪਦੰਡਾਂ ਦੇ ਆਧਾਰ 'ਤੇ ਨਾਮਜ਼ਦਗੀਆਂ ਦਾ ਮੁਲਾਂਕਣ ਕੀਤਾ ਜਾਵੇਗਾ।

## ਡਾ. ਰਜਿੰਦਰ ਬਾਂਸਲ ਨੇ ਬਾਬਾ ਫਰੀਦ ਯੂਨੀਵਰਸਿਟੀ ਦੇ ਵੀ ਸੀ ਵਜੋਂ ਅਹੁਦਾ ਸੰਭਾਲਿਆ

### ਸਮਾਜ ਸੇਵੀਆਂ ਨੇ ਗਰਮਜੋਸ਼ੀ ਨਾਲ ਕੀਤਾ ਸਵਾਗਤ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ, ਗੁਰਪ੍ਰੀਤ ਸਿੰਘ)**-ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਫਰੀਦਕੋਟ ਵਿਖੇ ਨਵੇਂ ਵਾਈਸ ਚਾਂਸਲਰ (ਵੀ.ਸੀ.) ਡਾ. ਰਜਿੰਦਰ ਬਾਂਸਲ ਨੇ ਰਸਮੀ ਤੌਰ 'ਤੇ ਆਪਣਾ ਅਹੁਦਾ ਸੰਭਾਲ ਕੇ ਕੰਮਕਾਜ ਸ਼ੁਰੂ ਕਰ ਦਿੱਤਾ ਹੈ।ਯੂਨੀਵਰਸਿਟੀ ਪੁੱਜਣ 'ਤੇ ਸ਼ਹਿਰ ਦੀਆਂ ਪ੍ਰਮੁੱਖ ਸਮਾਜ ਸੇਵੀ ਸੰਸਥਾਵਾਂ ਦੇ ਅਹੁਦੇਦਾਰਾਂ, ਸਥਾਨਕ ਨਿਵਾਸੀਆਂ ਤੇ ਯੂਨੀਵਰਸਿਟੀ ਸਟਾਫ਼ ਵੱਲੋਂ ਉਨ੍ਹਾਂ ਦਾ ਸ਼ਾਨਦਾਰ ਤੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।ਇਸ ਮੌਕੇ ਗੁਰਦੁਆਰਾ ਸਾਹਿਬ ਲੰਗਰ ਮਾਤਾ ਖੀਵੀ ਜੀ ਦੇ ਮੁੱਖ ਸੇਵਾਦਾਰ ਕੈਪਟਨ ਧਰਮ ਸਿੰਘ ਗਿੱਲ (ਰਿਟਾਇਰਡ) ਆਪਣੀ ਸਮੁੱਚੀ ਟੀਮ ਨਾਲ ਉਚੇਚੇ ਤੌਰ 'ਤੇ ਪਹੁੰਚੇ।ਸੇਵਾਦਾਰਾਂ ਦੁਆਰਾ ਨਵੇਂ ਵੀ ਸੀ ਡਾ. ਰਜਿੰਦਰ ਬਾਂਸਲ ਦੀ ਚੜ੍ਹਦੀ ਕਲਾ, ਤੰਦਰੁਸਤੀ ਤੇ ਸਫ਼ਲ ਕਾਰਜਕਾਲ ਲਈ ਗੁਰੂ ਚਰਨਾਂ ਵਿੱਚ ਅਰਦਾਸ ਕੀਤੀ ਗਈ ਅਤੇ ਉਨ੍ਹਾਂ ਨੂੰ 'ਸਿਰੋਪਾਓ' ਬਖਸ਼ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਦੌਰਾਨ ਕੈਪਟਨ ਗਿੱਲ ਦੀ ਅਗਵਾਈ ਹੇਠ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਪੂਰਾ ਮਾਹੌਲ ਗੂੰਜ ਉੱਠਿਆ।ਅਹੁਦਾ ਸੰਭਾਲਣ ਤੋਂ ਬਾਅਦ ਵਾਈਸ ਚਾਂਸਲਰ ਡਾ. ਰਜਿੰਦਰ ਬਾਂਸਲ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮਾਜ ਸੇਵੀਆਂ ਦੇ ਸੁਝਾਅ ਨਾਲ ਯੂਨੀਵਰਸਿਟੀ ਨੂੰ ਨਵੀਆਂ ਉਚਾਈਆਂ 'ਤੇ ਲੈ ਕੇ ਜਾਣ 'ਚ ਬਹੁਤ ਵੱਡਾ ਯੋਗਦਾਨ ਰਹੇਗਾ।ਇਸ ਮੌਕੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਤੇ ਯੂਨੀਵਰਸਿਟੀ ਦੇ ਅਧਿਕਾਰੀਆਂ-ਕਰਮਚਾਰੀਆਂ ਨੇ ਆਸ ਪ੍ਰਗਟਾਈ ਕਿ ਡਾ. ਬਾਂਸਲ ਦੀ ਰਹਿਨੁਮਾਈ ਹੇਠ ਇਹ ਯੂਨੀਵਰਸਿਟੀ ਸਿਹਤ ਤੇ ਸਿੱਖਿਆ ਦੇ ਖੇਤਰ ਵਿੱਚ ਨਵੇਂ ਦਿਸਹੱਦੇ ਕਾਇਮ ਕਰੇਗੀ।

## ਸਰਵਉੱਚ ਸਿੱਖ ਸੰਸਥਾਵਾਂ ਵੰਦੇ ਮਾਤਰਮ ਗੀਤ ਬਾਰੇ ਸਿੱਖ ਭਾਈਚਾਰੇ ਲਈ ਵਿਸ਼ੇਸ਼ ਆਦੇਸ਼ ਜਾਰੀ ਕਰਨ : ਖੋਸਾ



**ਸਿਰਸਾ (ਜਗਤਾਰ ਸਮਾਲਸਰ)**-ਸਰਵਉੱਚ ਸਿੱਖ ਸੰਸਥਾਵਾਂ ਨੂੰ ਵੰਦੇ ਮਾਤਰਮ ਗੀਤ ਪ੍ਰਤੀ ਆਪਣਾ ਸਟੈਂਡ ਸਪੱਸ਼ਟ ਕਰਦੇ ਹੋਏ ਸਿੱਖ ਭਾਈਚਾਰੇ ਲਈ ਵਿਸ਼ੇਸ਼ ਆਦੇਸ਼ ਜਾਰੀ ਕਰਨੇ ਚਾਹੀਦੇ ਹਨ।ਇਹ ਸ਼ਬਦ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਸਾਬਕਾ ਜਨਰਲ ਸਕੱਤਰ ਮਲਕੀਤ ਸਿੰਘ ਖੋਸਾ ਨੇ ਕਹੇ।ਉਨ੍ਹਾਂ ਕਿਹਾ ਕਿ ਵੰਦੇ ਮਾਤਰਮ ਗੀਤ ਵਿੱਚ ਦੇਵੀ-ਦੇਵਤਿਆਂ ਦਾ ਗੁਣਗਾਨ ਕੀਤਾ ਗਿਆ ਹੈ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਧਾਰਮਿਕ ਫ਼ਲਸਫ਼ੇ ਅਨੁਸਾਰ ਕੇਵਲ ਇੱਕ ਪ੍ਰਮਾਤਮਾ ਨੂੰ ਮੰਨਣਾ ਹੀ ਸਿੱਖੀ ਸਿਧਾਂਤ ਹੈ।ਖੋਸਾ ਨੇ ਕਿਹਾ ਕਿ ਕੁਝ ਸਿੱਖ ਜਥੇਬੰਦੀਆਂ ਦੇ ਵੀ ਵੰਦੇ ਮਾਤਰਮ ਗੀਤ ਬਾਰੇ ਵੱਖ-ਵੱਖ ਵਿਚਾਰ ਹਨ, ਜਿਸਦਾ ਮੁੱਖ ਕਾਰਨ ਇਹੀ ਹੈ ਕਿ ਅਕਾਲ ਤਖ਼ਤ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਇਸ ਸਬੰਧ ਵਿੱਚ ਸਿੱਖਾਂ ਲਈ ਕੋਈ ਵਿਸ਼ੇਸ਼ ਆਦੇਸ਼ ਜਾਰੀ ਨਹੀਂ ਕੀਤੇ ਗਏ।ਅਕਾਲ ਤਖ਼ਤ ਸ੍ਰੀ ਅੰਮ੍ਰਿਤਸਰ ਸਾਹਿਬ ਹਰ ਸਿੱਖ ਲਈ ਸਰਵਉੱਚ ਹੈ।ਇਸ ਲਈ ਸਿੱਖਾਂ ਵਾਸਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੰਦੇ ਮਾਤਰਮ ਗੀਤ ਬਾਰੇ ਆਦੇਸ਼ ਜਾਰੀ ਕਰਨਾ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਅਜੇ ਤੱਕ ਕਿਸੇ ਵੀ ਸਿੱਖ ਜਥੇਬੰਦੀ ਨੇ ਇਸ ਗੀਤ 'ਤੇ ਕੋਈ ਇਤਰਾਜ਼ ਨਹੀਂ ਉਠਾਇਆ ਹੈ।ਉਨ੍ਹਾਂ ਮੰਗ ਕੀਤੀ ਕਿ ਅਕਾਲ ਤਖ਼ਤ ਸ੍ਰੀ ਅੰਮ੍ਰਿਤਸਰ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਵੰਦੇ ਮਾਤਰਮ ਗੀਤ ਬਾਰੇ ਆਪਣਾ ਰੁਖ਼ ਸਪੱਸ਼ਟ ਕਰਨ ਲਈ ਵਿਸ਼ੇਸ਼ ਆਦੇਸ਼ ਜਾਰੀ ਕਰਨੇ ਚਾਹੀਦੇ ਹਨ।

## ਕੌਂਸਲਰ ਹੇਮ ਲਤਾ ਭਾਜਪਾ ਛੱਡ 'ਆਪ' 'ਚ ਹੋਈ ਸ਼ਾਮਲ

### ਵਿਧਾਇਕ ਡਾ. ਅਰੋੜਾ ਨੇ ਕੀਤਾ ਸਿਰੋਪਾਓ ਪਾ ਕੇ ਸਨਮਾਨਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਆਮ ਆਦਮੀ ਪਾਰਟੀ ਨੂੰ ਵਾਰਡ ਨੰਬਰ 24 ਵਿੱਚ ਉਸ ਸਮੇਂ ਵੱਡਾ ਸਿਆਸੀ ਸਮਰਥਨ ਮਿਲਿਆ, ਜਦੋਂ ਵਾਰਡ ਦੀ ਮੌਜੂਦਾ ਕੌਂਸਲਰ ਹੇਮ ਲਤਾ ਨੇ ਭਾਜਪਾ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ।ਉਨ੍ਹਾਂ ਦੇ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਵਾਰਡ ਨੰਬਰ 24 ਵਿੱਚ ਆਮ ਆਦਮੀ ਪਾਰਟੀ ਨੂੰ ਹੋਰ ਮਜ਼ਬੂਤੀ ਮਿਲਣ ਦੀ ਉਮੀਦ ਹੈ।ਇਸ ਮੌਕੇ ਮੋਗਾ ਹਲਕੇ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕੌਂਸਲਰ ਹੇਮ ਲਤਾ ਦਾ ਆਮ ਆਦਮੀ ਪਾਰਟੀ ਵਿੱਚ ਸਵਾਗਤ ਕੀਤਾ ਤੇ ਉਨ੍ਹਾਂ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ।ਵਿਧਾਇਕ ਡਾ. ਅਰੋੜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਲੋਕ ਹਿਤੈਸ਼ੀ ਨੀਤੀਆਂ ਤੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਵਰਗਾਂ ਦੇ ਲੋਕ ਪਾਰਟੀ ਨਾਲ ਜੁੜ ਰਹੇ ਹਨ।ਹੇਮ ਲਤਾ ਦੇ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਵਾਰਡ ਨੰਬਰ 24 ਵਿੱਚ ਪਾਰਟੀ ਦਾ ਜਨ ਆਧਾਰ ਹੋਰ ਮਜ਼ਬੂਤ ਹੋਵੇਗਾ।ਵਿਧਾਇਕਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਤੇ ਪੰਜਾਬ ਦੇ ਵਿਕਾਸ ਲਈ ਲਗਾਤਾਰ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰੇਕ ਆਗੂ ਤੇ ਵਰਕਰ ਨੂੰ ਪੂਰਾ ਮਾਣ-ਸਨਮਾਨ ਦਿੱਤਾ ਜਾਂਦਾ ਹੈ।ਲੋਕਾਂ ਦੀ ਸੇਵਾ ਕਰਨਾ ਤੇ ਪੰਜਾਬ ਦੇ ਵਿਕਾਸ ਵਿੱਚ ਯੋਗਦਾਨ ਪਾਉਣਾ ਹੀ ਪਾਰਟੀ ਦਾ ਮੁੱਖ ਉਦੇਸ਼ ਹੈ।ਇਸ ਮੌਕੇ ਕੌਂਸਲਰ ਹੇਮ ਲਤਾ ਨੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਵਿੱਚ ਭਰੋਸਾ ਪ੍ਰਗਟ ਕਰਦਿਆਂ ਕਿਹਾ ਕਿ ਉਹ ਪਾਰਟੀ ਨਾਲ ਮਿਲ ਕੇ ਵਾਰਡ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਉਠਾਉਣਗੇ ਤੇ ਇਲਾਕੇ ਦੇ ਵਿਕਾਸ ਲਈ ਪੂਰੀ ਮਿਹਨਤ ਨਾਲ ਕੰਮ ਕਰਨਗੇ।ਇਸ ਮੌਕੇ ਮੇਅਰ ਵਿਨੇਪਾਲ ਕੌਰ, ਸੀਨੀਅਰ ਡਿਪਟੀ ਮੇਅਰ ਕਾਲਾ ਬਜਾਜ, ਡਿਪਟੀ ਮੇਅਰ ਗੌਰਵ ਗਰਗ, ਸੰਗਠਨ ਇੰਚਾਰਜ ਰਕੇਸ਼ ਮਿੱਡਾ, ਸਾਬਕਾ ਕੌਂਸਲਰ ਸ਼ਿੰਦਾ ਬਰਾੜ, ਹਿੰਮਤ ਸਿੰਘ ਜੱਬਲ ਬੀ.ਸੀ. ਵਿੰਗ ਕੋਆਰਡੀਨੇਟਰ ਤੇ ਕੌਂਸਲਰ ਜਗਦੀਪ ਸਿੰਘ ਜੱਗਾ ਮੌਜੂਦ ਸਨ।

## 30 ਸਤੰਬਰ ਤੱਕ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ 'ਤੇ ਮਿਲੇਗੀ 10 ਫ਼ੀਸਦੀ ਛੋਟ : ਮੇਅਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਨਗਰ ਨਿਗਮ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਨੇ ਸਮੂਹ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣਾ ਬਣਦਾ ਪ੍ਰਾਪਰਟੀ ਟੈਕਸ ਸਮੇਂ ਸਿਰ ਜਮ੍ਹਾਂ ਕਰਵਾ ਕੇ ਸਰਕਾਰ ਵੱਲੋਂ ਦਿੱਤੀ ਜਾ ਰਹੀ 10 ਫ਼ੀਸਦੀ ਛੋਟ ਦਾ ਲਾਭ ਉਠਾਉਣ।ਉਨ੍ਹਾਂ ਦੱਸਿਆ ਕਿ ਵਿੱਤੀ ਵਰ੍ਹੇ 2026-27 ਲਈ 10 ਫ਼ੀਸਦੀ ਰਿਬੇਟ (ਛੋਟ) ਪ੍ਰਾਪਤ ਕਰਨ ਦੀ ਆਖ਼ਰੀ ਮਿਤੀ 30 ਸਤੰਬਰ 2026 ਹੈ।ਮੇਅਰ ਗੋਗੀਆ ਨੇ ਕਿਹਾ ਕਿ ਸ਼ਾਹੀ ਸ਼ਹਿਰ ਪਟਿਆਲਾ ਦੇ ਸਰਵਪੱਖੀ ਵਿਕਾਸ, ਸਫ਼ਾਈ ਵਿਵਸਥਾ ਨੂੰ ਮਜ਼ਬੂਤ ਕਰਨ, ਸੜਕਾਂ, ਸੀਵਰੇਜ ਤੇ ਸਟ੍ਰੀਟ ਲਾਈਟਾਂ ਵਰਗੀਆਂ ਬੁਨਿਆਦੀ ਨਾਗਰਿਕ ਸੁਵਿਧਾਵਾਂ ਨੂੰ ਬਿਹਤਰ ਬਣਾਉਣ ਲਈ ਨਗਰ ਨਿਗਮ ਨੂੰ ਆਮ ਲੋਕਾਂ ਦੇ ਪੂਰਨ ਸਹਿਯੋਗ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਹਰੇਕ ਪ੍ਰਾਪਰਟੀ ਮਾਲਕ ਆਪਣੀ ਨੈਤਿਕ ਤੇ ਨਾਗਰਿਕ ਜ਼ਿੰਮੇਵਾਰੀ ਸਮਝਦੇ ਹੋਏ ਸਮੇਂ ਸਿਰ ਟੈਕਸ ਦੀ ਅਦਾਇਗੀ ਯਕੀਨੀ ਬਣਾਏ।ਮੇਅਰ ਨੇ ਸ਼ਹਿਰ ਵਾਸੀਆਂ ਨੂੰ ਸੁਝਾਅ ਦਿੱਤਾ ਕਿ ਉਹ 30 ਸਤੰਬਰ ਦੀ ਆਖ਼ਰੀ ਤਾਰੀਖ਼ ਦਾ ਇੰਤਜ਼ਾਰ ਕੀਤੇ ਬਿਨਾਂ ਪਹਿਲਾਂ ਹੀ ਆਪਣਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਤਾਂ ਜੋ ਆਖ਼ਰੀ ਦਿਨਾਂ ਵਿੱਚ ਹੋਣ ਵਾਲੀ ਭੀੜ ਤੇ ਕਿਸੇ ਵੀ ਕਿਸਮ ਦੀ ਖੱਜਲ-ਖੁਆਰੀ ਤੋਂ ਬਚਿਆ ਜਾ ਸਕੇ।

## ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਮੀਟਿੰਗ ਹੋਈ



**ਦੋਰਾਹਾ (ਹਰਮਿੰਦਰ ਸੇਠ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਪੱਖੋਵਾਲ ਦੀ ਮੀਟਿੰਗ ਦਰਸ਼ਨ ਸਿੰਘ ਫਲੇਵਾਲ ਦੀ ਪ੍ਰਧਾਨਗੀ ਹੇਠ ਪਿੰਡ ਨਾਰੰਗਵਾਲ ਗੁਰਦੁਆਰਾ ਸਾਹਿਬ ਵਿਖੇ ਹੋਈ। ਮੀਟਿੰਗ 'ਚ ਜ਼ਿਲ੍ਹਾ ਜਨਰਲ ਸਕੱਤਰ ਸੁਦਾਗਰ ਸਿੰਘ ਘੁਡਾਣੀ ਤੇ ਸੰਗਠਨ ਸਕੱਤਰ ਚਰਨਜੀਤ ਸਿੰਘ ਫੱਲੇਵਾਲ ਨੇ ਵਿਸ਼ੇਸ਼ ਸ਼ਿਰਕਤ ਕੀਤੀ। ਮੀਟਿੰਗ 'ਚ ਭਾਰਤ ਅਮਰੀਕਾ ਮੁਕਤ ਵਪਾਰ ਰੱਦ ਕਰਨ, ਲੈਂਡ ਪੂਲਿੰਗ ਨੀਤੀ ਰੱਦ ਕਰਾਉਣ, ਕਿਸਾਨਾਂ-ਮਜ਼ਦੂਰਾਂ ਦੇ ਕਰਜ਼ੇ ਖਤਮ ਕਰਾਉਣ, ਆਬਾਦਕਾਰਾਂ ਨੂੰ ਮਾਲਕੀ ਹੱਕ ਦਿਵਾਉਣ, ਕਿਸਾਨਾਂ-ਮਜ਼ਦੂਰਾਂ 'ਤੇ ਪਾਏ ਕਰਜ਼ੇ ਖਤਮ ਕਰਨ ਤੇ ਜਬਰ ਜ਼ੁਲਮ ਦੇ ਖਿਲਾਫ 30 ਅਗਸਤ ਤੋਂ ਲਗਾਤਾਰ ਡੀਸੀ ਦਫਤਰਾਂ ਅੱਗੇ ਦਿੱਤੇ ਜਾ ਰਹੇ ਧਰਨੇ ਦੀ ਤਿਆਰੀ ਲਈ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਕਿਸਾਨ ਟਰੈਕਟਰ-ਟਰਾਲੀ ਲੈ ਕੇ ਪਹੁੰਚਣਗੇ। ਆਗੂਆਂ ਕਿਹਾ ਕਿ ਸਰਕਾਰ ਸਾਮਰਾਜੀ ਕਾਰਪੋਰੇਟਾਂ ਦੀਆਂ ਕਠਪੁਤਲੀਆਂ ਬਣ ਗਈਆਂ ਹਨ, ਜਿਸ ਨਾਲ ਕਿਸਾਨਾਂ, ਮਜ਼ਦੂਰਾਂ ਡੇਅਰੀ ਧੰਦਾ, ਉਦਯੋਗ ਧੰਦਾ ਬਿਲਕੁਲ ਤਬਾਹ ਹੋ ਜਾਵੇਗਾ ਤੇ ਸਭ ਕੁਝ ਕਾਰਪੋਰੇਟਾਂ ਦੇ ਹਵਾਲੇ ਕਰਨ ਜਾ ਰਿਹਾ। ਸੋ ਆਪਾਂ ਨੂੰ ਲੰਮੇ ਸੰਘਰਸ਼ ਕਰਨ ਦੀ ਲੋੜ ਹੈ ਤਾਂ ਜੁ ਇਹ ਨੀਤੀਆਂ ਨੂੰ ਰੱਦ ਕਰਾਇਆ ਜਾ ਸਕੇ।

## ਨਗਰ ਕੌਂਸਲ ਦੀ ਬੈਠਕ 'ਚ 'ਆਪ' ਦੇ ਹੀ ਕਈ ਕੌਂਸਲਾਂ ਨੇ ਚੁੱਕੇ ਸਵਾਲ

**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਨਗਰ ਕੌਂਸਲ ਦੀ ਹਾਊਸ ਮੀਟਿੰਗ ਦੌਰਾਨ ਆਮ ਆਦਮੀ ਪਾਰਟੀ ਦੇ ਹੀ ਕਈ ਕੌਂਸਲਾਂ ਨੇ ਕਰੋੜਾਂ ਰੁਪਏ ਦੇ ਪ੍ਰੋਜੈਕਟਾਂ ਤੇ ਨਗਰ ਕੌਂਸਲ ਖੰਨਾ ਪ੍ਰਧਾਨ ਦੀ ਕਾਰਗੁਜ਼ਾਰੀ ਉੱਤੇ ਸਵਾਲ ਖੜ੍ਹੇ ਕਰ ਦਿੱਤੇ।ਜੀ ਟੀ ਰੋਡ ਉੱਤੇ ਬਿਜਲੀ ਦੀਆਂ ਤਾਰਾਂ ਅੰਡਰਗ੍ਰਾਊਂਡ ਕਰਨ ਤੇ ਰਸੂਲੜਾ ਵਿਖੇ ਲਗਭਗ 12.5 ਕਰੋੜ ਰੁਪਏ ਦੇ ਸੀਬੀਜੀ ਪ੍ਰੋਜੈਕਟ ਲਈ ਨਗਰ ਕੌਂਸਲ ਵੱਲੋਂ 5.62 ਕਰੋੜ ਰੁਪਏ ਦੇ ਯੋਗਦਾਨ ਦੇ ਪ੍ਰਸਤਾਵ ਦਾ ਵਿਰੋਧ ਕੀਤਾ ਗਿਆ।ਆਮ ਆਦਮੀ ਪਾਰਟੀ ਦੇ ਐੱਮ ਸੀ ਸੁਨੀਲ ਕੁਮਾਰ ਨੀਟਾ ਨੇ ਟੈਂਡਰ ਪ੍ਰਕਿਰਿਆ ਵਿੱਚ ਧਾਂਦਲੀ ਤੇ ਰੇਮੀਡੀਏਸ਼ਨ ਕੰਮ ਦੇ ਬਿਨਾਂ ਮੁਕੰਮਲ ਹੋਏ ਭੁਗਤਾਨ ਕਰਨ ਦੇ ਦੋਸ਼ ਲਗਾਏ।ਉਨ੍ਹਾਂ ਡੀਜ਼ਲ ਬਿੱਲਾਂ ਵਿੱਚ ਵੀ ਗੜਬੜੀ ਦੀ ਜਾਂਚ ਮੰਗੀ।ਐੱਮ ਸੀ ਪਰਮਪ੍ਰੀਤ ਸਿੰਘ ਪੌਂਪੀ ਨੇ ਟੈਂਡਰ ਪਹਿਲਾਂ ਜਾਰੀ ਕਰਕੇ ਬਾਅਦ ਵਿੱਚ ਹਾਊਸ ਦੀ ਮਨਜ਼ੂਰੀ ਲੈਣ ਉੱਤੇ ਸਵਾਲ ਉਠਾਏ, ਜਦਕਿ ਆਮ ਆਦਮੀ ਪਾਰਟੀ ਦੇ ਐੱਮ ਸੀ ਰਾਜਿੰਦਰ ਸਿੰਘ ਜੀਤ ਨੇ ਨਗਰ ਕੌਂਸਲ ਦੇ ਸੀਮਤ ਬਜਟ ਦਾ ਹਵਾਲਾ ਦੇ ਕੇ ਅਜਿਹੇ ਪ੍ਰੋਜੈਕਟਾਂ ਨੂੰ ਅਣਉਚਿਤ ਦੱਸਿਆ।ਵਾਰਡ ਨੰਬਰ 7 ਦੀ ਐੱਮ ਸੀ ਪ੍ਰਭਜੋਤ ਕੌਰ ਮਾਨ ਨੇ ਆਪਣੇ ਖੇਤਰ ਵਿੱਚ ਸੀਵਰੇਜ ਤੇ ਪਾਣੀ ਦੀਆਂ ਸਮੱਸਿਆਵਾਂ ਨੂੰ ਲੈ ਕੇ ਨਗਰ ਕੌਂਸਲ ਪ੍ਰਧਾਨ ਜਤਿੰਦਰ ਪਾਠਕ ਦੀ ਕਾਰਗੁਜ਼ਾਰੀ 'ਤੇ ਨਿਸ਼ਾਨਾ ਸਾਧਿਆ। ਕੁੱਲ 9 ਐੱਮ ਸੀ ਨੇ ਇਨ੍ਹਾਂ ਪ੍ਰਸਤਾਵਾਂ ਉੱਤੇ ਇਤਰਾਜ਼ ਜਤਾਇਆ, ਪਰ ਹਾਊਸ ਵਿੱਚ ਰੱਖੇ ਗਏ ਸਾਰੇ 19 ਮਤੇ ਆਖ਼ਰਕਾਰ ਪਾਸ ਹੋ ਗਏ।ਨਗਰ ਕੌਂਸਲ ਪ੍ਰਧਾਨ ਜਤਿੰਦਰ ਪਾਠਕ ਨੇ ਕਿਹਾ ਕਿ ਰਕਮ ਕਿਸ਼ਤਾਂ ਵਿੱਚ ਖਰਚ ਕੀਤੀ ਜਾਵੇਗੀ ਤੇ ਸ਼ਹਿਰ ਦੇ ਵਿਕਾਸ ਕਾਰਜਾਂ ਉੱਤੇ ਕੋਈ ਅਸਰ ਨਹੀਂ ਪਵੇਗਾ।ਨਗਰ ਕੌਂਸਲ ਪ੍ਰਧਾਨ ਜਤਿੰਦਰ ਪਾਠਕ ਨੇ ਕਿਹਾ ਕਿ ਸਾਰੇ ਪ੍ਰਸਤਾਵ ਕਾਨੂੰਨੀ ਤੌਰ 'ਤੇ ਪਾਸ ਹੋਏ ਹਨ ਅਤੇ ਰਕਮ ਇਕਮੁਸ਼ਤ ਨਹੀਂ, ਸਗੋਂ ਕਿਸ਼ਤਾਂ ਵਿੱਚ ਜਾਰੀ ਹੋਵੇਗੀ, ਜਿਸ ਨਾਲ ਸ਼ਹਿਰ ਦੇ ਵਿਕਾਸ ਕਾਰਜ ਪ੍ਰਭਾਵਿਤ ਨਹੀਂ ਹੋਣਗੇ।

## ਫਰੀਦਕੋਟ ਭਾਜਪਾ 'ਚ ਬਗਾਵਤ, ਹੋਈ ਤੀਲ੍ਹੋ-ਤੀਲ੍ਹੀ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਪੰਜਾਬ ਭਾਰਤੀ ਜਨਤਾ ਪਾਰਟੀ ਦੀ ਫਰੀਦਕੋਟ ਜ਼ਿਲ੍ਹਾ ਇਕਾਈ ਅੰਦਰੂਨੀ ਕਲੇਸ਼ ਤੇ ਅਸੰਤੁਸ਼ਟੀ ਕਾਰਨ ਵੱਡੇ ਰਾਜਨੀਤਕ ਸੰਕਟ ਵਿੱਚ ਘਿਰ ਗਈ ਹੈ।ਪਾਰਟੀ ਦੇ ਸੰਗਠਨ ਮੰਤਰੀ ਸ੍ਰੀ ਨਿਵਾਸੂਲੂ ਦੀ ਕਾਰਜਸ਼ੈਲੀ, ਫੈਸਲਿਆਂ ਤੇ ਕਥਿਤ ਤਾਨਾਸ਼ਾਹੀ ਰਵੱਈਏ ਵਿਰੁੱਧ ਮੋਰਚਾ ਖੋਲ੍ਹਦਿਆਂ ਕਈ ਸੀਨੀਅਰ ਜ਼ਿਲ੍ਹਾ ਪੱਧਰੀ ਅਹੁਦੇਦਾਰਾਂ ਨੇ ਆਪਣੇ ਅਹੁਦਿਆਂ ਤੋਂ ਸਮੂਹਿਕ ਅਸਤੀਫ਼ਾ ਦੇ ਦਿੱਤਾ ਹੈ।ਅਸਤੀਫ਼ਾ ਦੇਣ ਵਾਲੇ ਮੁੱਖ ਨੇਤਾਵਾਂ ਵਿੱਚ ਜ਼ਿਲ੍ਹਾ ਸਕੱਤਰ ਅਰਵਿੰਦ ਸਚਦੇਵਾ, ਜ਼ਿਲ੍ਹਾ ਜਨਰਲ ਸਕੱਤਰ/ਸਕੱਤਰ ਅਜੇ ਵੀਰ, ਜ਼ਿਲ੍ਹਾ ਉਪ-ਪ੍ਰਧਾਨ ਅਮਿਤ ਮਿਸ਼ਰਾ, ਜਨਰਲ ਸਕੱਤਰ ਅਬੀ ਮਿੱਤਲ ਤੇ ਆਈਟੀ ਸੈੱਲ ਇੰਚਾਰਜ ਪਵਨ ਕੁਮਾਰ (ਜੈਤੋ) ਸ਼ਾਮਲ ਹਨ। ਅਸਤੀਫ਼ਾ ਦੇਣ ਵਾਲੇ ਆਗੂਆਂ ਨੇ ਦੋਸ਼ ਲਾਇਆ ਕਿ ਲੰਬੇ ਸਮੇਂ ਤੋਂ ਪਾਰਟੀ ਲਈ ਸਮਰਪਿਤ ਹੋ ਕੇ ਕੰਮ ਕਰਨ ਵਾਲੇ ਵਫ਼ਾਦਾਰ ਵਰਕਰਾਂ ਨੂੰ ਪਾਸੇ ਕਰਕੇ ਦੂਜੀਆਂ ਪਾਰਟੀਆਂ ਤੋਂ ਆਏ ਨਵੇਂ ਚਿਹਰਿਆਂ ਨੂੰ ਪਹਿਲ ਦਿੱਤੀ ਜਾ ਰਹੀ ਹੈ।ਪਾਰਦਰਸ਼ੀ ਪ੍ਰਕਿਰਿਆ ਛੱਡ ਕੇ ਸੰਗਠਨ ਦੇ ਅਹੁਦੇ ਤੇ ਜ਼ਿੰਮੇਵਾਰੀਆਂ ਹੋਟਲਾਂ ਵਿੱਚ ਬੈਠ ਕੇ ਵੰਡੀਆਂ ਜਾ ਰਹੀਆਂ ਹਨ।ਸਾਬਕਾ ਜ਼ਿਲ੍ਹਾ ਪ੍ਰਧਾਨ ਗੌਰਵ ਕੱਕੜ ਨੂੰ ਅਚਾਨਕ ਅਹੁਦੇ ਤੋਂ ਹਟਾਉਣਾ ਨਿੱਜੀ ਰੰਜਿਸ਼ ਤੇ ਗੈਰ-ਪਾਰਦਰਸ਼ੀ ਫੈਸਲਾ ਹੈ।ਸੰਗਠਨ ਮੰਤਰੀ ਦੇ ਇਸ ਰਵੱਈਏ ਨਾਲ ਸਾਲਾਂ ਤੋਂ ਮਿਹਨਤ ਕਰ ਰਹੇ ਵਰਕਰਾਂ ਦੇ ਰਾਜਨੀਤਕ ਭਵਿੱਖ ਤੇ ਸਵੈ-ਮਾਣ ਨੂੰ ਨੁਕਸਾਨ ਪਹੁੰਚ ਰਿਹਾ ਹੈ।ਆਗੂਆਂ ਨੇ ਸਪੱਸ਼ਟ ਕੀਤਾ ਕਿ ਉਹ ਪਾਰਟੀ ਦੀ ਮੁੱਖ ਵਿਚਾਰਧਾਰਾ ਤੇ ਰਾਸ਼ਟਰੀ ਹਿੱਤਾਂ ਲਈ ਸਮਰਪਿਤ ਰਹਿਣਗੇ, ਪਰ ਮੌਜੂਦਾ ਮਾਹੌਲ ਵਿੱਚ ਕੰਮ ਕਰਨਾ ਅਸੰਭਵ ਹੋ ਗਿਆ ਹੈ।ਦੂਜੇ ਪਾਸੇ, ਮੌਜੂਦਾ ਭਾਜਪਾ ਜ਼ਿਲ੍ਹਾ ਪ੍ਰਧਾਨ ਸੰਦੀਪ ਸਿੰਘ ਸਨੀ ਬਰਾੜ ਨੇ ਸਥਿਤੀ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦਿਆਂ ਕਿਹਾ ਕਿ ਜਦੋਂ ਜ਼ਿਲ੍ਹਾ ਪ੍ਰਧਾਨ ਬਦਲਦਾ ਹੈ ਤਾਂ ਨਵੀਂ ਟੀਮ ਦਾ ਗਠਨ ਇੱਕ ਸੁਭਾਵਿਕ ਪ੍ਰਕਿਰਿਆ ਹੈ।ਉਨ੍ਹਾਂ ਕਿਹਾ ਕਿ ਅਸਤੀਫ਼ਾ ਦੇਣ ਵਾਲੇ ਵਰਕਰਾਂ ਨੇ ਪਾਰਟੀ ਨਹੀਂ ਛੱਡੀ, ਸਿਰਫ਼ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦਿੱਤਾ ਹੈ, ਇਸ ਲਈ ਇਹ ਕੋਈ ਬਹੁਤ ਵੱਡੀ ਜਾਂ ਚਿੰਤਾਜਨਕ ਗੱਲ ਨਹੀਂ ਹੈ।ਰਾਜਨੀਤਕ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਪਾਰਟੀ ਹਾਈਕਮਾਂਡ ਨੇ ਸਮਾਂ ਰਹਿੰਦੇ ਨਾਰਾਜ਼ ਵਰਕਰਾਂ ਨਾਲ ਗੱਲਬਾਤ ਕਰਕੇ ਮਸਲਾ ਨਾ ਸੁਲਝਾਇਆ ਤਾਂ ਫਰੀਦਕੋਟ ਵਿੱਚ ਭਾਜਪਾ ਦੇ ਸੰਗਠਨ ਨੂੰ ਵੱਡਾ ਝਟਕਾ ਲੱਗ ਸਕਦਾ ਹੈ।

## ਰੱਤਾਖੇੜਾ ਦੇ ਲੋਕ ਬੁਨਿਆਦੀ ਸਹੂਲਤਾਂ ਤੋਂ ਵਾਂਝੇ



**ਦੇਵੀਗੜ੍ਹ/ਸਨੌਰ (ਰਾਜਿੰਦਰ ਸਿੰਘ ਥਿੰਦ)**-ਪਿੰਡ ਰੱਤਾਖੇੜਾ 'ਚ ਸਮਾਜ ਸੇਵੀ ਰਾਕੇਸ਼ ਕੁਮਾਰ ਬੱਗਾ ਨੇ ਆਪਣੀ ਟੀਮ ਸਤਪਾਲ ਮਹਿਰਾ, ਸਵਰਨ ਸਿੰਘ ਬਾਜਵਾ, ਬਲਬੀਰ ਸਿੰਘ ਨਾਲ ਪਿੰਡ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲਿਆ।ਦੌਰੇ ਦੌਰਾਨ ਪਿੰਡ ਵਾਸੀਆਂ ਨੇ ਉਨ੍ਹਾਂ ਨੂੰ ਪਿੰਡ ਦੀਆਂ ਮੁਸ਼ਕਲਾਂ ਤੋਂ ਜਾਣੂ ਕਰਾਇਆ।ਪਿੰਡ 'ਚ ਗਲੀਆਂ-ਨਾਲੀਆਂ ਦੀ ਹਾਲਤ ਬੇਹੱਦ ਖਰਾਬ ਹੈ, ਥਾਂ-ਥਾਂ 'ਤੇ ਗੰਦਾ ਪਾਣੀ ਖੜ੍ਹਾ ਹੈ।ਪਿੰਡ ਨੂੰ ਜਾਂਦੀ ਮੁੱਖ ਸੜਕ ਟੁੱਟੀ ਹੋਈ ਹੈ, ਜਿਸ ਕਾਰਨ ਆਉਣ-ਜਾਣ 'ਚ ਭਾਰੀ ਪ੍ਰੇਸ਼ਾਨੀ ਹੁੰਦੀ ਹੈ।ਪਿੰਡ ਵਾਸੀਆਂ ਨੇ ਦੂਜੀਆਂ ਪਾਰਟੀਆਂ ਨੂੰ ਅਲਵਿਦਾ ਕਹਿ ਕੇ ਰਾਕੇਸ਼ ਕੁਮਾਰ ਬੱਗਾ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ।ਪਿੰਡ ਵਾਸੀਆਂ ਦਾ ਕਹਿਣਾ ਸੀ ਕਿ ਬੱਗਾ ਹੀ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝਦਾ ਹੈ ਤੇ ਹਮੇਸ਼ਾ ਲੋਕਾਂ ਵਿੱਚ ਵਿਚਰਦਾ ਹੈ।

## ਆਨਲਾਈਨ ਭਾਸ਼ਣ ਪ੍ਰਤੀਯੋਗਤਾ ਦੇ ਨਤੀਜੇ ਐਲਾਨੇ, ਬਾਬਾ ਫ਼ਰੀਦ ਸਕੂਲ ਦੀ ਹਰਲੀਨ ਕੌਰ ਰਹੀ ਅੱਵਲ



**ਕੋਟਕਪੂਰਾ (ਰਛਪਾਲ ਭੁੱਲਰ)**

80ਵੇਂ ਆਜ਼ਾਦੀ ਦਿਹਾੜੇ ਨੂੰ ਸਮਰਪਤ 'ਮਾਈ ਵੀਜ਼ਾ ਗਾਈਡ' ਫ਼ਰੀਦਕੋਟ ਰੋਡ ਕੋਟਕਪੂਰਾ ਵੱਲੋਂ 9ਵੀਂ ਤੋਂ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ 'ਮੇਰਾ ਭਾਰਤ-ਮੇਰਾ ਗੌਰਵ' ਵਿਸ਼ੇ 'ਤੇ ਆਨਲਾਈਨ ਭਾਸ਼ਣ ਪ੍ਰਤੀਯੋਗਤਾ ਦੇ ਜੇਤੂਆਂ ਨੂੰ ਸਾਦੇ ਪ੍ਰੰਤੂ ਬਹੁਤ ਹੀ ਪ੍ਰਭਾਵਸ਼ਾਲੀ ਸਨਮਾਨ ਸਮਾਗਮ ਵਿੱਚ ਸ਼੍ਰੀਮਤੀ ਅੰਜਨਾ ਕੌਸ਼ਲ (ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਫਰੀਦਕੋਟ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਇਨਾਮ ਵੰਡੇ।'ਮਾਈ ਵੀਜ਼ਾ ਗਾਈਡ' ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਸੋਮਨਾਥ ਕੌੜਾ ਨੇ ਦੱਸਿਆ ਕਿ ਪ੍ਰਤੀਯੋਗਤਾ ਵਿੱਚ ਵਿਦਿਆਰਥੀਆਂ ਦੀ ਵੱਡੀ ਗਿਣਤੀ ਤੇ ਉਨ੍ਹਾਂ ਦੀ ਪ੍ਰਤਿਭਾ ਨੂੰ ਦੇਖਦੇ ਹੋਏ ਐਲਾਨੇ ਗਏ ਨਤੀਜਿਆਂ ਵਿੱਚ ਦੂਜੇ ਤੇ ਤੀਜੇ ਸਥਾਨ ਲਈ ਇੱਕ ?-ਇੱਕ ਦੀ ਬਜਾਏ ਤਿੰਨ-ਤਿੰਨ ਵਿਦਿਆਰਥੀਆਂ ਨੂੰ ਇਨਾਮ ਦੇਣ ਦਾ ਫ਼ੈਸਲਾ ਕੀਤਾ ਗਿਆ।ਇਸ ਤਰ੍ਹਾਂ ਪਹਿਲੇ ਤਿੰਨ ਸਥਾਨਾਂ 'ਤੇ ਕੁੱਲ 7 ਵਿਦਿਆਰਥੀਆਂ ਨੂੰ ਸਨਮਾਨਤ ਕੀਤਾ। ਇਸ ਤੋਂ ਇਲਾਵਾ ਪ੍ਰਤੀਯੋਗਤਾ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ 10 ਹੋਰ ਹੋਣਹਾਰ ਪ੍ਰਤੀਭਾਗੀਆਂ ਨੂੰ ਵੀ 'ਉਤਸ਼ਾਹ ਪੁਰਸਕਾਰ' ਦੇਣ ਦਾ ਫ਼ੈਸਲਾ ਕੀਤਾ ਗਿਆ।ਸ੍ਰੀ ਸੋਮਨਾਥ ਕੌੜਾ ਨੇ ਦੱਸਿਆ ਕਿ ਪ੍ਰਤੀਯੋਗਤਾ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਬਾਬਾ ਫ਼ਰੀਦ ਪਬਲਿਕ ਸਕੂਲ ਫ਼ਰੀਦਕੋਟ ਦੀ 11ਵੀਂ ਜਮਾਤ ਦੀ ਵਿਦਿਆਰਥਣ ਹਰਲੀਨ ਕੌਰ ਨੂੰ 3,100 ਰੁਪਏ ਦੇ ਨਕਦ ਇਨਾਮ ਦੇ ਨਾਲ ?-ਨਾਲ ਟਰਾਫ਼ੀ, ਮੈਡਲ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਦੂਜੇ ਸਥਾਨ 'ਤੇ ਰਹਿਣ ਵਾਲੇ ਤਿੰਨ ਵਿਦਿਆਰਥੀਆਂ ਅਰਸ਼ਜੋਤ ਸਿੰਘ (9ਵੀਂ ਜਮਾਤ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਪੰਜਗਰਾਈਂ ਕਲਾਂ), ਦਿਲਨਾਜ਼ ਬਰਾੜ (10ਵੀਂ ਜਮਾਤ, ਬਾਬਾ ਫ਼ਰੀਦ ਪਬਲਿਕ ਸਕੂਲ, ਫ਼ਰੀਦਕੋਟ) ਤੇ ਵਰਲੀਨ ਕੌਰ (11ਵੀਂ ਜਮਾਤ, ਡ੍ਰੀਮਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਕੋਟਕਪੂਰਾ) ਨੂੰ 2100-2100 ਰੁਪਏ ਦੇ ਨਕਦ ਇਨਾਮ ਦੇ ਨਾਲ ਟਰਾਫ਼ੀ, ਮੈਡਲ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਤੀਜੇ ਸਥਾਨ 'ਤੇ ਰਹਿਣ ਵਾਲੇ ਤਿੰਨ ਵਿਦਿਆਰਥੀਆਂ ਜੈਸਮੀਨ ਕੌਰ (10ਵੀਂ ਜਮਾਤ, ਐੱਸ.ਐੱਮ.ਡੀ. ਵਰਲਡ ਸਕੂਲ, ਕੋਟਸੁਖੀਆ), ਕਿਰਤਰੂਪ ਕੌਰ (10ਵੀਂ ਜਮਾਤ, ਬਾਬਾ ਫ਼ਰੀਦ ਪਬਲਿਕ ਸਕੂਲ, ਫ਼ਰੀਦਕੋਟ) ਤੇ ਅੰਕਿਤਾ (12ਵੀਂ ਜਮਾਤ, ਡਾ. ਚੰਦਾ ਸਿੰਘ ਮਰਵਾਹ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਕੋਟਕਪੂਰਾ) ਨੂੰ 1100-1100 ਰੁਪਏ ਦੇ ਨਕਦ ਇਨਾਮ ਦੇ ਨਾਲ-ਨਾਲ ਟਰਾਫ਼ੀ, ਮੈਡਲ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਪ੍ਰਤੀਯੋਗਤਾ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ 10 ਵਿਦਿਆਰਥੀਆਂ ਨੂੰ 'ਉਤਸ਼ਾਹ ਪੁਰਸਕਾਰ' ਵਜੋਂ ਟਰਾਫ਼ੀ, ਮੈਡਲ ਤੇ ਸਰਟੀਫਿਕੇਟ ਦਿੱਤੇ ਗਏ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਸ੍ਰੀਮਤੀ ਅੰਜਨਾ ਕੌਸ਼ਲ ਜੀ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ 'ਮਾਈ ਵੀਜ਼ਾ ਗਾਈਡ' ਦੀ ਸਮੁੱਚੀ ਟੀਮ ਨੂੰ ਇਸ ਸ਼ਲਾਘਾਯੋਗ ਉਪਰਾਲੇ ਲਈ ਵਧਾਈ ਤੇ ਸ਼ੁੱਭਕਾਮਨਾਵਾਂ ਦਿੱਤੀਆਂ।ਪ੍ਰਤੀਯੋਗਤਾ ਦੀ ਸਫ਼ਲਤਾ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਤੇ ਭਾਗ ਲੈਣ ਵਾਲੇ ਸਮੂਹ ਸਕੂਲਾਂ ਦੇ ਸਤਿਕਾਰਯੋਗ ਪ੍ਰਿੰਸੀਪਲ ਸਾਹਿਬਾਨ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

## ਅਧਿਆਪਕਾਂ ਵੱਲੋਂ ਸਮੂਹਿਕ ਛੁੱਟੀ ਭਲਕੇ, ਜ਼ਿਲ੍ਹਾ ਪੱਧਰੀ ਐਕਸ਼ਨ 'ਚ ਵੱਡੀ ਸ਼ਮੂਲੀਅਤ ਦਾ ਐਲਾਨ



**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹੇ ਦੀਆਂ ਸਮੂਹ ਅਧਿਆਪਕ ਜਥੇਬੰਦੀਆਂ ਵੱਲੋਂ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਪਰਮਜੀਤ ਸਿੰਘ ਰਾਹੀਂ 27 ਅਗਸਤ ਨੂੰ ਸਮੂਹਿਕ ਛੁੱਟੀ ਲੈਣ ਉਪਰੰਤ ਸਕੂਲ ਬੰਦ ਕਰਕੇ ਜ਼ਿਲ੍ਹਾ ਪੱਧਰੀ ਐਕਸ਼ਨ 'ਚ ਸ਼ਾਮਲ ਹੋਣ ਦੇ ਸੂਬਾ ਪੱਧਰੀ ਫੈਸਲੇ ਨੂੰ ਲਾਗੂ ਕਰਨ ਸਬੰਧੀ ਇੱਕ ਪੱਤਰ ਸੌਂਪਿਆ ਹੈ।ਇਸ ਸਬੰਧੀ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਅਤੇ ਸਾਂਝਾ ਮੁਲਾਜ਼ਮ ਮੰਚ ਪੰਜਾਬ ਦੀਆਂ ਸਾਂਝੀਆਂ ਤਾਲਮੇਲ ਕਮੇਟੀਆਂ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਲੈ ਕੇ 27 ਅਗਸਤ ਨੂੰ ਸੂਬੇ ਭਰ 'ਚ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਪਹਿਲਾਂ ਤੋਂ ਹੀ ਕੀਤਾ ਹੋਇਆ ਹੈ।ਜੀ ਟੀ ਯੂ ਦੇ ਗੁਰਦਾਸ ਸਿੰਘ ਰਾਏਪੁਰ, ਡੀ ਟੀ ਐਫ਼ ਦੇ ਅਮੋਲਕ ਡੇਲੂਆਣਾ, ਡੀ ਟੀ ਐਫ਼ ਦੇ ਕਰਮਜੀਤ ਤਾਮਕੋਟ, ਬੀ ਐੱਡ ਅਧਿਆਪਕ ਫ਼ਰੰਟ ਦੇ ਦਰਸ਼ਨ ਅਲੀਸ਼ੇਰ, ਸੀ ਪੀ ਐਫ਼ ਕ੍ਰਮਚਾਰੀ ਯੂਨੀਅਨ ਦੇ ਧਰਮਿੰਦਰ ਹੀਰੇਵਾਲਾ, ਹੈੱਡਮਾਸਟਰ ਐਸੋਸੀਏਸ਼ਨ ਦੇ ਹਰਪ੍ਰੀਤ ਸਿੰਘ ਜੱਸਲ, ਪ੍ਰਿੰਸੀਪਲ ਐਸੋਸੀਏਸ਼ਨ ਦੇ ਕਸ਼ਮੀਰ ਸਿੰਘ ਅਤੇ 4161 ਯੂਨੀਅਨ ਦੇ ਹਰਪ੍ਰੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਪ੍ਰਤੀ ਲਗਾਤਾਰ ਟਾਲ-ਮਟੋਲ ਵਾਲੀ ਨੀਤੀ ਅਪਣਾਈ ਜਾ ਰਹੀ ਹੈ।ਵਾਰ-ਵਾਰ ਭਰੋਸੇ ਦੇ ਬਾਵਜੂਦ ਵੀ ਮੰਗਾਂ ਦਾ ਠੋਸ ਹੱਲ ਨਹੀਂ ਕੀਤਾ ਜਾ ਰਿਹਾ, ਜਿਸ ਕਾਰਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਹੈ।ਅਧਿਆਪਕ ਆਗੂਆਂ ਹੰਸਾ ਸਿੰਘ, ਰਾਜਵਿੰਦਰ ਸਿੰਘ ਬੈਹਣੀਵਾਲ, ਲਖਵਿੰਦਰ ਮਾਨ ਤੇ ਜਸਵਿੰਦਰ ਸਿੰਘ ਹੈਡਮਾਸਟਰ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ, ਬਕਾਇਆ 18% ਡੀ.ਏ. ਜਾਰੀ ਕਰਨ, ਪੰਜਾਬ ਦਾ ਪੁਰਾਣਾ ਤਨਖਾਹ ਸਕੇਲ ਬਹਾਲ ਕਰਨ, 37 ਭੱਤੇ ਬਹਾਲ ਕਰਨ, ਪੇਅ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤੇ ਏ.ਸੀ.ਪੀ. ਸਕੀਮ ਮੁੜ ਤੋਂ ਲਾਗੂ ਕਰਨ ਸਮੇਤ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੋਰ ਹੱਕੀ ਮੰਗਾਂ ਨੂੰ ਤੁਰੰਤ ਲਾਗੂ ਕਰਨ ਦੀ ਗੱਲ ਕਹੀ ਗਈ।ਸਤੀਸ਼ ਕੁਮਾਰ, ਨਵੀਨ ਬੋਹਾ, ਮਨਮੋਹਨ ਸਿੰਘ, ਜਸਵੀਰ ਭੰਮੇ ਤੇ ਉਮੇਸ਼ ਕੁਮਾਰ ਹੈੱਡਮਾਸਟਰ ਨੇ ਕਿਹਾ ਕਿ 27 ਅਗਸਤ ਦਾ ਸੰਘਰਸ਼ ਪੰਜਾਬ ਸਰਕਾਰ ਨੂੰ ਆਪਣੀਆਂ ਮੰਗਾਂ ਪ੍ਰਤੀ ਗੰਭੀਰ ਹੋਣ ਦਾ ਸਪੱਸ਼ਟ ਸੰਦੇਸ਼ ਹੋਵੇਗਾ।

## ਮਕੌੜਾ ਪੱਤਣ 'ਤੇ ਪੁਲ ਦੇ ਨਿਰਮਾਣ ਲਈ 100 ਕਰੋੜ ਰੁਪਏ ਜਾਰੀ: ਈ ਟੀ ਓ



ਗੁਰਦਾਸਪੁਰ, (ਦਿਨੇਸ਼ ਕੁਮਾਰ)-ਸੂਬੇ ਅੰਦਰ ਖੇਡ ਸੱਭਿਆਚਾਰ ਪ੍ਰਫੁੱਲਿਤ ਕੀਤਾ ਜਾ ਰਿਹਾ।ਇਹ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਬਾਬਾ ਗੁੱਜਾ ਪੀਰ ਛਿੰਝ ਮੇਲੇ ਵਰਸੋਲਾ ਵਿਖੇ ਸੰਬੋਧਨ ਦੌਰਾਨ ਕੀਤਾ।ਇਸ ਮੌਕੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਹਲਕਾ ਇੰਚਾਰਜ ਰਮਨ ਬਹਿਲ, ਹਲਕਾ ਇੰਚਾਰਜ ਸ਼ਮਸ਼ੇਰ ਸਿੰਘ, ਜ਼ਿਲ੍ਹਾ ਪ੍ਰਧਾਨ ਅਤੇ ਵਾਈਸ ਚੇਅਰਮੈਨ ਮਨਦੀਪ ਸਿੰਘ ਗਿੱਲ, ਐੱਸ ਡੀ ਐੱਮ ਅਸ਼ੋਕ ਕੁਮਾਰ, ਟਰੱਸਟੀ ਜਗਜੀਤ ਸਿੰਘ ਪਿੰਟਾ, ਅਜੇ ਬਹਿਲ, ਚੇਅਰਮੈਨ ਮਾਰਕੀਟ ਕਮੇਟੀ ਜਸਬੀਰ ਸਿੰਘ ਕਠਿਆਲੀ, ਚੇਅਰਮੈਨ ਬਲਾਕ ਸੰਮਤੀ ਰਣਜੀਤ ਸਿੰਘ ਰਾਣਾ, ਕੁਲਵਿੰਦਰ ਕੌਰ ਸਰਪੰਚ ਵਰਸੋਲਾ, ਸੁੱਚਾ ਸਿੰਘ ਫੌਜੀ, ਗੋਲਡੀ ਸਾਬਕਾ ਸਰਪੰਚ, ਤਰਸੇਮ ਲਾਲ ਮੈਂਬਰ ਪੰਚਾਇਤ ਸਰਪੰਚ ਜਸਪਾਲ ਸਿੰਘ, ਡਾ. ਜਗਵਿੰਦਰ ਸਿੰਘ ਸਮੇਤ ਪਿੰਡਾਂ ਦੇ ਬੱਚੇ ਸਰਪੰਚ ਅਤੇ ਲੋਕ ਵੱਡੀ ਗਿਣਤੀ ਵਿੱਚ ਮੌਜੂਦ ਸਨ।ਇਸ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਆਪਣੇ ਅਖਤਿਆਰੀ ਫੰਡ ਵਿੱਚੋਂ 5 ਲੱਖ ਰੁਪਏ ਵਿਕਾਸ ਕੰਮਾਂ ਲਈ ਦੇਣ ਦਾ ਐਲਾਨ ਕੀਤਾ।ਗੱਲ ਕਰਦਿਆਂ ਈਟੀਓ ਨੇ ਛਿੰਝ ਮੇਲਾ ਵਰਸੋਲਾ ਦੇ ਪ੍ਰਬੰਧਕਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਅਜਿਹੇ ਮੇਲੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦੇ ਹਨ।ਇਸ ਮੌਕੇ ਉਨ੍ਹਾਂ ਦੱਸਿਆ ਕਿ ਮਕੌੜਾ ਪੱਤਣ ਤੇ ਪੁਲ ਦਾ ਨਿਰਮਾਣ ਕਰਨ ਲਈ ਮੁੱਖ ਮੰਤਰੀ ਪੰਜਾਬ ਵੱਲੋਂ 100 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ।ਪੁਲ ਦੇ ਨਿਰਮਾਣ ਲਈ ਟੈਂਡਰ ਲੱਗ ਗਿਆ ਹੈ।ਪੰਜਾਬ ਸਰਕਾਰ ਵਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਦੀ ਗੱਲ ਕਰਦਿਆਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਵਿਸ਼ੇਸ ਉਪਰਾਲੇ ਕੀਤਾ ਜਾ ਰਹੇ ਹਨ ਅਤੇ ਖੇਡਾਂ ਨੂੰ ਪ੍ਰਫੁੱਲਤ ਕਰਨ ਦੇ ਮੰਤਵ ਨਾਲ ਹੀ 'ਖੇਡਾਂ ਵਤਨ ਪੰਜਾਬ ਦੀਆਂ' ਚੌਥਾ ਅਡੀਸ਼ਨ ਕਰਵਾਇਆ ਜਾ ਰਿਹਾ ਹੈ।ਇਸ ਤੋਂ ਪਹਿਲਾਂ ਹਲਕਾ ਇੰਚਾਰਜ ਰਮਨ ਬਹਿਲ ਨੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ, ਵਿਧਾਇਕ ਗੁਰਦੀਪ ਸਿੰਘ ਰੰਧਾਵਾ ਸਮੇਤ ਛਿੰਝ ਮੇਲੇ ਵਿੱਚ ਪਹੁੰਚੀਆਂ ਸਾਰੀਆਂ ਸ਼ਖ਼ਸੀਅਤਾਂ ਸਮੇਤ ਪਿੰਡਾਂ ਦੇ ਪੰਚਾਂ ਸਰਪੰਚਾਂ ਤੇ ਲੋਕਾਂ ਦਾ ਧੰਨਵਾਦ ਕੀਤਾ।ਇਸ ਮੌਕੇ ਕੈਬਨਿਟ ਮੰਤਰੀ ਸਮੇਤ ਵੱਖ-ਵੱਖ ਸ਼ਖ਼ਸੀਅਤਾਂ ਨੂੰ ਪੰਚਾਇਤ ਅਤੇ ਕਲੱਬ ਦੇ ਮੈਂਬਰਾਂ ਵਲੋਂ ਸਨਮਾਨਿਤ ਕੀਤਾ ਗਿਆ।

## ਭਲਕੇ ਸਿਹਤ ਸੇਵਾਵਾਂ ਰਹਿਣਗੀਆਂ ਬੰਦ



ਝਬਾਲ, (ਹਰਜਿੰਦਰ ਸਿੰਘ ਸੋਨੀ)-ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਜਾਇਜ਼ ਮੰਗਾਂ ਨੂੰ ਪੂਰਾ ਨਾ ਕੀਤੇ ਜਾਣ ਦੇ ਰੋਸ ਵਜੋਂ ਸਾਂਝਾ ਮੁਲਾਜ਼ਮ ਫਰੰਟ ਅਤੇ ਪੰਜਾਬ ਭਰ ਦੀਆਂ ਸਮੁੱਚੀਆਂ ਮੁਲਾਜ਼ਮ ਜਥੇਬੰਦੀਆਂ ਵੱਲੋਂ 27 ਅਗਸਤ ਨੂੰ ਰੋਸ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਦੇ ਦਿੱਤੇ ਸੱਦੇ ਦੇ ਸਬੰਧ ਵਿੱਚ ਸੀਐੱਚਸੀ ਝਬਾਲ ਵਿਖੇ ਵੱਖ-ਵੱਖ ਕੈਟਾਗਿਰੀਆਂ ਦੇ ਮੁਲਾਜ਼ਮਾਂ ਦੀ ਅਹਿਮ ਮੀਟਿੰਗ ਹੋਈ ਜਿਸ ਵਿੱਚ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਪ੍ਰਤੀ ਅਪਨਾਏ ਜਾ ਰਹੇ ਰਵੱਈਏ 'ਤੇ ਰੋਸ ਪ੍ਰਗਟ ਕਰਦਿਆਂ ਸਾਂਝਾ ਮੁਲਾਜ਼ਮ ਫਰੰਟ ਵੱਲੋਂ ਦਿੱਤੇ ਸੂਬਾ ਪੱਧਰੀ ਸੰਘਰਸ਼ ਦੇ ਸੱਦੇ ਦਾ ਸਮਰਥਨ ਕਰਨ ਦਾ ਫੈਸਲਾ ਕੀਤਾ ਗਿਆ।ਇਸ ਮੌਕੇ ਸਮੂਹ ਕੈਟਾਗਿਰੀਆਂ ਦੇ ਮੁਲਾਜ਼ਮਾਂ ਨੇ ਸਹਿਮਤੀ ਪ੍ਰਗਟਾ ਕੇ ਫੈਸਲਾ ਕੀਤਾ ਕਿ 27 ਅਗਸਤ (ਵੀਰਵਾਰ) ਨੂੰ ਸਮੂਹਿਕ ਛੁੱਟੀ ਕਰਕੇ ਸੂਬਾ ਪੱਧਰੀ ਸੰਘਰਸ਼ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ।ਸੀ. ਐੱਚ. ਸੀ. ਝਬਾਲ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਸਮੂਹਿਕ ਛੁੱਟੀ ਦੀ ਅਰਜ਼ੀ ਸਬੰਧੀ ਪੱਤਰ ਮੈਡੀਕਲ ਅਫ਼ਸਰ ਡਾ. ਬਲਜੀਤ ਸਿੰਘ ਨੂੰ ਸੌਂਪ ਦਿੱਤਾ ਗਿਆ ਹੈ।ਮੁਲਾਜ਼ਮ ਆਗੂਆਂ ਨੇ ਕਿਹਾ ਕਿ ਸਿਹਤ ਵਿਭਾਗ ਦੇ ਮੁਲਾਜ਼ਮ ਆਪਣੀਆਂ ਡਿਊਟੀਆਂ ਪੂਰੀ ਤਨਦੇਹੀ ਨਾਲ ਨਿਭਾਉਂਦੇ ਹੋਏ ਲੋਕਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਵਾ ਰਹੇ ਹਨ,ਪਰ ਇਸ ਦੇ ਬਾਵਜੂਦ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਜਿਵੇਂ ਕਿ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ,ਕੱਚੇ ਕਾਮਿਆਂ ਨੂੰ ਪੱਕੇ ਕਰਨ, ਡੀ. ਏ. ਦੀਆਂ ਕਿਸ਼ਤਾਂ ਦੇਣ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਨ ਆਦਿ ਮੰਗਾਂ ਨੂੰ ਲੰਬੇ ਸਮੇਂ ਤੋਂ ਅਣਗੌਲਿਆਂ ਕੀਤਾ ਜਾ ਰਿਹਾ ਹੈ।ਇਸ ਮੌਕੇ ਡਾ. ਬਲਜੀਤ ਸਿੰਘ ਮੈਡੀਕਲ ਅਫ਼ਸਰ, ਡਾ. ਹਰਮਨ ਕੌਰ ਮੈਡੀਕਲ ਅਫਸਰ, ਡਾ. ਨੇਹਾ ਮੈਡੀਕਲ ਅਫ਼ਸਰ (ਡੈਂਟਲ), ਗੁਰਬੀਰ ਸਿੰਘ ਪੰਡੋਰੀ ਜ਼ਿਲ੍ਹਾ ਪ੍ਰਧਾਨ, ਰਾਬਿੰਦਰ ਸਿੰਘ ਭੋਜੀਆਂ ਬਲਾਕ ਪ੍ਰਧਾਨ, ਜਸਵਿੰਦਰ ਸਿੰਘ ਜਨਰਲ ਸਕੱਤਰ, ਗੁਰਲਾਲ ਸਿੰਘ ਬੀ.ਈ.ਈ, ਨਿਹਾਲ ਸਿੰਘ, ਹਰਜਿੰਦਰ ਸਿੰਘ ਜੂਨੀਅਰ ਸਹਾਇਕ, ਸੁਖਬੀਰ ਕੌਰ ਮੁਲਾਜ਼ਮ ਆਗੂ, ਰਮਨਦੀਪ ਕੌਰ, ਜੁਗਰਾਜ ਸਿੰਘ ਰੇਡੀਓਗ੍ਰਾਫਰ, ਰਾਮਰਸ਼ਪਾਲ ਧਵਨ ਹੈਲਥ ਸੁਪਰਵਾਈਜ਼ਰ, ਹਰਪ੍ਰੀਤ ਕੌਰ ਸਟਾਫ ਨਰਸ, ਹਰਪ੍ਰੀਤ ਕੌਰ ਰੇਡੀਓਗ੍ਰਾਫਰ, ਸੰਤੋਖ ਸਿੰਘ, ਸੁਨੀਲ ਕੁਮਾਰ ਮੈਡੀਕਲ ਲੈਬ ਟੈਕਨੀਸ਼ੀਅਨ, ਕੰਵਲਜੀਤ ਕੌਰ ਕੌਂਸਲਰ, ਪਰਮਜੀਤ ਸਿੰਘ ਲੇਖਾਕਾਰ, ਸੇਵਕਪ੍ਰੀਤ ਸਿੰਘ, ਨੂਰਪ੍ਰੀਤ ਕੌਰ, ਨਵਜੋਤ ਕੌਰ ਸਟਾਫ ਨਰਸ, ਅਮਨਦੀਪ ਕੌਰ ਸਟਾਫ ਨਰਸ, ਪ੍ਰਭਜੋਤ ਕੌਰ ਫਰਮੇਸੀ ਅਫਸਰ, ਬਲਦੇਵ ਸਿੰਘ ਮ.ਪ.ਹ.ਵ(ਮ), ਕੁਲਵਿੰਦਰ ਕੌਰ ਫਰਮੇਸੀ ਅਫਸਰ, ਗੁਰਮੀਤ ਸਿੰਘ ਝਬਾਲ, ਨਛੱਤਰ ਸਿੰਘ, ਸੁਖਵਿੰਦਰ ਸਿੰਘ, ਤੇਜਿੰਦਰ ਸਿੰਘ ਦਰਜਾ ਚਾਰ ਆਦਿ ਹਾਜ਼ਰ ਸਨ।

## ਐੱਨ ਐੱਚ ਐੱਮ ਯੂਨੀਅਨ ਵੱਲੋਂ ਵਿਧਾਇਕ ਸੰਧੂ ਦੀ ਕੋਠੀ ਤੱਕ ਰੋਸ ਮਾਰਚ



ਚੋਹਲਾ ਸਾਹਿਬ (ਰਮਨ ਚੱਢਾ)-ਲੰਮੇ ਸਮੇਂ ਤੋਂ ਨਿਗੂਣੀਆਂ ਤਨਖਾਹਾਂ ਤੇ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੇ ਐੱਨ ਐੱਚ ਐੱਮ ਮੁਲਾਜ਼ਮ ਕਈ ਦਿਨਾਂ ਤੋਂ ਪੂਰੇ ਪੰਜਾਬ ਭਰ ਵਿੱਚ ਧਰਨੇ ਅਤੇ ਰੋਸ ਮੁਜ਼ਾਹਰੇ ਕਰ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਐਨ ਐਚ ਐਮ ਯੂਨੀਅਨ ਤਰਨ ਤਾਰਨ ਦੇ ਜਨਰਲ ਸਕੱਤਰ ਮਨਦੀਪ ਸਿੰਘ ਚੌਹਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕੀਤਾ।ਇਸ ਸਮੇਂ ਆਮ ਆਦਮੀ ਕਲੀਨਿਕ ਤਰਨ ਤਾਰਨ ਦੇ ਸਮੂਹ ਮੁਲਾਜ਼ਮਾਂ ਵੱਲੋਂ ਵੀ ਇਸ ਰੋਸ ਮੁਜ਼ਾਹਰੇ ਵਿੱਚ ਸ਼ਿਰਕਤ ਕੀਤੀ ਅਤੇ ਪੰਜਾਬ ਸਰਕਾਰ ਖਿਲਾਫ ਜਮਕੇ ਨਾਅਰੇਬਾਜ਼ੀ ਕੀਤੀ। ਇਸ ਸਮੇਂ ਆਮ ਆਦਮੀ ਕਲੀਨਿਕ ਦੇ ਡਾਕਟਰ ਤਲਵਿੰਦਰਪਾਲ ਸਿੰਘ ਲਾਲਪੁਰਾ ਨੇ ਦੱਸਿਆ ਕਿ ਪੰਜਾਬ ਸਰਕਾਰ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇ ਰਹੀ ਅਤੇ ਵਾਰ ਵਾਰ ਉਨ੍ਹਾਂ ਨੂੰ ਵੀ ਲਾਰੇ ਹੀ ਲਗਾਏ ਜਾ ਰਹੇ ਹਨ। ਇਸ ਸਮੇਂ ਰਵਿੰਦਰ ਕੌਰ ਸੀਐੱਚਓ ਨੇ ਦੱਸਿਆ ਕਿ ਸਿਵਲ ਸਰਜਨ ਦਫ਼ਤਰ ਤਰਨ ਤਾਰਨ ਤੋਂ ਵੱਡੀ ਗਿਣਤੀ ਵਿੱਚ ਮੁਲਾਜ਼ਮਾਂ ਵੱਲੋਂ ਰੋਸ ਮਜਾਹਰਾ ਕੀਤਾ ਅਤੇ ਹਲਕਾ ਤਰਨ ਤਾਰਨ ਦੇ ਵਿਧਾਇਕ ਹਰਮੀਤ ਸਿੰਘ ਸੰਧੂ ਦੀ ਕੋਠੀ ਤੱਕ ਵਿਸ਼ਾਲ ਮਾਰਚ ਕੱਢਿਆ ਗਿਆ। ਇਸ ਸਮੇਂ ਭੁਪਿੰਦਰ ਸਿੰਘ ਖੇੜਾ ਸੀਨੀਅਰ ਆਪ ਆਗੂ ਨੂੰ ਮੁੱਖ ਮੰਤਰੀ ਮਾਨ ਦੇ ਨਾਮ ਤੇ ਯੂਨੀਅਨ ਵੱਲੋਂ ਮੰਗ ਪੱਤਰ ਸੌਂਪਿਆ ਗਿਆ।

ਇਸ ਸਮੇਂ ਮੈਡਮ ਕਵਲਜੀਤ, ਸਿਮਰਜੀਤ ਸਿੰਘ, ਮੈਡਮ ਰਜਨੀ, ਸੰਦੀਪ ਸਿੰਘ, ਡਾਕਟਰ ਤਰਸੇਮ ਸਿੰਘ ਕੌਰੇ, ਸੰਦੀਪ ਸਿੰਘ ਸੀਐੱਚਓ, ਅਮਨਦੀਪ ਸਿੰਘ ਘਰਿਆਲਾ, ਸੁਖਜੀਤ ਕੌਰ ਸੀਐੱਚਓ, ਜਗਰਾਜ ਸਿੰਘ, ਵਿਸ਼ਾਲ ਕੁਮਾਰ, ਤੇਜਿੰਦਰ ਸਿੰਘ, ਡਾਕਟਰ ਤੇਰਾ ਸਿੰਘ, ਪ੍ਰਦੀਪ ਸਿੰਘ ਫਾਰਮਾਸਿਸਟ ਆਦਿ ਹਾਜ਼ਰ ਸਨ।

## ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ ਨੇ ਕਵੀ ਦਰਬਾਰ ਕਰਵਾਇਆ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ ਵੱਲੋਂ ਪੰਜਾਬੀ ਸਾਹਿਤ, ਕਲਾ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਆਪਣਾ ਵਿਲੱਖਣ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕਰਨ ਲਈ ਪਹਿਲਾ ਯਾਦਗਾਰੀ ਐਵਾਰਡ ਸਮਾਰੋਹ ਅਤੇ ਕਵੀ ਦਰਬਾਰ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ, ਜੰਡਿਆਲਾ ਗੁਰੂ ਵਿਖੇ ਕਰਵਾਇਆ ਗਿਆ।ਸਮਾਗਮ ਦੀ ਪ੍ਰਧਾਨਗੀ ਸਕੂਲ ਦੇ ਐੱਮ. ਡੀ. ਡਾ. ਮੰਗਲ ਸਿੰਘ ਕਿਸ਼ਨਪੁਰੀ, ਪੰਜਾਬੀ ਸਾਹਿਤ ਸਭਾ ਚੋਗਾਵਾਂ ਦੇ ਪ੍ਰਧਾਨ ਧਰਵਿੰਦਰ ਸਿੰਘ ਔਲਖ, ਵਿਸ਼ਵ ਪੰਜਾਬੀ ਸਾਹਿਤਕ ਸਿਤਾਰੇ ਮੰਚ ਤਰਨ ਤਾਰਨ ਦੇ ਪ੍ਰਧਾਨ ਹਰਭਜਨ ਸਿੰਘ ਭਗਰਥ, ਸਭਾ ਦੇ ਪ੍ਰਧਾਨ ਡਾਕਟਰ ਗੁਲਜ਼ਾਰ ਸਿੰਘ ਖੇੜਾ, ਪ੍ਰਿੰਸੀਪਲ ਜਸਬੀਰ ਸਿੰਘ ਵਿਰਕ ਅਤੇ ਲਾਲੀ ਕਰਤਾਰਪੁਰੀ ਨੇ ਸਾਂਝੇ ਰੂਪ ਵਿੱਚ ਕੀਤੀ। ਇਸ ਮੌਕੇ ਸਾਹਿਤ ਅਤੇ ਸਮਾਜ ਪ੍ਰਤੀ ਆਪਣੀਆਂ ਸੇਵਾਵਾਂ ਨਿਭਾਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਵੱਖ-ਵੱਖ ਯਾਦਗਾਰੀ ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ।ਲਖਵਿੰਦਰ ਸਿੰਘ ਚੰਦਨ ਨੂੰ ਕੁਲਦੀਪ ਸਿੰਘ ਅਰਸ਼ੀ ਐਵਾਰਡ, ਸ਼ਮਸ਼ੇਰ ਸਿੰਘ ਨੂੰ ਗਿਆਨੀ ਸੋਹਣ ਸਿੰਘ ਦਲੇਰ ਐਵਾਰਡ, ਗਿਆਨੀ ਬਚਿੱਤਰ ਸਿੰਘ ਬੱਬ ਨੂੰ ਮੱਖਣ ਸਿੰਘ ਅਮਨ ਐਵਾਰਡ ਅਤੇ ਨਾਨਕ ਚੰਦ ਵਸ਼ਿਸ਼ਟ ਨੂੰ ਸਵਰਗੀ ਪ੍ਰਿੰਸੀਪਲ ਸੇਵਾ ਸਿੰਘ ਕੌਸ਼ਰ ਐਵਾਰਡ ਪ੍ਰਦਾਨ ਕਰਕੇ ਸਨਮਾਨਿਤ ਕੀਤਾ ਗਿਆ।ਕਵੀ ਦਰਬਾਰ ਵਿੱਚ ਪਾਲ ਸਿੰਘ ਪੰਛੀ, ਹਰਮੀਤ ਆਰਟਿਸਟ, ਅਰਜਨ ਗਿੱਲ, ਲਾਡੀ ਭੁੱਲਰ, ਸ਼ਗਨ ਰੰਧਾਵਾ, ਲਾਲੀ ਕਰਤਾਰਪੁਰੀ, ਜਸਬੀਰ ਕੌਰ, ਗੁਰਅਸੀਸ ਕੌਰ, ਡਾ. ਮੰਗਲ ਸਿੰਘ ਕਿਸ਼ਨਪੁਰੀ, ਬਚਿੱਤਰ ਸਿੰਘ, ਸਵਰਨ ਸਿੰਘ ਭੌਰ, ਦਿਲਜੀਤ ਮਹਿਮੀ, ਸੁਲੇਮਾਨ ਸਾਬਰੀ, ਧਰਵਿੰਦਰ ਸਿੰਘ ਔਲਖ, ਕੁਲਵਿੰਦਰ ਸਿੰਘ ਮਣੀ, ਮੱਖਣ ਭੈਣੀ ਵਾਲਾ, ਗੁਰਵਿੰਦਰ ਬੀਰ ਸਿੰਘ, ਉਪਕਾਰ ਸਿੰਘ ਨਾਗ ਕਲਾਂ ਅਤੇ ਨਾਨਕ ਚੰਦ ਵਸ਼ਿਸ਼ਟ ਸਮੇਤ ਕਵੀਆਂ ਨੇ ਆਪਣਾ ਕਲਾਮ ਪੇਸ਼ ਕਰਕੇ ਸਾਹਿਤਕ ਮਾਹੌਲ ਨੂੰ ਸਿਖਰਾਂ ਤੱਕ ਪਹੁੰਚਾਇਆ।ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸਭਾ ਦੇ ਜਨਰਲ ਸਕੱਤਰ ਮਾਸਟਰ ਅਵਤਾਰ ਸਿੰਘ ਗੋਇੰਦਵਾਲੀਆ ਨੇ ਬਾਖੂਬੀ ਨਿਭਾਈ।ਸਮਾਗਮ ਦੇ ਅੰਤ ਵਿੱਚ ਪ੍ਰਬੰਧਕਾਂ ਵੱਲੋਂ ਆਏ ਹੋਏ ਸਾਹਿਤਕਾਰਾਂ, ਕਵੀਆਂ ਅਤੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ ਗਿਆ।

## ਸੇਂਟ ਸੋਲਜਰ ਸਕੂਲ ਦੀ ਅੰਡਰ 14 ਵਾਲੀਬਾਲ ਟੀਮ ਦਾ ਸ਼ਾਨਦਾਰ ਪ੍ਰਦਰਸ਼ਨ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ):- ਸੀਬੀਐੱਸਈ ਬੋਰਡ ਵੱਲੋਂ 18ਵਾਂ ਕਲਸਟਰ ਵਾਲੀਵਾਲ ਟੂਰਨਾਮੈਂਟ ਸੇਕਰਡ ਹਾਰਟ ਸੀਨੀਅਰ ਸੈਕੰਡਰੀ ਸਕੂਲ ਜਲਾਲਪੁਰ ਵਿਚ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਦੀ ਅੰਡਰ 14 ਵਾਲੀਬਾਲ ਟੀਮ ਦੇ ਖਿਡਾਰੀਆਂ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਦੇ ਸਦਕਾ ਟੂਰਨਾਮੈਂਟ ਦੀ ਸੈਕਿੰਡ ਰਨ ਅਪ ਟਰਾਫੀ ਤੇ ਕਬਜ਼ਾ ਕੀਤਾ। ਇਸ ਟੂਰਨਾਮੈਂਟ ਵਿੱਚ ਅੰਡਰ 14 ਦੀਆਂ ਲਗਭਗ 32 ਟੀਮਾਂ ਨੇ ਹਿੱਸਾ ਲਿਆ।

ਟੀਮ ਦੇ ਖਿਡਾਰੀਆਂ ਅੰਸ਼ਦੀਪ ਸਿੰਘ, ਏਕਮਪ੍ਰੀਤ ਸਿੰਘ ਦਿਤਾਸ਼ੂ, ਸਤਜੋਤ ਸਿੰਘ ਸਮਰਪ੍ਰੀਤ ਸਿੰਘ, ਗੁਰਕੰਵਲ ਸਿੰਘ ਗੁਰ ਸਿਮਰ ਸਿੰਘ, ਰਣਬੀਰ ਪ੍ਰਤਾਪ ਸਿੰਘ , ਅਭੀਜੋਤ ਸਿੰਘ, ਅਰਮਾਨ ਵੀਰ ਸਿੰਘ ਕਰਨਪ੍ਰੀਤ ਸਿੰਘ ਅਤੇ ਗੁਰਲਾਲ ਸਿੰਘ ਨੇ ਸ਼ਾਨਦਾਰ ਟੀਮ ਵਰਕ, ਅਨੁਸ਼ਾਸਨ, ਦ੍ਰਿੜਤਾ ਅਤੇ ਜੁਝਾਰੂ ਖੇਡ ਦੇ ਪ੍ਰਦਰਸ਼ਨ ਸਦਕਾ ਇਹ ਮੁਕਾਮ ਹਾਸਿਲ ਕੀਤਾ।ਸਕੂਲ ਪਹੁੰਚਣ 'ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਅਤੇ ਡਾਇਰੈਕਟਰ ਪ੍ਰਿੰਸੀਪਲ ਡਾ. ਅਮਰਪ੍ਰੀਤ ਕੌਰ ਨੇ ਜੇਤੂ ਖਿਡਾਰੀਆਂ ਦਾ ਸ਼ਾਨਦਾਰ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਵਧਾਈ ਅਤੇ ਸ਼ਾਬਾਸ਼ੀ ਦਿੱਤੀ ਅਤੇ ਨਾਲ ਹੀ ਉਨ੍ਹਾਂ ਦੇ ਕੋਚ ਜਤਿੰਦਰ ਸਿੰਘ ਡੀ ਪੀ ਦੀ ਮਿਹਨਤ ਦੀ ਵੀ ਖੂਬ ਸਰਾਹਨਾ ਕੀਤੀ ਅਤੇ ਇਸ ਤਰ੍ਹਾਂ ਅੱਗੇ ਤੋਂ ਵੀ ਹੋਰ ਮਿਹਨਤ ਕਰਕੇ ਸਫਲਤਾ ਦੇ ਮੁਕਾਮ ਨੂੰ ਹਾਸਲ ਕਰਨ ਦਾ ਆਸ਼ੀਰਵਾਦ ਦਿੱਤਾ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸੰਦੀਪ ਸ਼ਰਮਾ, ਵਾਈਸ ਪ੍ਰਿੰਸੀਪਲ ਸ਼ਿਲਪਾ ਸ਼ਰਮਾ ਕੁਆਡੀਨੇਟਰ ਨੀਲਾਕਸ਼ੀ ਗੁਪਤਾ ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।

## 'ਮਹਿਕਦਾ ਗੁਲਾਬ' ਦਾ ਲੋਕ ਅਰਪਣ 10 ਸਤੰਬਰ ਨੂੰ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਸੂਫ਼ੀ ਫ਼ਕੀਰ ਬਾਬਾ ਬੁੱਲ੍ਹੇ ਸ਼ਾਹ ਅਤੇ ਬਾਪੂ ਗੁਲਾਬ ਸਿੰਘ ਸੰਧੂ ਦੀਆਂ ਯਾਦਾਂ ਨੂੰ ਸਮਰਪਿਤ ਜੱਜ ਸੰਧੂ ਵੱਲੋਂ ਲਿਖੀ ਪਲੇਠੀ ਪੁਸਤਕ 'ਮਹਿਕਦਾ ਗੁਲਾਬ' ਬਾਬਾ ਬੁੱਲ੍ਹੇ ਸ਼ਾਹ ਦੇ ਸਾਲਾਨਾ ਮੇਲੇ ਮੌਕੇ 10 ਸਤੰਬਰ ਨੂੰ ਰਿਲੀਜ਼ ਕੀਤੀ ਜਾ ਰਹੀ ਹੈ।ਇਸ ਸਬੰਧੀ ਲੇਖਕ ਜੱਜ ਸੰਧੂ ਨੇ ਦੱਸਿਆ ਕਿ ਪੁਸਤਕ ਵਿੱਚ ਬਾਬਾ ਬੁੱਲ੍ਹੇ ਸ਼ਾਹ ਦੀ ਸੂਫ਼ੀ ਵਿਚਾਰਧਾਰਾ ਦੇ ਨਾਲ-ਨਾਲ ਪਿੰਡ ਕੰਧਵਾਲਾ ਹਾਜ਼ਰ ਖਾਂ ਵਿਖੇ ਲੱਗਦੇ ਸਾਲਾਨਾ ਮੇਲੇ ਦੇ ਇਤਿਹਾਸ ਅਤੇ ਇਸ ਨਾਲ ਜੁੜੀਆਂ ਯਾਦਾਂ ਨੂੰ ਵਿਸਥਾਰ ਨਾਲ ਦਰਸਾਉਣ ਦਾ ਯਤਨ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਬਾਬਾ ਬੁੱਲ੍ਹੇ ਸ਼ਾਹ ਦਾ ਜਨਮ 1680 ਦੇ ਕਰੀਬ ਲਹਿੰਦੇ ਪੰਜਾਬ ਦੀ ਧਰਤੀ 'ਤੇ ਹੋਇਆ ਅਤੇ ਉਨ੍ਹਾਂ ਦੀ ਸੂਫ਼ੀ ਸੋਚ ਨੇ ਸਮਾਜ ਨੂੰ ਪਿਆਰ, ਭਾਈਚਾਰੇ ਅਤੇ ਮਨੁੱਖਤਾ ਦਾ ਸੰਦੇਸ਼ ਦਿੱਤਾ।ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਦੇ ਦਾਦਾ ਬਾਪੂ ਗੁਲਾਬ ਸਿੰਘ ਸੰਧੂ ਬੱਗਾ ਪਿੰਡ ਪਾਂਡੋਕੇ, ਜ਼ਿਲ੍ਹਾ ਕਸੂਰ (ਪਾਕਿਸਤਾਨ) 'ਤੋਂ ਇੱਟ ਲੈ ਕੇ ਆਏ ਸਨ, ਜਿਸ ਨਾਲ ਪਿੰਡ ਕੰਧਵਾਲਾ ਹਾਜ਼ਰ ਖਾਂ ਵਿਖੇ ਬਾਬਾ ਬੁੱਲ੍ਹੇ ਸ਼ਾਹ ਨਾਲ ਸਬੰਧਤ ਮੇਲੇ ਦੀ ਪਰੰਪਰਾ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਗਈ।ਸੰਧੂ ਨੇ ਕਿਹਾ ਕਿ 'ਮਹਿਕਦਾ ਗੁਲਾਬ' ਲਿਖਣ ਦਾ ਮੁੱਖ ਮਕਸਦ ਇਤਿਹਾਸਕ ਯਾਦਾਂ ਨੂੰ ਸੰਭਾਲ ਕੇ ਆਉਣ ਵਾਲੀ ਪੀੜ੍ਹੀ ਤੱਕ ਪਹੁੰਚਾਉਣਾ ਹੈ, ਤਾਂ ਜੋ ਨੌਜਵਾਨ ਪੀੜ੍ਹੀ ਨੂੰ ਪਤਾ ਲੱਗ ਸਕੇ ਕਿ ਕੰਧਵਾਲਾ ਹਾਜ਼ਰ ਖਾਂ ਵਿਖੇ ਬਾਬਾ ਬੁੱਲ੍ਹੇ ਸ਼ਾਹ ਜੀ ਦੇ ਮੇਲੇ ਦੀ ਪਰੰਪਰਾ ਕਿਵੇਂ ਸ਼ੁਰੂ ਹੋਈ ਅਤੇ ਇਸ ਨਾਲ ਕਿਹੜੀਆਂ ਇਤਿਹਾਸਕ ਤੇ ਪਰਿਵਾਰਕ ਯਾਦਾਂ ਜੁੜੀਆਂ ਹੋਈਆਂ ਹਨ।ਇਸ ਪੁਸਤਕ ਵਿੱਚ ਬਾਬਾ ਬੁੱਲ੍ਹੇ ਸ਼ਾਹ ਜੀ ਦੀ ਸੂਫ਼ੀ ਵਿਚਾਰਧਾਰਾ, ਮਨੁੱਖਤਾ ਅਤੇ ਭਾਈਚਾਰਕ ਸਾਂਝ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਦੇ ਨਾਲ-ਨਾਲ ਸਥਾਨਕ ਇਤਿਹਾਸ ਨੂੰ ਸੰਭਾਲਣ ਵੱਲ ਵੀ ਇੱਕ ਨਿਮਾਣਾ ਜਿਹਾ ਯਤਨ ਕੀਤਾ ਗਿਆ ਹੈ।

## ਦਸਮੇਸ਼ ਹੈਰੀਟੇਜ ਪਬਲਿਕ ਸਕੂਲ ਵਿਖੇ ਤੀਆਂ ਦਾ ਤਿਉਹਾਰ ਮਨਾਇਆ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਇਲਾਕੇ ਦੀ ਨਾਮਵਰ ਸੰਸਥਾ ਦਸਮੇਸ਼ ਹੈਰੀਟੇਜ ਪਬਲਿਕ ਸਕੂਲ ਮਹਿਤਾ ਚੌਕ ਵਿਖੇ ਬੀਤੇ ਦਿਨੀਂ ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਅਤੇ ਵਿਦਿਆਰਥੀਆਂ ਨੂੰ ਸੱਭਿਆਚਾਰ ਤੋਂ ਜਾਣੂ ਕਰਵਾਉਣ ਲਈ ਤੀਆਂ ਦਾ ਤਿਉਹਾਰ ਮਨਾਇਆ ਗਿਆ। ਸਾਉਣ ਮਹੀਨੇ ਦਾ ਪ੍ਰਮੁੱਖ ਤਿਉਹਾਰ ਜਿਸ ਦਾ ਵਿਸ਼ਾ ਤੀਆਂ ਤੀਜ ਦੀਆਂ ਉਚੇਚੇ ਤੌਰ ਤੇ ਸਕੂਲ ਦੇ ਬੱਚਿਆਂ ਦੁਆਰਾ ਬੜੇ ਹੀ ਉਤਸ਼ਾਹ ਅਤੇ ਖੁਸ਼ੀ ਦੇ ਨਾਲ ਸਕੂਲ ਕੈਂਪਸ ਵਿਖੇ ਮਨਾਇਆ ਗਿਆ।ਬੱਚਿਆਂ ਵੱਲੋਂ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਬੋਲੀਆਂ, ਗਿੱਧਾ, ਗੀਤ ਅਤੇ ਭੰਗੜਾ ਪਾ ਕੇ ਇਸ ਤਿਉਹਾਰ ਦਾ ਆਨੰਦ ਮਾਣਿਆ ਗਿਆ। ਸਕੂਲ ਦੇ ਚੇਅਰਮੈਨ ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਤੀਆਂ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੱਭਿਆਚਾਰ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੱਤੀ।ਵਿਦਿਆਰਥੀਆਂ ਦੁਆਰਾ ਇਸ ਦਿਨ ਨੂੰ ਪੂਰੀ ਖੁਸ਼ੀ ਨਾਲ ਮਾਣਿਆ ਗਿਆ ਅਤੇ ਇੱਕ ਦੂਜੇ ਨਾਲ ਰਲ-ਮਿਲ ਕੇ ਚਾਰ ਚੰਨ ਲਾਏ ਗਏ ।ਇਸ ਮੌਕੇ ਸਕੂਲ ਦੇ ਡਾਇਰੈਕਟਰ ਸਰ ਲਕਸ਼ਮਣ ਸਿੰਘ ਰਾਵਤ, ਮੈ. ਹਰਪ੍ਰੀਤ ਕੌਰ, ਮੈ. ਸੰਦੀਪ ਕੌਰ, ਮੈ. ਰਵਨੀਤ ਕੌਰ, ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਹਨ।

## ਸ਼ਿਕਾਰ ਮਾਛੀਆਂ ਵਿਖੇ ਖੇਡ ਸਟੇਡੀਅਮ ਦਾ ਉਦਘਾਟਨ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਸਰਕਾਰ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਦੇ ਉਦੇਸ਼ ਦੀ ਪੂਰਤੀ ਸਦਕਾ ਸੂਬੇ ਦੀ ਨੌਜਵਾਨੀ ਨੂੰ ਖੇਡਾਂ ਅਤੇ ਸਿੱਖਿਆ ਨਾਲ ਜੋੜ ਰਹੀ ਹੈ।ਨੌਜਵਾਨ ਵਰਗ ਨਸ਼ਿਆਂ ਤੋਂ ਦੂਰ ਰਹੇ, ਇਸ ਲਈ ਵੱਧ ਤੋਂ ਵੱਧ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ ਤਾਂ ਜੋ ਨੌਜਵਾਨ ਖੇਡਾਂ ਨਾਲ ਜੁੜਿਆ ਰਹੇ।ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਪਿੰਡ ਸ਼ਿਕਾਰ ਮਾਛੀਆਂ ਵਿਖੇ ਬਣਾਏ ਗਏ ਖੇਡ ਸਟੇਡੀਅਮ ਦਾ ਉਦਘਾਟਨ ਕੀਤਾ ਅਤੇ ਬੱਚਿਆਂ ਨੂੰ ਖੇਡ ਕਿੱਟਾਂ ਵੀ ਵੰਡੀਆਂ ਗਈਆਂ। ਇਸ ਮੌਕੇ ਸੈਲਰ ਯੂਨੀਅਨ ਪੰਜਾਬ ਦੇ ਪ੍ਰਧਾਨ ਬਲਵਿੰਦਰ ਸਿੰਘ ਸਮੇਤ ਹਲਕੇ ਦੀਆਂ ਵੱਖ-ਵੱਖ ਸ਼ਖਸੀਅਤਾਂ ਮੌਜੂਦ ਸਨ।ਵਿਧਾਇਕ ਰੰਧਾਵਾ ਨੇ ਪਿੰਡ ਵਾਸੀਆਂ ਨਾਲ ਇਲਾਕੇ ਦੇ ਵਿਕਾਸ ਤੇ ਭਵਿੱਖੀ ਕਾਰਜਾਂ ਸਬੰਧੀ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਅਤੇ ਪਿੰਡਾਂ ਵਿੱਚ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣਾ ਸਾਡੀ ਲਗਾਤਾਰ ਕੋਸ਼ਿਸ਼ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਜਿੱਥੇ ਖੇਡ ਮੈਦਾਨ ਬਣਾਏ ਜਾ ਰਹੇ ਹਨ ਉਥੇ ਹੀ ਸਿੱਖਿਆ ਨਾਲ ਜੋੜਨ ਲਈ ਸਕੂਲਾਂ ਦਾ ਆਧੁਨਿਕੀਕਰਨ ਵੀ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਸਾਡਾ ਭਵਿੱਖ ਹਨ ਤੇ ਸਾਡਾ ਭਵਿੱਖ ਹੱਸਦਾ ਖੇਡਦਾ ਤੇ ਰੁਸ਼ਨਾਉਂਦਾ ਹੀ ਹੋਵੇ, ਇਸ ਲਈ ਪੰਜਾਬ ਸਰਕਾਰ ਨੌਜਵਾਨੀ ਨੂੰ ਬਚਾਉਣ ਲਈ ਸਾਰਥਕ ਉਪਰਾਲੇ ਕਰ ਰਹੀ ਹੈ। ਉਹਨਾਂ ਕਿਹਾ ਕਿ ਖੇਡ ਮੈਦਾਨਾਂ ਦੀ ਉਸਾਰੀ ਨਾਲ ਜਿੱਥੇ ਨੌਜਵਾਨ ਮਾੜੀ ਸੰਗਤ ਵਿੱਚ ਜਾਣ ਤੋਂ ਬਚੇਗਾ ਉੱਥੇ ਖੇਡਾਂ ਖੇਡਣ ਨਾਲ ਨੌਜਵਾਨ ਸਿਹਤਮੰਦ ਤੇ ਤੰਦਰੁਸਤ ਹੋਵੇਗਾ ।

## ਸ਼ੈਰੀ ਕਲਸੀ ਵੱਲੋਂ ਪਿੰਡ ਸੇਖਵਾਂ 'ਚ ਆਧੁਨਿਕ ਖੇਡ ਸਟੇਡੀਅਮ ਦਾ ਉਦਘਾਟਨ



ਬਟਾਲਾ, (ਤਰਲੋਕ ਬੱਗਾ, ਡਾ. ਮਲਵਿੰਦਰ ਸਿੰਘ)-ਪਿੰਡ ਸੇਖਵਾਂ ਵਿਖੇ ਤਿਆਰ ਕੀਤਾ ਗਿਆ ਆਧੁਨਿਕ ਖੇਡ ਸਟੇਡੀਅਮ ਨੌਜਵਾਨਾਂ ਨੂੰ ਸਮਰਪਿਤ ਕਰ ਦਿੱਤਾ ਗਿਆ।ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਵਲੋਂ ਖੇਡ ਸਟੇਡੀਅਮ ਦਾ ਰਸਮੀ ਉਦਘਾਟਨ ਕਰਦਿਆਂ ਕਿਹਾ ਕਿ ਜਦੋਂ ਨੌਜਵਾਨਾਂ ਨੂੰ ਵਧੀਆ ਮੈਦਾਨ ਅਤੇ ਆਧੁਨਿਕ ਸਹੂਲਤਾਂ ਮਿਲਦੀਆਂ ਹਨ ਤਾਂ ਉਨ੍ਹਾਂ ਦੀ ਊਰਜਾ ਸਹੀ ਦਿਸ਼ਾ ਵਿੱਚ ਲੱਗਦੀ ਹੈ ਅਤੇ ਉਹ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰਹਿੰਦੇ ਹਨ।ਉਨ੍ਹਾਂ ਦੱਸਿਆ ਕਿ ਖਿਡਾਰੀਆਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਆਧੁਨਿਕ ਸੁਵਿਧਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ ਤਾਂ ਜੋ ਰਾਤ ਸਮੇਂ ਵੀ ਖੇਡ ਗਤੀਵਿਧੀਆਂ ਜਾਰੀ ਰੱਖਣ ਲਈ ਉੱਚ ਮਿਆਰੀ ਲਾਈਟਿੰਗ ਸਿਸਟਮ ਲਗਾਇਆ ਗਿਆ ਹੈ ਇਸ ਤੋਂ ਇਲਾਵਾ ਪੀਣ ਵਾਲੇ ਸਾਫ ਪਾਣੀ, ਬੈਠਣ ਦੀ ਵਿਵਸਥਾ ਅਤੇ ਹੋਰ ਬੁਨਿਆਦੀ ਸਹੂਲਤਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ।ਉਨ੍ਹਾਂ ਨੇ ਦੱਸਿਆ ਕਿ ਹਲਕੇ ਦੇ ਹੋਰਨਾਂ ਪਿੰਡਾਂ 'ਚ ਖੇਡ ਸਟੇਡੀਅਮ ਤਿਆਰ ਕੀਤੇ ਜਾ ਰਹੇ ਹਨ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿੱਚ ਖੇਡ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਤਾਂ ਜੋ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕੀਤਾ ਜਾ ਸਕੇ।ਉਨ੍ਹਾਂ ਇਹ ਵੀ ਕਿਹਾ ਕਿ ਅਜਿਹੇ ਪ੍ਰੋਜੈਕਟ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ।ਇਸ ਮੌਕੇ ਇਲਾਕੇ ਦੇ ਸਰਪੰਚ, ਪੰਚਾਇਤ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ, ਜਿਨ੍ਹਾਂ ਨੇ ਇਸ ਵਿਕਾਸ ਕਾਰਜ ਲਈ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਰਕਾਰ ਦਾ ਧੰਨਵਾਦ ਕੀਤਾ।

## ਐੱਸ ਸੀ ਵਿੰਗ ਕਾਂਗਰਸ ਦੇ ਸੁੱਚਾ ਸਿੰਘ ਟਰਪਈ ਤੇ ਗੁਰਿੰਦਰ ਨਾਗ ਕਲਾਂ ਬਣੇ ਵਾਈਸ ਚੇਅਰਮੈਨ



ਮਜੀਠਾ (ਸੋਇਮ ਆਨੰਦ)-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਐੱਸ. ਸੀ. ਵਿੰਗ ਵਿੱਚ ਸੁੱਚਾ ਸਿੰਘ ਟਰਪਈ ਅਤੇ ਗੁਰਿੰਦਰ ਨਾਗ ਨੂੰ ਵਾਈਸ ਚੇਅਰਮੈਨ ਨਿਯੁਕਤ ਕੀਤੇ ਜਾਣ 'ਤੇ ਕਾਂਗਰਸੀ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਨਵ-ਨਿਯੁਕਤ ਵਾਈਸ ਚੇਅਰਮੈਨ ਸੁੱਚਾ ਸਿੰਘ ਟਰਪਈ ਅਤੇ ਗੁਰਿੰਦਰ ਨਾਗ ਨੇ ਇਸ ਨਿਯੁਕਤੀ ਲਈ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਵੱਲੋਂ ਦਿੱਤੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ, ਮਿਹਨਤ ਅਤੇ ਤਨਦੇਹੀ ਨਾਲ ਨਿਭਾਉਣਗੇ।ਇਸ ਮੌਕੇ ਉਨ੍ਹਾਂ ਨੇ ਮਜੀਠਾ ਹਲਕੇ ਦੇ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਸੱਚਰ ਵੱਲੋਂ ਹਮੇਸ਼ਾ ਜ਼ਮੀਨੀ ਪੱਧਰ 'ਤੇ ਮਿਹਨਤ ਕਰਨ ਵਾਲੇ ਵਰਕਰਾਂ ਨੂੰ ਬਣਦਾ ਮਾਣ-ਸਤਿਕਾਰ ਅਤੇ ਹੌਸਲਾ ਦਿੱਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਸੱਚਰ ਦੀ ਅਗਵਾਈ ਹੇਠ ਮਜੀਠਾ ਹਲਕੇ ਵਿੱਚ ਕਾਂਗਰਸ ਨੂੰ ਹੋਰ ਮਜ਼ਬੂਤ ਕਰਨ ਲਈ ਉਹ ਪੂਰੀ ਤਾਕਤ ਨਾਲ ਕੰਮ ਕਰਨਗੇ।ਭਗਵੰਤ ਪਾਲ ਸਿੰਘ ਸੱਚਰ ਨੇ ਦੋਵਾਂ ਆਗੂਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਾਂਗਰਸ ਪਾਰਟੀ ਵਿੱਚ ਮਿਹਨਤੀ ਅਤੇ ਸਮਰਪਿਤ ਵਰਕਰਾਂ ਨੂੰ ਜ਼ਿੰਮੇਵਾਰੀਆਂ ਮਿਲਣਾ ਪਾਰਟੀ ਦੀ ਮਜ਼ਬੂਤੀ ਦਾ ਪ੍ਰਤੀਕ ਹੈ।ਉਨ੍ਹਾਂ ਆਸ ਪ੍ਰਗਟ ਕੀਤੀ ਕਿ ਸੁੱਚਾ ਸਿੰਘ ਟਰਪਈ ਅਤੇ ਗੁਰਿੰਦਰ ਨਾਗ ਐੱਸ. ਸੀ. ਵਿੰਗ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨ ਲਈ ਅਹਿਮ ਭੂਮਿਕਾ ਨਿਭਾਉਣਗੇ। ਸੱਚਰ ਨੇ ਕਿਹਾ ਕਿ 2027 ਵਿੱਚ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਾਉਣ ਲਈ ਹਰ ਵਰਗ ਦੇ ਲੋਕਾਂ ਨੂੰ ਨਾਲ ਲੈ ਕੇ ਪਾਰਟੀ ਨੂੰ ਬੂਥ ਪੱਧਰ ਤੱਕ ਮਜ਼ਬੂਤ ਕੀਤਾ ਜਾਵੇਗਾ। ਇਸ ਮੌਕੇ ਕਾਂਗਰਸੀ ਆਗੂਆਂ ਅਤੇ ਵਰਕਰਾਂ ਨੇ ਵੀ ਨਵ-ਨਿਯੁਕਤ ਵਾਈਸ ਚੇਅਰਮੈਨਾਂ ਨੂੰ ਵਧਾਈ ਦਿੱਤੀ ਅਤੇ ਪਾਰਟੀ ਦੀ ਚੜ੍ਹਦੀ ਕਲਾ ਲਈ ਮਿਲਜੁਲ ਕੇ ਕੰਮ ਕਰਨ ਦਾ ਭਰੋਸਾ ਦਿੱਤਾ ਇਸ ਮੌਕੇ ਸੁੱਚਾ ਸਿੰਘ ਟਰਪਈ, ਗੁਰਿੰਦਰ ਨਾਗ ਕਲਾਂ, ਪਰਮਜੀਤ ਸਿੰਘ ਭੇਏਵਾਲ, ਸੁਲੱਖਣ ਸਿੰਘ ਕੱਥੂਨੰਗਲ ਤੇ ਹੋਰ ਵੀ ਆਗੂ ਹਾਜ਼ਰ ਸਨ ।

## ਜੋਬਨ ਰੰਧਾਵਾ ਨੇ ਸੰਘੇੜਾ ਵਿਖੇ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਖੇਡ ਮੈਦਾਨ ਦਾ ਕੀਤਾ ਉਦਘਾਟਨ



ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ) ਫ਼ਤਿਹਗੜ੍ਹ ਚੂੜੀਆਂ ਦੇ ਹਲਕਾ ਇੰਚਾਰਜ ਜੋਬਨ ਰੰਧਾਵਾ ਨੇ ਪਿੰਡ ਸੰਘੇੜਾ ਵਿਖੇ ਬਣਾਏ ਗਏ ਖੇਡ ਸਟੇਡੀਅਮ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਵਲੋਂ ਬੱਚਿਆਂ ਨੂੰ ਖੇਡ ਕਿੱਟਾਂ ਵੀ ਵੰਡੀਆਂ ਗਈਆਂ।ਇਸ ਮੌਕੇ ਹਲਕੇ ਦੀਆਂ ਵੱਖ-ਵੱਖ ਸ਼ਖਸੀਅਤਾਂ ਮੌਜੂਦ ਸਨ।

ਇਸ ਮੌਕੇ ਗੱਲਬਾਤ ਕਰਦਿਆਂ ਚੇਅਰਮੈਨ ਜੋਬਨ ਰੰਧਾਵਾ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਦੇ ਉਦੇਸ਼ ਦੀ ਪੂਰਤੀ ਸਦਕਾ ਸੂਬੇ ਦੀ ਨੌਜਵਾਨੀ ਨੂੰ ਖੇਡਾਂ ਅਤੇ ਸਿੱਖਿਆ ਨਾਲ ਜੋੜ ਰਹੀ ਹੈ।ਨੌਜਵਾਨ ਵਰਗ ਨਸ਼ਿਆਂ ਤੋਂ ਦੂਰ ਰਹੇ, ਇਸ ਲਈ ਵੱਧ ਤੋ ਵੱਧ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ ਤਾਂ ਜੋ ਨੌਜਵਾਨ ਖੇਡਾਂ ਨਾਲ ਜੁੜਿਆ ਰਹੇ।ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਜਿੱਥੇ ਖੇਡ ਮੈਦਾਨ ਬਣਾਏ ਜਾ ਰਹੇ ਹਨ ਉਥੇ ਹੀ ਸਿੱਖਿਆ ਨਾਲ ਜੋੜਨ ਲਈ ਸਕੂਲਾਂ ਦਾ ਆਧੁਨਿਕੀਕਰਨ ਵੀ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਸਾਡਾ ਭਵਿੱਖ ਹਨ ਤੇ ਸਾਡਾ ਭਵਿੱਖ ਹੱਸਦਾ ਖੇਡਦਾ ਤੇ ਰੋਸ਼ਨਾਉਂਦਾ ਹੀ ਹੋਵੇ, ਇਸ ਲਈ ਪੰਜਾਬ ਸਰਕਾਰ ਨੌਜਵਾਨੀ ਨੂੰ ਬਚਾਉਣ ਲਈ ਸਾਰਥਕ ਉਪਰਾਲੇ ਕਰ ਰਹੀ ਹੈ।

## ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੀ ਮਹੱਤਵਪੂਰਨ ਮੀਟਿੰਗ ਸੰਪੰਨ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਭਾਰਤੀ ਇਨਕਲਾਬੀ ਮਾਰਕਸਵਾਦੀ (ਆਰਐੱਮਪੀਆਈ) ਦੀ ਜਰਨਲ ਬਾਡੀ ਮੀਟਿੰਗ ਅੱਜ ਗਾਂਧੀ ਪਾਰਕ ਵਿਖੇ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਪਾਰਟੀ ਦੇ ਵੱਖ-ਵੱਖ ਅਹੁਦੇਦਾਰਾਂ ਅਤੇ ਕਾਰਕੁਨਾਂ ਨੇ ਭਾਗ ਲਿਆ।ਮੀਟਿੰਗ ਨੂੰ ਪਾਰਟੀ ਦੇ ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ, ਜ਼ਿਲ੍ਹਾ ਸਕੱਤਰ ਮੁਖਤਾਰ ਸਿੰਘ ਮੱਲਾ, ਜ਼ਿਲ੍ਹਾ ਖਜ਼ਾਨਚੀ ਬਲਦੇਵ ਸਿੰਘ ਪੰਡੋਰੀ, ਕਿਸਨ ਆਗੂ ਮਾਸਟਰ ਦਲਜੀਤ ਸਿੰਘ ਦਿਆਲਪੁਰਾ, ਜਗਤਾਰ ਸਿੰਘ ਉੱਪਲ ਨੇ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।ਮੀਟਿੰਗ ਨੂੰ ਸੰਬੋਧਨ ਕਰਦਿਆ ਇਨ੍ਹਾਂ ਆਗੂਆਂ ਨੇ ਕਿਹਾ ਕਿ ਕਰ ਮੁਕਤ ਵਪਾਰਕ ਸਮਝੌਤਾ ਕਿਸਾਨਾਂ ਮਜਦੂਰਾਂ ਦੀ ਮੌਤ ਦੇ ਵਰੰਟ ਜਾਰੀ ਕਰਨ ਦੇ ਬਰਾਬਰ ਹਨ।ਇਸ ਨਾਲ ਛੋਟੇ ਵਪਾਰੀਆਂ, ਕਿਸਾਨਾਂ ਅਤੇ ਆਮ ਲੋਕਾਂ ਦਾ ਵੱਡਾ ਨੁਕਸਾਨ ਹੋਵੇਗਾ ਅਤੇ ਦੇਸ਼ ਦੀ ਆਰਥਿਕਤਾ ਨਿਗਾਰ ਵੱਲ ਜਾਵੇਗੀ।ਇਨ੍ਹਾਂ ਆਗੂਆਂ ਨੇ ਫਾਸ਼ੀਵਾਦੀ ਨੀਤੀਆਂ ਦਾ ਵਿਰੋਧ ਕਰਦਿਆਂ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਫਾਸ਼ੀਵਾਦੀ ਨੀਤੀਆਂ ਦੀ ਸਖ਼ਤ ਨੁਕਤਾਚੀਨੀ ਕਰਦਿਆਂ ਕਿਹਾ ਕਿ ਇਹਨਾਂ ਨੀਤੀਆਂ ਨਾਲ ਲੋਕਤੰਤਰ, ਧਰਮ ਨਿਰਪੱਖਤਾ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਨਹੀਂ ਬਚਾਇਆ ਜਾ ਸਕਦਾ ।ਪਾਰਟੀ ਨੇ ਇਨ੍ਹਾਂ ਦੇ ਖਿਲਾਫ਼ ਇੱਕਜੁੱਟ ਸੰਘਰਸ਼ ਕਰਨ ਦਾ ਪ੍ਰਣ ਲਿਆ।ਇਨ੍ਹਾਂ ਆਗੂਆਂ ਨੇ ਪੰਜਾਬ ਸਰਕਾਰ ਦੀ ਤਿਖੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਆਮ ਲੋਕਾਂ ਦੇ ਮੁੱਦਿਆਂ, ਖਾਸ ਕਰਕੇ ਰੋਜ਼ਗਾਰ, ਕਿਸਾਨੀ ਸੰਕਟ, ਮਹਿੰਗਾਈ ਅਤੇ ਸਿਹਤ ਸੇਵਾਵਾਂ ਵਰਗੇ ਮਸਲਿਆਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ।

ਪਾਰਟੀ ਇਹਨਾਂ ਮੁੱਦਿਆਂ ਨੂੰ ਜਨਤਕ ਕਰਨ ਲਈ ਸਰਕਾਰ ਨੂੰ ਜਵਾਬਦੇਹ ਬਣਾਉਣ ਲਈ ਅੰਦੋਲਨ ਤੇਜ਼ ਕਰੇਗੀ।ਆਗੂਆਂ ਨੇ ਦੋ ਕਿਸਾਨ ਜਥੇਬੰਦੀਆਂ ਦੀ ਏਕਤਾ ਕਰਨ ਨੂੰ ਸਵਾਗਤਯੋਗ ਕਦਮ ਦੱਸਿਆ।ਇਸ ਏਕਤਾ ਨੂੰ ਕਿਸਾਨ ਅੰਦੋਲਨ ਨੂੰ ਮਜ਼ਬੂਤ ਕਰਨ ਅਤੇ ਉਨਾਂ ਦੇ ਹੱਕਾਂ ਲਈ ਸੰਘਰਸ਼ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਵਿੱਚ ਮੀਲ-ਪੱਥਰ ਮੰਨਿਆ ਗਿਆ। 20 ਸਤੰਬਰ ਨੂੰ ਜਲੰਧਰ ਵਿਖੇ ਹੋਣ ਵਾਲੀ ਇਤਿਹਾਸਿਕ ਰੈਲੀ ਨੂੰ ਸਫ਼ਲ ਬਣਾਉਣ ਲਈ ਵਿਸ਼ੇਸ਼ ਮੁਹਿੰਮ ਚਲਾਉਣ ਦਾ ਫੈਸਲਾ ਲਿਆ ਗਿਆ।

## ਅਨਮੈਪਡ ਵੋਟਰਾਂ ਸਬੰਧੀ ਨੋਟਿਸ ਪੜਾਅ ਤੇ ਸੁਣਵਾਈ ਦੀ ਪ੍ਰਕਿਰਿਆ ਜਾਰੀ



ਬਟਾਲਾ, (ਡਾ. ਮਲਵਿੰਦਰ ਸਿੰਘ)-ਚੋਣ ਕਮਿਸ਼ਨ ਵੱਲੋਂ ਚੋਣ ਸੂਚੀਆਂ ਦੀ ਸੁਚੱਜੀ, ਪਾਰਦਰਸ਼ੀ ਅਤੇ ਸਹੀ ਤਰੀਕੇ ਨਾਲ ਤਸਦੀਕ ਕਰਨ ਲਈ ਚਲਾਈ ਜਾ ਰਹੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ 2026 ਤਹਿਤ 007-ਬਟਾਲਾ ਵਿਧਾਨ ਸਭਾ ਹਲਕੇ ਵਿੱਚ ਅਨਮੈਪਡ ਵੋਟਰਾਂ ਸਬੰਧੀ ਨੋਟਿਸ ਪੜਾਅ ਅਤੇ ਸੁਣਵਾਈ ਦੀ ਪ੍ਰਕਿਰਿਆ ਚੱਲ ਰਹੀ ਹੈ।ਸ. ਗੁਰਸਿਮਰਨ ਸਿੰਘ ਢਿੱਲੋਂ, ਕਮਿਸ਼ਨਰ ਨਗਰ ਨਿਗਮ ਬਟਾਲਾ-ਕਮ-ਵਧੀਕ ਡਿਪਟੀ ਕਮਿਸ਼ਨਰ, ਗੁਰਦਾਸਪੁਰ ਅਤੇ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਬਟਾਲਾ ਵਿਧਾਨ ਸਭਾ ਹਲਕਾ ਨੇ ਦੱਸਿਆ ਕਿ ਜ਼ਿਲ੍ਹਾ ਚੋਣ ਅਫਸਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹੇ ਅੰਦਰ ਅਨਮੈਪਡ ਵੋਟਰਾਂ ਨੂੰ ਜਾਰੀ ਕੀਤੇ ਗਏ ਨੋਟਿਸਾਂ ਸਬੰਧੀ ਸੁਣਵਾਈ ਕੀਤੀ ਜਾ ਰਹੀ ਹੈ।ਇਸ ਦੌਰਾਨ ਸਬੰਧਤ ਵੋਟਰਾਂ ਵੱਲੋਂ ਪੇਸ਼ ਕੀਤੇ ਜਾ ਰਹੇ ਦਸਤਾਵੇਜ਼ਾਂ ਅਤੇ ਜਾਣਕਾਰੀ ਦੀ ਨਿਰਧਾਰਤ ਪ੍ਰਕਿਰਿਆ ਅਨੁਸਾਰ ਜਾਂਚ ਕੀਤੀ ਜਾ ਰਹੀ ਹੈ।ਉਨ੍ਹਾਂ ਵੱਲੋਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਸੁਣਵਾਈ ਦੀ ਪ੍ਰਕਿਰਿਆ ਦੌਰਾਨ ਹਰੇਕ ਸਬੰਧਤ ਵੋਟਰ ਨੂੰ ਆਪਣਾ ਪੱਖ ਰੱਖਣ ਦਾ ਉਚਿਤ ਮੌਕਾ ਦਿੱਤਾ ਜਾਵੇ ਅਤੇ ਪੇਸ਼ ਕੀਤੇ ਗਏ ਦਸਤਾਵੇਜ਼ਾਂ ਦੀ ਨਿਰਪੱਖਤਾ ਨਾਲ ਜਾਂਚ ਕੀਤੀ ਜਾਵੇ।ਉਨ੍ਹਾਂ ਅੱਗੇ ਦੱਸਿਆ ਕਿ ਐੱਸ ਆਈ ਆਰ-2026 ਤਹਿਤ ਡਰਾਫਟ ਇਲੈਕਟੋਰਲ ਰੋਲ ਦੀ ਪ੍ਰਕਾਸ਼ਨਾ 13 ਅਗਸਤ 2026 ਨੂੰ ਕੀਤੀ ਗਈ ਹੈ। ਇਸ ਤੋਂ ਬਾਅਦ ਦਾਅਵੇ ਅਤੇ ਇਤਰਾਜ ਦਾਖਲ ਕਰਨ ਦੀ ਮਿਆਦ 13 ਅਗਸਤ ਤੋਂ 12 ਸਤੰਬਰ 2026 ਤੱਕ ਹੈ।ਇਸ ਦੇ ਨਾਲ ਹੀ ਨੋਟਿਸ ਫੇਜ਼/ਦਾਅਵੇ ਅਤੇ ਇਤਰਾਜ ਡਿਸਪੋਜ਼ਲ ਦੀ ਪ੍ਰਕਿਰਿਆ 13 ਅਗਸਤ 2026 ਤੋਂ 8 ਅਕਤੂਬਰ 2026 ਤੱਕ ਚੱਲੇਗੀ। ਇਸ ਉਪਰੰਤ ਅੰਤਿਮ ਵੋਟਰ ਸੂਚੀ ਦੀ ਪ੍ਰਕਾਸ਼ਨਾ 12 ਅਕਤੂਬਰ 2026 ਨੂੰ ਕੀਤੀ ਜਾਣੀ ਨਿਰਧਾਰਤ ਹੈ।ਇਸ ਮੌਕੇ ਨੋਡਲ ਅਫਸਰ ਜਸਬੀਰ ਸਿੰਘ ਅਤੇ ਚੋਣ ਟੀਮ ਦੇ ਮੈਂਬਰ ਮੌਜੂਦ ਸਨ।

## ਫਰੀਡਮ ਫਾਈਟਰਜ਼ ਦੀਆਂ ਮੰਗਾਂ ਪ੍ਰਵਾਨ ਕਰੇ ਪੰਜਾਬ ਸਰਕਾਰ : ਖਾਲਸਾ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਫਰੀਡਮ ਫਾਈਟਰਜ ਉਤਰਾਧਿਕਾਰੀ ਸੰਸਥਾ ਪੰਜਾਬ ਦੀ ਮੀਟਿੰਗ ਸੰਸਥਾ ਦੇ ਜਨਰਲ ਸਕੱਤਰ ਜਿਲ੍ਹਾ ਤਰਨਤਾਰਨ ਸਕੱਤਰ ਸਿੰਘ ਦੇ ਗ੍ਰਹਿ ਵਿਖੇ ਸੰਸਥਾ ਦੇ ਸਰਪ੍ਰਸਤ ਹਰਿੰਦਰਪਾਲ ਸਿੰਘ ਖਾਲਸਾ ਦੀ ਅਗਵਾਈ ਹੇਠ ਹੋਈ।ਇਸ ਮੀਟਿੰਗ ਵਿੱਚ ਆਜ਼ਾਦੀ ਘੁਲਾਟੀਏ ਪ੍ਰੀਵਾਰਾਂ ਨੂੰ ਦਰਪੇਸ਼ ਮੁਸ਼ਕਿਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਹਰਿੰਦਰਪਾਲ ਸਿੰਘ ਖਾਲਸਾ ਨੇ ਫਰੀਡਮ ਫਾਈਟਰਜ ਪ੍ਰੀਵਾਰਾਂ ਦੀਆਂ ਮੰਗਾਂ ਜਿਵੇਂ ਕਿ ਫਰੀਡਮ ਫਾਈਟਰਜ ਪ੍ਰੀਵਾਰਾਂ ਦੀ ਚੌਥੀ ਪੀੜ੍ਹੀ ਨੂੰ ਮਾਨਤਾ, ਬਿਨਾਂ ਸ਼ਰਤ ਮੁਫ਼ਤ ਬਿਜਲੀ, ਬਿਨਾਂ ਸ਼ਰਤ ਪਹਿਲ ਦੇ ਆਧਾਰ ਤੇ ਟਿਊਬਵੈੱਲ ਕੁਨੈਕਸ਼ਨ, ਨੌਕਰੀਆਂ ਵਿੱਚ 5% ਕੋਟਾ ਲਾਗੂ ਕੀਤਾ ਜਾਵੇ, ਹੋਰਨਾਂ ਸਟੇਟਾਂ ਦੀ ਤਰਜ ਤੇ ਪੰਜਾਬ ਵਿਚ ਵੀ ਫਰੀਡਮ ਫਾਈਟਰ ਪ੍ਰੀਵਾਰਾਂ ਨੂੰ ਪੈਨਸ਼ਨ ਦਿੱਤੀ ਜਾਵੇ, ਪਹਿਲ ਦੇ ਆਧਾਰ ਤੇ ਪ੍ਰੋਮੋਸ਼ਨ ਆਦਿਕ ਮੰਗਾਂ ਹਨ ਜੋ ਕਈ ਵਾਰ ਸਰਕਾਰ ਦੇ ਸਾਹਮਣੇ ਰੱਖੀਆਂ ਗਈਆਂ। ਪੰਜਾਬ ਸਰਕਾਰ ਦੇ ਸੱਦੇ ਤੇ 12 ਅਗਸਤ ਨੂੰ ਮਾਨਯੋਗ ਮੁੱਖ ਸਕੱਤਰ ਪੰਜਾਬ ਸਰਕਾਰ ਨਾਲ ਚੰਡੀਗੜ੍ਹ ਵਿਖੇ ਫਰੀਡਮ ਫਾਈਟਰਜ਼ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਹੋਈ ਜਿਸ ਵਿੱਚ ਮਾਨਯੋਗ ਮੁੱਖ ਸਕੱਤਰ ਸਾਹਿਬ ਵੱਲੋਂ ਮੰਗਾਂ ਪ੍ਰਤੀ ਹਾਂ-ਪੱਖੀ ਹੁੰਗਾਰਾ ਮਿਲਿਆ ਅਤੇ ਦੱਸਿਆ ਗਿਆ ਕਿ ਪੰਜਾਬ ਸਰਕਾਰ ਇਸ ਬਾਰੇ ਐਲਾਨ ਕਰੇਗੀ। ਖਾਲਸਾ ਜੀ ਨੇ ਦੱਸਿਆ ਕਿ ਆਸ ਸੀ ਕਿ ਪੰਜਾਬ ਸਰਕਾਰ 15 ਅਗਸਤ ਆਜ਼ਾਦੀ ਦਿਹਾੜੇ ਮੌਕੇ ਮੰਗਾਂ ਮੰਨਣ ਸਬੰਧੀ ਐਲਾਨ ਕਰੇਗੀ ਪਰ ਅਫਸੋਸ ਕਿ ਸਰਕਾਰ ਵੱਲੋਂ ਕੋਈ ਐਲਾਨ ਨਹੀਂ ਕੀਤਾ ਗਿਆ ਜਿਸ ਨਾਲ ਫਰੀਡਮ ਫਾਈਟਰ ਪ੍ਰੀਵਾਰਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ।ਹਰਿੰਦਰਪਾਲ ਸਿੰਘ ਖਾਲਸਾ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਜਲਦ ਹੀ ਆਜ਼ਾਦੀ ਘੁਲਾਟੀਏ ਪ੍ਰੀਵਾਰਾਂ ਦੀਆਂ ਮੰਗਾਂ ਪ੍ਰਵਾਨ ਕਰਨ ਦਾ ਐਲਾਨ ਕਰਨਾ ਚਾਹੀਦਾ ਹੈ।ਮੀਟਿੰਗ ਵਿੱਚ ਸੰਸਥਾ ਦੇ ਜਿਲ੍ਹਾ ਤਰਨਤਾਰਨ ਦੇ ਮੀਤ ਪ੍ਰਧਾਨ ਨਿਰਮਲ ਸਿੰਘ ਜੋ ਕੁਝ ਦਿਨ ਪਹਿਲਾਂ ਅਚਾਨਕ ਅਕਾਲ ਚਲਾਣਾ ਕਰ ਗਏ ਸਨ, ਦੀ ਯਾਦ ਵਿੱਚ ਦੋ ਮਿੰਟ ਦਾ ਮੋਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਹਰਿੰਦਰਪਾਲ ਸਿੰਘ ਖਾਲਸਾ ਦੇ ਨਾਲ ਮੀਟਿੰਗ ਵਿੱਚ ਬਲਦੇਵ ਸਿੰਘ ਪ੍ਰਧਾਨ ਫਰੀਦਕੋਟ, ਮਾਸਟਰ ਗੁਰਚਰਨ ਸਿੰਘ ਫਰੀਦਕੋਟ, ਸੁਰਜੀਤ ਸਿੰਘ ਭੁੱਚਰ, ਜਸਬੀਰ ਸਿੰਘ ਬੱਲਿਆਂਵਾਲਾ, ਸਕੱਤਰ ਸਿੰਘ ਪਹੂਵਿੰਡ, ਮੋਹਨ ਸਿੰਘ ਸੁਰਸਿੰਘ, ਸਤਨਾਮ ਸਿੰਘ ਵਾਂ, ਬਲਜੀਤ ਸਿੰਘ ਕਸੇਲ, ਕਾਰਜ ਕਸੇਲ ,ਜਗਦੀਪ ਸਿੰਘ ਮਾਲੇਚੱਕ ਆਦਿ ਹਾਜ਼ਰ ਸਨ।

## ਜਾਦੂਗਰ ਜਤਿੰਦਰ ਸਿੰਘ ਬੱਬਰ ਨੇ ਦਿਖਾਏ ਜਾਦੂ ਦੇ ਹੈਰਾਨਕੁੰਨ ਕਰਤੱਬ



ਧਾਰੀਵਾਲ, (ਮਨਦੀਪ ਵਿੱਕੀ)-ਸ੍ਰੀ ਗੁਰੂ ਅਰਜਨ ਦੇਵ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਬੁਰਜ ਸਾਹਿਬ ਧਾਰੀਵਾਲ ਵਿਖੇ ਵਿਸ਼ਵ ਦੇ ਪਹਿਲੇ ਸਿੱਖ ਜਾਦੂਗਰ ਜਤਿੰਦਰ ਸਿੰਘ ਬੱਬਰ ਵੱਲੋਂ ਜਾਦੂ ਦੀਆਂ ਵੱਖ-ਵੱਖ ਆਈਟਮਾਂ ਪੇਸ਼ ਕਰਕੇ ਸਕੂਲੀ ਬੱਚਿਆਂ ਦਾ ਮਨੋਰੰਜਨ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਕੀਤਾ ਗਿਆ।ਇਸ ਮੌਕੇ ਜਾਦੂਗਰ ਜਤਿੰਦਰ ਸਿੰਘ ਬੱਬਰ ਨੇ ਆਪਣੀ ਕਲਾ ਦੇ ਵੱਖ-ਵੱਖ ਕਰਤੱਬ ਦਿਖਾ ਕੇ ਬੱਚਿਆਂ ਨੂੰ ਹੈਰਾਨ ਕਰ ਦਿੱਤਾ।ਬੱਚਿਆਂ ਨੇ ਜਾਦੂ ਦੇ ਪ੍ਰਦਰਸ਼ਨ ਦਾ ਖੂਬ ਆਨੰਦ ਮਾਣਿਆ ਅਤੇ ਉਤਸ਼ਾਹ ਨਾਲ ਇਸ ਵਿੱਚ ਭਾਗ ਲਿਆ।ਸਕੂਲ ਦੇ ਪ੍ਰਿੰਸੀਪਲ ਅਨੂਪ ਸਿੰਘ ਨੇ ਕਿਹਾ ਕਿ ਜਾਦੂ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਇਹ ਇੱਕ ਕਲਾ ਹੈ, ਜਿਸ ਰਾਹੀਂ ਬੱਚਿਆਂ ਨੂੰ ਕਈ ਤਰ੍ਹਾਂ ਦੀਆਂ ਸਿੱਖਿਆਵਾਂ ਅਤੇ ਗਿਆਨ ਪ੍ਰਦਾਨ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਵਿਗਿਆਨਿਕ ਤਕਨੀਕਾਂ ਦੇ ਅਧਾਰਿਤ ਅਜਿਹੇ ਪ੍ਰੋਗਰਾਮ ਬੱਚਿਆਂ ਦੀ ਸੋਚਣ-ਸਮਝਣ ਦੀ ਸਮਰੱਥਾ ਨੂੰ ਵਿਕਸਤ ਕਰਨ ਦੇ ਨਾਲ ਉਨ੍ਹਾਂ ਵਿੱਚ ਉਤਸੁਕਤਾ ਅਤੇ ਨਵਾਂ ਸਿੱਖਣ ਦੀ ਭਾਵਨਾ ਪੈਦਾ ਕਰਦੇ ਹਨ।ਉਨ੍ਹਾਂ ਨੇ ਜਾਦੂਗਰ ਜਤਿੰਦਰ ਸਿੰਘ ਬੱਬਰ ਵੱਲੋਂ ਸਕੂਲ ਵਿੱਚ ਪਹੁੰਚ ਕੇ ਬੱਚਿਆਂ ਨੂੰ ਆਪਣੀ ਕਲਾ ਰਾਹੀਂ ਸਿੱਖਿਆਦਾਇਕ ਜਾਣਕਾਰੀ ਦੇਣ ਲਈ ਧੰਨਵਾਦ ਕੀਤਾ।

ਇਸ ਮੌਕੇ ਸਕੂਲ ਪ੍ਰਿੰਸੀਪਲ ਅਨੂਪ ਸਿੰਘ ਸਮੇਤ ਸਮੁੱਚੇ ਸਟਾਫ ਵੱਲੋਂ ਵਿਸ਼ਵ ਦੇ ਪਹਿਲੇ ਸਿੱਖ ਜਾਦੂਗਰ ਜਤਿੰਦਰ ਸਿੰਘ ਬੱਬਰ ਨੂੰ ਯਾਦਗਾਰੀ ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਸਕੂਲ ਦਾ ਸਮੁੱਚਾ ਸਟਾਫ ਅਤੇ ਵਿਦਿਆਰਥੀ ਮੌਜੂਦ ਸਨ।

## ਬਾਬਾ ਬੁੱਢਾ ਕਾਲਜ ਬੀੜ ਸਾਹਿਬ ਦਾ ਨਤੀਜਾ ਰਿਹਾ ਸ਼ਾਨਦਾਰ



ਝਬਾਲ (ਹਰਜਿੰਦਰ ਸਿੰਘ ਸੋਨੀ)- ਸੇਵਾ ਦੇ ਪੁੰਜ ਸੰਤ ਬਾਬਾ ਖੜਕ ਸਿੰਘ ਜੀ ਵੱਲੋਂ ਸਥਾਪਿਤ ਅਤੇ ਸੰਤ ਬਾਬਾ ਸੰਤੋਖ ਸਿੰਘ ਜੀ ਦੀ ਰਹਿਨੁਮਈ ਹੇਠ ਚੱਲ ਰਹੇ ਬਾਬਾ ਬੁੱਢਾ ਕਾਲਜ ਦੇ ਬੀਏ ਸਮੈਸਟਰ ਦੂਜਾ,ਬੀ ਕਾਮ ਸਮੈਸਟਰ ਦੂਜਾ ਅਤੇ ਬੀਸੀਏ ਸਮੈਸਟਰ ਦੂਜਾ ਦਾ ਨਤੀਜਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨਿਆ ਗਿਆ।ਇਨ੍ਹਾਂ ਨਤੀਜਿਆ ਵਿੱਚ ਬੀਏ ਸਮੈਸਟਰ ਦੂਜੇ ਦੀ ਪਾਸ ਪ੍ਰਤੀਸ਼ਤ 98% ਬੀ ਕਾਮ ਸਮੈਸਟਰ ਦੂਜਾ ਅਤੇ ਬੀਸੀਏ ਸਮੈਸਟਰ ਦੂਜਾ ਦੀ ਪਾਸ ਪ੍ਰਤੀਸ਼ਤ 100 ਫੀਸਦੀ ਰਹੀ। ਇਨ੍ਹਾਂ ਵਿੱਚ ਬੀਏ ਸਮੈਸਟਰ ਦੂਜੇ ਦੀ ਵਿਦਿਆਰਥਣ ਮਨਪ੍ਰੀਤ ਕੌਰ ਨੇ 76% ਨਾਲ ਪਹਿਲਾ, ਸਰਬਜੀਤ ਕੌਰ, ਅਮਨਪ੍ਰੀਤ ਕੌਰ ਅਤੇ ਜੋਬਨਪ੍ਰੀਤ ਸਿੰਘ ਨੇ 75% ਨਾਲ ਦੂਸਰਾ ਸਥਾਨ ਹਾਸਲ ਕੀਤਾ।ਇਸ ਦੇ ਨਾਲ ਬੀ. ਕਾਮ ਸਮੈਸਟਰ ਦੂਜੇ ਦੀ ਵਿਦਿਆਰਥਣ ਕੋਮਲਪ੍ਰੀਤ ਕੌਰ ਨੇ 74% ਨਾਲ ਪਹਿਲਾ ਅਤੇ ਸਮਰੀਨ ਕੌਰ ਅਤੇ ਹਰਨੀਤ ਕੌਰ ਨੇ 70% ਨਾਲ ਦੂਸਰਾ ਸਥਾਨ ਹਾਸਿਲ ਕੀਤਾ।ਇਸੇ ਤਰ੍ਹਾਂ ਬੀਸੀਏ ਸਮੈਸਟਰ ਦੂਜੇ ਦੀ ਵਿਦਿਆਰਥਣ ਕੋਮਲਪ੍ਰੀਤ ਕੌਰ 77% ਨਾਲ ਪਹਿਲਾ ,ਅਵਨੀਤ ਕੌਰ 73% ਨਾਲ ਦੂਜਾ ਅਤੇ ਅਰਸ਼ਪ੍ਰੀਤ ਕੌਰ 67% ਨਾਲ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਕਰਨਜੀਤ ਸਿੰਘ ਬੇਦੀ ਨੇ ਪਾਸ ਹੋਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਮੂੰਹ ਮਿੱਠਾ ਕਰਵਾਇਆ।

ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਤੀਜਿਆਂ ਵਿੱਚ ਕਾਲਜ ਦਾ ਨਤੀਜਾ ਸੌ ਫੀਸਦੀ ਰਿਹਾ ਹੈ, ਜਿਸ ਵਿੱਚ ਵਿਦਿਆਰਥੀਆਂ ਨੇ ਵੱਖ-ਵੱਖ ਕੋਰਸਾਂ ਵਿੱਚ ਚੰਗੇ ਨੰਬਰ ਲੈ ਕੇ ਕਾਲਜ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।ਇਸ ਮੌਕੇ ਡਾ ਅਮਰਬੀਰ ਸਿੰਘ, ਪ੍ਰੋ. ਸੁਰਿੰਦਰ ਸਿੰਘ,ਪ੍ਰੋ. ਇੰਦਰਜੀਤ ਸਿੰਘ,ਪ੍ਰੋ. ਸੁਖਪਾਲ ਕੌਰ, ਪ੍ਰੋ. ਹਰਪ੍ਰੀਤ ਕੌਰ, ਪ੍ਰੋ. ਚੰਦਪ੍ਰੀਤ ਕੌਰ ਅਤੇ ਹਾਜ਼ਰ ਸਨ।

## ਰੱਖੜੀ ਦੇ ਤਿਉਹਾਰ ਨੂੰ ਲੈ ਕੇ ਬਾਜ਼ਾਰਾਂ 'ਚ ਰੌਣਕਾਂ ਵਧੀਆਂ

ਢਿੱਲਵਾਂ, (ਪਲਵਿੰਦਰ ਸਿੰਘ ਜੈ ਰਾਮ)- ਜਿਵੇਂ-ਜਿਵੇਂ ਰੱਖੜੀ ਦਾ ਤਿਉਹਾਰ ਨੇੜੇ ਆ ਰਿਹਾ ਹੈ, ਬਾਜ਼ਾਰਾਂ 'ਚ ਰੌਣਕਾਂ ਵਧ ਰਹੀਆਂ ਹਨ।

ਭਰਾ-ਭੈਣ ਦੇ ਪਵਿੱਤਰ ਰਿਸ਼ਤੇ ਦੇ ਇਸ ਤਿਉਹਾਰ ਨੂੰ ਲੈ ਕੇ ਬਾਜ਼ਾਰਾਂ 'ਚ ਕਾਫ਼ੀ ਉਤਸ਼ਾਹ ਹੈ, ਢਿਲਵਾ ਦੇ ਬਾਜ਼ਾਰਾਂ 'ਚ ਰੰਗ-ਬਿਰੰਗੀਆਂ ਰੱਖੜੀਆਂ ਦੇ ਸਟਾਲ ਸਜਣੇ ਸ਼ੁਰੂ ਹੋ ਗਏ ਹਨ।ਭੈਣਾਂ ਆਪਣੇ ਭਰਾਵਾਂ ਲਈ ਵਿਸ਼ੇਸ਼ ਰੱਖੜੀਆਂ ਚੁਣਨ 'ਚ ਰੁੱਝੀਆਂ ਹੋਈਆਂ ਹਨ।

ਇਸ ਵਾਰ ਰਵਾਇਤੀ ਰੱਖੜੀਆਂ ਦੇ ਨਾਲ-ਨਾਲ ਬੱਚਿਆਂ ਲਈ ਥੀਮ ਅਧਾਰਤ, ਅਨੁਕੂਲਿਤ ਅਤੇ ਕਾਰਟੂਨ ਰੱਖੜੀਆਂ ਦੀ ਵੀ ਬਹੁਤ ਮੰਗ ਹੈ।ਰੱਖੜੀ ਦੇ ਨਾਲ-ਨਾਲ ਕੱਪੜਾ ਬਾਜ਼ਾਰ ਵੀ ਗਾਹਕਾਂ ਨਾਲ ਭਰਿਆ ਹੋਇਆ ਹੈ।ਮਠਿਆਈਆਂ, ਤੋਹਫ਼ੇ ਅਤੇ ਸਜਾਵਟੀ ਚੀਜ਼ਾਂ ਦੀਆਂ ਦੁਕਾਨਾਂ 'ਤੇ ਵੀ ਚੰਗੀ ਭੀੜ ਦੇਖਣ ਨੂੰ ਮਿਲ ਰਹੀ ਹੈ। ਗਾਹਕ ਵੀ ਖਰੀਦਦਾਰੀ ਦਾ ਆਨੰਦ ਮਾਣ ਰਹੇ ਹਨ। ਬਾਜ਼ਾਰਾਂ 'ਚ ਹਰ ਰੋਜ਼ ਖਰੀਦਦਾਰਾਂ ਦੀ ਗਿਣਤੀ ਵੱਧ ਰਹੀ ਹੈ, ਜਿਸ ਕਾਰਨ ਵਪਾਰੀਆਂ 'ਚ ਭਾਰੀ ਉਤਸ਼ਾਹ ਹੈ।

## ਲੜਕੀਆਂ ਨੂੰ ਆਤਮਨਿਰਭਰ ਬਣਾਉਣ ਵੱਲ ਇੱਕ ਨਵਾਂ ਉਪਰਾਲਾ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਆਦਰਸ਼ ਸੋਸ਼ਲ ਵੈੱਲਫੇਅਰ ਐਂਡ ਐਜੂਕੇਸ਼ਨਲ ਸੁਸਾਇਟੀ, ਗੁਰਦਾਸਪੁਰ ਵੱਲੋਂ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਦੇ ਉਦੇਸ਼ ਨਾਲ ਪਿੰਡ ਚੂਹੜ ਚੱਕ, ਦੀਨਾਨਗਰ ਵਿਖੇ ਇੱਕ ਨਵਾਂ ਸਿਲਾਈ ਸੈਂਟਰ ਖੋਲ੍ਹਿਆ ਗਿਆ।ਇਸ ਸੈਂਟਰ ਦਾ ਉਦਘਾਟਨ ਸ੍ਰੀ ਗੁਰਿੰਦਰ ਸਿੰਘ ਗਜ਼ਨੀਪੁਰ (ਆਸ ਵੈੱਲਫੇਅਰ ਸੋਸਾਇਟੀ) ਵੱਲੋਂ ਕੀਤਾ ਗਿਆ।ਇਸ ਸਿਲਾਈ ਸੈਂਟਰ ਵਿੱਚ ਲੜਕੀਆਂ ਨੂੰ ਛੇ ਮਹੀਨੇ ਦੀ ਮੁਫ਼ਤ ਸਿਲਾਈ ਟ੍ਰੇਨਿੰਗ ਦਿੱਤੀ ਜਾਵੇਗੀ।ਟ੍ਰੇਨਿੰਗ ਪੂਰੀ ਹੋਣ ਉਪਰੰਤ ਹਰੇਕ ਲੜਕੀ ਨੂੰ ਸਰਟੀਫਿਕੇਟ ਅਤੇ ਸਿਲਾਈ ਮਸ਼ੀਨ ਪ੍ਰਦਾਨ ਕੀਤੀ ਜਾਵੇਗੀ, ਤਾਂ ਜੋ ਉਹ ਆਪਣੇ ਪੈਰਾਂ 'ਤੇ ਖੁਦ ਖੜੀਆਂ ਹੋ ਸਕਣ।ਇਸ ਮੌਕੇ ਮਾਤਾ ਸਵਿੱਤਰੀ ਬਾਈ ਫੂਲੇ ਐਜੂਕੇਸ਼ਨਲ ਸੁਸਾਇਟੀ ਦੇ ਚੇਅਰਮੈਨ ਨੇ ਕਿਹਾ ਕਿ ਲੜਕੀਆਂ ਨੂੰ ਆਤਮ ਨਿਰਭਰ ਬਣਾਉਣਾ ਸਮਾਜ ਦੀ ਬੁਨਿਆਦੀ ਲੋੜ ਹੈ।ਅਜਿਹੇ ਹੁਨਰ ਜੀਵਨ ਵਿੱਚ ਹਰ ਮੁਸ਼ਕਲ ਦਾ ਸਾਹਮਣਾ ਕਰਨ ਵਿੱਚ ਸਹਾਇਕ ਸਾਬਤ ਹੁੰਦੇ ਹਨ।ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਇਸ ਸੈਂਟਰ ਦਾ ਪੂਰਾ ਲਾਭ ਉਠਾਇਆ ਜਾਵੇ। ਸੋਸਾਇਟੀ ਦੀ ਕੋਆਰਡੀਨੇਟਰ ਮੈਡਮ ਇੰਦਰਜੀਤ ਕੌਰ ਨੇ ਦੱਸਿਆ ਕਿ ਅਜੇ ਤੱਕ ਸੋਸਾਇਟੀ ਵੱਲੋਂ 9 ਸਿਲਾਈ ਸੈਂਟਰ ਸਫਲਤਾਪੂਰਵਕ ਚਲਾਏ ਜਾ ਚੁੱਕੇ ਹਨ, ਜਿਨ੍ਹਾਂ ਰਾਹੀਂ ਲਗਭਗ 200+ ਲੜਕੀਆਂ ਨੂੰ ਸਿਲਾਈ ਮਸ਼ੀਨਾਂ ਅਤੇ ਸਰਟੀਫਿਕੇਟ ਦਿੱਤੇ ਗਏ ਹਨ। ਇਸ ਸਮਾਰੋਹ ਦੌਰਾਨ ਚੇਅਰਪਰਸਨ ਮੈਡਮ ਰੀਨਾ ਸ਼ਰਮਾਲ, ਪ੍ਰਧਾਨ ਸਤਨਾਮ ਸਿੰਘ, ਕੋਆਰਡੀਨੇਟਰ ਮੈਡਮ ਇੰਦਰਜੀਤ ਕੌਰ, ਮਾਤਾ ਸਵਿੱਤਰੀ ਬਾਈ ਫੁੱਲੇ ਐਜੂਕੇਸ਼ਨਲ ਸੁਸਾਇਟੀ ਦੇ ਚੇਅਰਮੈਨ ਦਰਸ਼ਨ ਲਾਲ ਪਾਠੀ, ਸਿਲਾਈ ਅਧਿਆਪਿਕਾ ਮੈਡਮ ਦੀਕਸ਼ਾ ਭਾਰਤੀ,ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਮੁੱਖ ਮਹਿਮਾਨ ਗੁਰਿੰਦਰ ਸਿੰਘ ਗਜਨੀਪੁਰ ਅਤੇ ਸਮੂਹ ਸਟਾਫ, ਮਿੰਟੂ ਬਾਂਠਾਵਾਲ, ਪਿੰਡ ਦੇ ਸਰਪੰਚ ਗੁਰਦੀਪ ਸਿੰਘ, ਕਰਨੈਲ ਸਿੰਘ, ਅਸ਼ਵਨੀ ਕੁਮਾਰ, ਪ੍ਰੈੱਸ ਰਿਪੋਰਟਰ ਵਿਜੈ ਕੁਮਾਰ ਆਦਿ ਹਾਜ਼ਰ ਰਹੇ।

# ਮਾਡਲ ਟਾਊਨ 'ਚ ਸੜਕ ਹਾਦਸਾ, ਜਾਨੀ ਨੁਕਸਾਨ ਤੋਂ ਬਚਾਅ



**ਜਲੰਧਰ (ਰਾਜੇਸ਼ ਥਾਪਾ)**- ਮਾਡਲ ਟਾਊਨ ਇਲਾਕੇ ਵਿੱਚ ਮੰਗਲਵਾਰ ਸਵੇਰੇ ਦਿਨ ਚੜ੍ਹਦੇ ਹੀ ਦੋ ਗੱਡੀਆਂ ਵਿਚਾਲੇ ਜ਼ਬਰਦਸਤ ਟੱਕਰ ਹੋਣ ਕਾਰਨ ਹਾਦਸਾ ਵਾਪਰ ਗਿਆ। ਜਾਣਕਾਰੀ ਮੁਤਾਬਕ ਇੱਕ ਕੀਆ ਕਾਰ ਅਤੇ ਇਨੋਵਾ ਕਾਰ ਆਪਸ ਵਿੱਚ ਟਕਰਾ ਗਈਆਂ, ਜਿਸ ਤੋਂ ਬਾਅਦ ਇਨੋਵਾ ਬੇਕਾਬੂ ਹੋ ਕੇ ਸੜਕ ਕਿਨਾਰੇ ਸਥਿਤ ਬਿਕਾਨੇਰ ਸਵੀਟਸ ਦੀ ਦੁਕਾਨ ਵਿੱਚ ਜਾ ਵੜੀ। ਟੱਕਰ ਇੰਨੀ ਜ਼ਬਰਦਸਤ ਸੀ ਕਿ ਦੁਕਾਨ ਦੇ ਅੰਦਰ ਵੀ ਹਾਦਸੇ ਦਾ ਅਸਰ ਦੇਖਣ ਨੂੰ ਮਿਲਿਆ।

ਇਸ ਦੌਰਾਨ ਬਿਕਾਨੇਰ ਸਵੀਟਸ ਦੇ ਮਾਲਕ ਅਖੇ ਸਿੰਘ ਦੀ ਜਾਨ ਵਾਲ-ਵਾਲ ਬਚੀ। ਮੌਕੇ ਤੋਂ ਮਿਲੀ ਜਾਣਕਾਰੀ ਮੁਤਾਬਕ ਹਾਦਸੇ ਵਿੱਚ ਸ਼ਾਮਲ ਇਨੋਵਾ ਗੱਡੀ ਜਲੰਧਰ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਨਾਲ ਸਬੰਧਤ ਦੱਸੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਹਾਦਸੇ ਸਮੇਂ ਇਸ ਗੱਡੀ ਨੂੰ ਇੱਕ ਪੁਲਿਸ ਮੁਲਾਜ਼ਮ ਬਿਨਾਂ ਵਰਦੀ ਦੇ ਚਲਾ ਰਿਹਾ ਸੀ। ਇਸ ਤੋਂ ਇਲਾਵਾ ਇਨੋਵਾ ਗੱਡੀ ਅੰਦਰ ਪੁਲਸ ਮੁਲਾਜ਼ਮ ਦੀ ਵਰਦੀ ਵੀ ਟੰਗੀ ਹੋਈ ਮਿਲੀ, ਜਿਸ 'ਤੇ 'ਮਨਵੀਰ ਸਿੰਘ' ਨਾਂਅ ਦੀ ਨੇਮ ਪਲੇਟ ਲੱਗੀ ਹੋਣ ਦੀ ਗੱਲ ਸਾਹਮਣੇ ਆਈ ਹੈ। ਹਾਲਾਂਕਿ ਗੱਡੀ ਦੀ ਮਲਕੀਅਤ, ਪੁਲਿਸ ਮੁਲਾਜ਼ਮ ਦੀ ਡਿਊਟੀ ਅਤੇ ਹਾਦਸੇ ਸਮੇਂ ਉਸ ਦੀ ਭੂਮਿਕਾ ਸਬੰਧੀ ਅਧਿਕਾਰਤ ਪੁਸ਼ਟੀ ਅਜੇ ਬਾਕੀ ਹੈ।

ਹਾਦਸੇ ਤੋਂ ਬਾਅਦ ਮੌਕੇ 'ਤੇ ਲੋਕਾਂ ਦੀ ਭੀੜ ਇਕੱਠੀ ਹੋ ਗਈ। ਦੋਵੇਂ ਵਾਹਨਾਂ ਨੂੰ ਨੁਕਸਾਨ ਪਹੁੰਚਿਆ ਹੈ। ਹੁਣ ਪੁਲਿਸ ਜਾਂਚ ਤੋਂ ਬਾਅਦ ਹੀ ਇਹ ਸਪੱਸ਼ਟ ਹੋ ਸਕੇਗਾ ਕਿ ਹਾਦਸਾ ਕਿਨ੍ਹਾਂ ਹਾਲਾਤਾਂ ਵਿੱਚ ਵਾਪਰਿਆ ਅਤੇ ਦੋਵੇਂ ਵਾਹਨਾਂ ਦੀ ਟੱਕਰ ਲਈ ਜ਼ਿੰਮੇਵਾਰੀ ਕਿਸ ਦੀ ਬਣਦੀ ਹੈ। ਖ਼ਬਰ ਵਿੱਚ ਦਿੱਤੀ ਗਈ ਇਨੋਵਾ ਦੀ ਮਲਕੀਅਤ, ਪੁਲਸ ਮੁਲਾਜ਼ਮ ਅਤੇ 'ਮਨਵੀਰ ਸਿੰਘ' ਨਾਂਅ ਦੀ ਨੇਮ ਪਲੇਟ ਸਬੰਧੀ ਜਾਣਕਾਰੀ ਮੌਕੇ ਤੋਂ ਮਿਲੀ। ਬੀਕਾਨੇਰ ਸਵੀਟ ਦੇ ਮਾਲਿਕ ਨੇ ਦੱਸਿਆ ਕਿ ਉਹ ਆਪਣੀ ਬੇਸਮੈਂਟ ਤੋਂ ਬਾਹਰ, ਆ ਰਿਹਾ ਸੀ ਕਿ ਅਚਾਨਕ ਇਨੋਵਾ ਕਾਰ ਉਸਦੀ ਖੜੀ ਐਕਟਿਵਾ ਨੂੰ ਘੜੀਸਦੀ ਹੋਈ ਆਈ ਅਤੇ ਮੇਰੇ ਉੱਤੇ ਚੜ੍ਹਾ ਦਿੱਤੀ ਮੈਂ ਦੌੜ ਕੇ ਆਪਣੀ ਜਾਨ ਬਚਾਈ। ਮੇਰੇ ਪੈਰਾਂ ਅਤੇ ਛਾਤੀ ਤੇ ਗੁਝਿਆ ਸੱਟਾ ਵਾਂਝਿਆਂ ਹਨ।ਥਾਣਾ 6 ਨੂੰ ਲਿਖਤ ਸ਼ਿਕਾਇਤ ਦਿੱਤੀ ਗਈ ਹੈ। ਦੋਨਾਂ ਕਾਰਾਂ ਨੂੰ ਪੁਲਸ ਨੇ ਆਪਣੇ ਕਬਜੇ ਵਿੱਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

# ਕਾਮਰਸ ਵਿਦਿਆਰਥੀਆਂ ਲਈ ਕੈਰੀਅਰ ਦੇ ਮੌਕਿਆਂ ਤੇ ਸੀ ਏ ਕੋਰਸ ਸੰਬੰਧੀ ਕੈਰੀਅਰ ਕਾਊਂਸਲਿੰਗ ਸੈਸ਼ਨ

**ਜਲੰਧਰ**- ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਜਲੰਧਰ ਵੱਲੋਂ ਦਿ ਇੰਸਟੀਚਿਊਟ ਆਫ਼ ਚਾਰਟਰਡ ਅਕਾਊਂਟੈਂਟਸ ਆਫ਼ ਇੰਡੀਆ (9319) ਦੇ ਸਹਿਯੋਗ ਨਾਲ ਕਾਮਰਸ ਵਿਭਾਗ ਦੇ ਅੰਡਰਗ੍ਰੈਜੂਏਟ ਅਤੇ ਪੋਸਟਗ੍ਰੈਜੂਏਟ ਵਿਦਿਆਰਥੀਆਂ ਲਈ ਕਾਮਰਸ ਵਿੱਚ ਕਰੀਅਰ ਦੇ ਮੌਕੇ ਅਤੇ ਚਾਰਟਰਡ ਅਕਾਊਂਟੈਂਸੀ ਕੋਰਸ ਦਾ ਰਾਹ ਵਿਸ਼ੇ 'ਤੇ ਵਿਸ਼ੇਸ਼ ਕਰੀਅਰ ਕਾਊਂਸਲਿੰਗ ਗੈਸਟ ਲੈਕਚਰ ਕਰਵਾਇਆ ਗਿਆ। ਇਸ ਸੈਸ਼ਨ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਕਾਮਰਸ, ਅਕਾਊਂਟਿੰਗ ਅਤੇ ਵਿੱਤ ਦੇ ਖੇਤਰ ਵਿੱਚ ਉਪਲਬਧ ਪੇਸ਼ੇਵਰ ਮੌਕਿਆਂ ਬਾਰੇ ਜਾਣਕਾਰੀ ਦੇਣਾ ਤੇ ਉਨ੍ਹਾਂ ਨੂੰ ਸੀ ਏ ਕੋਰਸ ਸਬੰਧੀ ਵਿਹਾਰਕ ਤੇ ਸਹੀ ਮਾਰਗਦਰਸ਼ਨ ਪ੍ਰਦਾਨ ਕਰਨਾ ਸੀ। ਇਸ ਮੌਕੇ ਸੀ ਏ ਭਾਨੂ ਧੀਰ ਅਥਾਰਾਈਜ਼ਡ ਕਰੀਅਰ ਕਾਊਂਸਲਰ ਕਮੇਟੀ ਆਨ ਕਰੀਅਰ ਕਾਊਂਸਲਿੰਗ ਨੇ ਵਿਦਿਆਰਥੀਆਂ ਨੂੰ ਚਾਰਟਰਡ ਅਕਾਊਂਟੈਂਸੀ ਦੇ ਪੇਸ਼ੇ ਨਾਲ ਸਬੰਧਤ ਵੱਖ-ਵੱਖ ਪਹਿਲੂਆਂ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ। ਉਨ੍ਹਾਂ ਨੇ ਦੱਸਿਆ ਕਿ ਕਾਮਰਸ ਦੀ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਲਈ ਅਕਾਊਂਟਿੰਗ ਅਤੇ ਫਾਇਨਾਂਸ ਤੋਂ ਇਲਾਵਾ ਕਾਰਪੋਰੇਟ ਸੰਸਥਾਵਾਂ, ਵਿੱਤੀ ਸੇਵਾਵਾਂ, ਆਡਿਟਿੰਗ, ਟੈਕਸੇਸ਼ਨ, ਕੰਸਲਟੈਂਸੀ ਅਤੇ ਉਦਮਸ਼ੀਲਤਾ ਸਮੇਤ ਕਈ ਖੇਤਰਾਂ ਵਿੱਚ ਉੱਜਵਲ ਕਰੀਅਰ ਸੰਭਾਵਨਾਵਾਂ ਮੌਜੂਦ ਹਨ। ਸੈਸ਼ਨ ਦੌਰਾਨ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਗੱਲਬਾਤ ਵਿੱਚ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਸੀ ਏ ਭਾਨੂ ਧੀਰ ਨੇ ਵਿਦਿਆਰਥੀਆਂ ਨੂੰ ਇਸ ਕੋਰਸ ਦੇ ਵੱਖ-ਵੱਖ ਪੜਾਵਾਂ, ਇਸ ਦੀ ਬਣਤਰ, ਪ੍ਰੀਖਿਆ ਪ੍ਰਕਿਰਿਆ ਅਤੇ ਪੇਸ਼ੇ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਇਹ ਵੀ ਸਮਝਾਇਆ ਕਿ ਚਾਰਟਰਡ ਅਕਾਊਂਟੈਂਟ ਵਜੋਂ ਉਹ ਭਵਿੱਖ ਵਿੱਚ ਕਿਹੜੇ-ਕਿਹੜੇ ਖੇਤਰਾਂ ਵਿੱਚ ਆਪਣੀਆਂ ਸੇਵਾਵਾਂ ਦੇ ਸਕਦੇ ਹਨ। ਇਸ ਮੌਕੇ ਤੇ ਕਾਲਜ ਦੀ ਓ ਐੱਸ ਡੀ ਪ੍ਰੋ. (ਡਾ.) ਨਵਜੋਤ ਨੇ ਵੀ ਇਸ ਮੌਕੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਨੇ ਕਾਲਜ ਵੱਲੋਂ ਵਿਦਿਆਰਥੀਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਕਰਵਾਏ ਜਾ ਰਹੇ ਅਜਿਹੇ ਕਰੀਅਰ-ਕੇਂਦਰਿਤ ਪ੍ਰੋਗਰਾਮਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਡਾ. ਸੋਨੀਆ ਕੁੰਦਰਾ, ਕਾਮਰਸ ਵਿਭਾਗ ਵੀ ਹਾਜ਼ਰ ਸਨ। ਉਨ੍ਹਾਂ ਨੇ ਸੀ ਏ ਭਾਨੂ ਧੀਰ ਨੂੰ ਵਿਦਿਆਰਥੀਆਂ ਨਾਲ ਆਪਣਾ ਕੀਮਤੀ ਗਿਆਨ ਅਤੇ ਤਜਰਬਾ ਸਾਂਝਾ ਕਰਨ ਲਈ ਧੰਨਵਾਦ ਪ੍ਰਗਟ ਕਰਦਿਆਂ ਸਨਮਾਨ ਵਜੋਂ ਟੋਕਨ ਆਫ਼ ਲਵ ਭੇਟ ਕੀਤਾ।





ਸਮੁੱਚੇ ਤੌਰ 'ਤੇ ਇਹ ਕਰੀਅਰ ਕਾਊਂਸਲਿੰਗ ਸੈਸ਼ਨ ਵਿਦਿਆਰਥੀਆਂ ਲਈ ਬੇਹੱਦ ਜਾਣਕਾਰੀ ਭਰਪੂਰ, ਪ੍ਰਭਾਵਸ਼ਾਲੀ ਅਤੇ ਕਰੀਅਰ-ਕੇਂਦਰਿਤ ਸਾਬਤ ਹੋਇਆ। ਇਹ ਪ੍ਰੋਗਰਾਮ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਜਲੰਧਰ ਅਤੇ ਦਿ ਇੰਸਟੀਚਿਊਟ ਆਫ਼ ਚਾਰਟਰਡ ਅਕਾਊਂਟੈਂਟਸ ਆਫ਼ ਇੰਡੀਆ ਦੇ ਸਾਂਝੇ ਉਪਰਾਲੇ ਵਜੋਂ ਸਫਲਤਾਪੂਰਵਕ ਕਰਵਾਇਆ ਗਿਆ।

## ਜਨਮ ਦਿਨ ਮੁਬਾਰਕ



ਯਾਸ਼ੀਕਾ ਕਪੂਰ ਪੱਟੀ



ਅਨਾਇਤ ਭੁੱਲਰ ਅਤੇ ਅਨਾਇਆ ਭੁੱਲਰ



ਗੁਰਜੈਸਮ ਜੌਹਲ

# ਅੱਖਾਂ ਦਾਨ ਪੰਦਰਵਾੜੇ ਦਾ ਡੀ ਸੀ ਨੇ ਕੀਤਾ ਆਗਾਜ਼






**ਜਲੰਧਰ (ਰਾਜੇਸ਼ ਥਾਪਾ)**- ਅੰਤਰਰਾਸ਼ਟਰੀ ਪੱਧਰ ਤੇ 25 ਅਗਸਤ ਤੋਂ 8 ਸਿਤੰਬਰ ਤੇ ਅੱਖਾਂ ਦਾਨ ਪੰਦਰਵਾੜੇ ਦਾ ਆਯੋਜਨ ਕੀਤਾ ਜਾਵੇਗਾ।ਜਲੰਧਰ ਦੇ ਡਿਪਟੀ ਕਮਿਸ਼ਨਰ ਵਰਜੀਤ ਸਿੰਘ ਵਾਲੀਆ ਆਈ ਏ ਐਸ ਨੇ ਅੱਖਾਂ ਦਾਨ ਦੇ ਖੇਤਰ ਵਿਚ ਬਹੁਮੰਤਵੀ ਸਹਿਯੋਗੀ ਸਮਾਜ ਸੇਵੀ ਸੰਸਥਾਵਾਂ ਦਿਸ਼ਾ ਦੀਪ ਅਤੇ ਆਈ ਡੋਨੇਸ਼ਨ ਐਸੋਸੀਏਸ਼ਨ (ਰਜਿ) ਜਲੰਧਰ ਵੱਲੋ ਆਰੰਭਿਆ ਜਾ ਰਿਹਾ ਅੱਖਾਂ ਦਾਨ ਦਾ ਪੰਦਰਵਾੜਾ ਜੋ ਕਿ 25 ਅਗਸਤ ਤੋਂ 8 ਸਤੰਬਰ ਤੱਕ ਮਨਾਇਆ ਜਾ ਰਿਹਾ ਹੈ, ਦਾ ਬੈਨਰ ਮਾਣਯੋਗ ਡਿਪਟੀ ਕਮਿਸ਼ਨਰ ਜਲੰਧਰ ਵਰਜੀਤ ਸਿੰਘ ਵਾਲੀਆ ਨੇ ਦਿਸ਼ਾਦੀਪ ਦੇ ਸੰਸਥਾਪਕ ਅਤੇ ਚੀਫ ਲਾਇਨ ਐਸ ਐਮ ਸਿੰਘ, ਕੈਪਟਨ ਜਸਵਿੰਦਰ ਸਿੰਘ ਚੇਅਰਮੈਨ, ਇਸਤਰੀ ਵਿੰਗ ਦੀ ਪ੍ਰਧਾਨ ਸਰਬਜੀਤ ਕੌਰ, ਸਤਪਾਲ ਸਿੰਘ ਚੇਅਰਮੈਨ, ਆਈ ਡੋਨੇਸ਼ਨ, ਰਮੇਸ਼ ਲੱਖਣਪਾਲ ਉਪ ਚੇਅਰਮੈਨ ਦੀ ਹਾਜ਼ਰੀ ਵਿੱਚ ਕੀਤਾ ਤੇ ਰਾਜੇਸ਼ ਬਾਲੀ, ਸੰਯੁਕਤ ਡਾਇਰੈਕਟਰ, ਆਕਾਸ਼ਵਾਣੀ ਜਲੰਧਰ, ਸ਼ੈਲੀ ਐਲਬਰਟ, ਉਪ ਚੇਅਰਮੈਨ ਮੀਡੀਆ ਤੇ ਚੰਦਨ ਵਰਮਾ ਨੂੰ ਮਰਨ ਉਪਰੰਤ ਅੱਖਾਂ ਦਾਨ ਦਾ ਸੰਕਲਪ ਪੱਤਰ ਭਰ ਕੇ ਦਾਨ ਕਰਨ ਲਈ ਫੁੱਲ ਮਾਲਾਵਾਂ ਪਾ ਕੇ ਸਨਮਾਨਤ ਕੀਤਾ ਅਤੇ ਇਸ ਸਰਵਉੱਤਮ ਦਾਨ ਦੀ ਪ੍ਰਤਿਗਿਆ ਲਈ ਵਧਾਈ ਦਿੱਤੀ। ਲਾਇਨ ਐਸ ਐਮ ਸਿੰਘ ਨੇ ਇਸ ਮੌਕੇ ਜ਼ਿਲ੍ਹੇ ਦੇ ਹੋਰ ਉਪਸਥਿਤ ਅਫ਼ਸਰਾਂ ਦੀ ਹਾਜ਼ਰੀ ਵਿਚ ਦੱਸਿਆ ਕਿ ਭਾਰਤ ਵਿੱਚ ਅੰਕੜਿਆਂ ਅਨੁਸਾਰ ਕੁਲ ਦਸ ਲੱਖ ਦੇ ਕਰੀਬ ਕਾਰਨੀਆਂ ਅੰਨ੍ਹੇਪਣ ਦੇ ਸ਼ਿਕਾਰ ਇਸਤਰੀ ਪੁਰਸ਼ ਅਤੇ ਬੱਚੇ ਹਨ ਜਿਨ੍ਹਾਂ ਦੀ ਘੋਰ ਹਨੇਰੇ ਵਿਚ ਗੁਜ਼ਰ ਰਹੀ ਹੈ ਜ਼ਿੰਦਗੀ ਅਤੇ ਉਨ੍ਹਾਂ ਦੀ ਜ਼ਿੰਦਗੀ ਵਿੱਚ ਰੌਸ਼ਨੀ ਤਾਂ ਹੀ ਪਰਤ ਸਕਦੀ ਹੈ ਜੇਕਰ ਅਸੀਂ ਆਪਣੀਆਂ ਅੱਖਾਂ ਮਰਨ ਉਪਰੰਤ ਦਾਨ ਕਰੀਏ।

# ਬਾਬਾ ਜੀਵਨ ਸਿੰਘ ਦੇ ਜਨਮ ਦਿਹਾੜੇ 'ਤੇ ਗਜ਼ਟਿਡ ਛੁੱਟੀ ਐਲਾਨ ਕਰੇ ਸਰਕਾਰ : ਰੋਹਨ ਚੱਢਾ

**ਰਾਹੋਂ (ਪੱਤਰ ਪ੍ਰੇਰਕ)**- ਡੀ ਪੀ ਆਈ ਪਾਰਟੀ ਦੇ ਪ੍ਰਧਾਨ ਰੋਹਨ ਚੱਡਾ ਨੇ ਸਰਕਾਰ ਤੋਂ ਮੰਗ ਕੀਤੀ ਕਿ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਦੇ ਜਨਮ ਦਿਹਾੜੇ 5 ਸਤੰਬਰ ਨੂੰ ਰਿਸਟ੍ਰਿਕਟਿਡ ਦੀ ਬਜਾਏ ਗਜ਼ਟਿਡ ਸਰਕਾਰੀ ਛੁੱਟੀ ਐਲਾਨੀ ਜਾਵੇ। ਚੱਡਾ ਨੇ ਕਿਹਾ ਕਿ ਸਰਕਾਰ ਵਲੋਂ ਪਹਿਲਾਂ ਹੀ 5 ਸਤੰਬਰ ਨੂੰ ਰਿਸਟ੍ਰਿਕਟਿਡ ਛੁੱਟੀ ਵਜੋਂ ਸਰਕਾਰੀ ਮਾਨਤਾ ਪ੍ਰਾਪਤ ਹੈ। ਇਸ ਲਈ ਹੁਣ ਪੰਜਾਬ ਸਰਕਾਰ ਨੂੰ ਇਸ ਦਿਨ ਨੂੰ ਗਜ਼ਟਿਡ ਛੁੱਟੀ ਦਾ ਦਰਜਾ ਦੇਣਾ ਚਾਹੀਦਾ ਹੈ। ਰੋਹਨ ਚੱਡਾ ਨੇ ਕਿਹਾ ਕਿ ਇਹ ਮੰਗ ਮਜ਼੍ਹਬੀ ਸਿੰਘ ਵਾਲਮੀਕਿ ਅਤੇ ਸਮੂਹ ਬਹੁਜਨ ਭਾਈਚਾਰੇ ਦੀਆਂ ਭਾਵਨਾਵਾਂ ਨਾਲ ਜੁੜੀ ਹੋਈ ਹੈ ਅਤੇ ਬਾਬਾ ਜੀਵਨ ਸਿੰਘ ਜੀ ਦੀ ਸੇਵਾ ਸ਼ਹਾਦਤ ਤੇ ਸਮਾਜਿਕ ਯੋਗਦਾਨ ਨੂੰ ਸਰਕਾਰੀ ਪੱਧਰ 'ਤੇ ਬਣਦਾ ਮਾਣ ਸਨਮਾਨ ਮਿਲਣਾ ਚਾਹੀਦਾ ਹੈ। ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਪਾਵਨ ਸੀਸ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਤੱਕ ਸੁਰੱਖਿਅਤ ਪਹੁੰਚਾਉਣ ਦੀ ਮਹਾਨ ਸੇਵਾ ਨਿਭਾਈ। ਚੱਡਾ ਨੇ ਕਿਹਾ ਕਿ ਜੇਕਰ ਸਰਕਾਰ ਨੇ ਕੋਈ ਵੀ ਠੋਸ ਅਤੇ ਸਾਕਾਰਾਤਮਕ ਫੈਸਲਾ ਨਾ ਲਿਆ ਤਾਂ ਡੇਮੋਕ੍ਰੇਟਿਕ ਪਾਰਟੀ ਆਫ਼ ਇੰਡੀਆ ਅੰਬੇਡਕਰ ਵਲੋਂ ਸੰਵਿਧਾਨਕ ਤੇ ਲੋਕਤੰਤਰਕ ਢੰਗ ਨਾਲ ਸੂਬਾ ਪੱਧਰੀ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।

# ਜ਼ਿਲਾ ਪੱਧਰੀ ਖੇਡਾਂ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਸਰਾਲਾ ਦਾ ਵਧੀਆ ਪ੍ਰਦਰਸ਼ਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਕੂਲ ਸਿੱਖਿਆ ਵਿਭਾਗ ਅਤੇ ਜ਼ਿਲਾ ਸਿੱਖਿਆ ਅਫਸਰ (ਸੈ.ਸਿ) ਹਰਜਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਜਗਜੀਤ ਸਿੰਘ ਦੀ ਅਗਵਾਈ ਹੇਠ ਜ਼ਿਲਾ ਸਕੂਲ ਖੇਡਾਂ ਸਕੂਲ ਆਫ ਐਮੀਨੈਂਸ ਬਾਗਪੁਰ ਸਤੌਰ ਵਿਖੇ ਸਫਲਤਾ ਪੂਰਵਕ ਸਮਾਪਤ ਹੋਈਆਂ। ਜਾਣਕਾਰੀ ਦਿੰਦਿਆਂ ਲੈਕਚਰਾਰ ਸੁਖਦੇਵ ਸਿੰਘ ਹੋਰਾਂ ਦੱਸਿਆ ਕਿ ਇਹਨਾਂ ਖੇਡਾਂ ਵਿੱਚ ਪੀ ਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਸਰਾਲਾ ਦੇ ਖਿਡਾਰੀਆਂ ਨੇ ਆਪਣੀ ਚੰਗੀ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਸ਼ਾਨਦਾਰ ਜਿੱਤਾਂ ਹਾਸਲ ਕੀਤੀਆਂ। ਇਹਨਾਂ ਖੇਡਾਂ ਵਿੱਚ ਕਬੱਡੀ ਸਰਕਲ ਸਟਾਈਲ ਅੰਡਰ-17 ਲੜਕੇ ਪਹਿਲਾ ਸਥਾਨ, ਕਬੱਡੀ ਸਰਕਲ ਸਟਾਈਲ ਅੰਡਰ -14 ਲੜਕੀਆਂ ਪਹਿਲਾ ਸਥਾਨ, ਕਬੱਡੀ ਸਰਕਲ ਸਟਾਈਲ ਅੰਡਰ-14 ਲੜਕੇ ਦੂਜਾ ਸਥਾਨ, ਹੈਂਡਬਾਲ ਅੰਡਰ-17 ਲੜਕੀਆਂ (ਜੋਨ ਪਥਿਆਲ) ਪਹਿਲਾ ਸਥਾਨ, ਹੈਂਡਬਾਲ ਅੰਡਰ-17 ਲੜਕੇ (ਜੋਨ ਪਥਿਆਲ) ਪਹਿਲਾ ਸਥਾਨ, ਕਬੱਡੀ ਸਰਕਲ ਸਟਾਈਲ ਅੰਡਰ-17 ਲੜਕੀਆਂ ਤੀਸਰਾ ਸਥਾਨ ਪ੍ਰਾਪਤ ਕੀਤਾ। ਸਕੂਲ ਪਹੁੰਚਣ ਤੇ ਪ੍ਰਿੰਸੀਪਲ ਧਰਮਿੰਦਰ ਕੁਮਾਰ ਸ਼ਰਮਾ ਅਤੇ ਸਮੂਹ ਸਟਾਫ ਵੱਲੋਂ ਇੰਚਾਰਜ ਲੈਕਚਰਾਰ ਸੁਖਦੇਵ ਸਿੰਘ ਅਤੇ ਖਿਡਾਰੀਆਂ ਦਾ ਭਰਵਾਂ ਸਵਾਗਤ ਕੀਤਾ ਗਿਆ।ਇਸ ਮੌਕੇ ਬੋਲਦਿਆਂ ਪ੍ਰਿੰਸੀਪਲ ਧਰਮਿੰਦਰ ਸ਼ਰਮਾ ਨੇ ਜੇਤੂ ਖਿਡਾਰੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਇਸ ਕਾਰਗੁਜ਼ਾਰੀ ਦਾ ਸਿਹਰਾ ਲੈਕਚਰਾਰ ਸੁਖਦੇਵ ਸਿੰਘ ਤੇ ਤਜਿੰਦਰ ਕੌਰ ਪੀ ਟੀ ਆਈ ਨੂੰ ਦਿੱਤਾ। ਇਸ ਮੌਕੇ ਲੈਕਚਰਾਰ ਕੁਲਵਿੰਦਰ ਸਿੰਘ, ਸੁਖਦੇਵ ਸਿੰਘ, ਨੀਲਮ ਕੁਮਾਰੀ, ਨਵਜੋਤ ਕੌਰ, ਬਲਜੀਤ ਸਿੰਘ, ਸੰਜੀਤ, ਨਰਿੰਦਰ ਕੌਰ, ਕਮਲੇਸ਼ ਰਾਣੀ, ਹਰਪ੍ਰੀਤ ਸਿੰਘ, ਸਤਵੀਰ ਕੌਰ, ਸੰਦੀਪ ਲਾਂਬਾ, ਵੀਨਾ ਰਾਣੀ, ਰਾਜਵਿੰਦਰ ਕੌਰ, ਤਜਿੰਦਰ ਕੌਰ, ਅਨੀਸ਼ ਕੁਮਾਰ, ਵਿਸ਼ਾਲ, ਸੰਜੀਵ ਰਤਨ, ਮੰਜੂ,ਸੋਨੀਆ, ਆਰਤੀ, ਕੋਮਲ, ਕਿਰਨ, ਅਨੀਤਾ, ਗੁਰਦੀਪ ਕੌਰ ਆਦਿ ਹਾਜ਼ਰ ਸਨ।



# ਰਤਨ ਕੁਮਾਰ ਧਨੇੜਾ ਦੂਜੀ ਵਾਰ ਬਣੇ ਭਾਜਪਾ ਮੰਡਲ ਪ੍ਰਧਾਨ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਭਾਰਤੀ ਜਨਤਾ ਪਾਰਟੀ ਵੱਲੋਂ ਰਤਨ ਕੁਮਾਰ ਧਨੇੜਾ ਨੂੰ ਲਗਾਤਾਰ ਦੂਜੀ ਵਾਰ ਸਰਬਸੰਮਤੀ ਨਾਲ ਮੰਡਲ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।ਪਾਰਟੀ ਪ੍ਰਤੀ ਉਨ੍ਹਾਂ ਦੀਆਂ ਸਰਗਰਮੀਆਂ, ਮਿਹਨਤ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਨੂੰ ਦੇਖਦਿਆਂ ਪਾਰਟੀ ਲੀਡਰਸ਼ਿਪ ਵੱਲੋਂ ਉਨ੍ਹਾਂ 'ਤੇ ਮੁੜ ਭਰੋਸਾ ਪ੍ਰਗਟਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਜਦੋਂ ਤੋਂ ਰਤਨ ਕੁਮਾਰ ਧਨੇੜਾ ਨੇ ਭਾਰਤੀ ਜਨਤਾ ਪਾਰਟੀ ਦੇ ਮੰਡਲ ਪ੍ਰਧਾਨ ਵਜੋਂ ਜ਼ਿੰਮੇਵਾਰੀ ਸੰਭਾਲੀ ਹੈ, ਉਸ ਸਮੇਂ ਤੋਂ ਉਨ੍ਹਾਂ ਵੱਲੋਂ ਪਾਰਟੀ ਦੀਆਂ ਸਰਗਰਮੀਆਂ ਨੂੰ ਹੋਰ ਤੇਜ਼ ਕਰਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੀ ਅਗਵਾਈ ਹੇਠ ਪਾਰਟੀ ਵੱਲੋਂ ਵੱਖ-ਵੱਖ ਸਮਾਗਮ ਕਰਵਾਏ ਗਏ ਅਤੇ ਪਾਰਟੀ ਦੀਆਂ ਨੀਤੀਆਂ ਤੇ ਕੇਂਦਰ ਸਰਕਾਰ ਦੀਆਂ ਉਪਲਬਧੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਜਨ ਸੰਪਰਕ ਮੁਹਿੰਮਾਂ ਚਲਾਈਆਂ ਗਈਆਂ।ਦੂਜੀ ਵਾਰ ਮੰਡਲ ਪ੍ਰਧਾਨ ਦੀ ਸੇਵਾ ਮਿਲਣ 'ਤੇ ਰਤਨ ਕੁਮਾਰ ਧਨੇੜਾ ਨੇ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ 'ਤੇ ਜਤਾਏ ਭਰੋਸੇ ਲਈ ਉਹ ਹਮੇਸ਼ਾ ਰਿਣੀ ਰਹਿਣਗੇ।

## ਵਰ੍ਹੇਗੰਢ ਮੁਬਾਰਕ



ਗਗਨਦੀਪ ਅਤੇ ਅਨੂ ਰਾਮ ਵਾਸੀ ਜਲੰਧਰ ਨੇ ਆਪਣੇ ਵਿਆਹ ਦੀ ਵਰ੍ਹੇਗੰਢ ਮਨਾਈ।

# ਸੰਤ ਨਿਰੰਕਾਰੀ ਮਿਸ਼ਨ ਵੱਲੋਂ ਪੌਦੇ ਲਗਾਉਣ ਦੀ ਸ਼ੁਰੂਆਤ

**ਖਰੜ (ਹਰਨਾਮ ਸਿੰਘ ਡੱਲਾ)**- ਸੰਤ ਨਿਰੰਕਾਰੀ ਮਿਸ਼ਨ ਦੀ ਮੋਹਾਲੀ ਫੇਜ਼-6 ਬ੍ਰਾਂਚ ਅਤੇ ਟੀ.ਡੀ.ਆਈ. ਸਿਟੀ ਬ੍ਰਾਂਚ ਵੱਲੋਂ ਸਾਂਝੇ ਤੌਰ 'ਤੇ ਟੀ.ਡੀ.ਆਈ. ਸਿਟੀ ਦੇ ਪਾਰਕ ਵਿੱਚ ਪੌਦੇ ਲਗਾ ਕੇ [illegible] ਚੁੱਕੀ ਹੈ। ਇਸੇ ਲੜੀ ਤਹਿਤ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਵੱਲੋਂ 23 ਅਗਸਤ ਨੂੰ ਇਸ ਮਹਾ-ਮੁਹਿੰਮ ਦੇ ਛੇਵੇਂ ਪੜਾਅ ਦੀ ਸ਼ੁਰੂਆਤ ਕੀਤੀ ਗਈ। ਇਹ ਮੁਹਿੰਮ ਦੇਸ਼ ਭਰ ਦੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਸਮੇਤ 630 ਸਥਾਨਾਂ 'ਤੇ ਇੱਕੋ ਸਮੇਂ ਚਲਾਈ ਗਈ। ਇਸ ਦੌਰਾਨ ਮਿਸ਼ਨ ਦੇ ਲੱਖਾਂ ਦੇ ਸ਼ਰਧਾਲੂਆਂ ਅਤੇ ਸੇਵਾਦਾਰਾਂ ਨੇ ਲਗਭਗ 10 ਲੱਖ ਪੌਦੇ ਲਗਾਏ। ਇਸ ਮੌਕੇ ਹਰ ਇੱਕ ਪੌਦੇ ਦੀ 3 ਤੋਂ 5 ਸਾਲਾਂ ਤੱਕ ਲਗਾਤਾਰ ਦੇਖਭਾਲ ਕਰਨ ਦਾ ਪ੍ਰਣ ਲਿਆ ਗਿਆ ਹੈ।

# ਦੂਸਰੀਆਂ ਪਾਰਟੀਆਂ ਨੂੰ ਛੱਡ 'ਆਪ' ਦਾ ਹਿੱਸਾ ਬਣੇ ਲੋਕਾਂ ਦਾ ਮਾਨ ਵੱਲੋਂ ਸਵਾਗਤ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਹਲਕਾ ਨਕੋਦਰ ਦੇ ਵਿਧਾਇਕ ਇੰਦਰਜੀਤ ਕੌਰ ਮਾਨ ਵੱਲੋਂ ਲੋਕਾਂ ਦੇ [illegible] ਦੂਸਰੀਆਂ ਪਾਰਟੀਆਂ ਨੂੰ ਛੱਡ ਕੇ ਆਏ ਆਮ ਆਦਮੀ ਪਾਰਟੀ ਦਾ ਹਿੱਸਾ ਬਣ ਰਹੇ ਲੋਕਾਂ ਦੀ ਹੈ। ਵਿਧਾਇਕ ਇੰਦਰਜੀਤ ਕੌਰ ਮਾਨ ਨੇ ਨੂਰਮਹਿਲ ਵਿੱਚ ਦੂਸਰੀਆਂ ਪਾਰਟੀਆਂ ਨੂੰ ਛੱਡ ਕੇ ਇਹਨਾਂ ਸਾਰੇ ਲੋਕਾਂ ਦਾ ਆਮ ਆਦਮੀ ਪਾਰਟੀ 'ਚ ਆਇਆਂ ਦਾ ਜ਼ੋਰਦਾਰ ਸਵਾਗਤ ਕੀਤਾ ਤੇ ਪਾਰਟੀ ਵਿੱਚ ਪੂਰਾ ਮਾਨ ਸਤਿਕਾਰ ਦਿੱਤੇ ਜਾਣ ਦਾ ਭਰੋਸਾ ਦਿੱਤਾ। ਆਪ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਦਵਿੰਦਰ ਕੁਮਾਰ, ਰਾਜ ਕੁਮਾਰ, ਕੁਲਦੀਪ ਕੁਮਾਰ, ਕਮਲ ਦਾਸ ਬਾਬਾ, ਰਵੀ ਕੁਮਾਰ, [illegible] ਸਾਰਿਆਂ ਨੂੰ ਪਾਰਟੀ ਵਿਚ ਸ਼ਾਮਲ ਕਰਦਿਆਂ ਬੀਬੀ ਮਾਨ ਨੇ ਜੀ ਆਇਆਂ ਆਖਿਆ।

ਇਸ ਮੌਕੇ ਚੇਅਰਮੈਨ ਲਖਬੀਰ ਸਿੰਘ, ਪ੍ਰਧਾਨ ਦੀਪਕ ਕੁਮਾਰ, ਕੌਂਸਲਰ ਸ਼ੁਭਾਸ਼ ਕੁਮਾਰ, ਕੌਂਸਲਰ ਸੋਨੀਆ, ਕੌਂਸਲਰ ਪ੍ਰਿਅੰਕਾ ਮਿਸਰ, ਸ਼ਹਿਰੀ ਪ੍ਰਧਾਨ ਰਚਨਾ ਨਈਅਰ, ਧਲਵੰਤ ਸਹਿਜਲ, ਸੰਦੀਪ ਵੈਰਾਗੀ ਹਾਜ਼ਰ ਸਨ।

# ਐੱਸ ਬੀ ਬੀ ਐੱਸ ਯੂ ਵਿਖੇ ਗਾਜਰ ਘਾਹ ਨਦੀਨ ਸੰਬੰਧੀ ਜਾਗਰੂਕਤਾ ਹਫ਼ਤਾ ਮਨਾਇਆ



[illegible] ਗਾਜਰ ਘਾਹ ਦੀ ਪਛਾਣ, ਇਸ ਨਾਲ ਮਨੁੱਖੀ ਸਿਹਤ 'ਤੇ ਪੈਣ ਵਾਲੇ ਮਾੜੇ ਪ੍ਰਭਾਵ, ਫਸਲਾਂ ਅਤੇ ਵਾਤਾਵਰਨ ਦੇ ਨੁਕਸਾਨ ਅਤੇ ਇਸ ਦੀ ਸੁਰੱਖਿਅਤ ਰੋਕਥਾਮ ਦੇ ਤਰੀਕਿਆਂ ਤੋਂ ਜਾਣੂ ਕਰਵਾਇਆ ਗਿਆ। ਇਸ ਦੌਰਾਨ ਖੇਤੀਬਾੜੀ ਵਿਭਾਗ ਦੇ ਡੀਨ ਡਾ. ਵਿਕ੍ਰਾਂਤ ਜਰਿਆਲ ਨੇ ਦੱਸਿਆ ਕਿ ਗਾਜਰ ਘਾਹ ਖੇਤੀਬਾੜੀ, ਮਨੁੱਖੀ ਸਿਹਤ ਅਤੇ ਵਾਤਾਵਰਨ ਲਈ ਗੰਭੀਰ ਖਤਰਾ [illegible] ਦੇ ਪੀ.ਐਚ.ਡੀ. ਖੋਜਾਰਥੀਆਂ ਨੇ ਵੀ ਸਰਗਰਮ ਭੂਮਿਕਾ ਨਿਭਾਈ ।ਯੂਨੀਵਰਸਿਟੀ ਦੇ ਖੇਤੀਬਾੜੀ ਵਿਭਾਗ ਵਲੋਂ ਕੀਤੀ ਗਈ ਇਸ ਪਹਿਲਕਦਮੀ ਦਾ ਮੁੱਖ ਉਦੇਸ਼ ਕਿਸਾਨਾਂ ਅਤੇ ਵਿਦਿਆਰਥੀਆਂ ਨੂੰ ਗਾਜਰ ਘਾਹ ਦੇ ਫੈਲਾਅ ਨੂੰ ਰੋਕਣਾ ਅਤੇ ਖੇਤੀਬਾੜੀ ਦੇ ਆਲੇ-ਦੁਆਲੇ ਨੂੰ ਸਾਫ਼, ਸਿਹਤਮੰਦ ਅਤੇ ਸੁਰੱਖਿਅਤ ਬਣਾਉਣਾ ਹੈ।

# ਫਰੀਡਮ ਫਾਈਟਰ ਫੈਮਲੀ ਐਸੋਸੀਏਸ਼ਨ ਦੀ ਮੀਟਿੰਗ

**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਕੰਧਾਲਾ ਜੱਟਾ ਵਿਖੇ ਆਲ ਇੰਡੀਆ ਫਰੀਡਮ ਫਾਈਟਰ ਫੈਮਲੀ ਐਸੋਸੀਏਸ਼ਨ ਹੁਸ਼ਿਆਰਪੁਰ ਦੀ ਮੀਟਿੰਗ ਪਰਮਜੀਤ ਕੌਰ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਅਤੇ [illegible]



[illegible]

# ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਤੀਜ ਕਮ ਫਰੈਸ਼ਰ ਪਾਰਟੀ



**ਸੁਲਤਾਨਪੁਰ ਲੋਧੀ (ਹਨੀ)**- [illegible] ਨਿਮਰਤਾ ਕੌਰ ਦੀ ਅਗਵਾਈ ਹੇਠ ਤੀਜ ਕਮ ਫਰੈਸ਼ਰ ਪਾਰਟੀ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਸਮਾਗਮ ਵਿੱਚ ਇੰਜੀ. ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਤੇ ਸਕੂਲ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਮੁੱਖ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ।ਸਮਾਗਮ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਹੋਈ। ਉਪਰੰਤ ਵਿਦਿਆਰਥੀਆਂ ਵੱਲੋਂ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਵਿੱਚ ਪੰਜਾਬੀ ਸੱਭਿਆਚਾਰ ਅਤੇ ਤੀਜ ਦੀਆਂ ਰਵਾਇਤੀ ਝਲਕੀਆਂ ਨੇ ਸਭ ਦਾ ਮਨ ਮੋਹ ਲਿਆ। ਸਮਾਗਮ ਦਾ ਮੁੱਖ ਆਕਰਸ਼ਣ 'ਤੀਜ ਕੁਈਨ' ਅਤੇ 'ਮਿਸਟਰ ਫਰੈਸ਼ਰ' ਦੇ ਖਿਤਾਬ ਲਈ ਕਰਵਾਇਆ ਗਿਆ ਮੁਕਾਬਲਾ ਰਿਹਾ। ਰਵਨੀਤ ਕੌਰ ਨੇ 'ਤੀਜ ਕਵੀਨ' ਤੇ ਗੁਰਇਕਬਾਲ ਸਿੰਘ ਨੇ 'ਮਿਸਟਰ ਫਰੈਸ਼ਰ' ਦਾ ਖਿਤਾਬ ਆਪਣੇ ਨਾਂਅ ਕੀਤਾ। ਅਵਨੀਤ ਕੌਰ ਤੇ ਅਭੀਜੀਤ ਸਿੰਘ ਨੇ ਫਸਟ ਰਨਰਅਪ, ਜਦਕਿ ਜਸ਼ਨਪ੍ਰੀਤ ਕੌਰ ਅਤੇ ਹਰਜਿੰਦਰ ਸਿੰਘ ਨੇ ਸੈਕਿੰਡ ਰਨਰਅਪ ਦਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਹਰਨੂਰ ਕੌਰ ਨੂੰ 'ਮਿਸ ਐਲੀਗੈਂਸ', ਸਿਮਰਨਪ੍ਰੀਤ ਕੌਰ ਨੂੰ 'ਮਿਸ ਬਿਊਟੀਫੁਲ', ਪ੍ਰਭਜੀਤ ਸਿੰਘ ਨੂੰ 'ਬੈਸਟ ਟਰਬਨ' ਅਤੇ ਜਗਜੀਤ ਸਿੰਘ ਨੂੰ 'ਮਿਸਟਰ ਹੈਂਡਸਮ' ਦੇ ਖਿਤਾਬ ਨਾਲ ਸਨਮਾਨਤ ਕੀਤਾ ਗਿਆ।ਇਸ ਮੌਕੇ ਸਕੂਲ ਡਾਇਰੈਕਟਰ ਇੰਜੀ. ਹਰਨਿਆਮਤ ਕੌਰ ਨੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸੁਨਹਿਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਸਰਕਾਰੀ ਪ੍ਰਾਇਮਰੀ ਸਕੂਲ ਚਿੱਟੀ ਵਿਖੇ ਕਾਪੀਆਂ ਤੇ ਪੈੱਨ ਵੰਡੇ



**ਜਲੰਧਰ (ਲਖਵਿੰਦਰ ਸਿੰਘ ਆਧੀ)**- ਪਿੰਡ ਚਿੱਟੀ ਵਿਖੇ ਸਥਿਤ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਬੱਚਿਆਂ ਨੂੰ ਸਟੇਸ਼ਨਰੀ ਵੰਡਣ ਦਾ ਇੱਕ ਸ਼ਲਾਘਾਯੋਗ ਸਮਾਗਮ ਕੀਤਾ ਗਿਆ। ਇਸ ਮੌਕੇ ਬੱਚਿਆਂ ਨੂੰ ਕਾਪੀਆਂ ਅਤੇ ਪੈੱਨ ਵੰਡੇ ਗਏ ।ਇਹ ਸੇਵਾ ਕਾਰਜ ਹਲਕਾ ਕਰਤਾਰਪੁਰ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਰਾਜਿੰਦਰ ਸਿੰਘ (ਰਿਟਾਇਰਡ ਐਸ.ਐਸ.ਪੀ.) ਦੀ ਯੋਗ ਅਗਵਾਈ ਅਤੇ ਮਾਰਗਦਰਸ਼ਨ ਹੇਠ ਸੰਪੰਨ ਹੋਇਆ। ਇਸ ਦੌਰਾਨ ਬਲਾਕ ਇੰਚਾਰਜ ਐਸ.ਸੀ. ਵਿੰਗ ਲਾਂਬੜਾ ਰਮਨਦੀਪ ਚਾਹਲ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਇਹ ਸਮੱਗਰੀ ਮੁਹੱਈਆ ਕਰਵਾਈ ਗਈ, ਜਿਸ ਲਈ ਸਾਰਿਆਂ ਵੱਲੋਂ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਬੁਲਾਰਿਆਂ ਨੇ ਕਿਹਾ ਕਿ ਆਰਥਿਕ ਤੌਰ 'ਤੇ ਕਮਜ਼ੋਰ ਪਰਵਾਰਾਂ ਦੇ ਬੱਚਿਆਂ ਲਈ ਕੀਤੀ ਗਈ ਛੋਟੀ ਜਿਹੀ ਮਦਦ ਵੀ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਵੱਡੀ ਪ੍ਰੇਰਨਾ ਬਣਦੀ ਹੈ। ਅਜਿਹੇ ਉਪਰਾਲੇ ਨਾ ਸਿਰਫ਼ ਬੱਚਿਆਂ ਵਿੱਚ ਪੜ੍ਹਾਈ ਪ੍ਰਤੀ ਰੁਚੀ ਪੈਦਾ ਕਰਦੇ ਹਨ, ਸਗੋਂ ਸਮਾਜ ਵਿੱਚ ਭਾਈਚਾਰੇ ਅਤੇ ਸੇਵਾ ਦੀ ਭਾਵਨਾ ਨੂੰ ਵੀ ਮਜ਼ਬੂਤ ਕਰਦੇ ਹਨ। ਇਸ ਸ਼ੁੱਭ ਮੌਕੇ ਨਿਰਮਲ ਮਾਸਟਰ, ਸੀਮਾ ਰਾਣੀ (ਇੰਚਾਰਜ ਵੋਮੈਨ ਸੈੱਲ ਨਕੋਦਰ/ਸ਼ਾਹਕੋਟ, ਪੰਜਾਬ ਪੁਲਸ), ਤਜਿੰਦਰ ਕੌਰ (ਬਲਾਕ ਸੰਮਤੀ ਮੈਂਬਰ), ਹਰਜਿੰਦਰ ਕੌਲਧਰ, ਹਰਮੇਸ਼ ਲਾਲ, ਕੁਲਵੀਰ ਚਾਹਲ, ਚੰਦਨ ਸਰ (ਬੀ.ਐਲ.ਓ.), ਅਵਤਾਰ ਸਿੰਘ, ਮਨਜੀਤ ਸਿੰਘ ਲੰਬੜਦਾਰ ਅਤੇ ਇਕਬਾਲ ਸਿੰਘ ਸਮੇਤ ਹੋਰ ਸ਼ਖਸੀਅਤਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ । ਸਕੂਲ ਦੇ ਸਮੂਹ ਸਟਾਫ਼ ਵੱਲੋਂ ਇਸ ਉਪਰਾਲੇ ਲਈ ਧੰਨਵਾਦ ਪ੍ਰਗਟਾਇਆ ਗਿਆ। ਇਸ ਮੌਕੇ ਮੈਡਮ ਮਨੀਤਾ ਦੁੱਗਲ, ਮਾਸਟਰ ਜਗਤੇਸ਼ਵਰ ਸਿੰਘ ਸੇਠੀ, ਸੁਨੀਤਾ ਰਾਣੀ, ਮਾਸਟਰ ਹਰਜੋਤ ਸਿੰਘ ਅਤੇ ਰਿੰਪਲ ਮੈਡਮ ਮੌਜੂਦ ਸਨ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ 'ਚ ਵੋਟਰ ਜਾਗਰੂਕਤਾ ਤੇ ਰਜਿਸਟਰੇਸ਼ਨ ਕੈਂਪ



**ਫਿਲੌਰ (ਨਿਰਮਲ)**- ਪੰਜਾਬ ਸਰਕਾਰ ਅਤੇ ਉਚੇਰੀ ਸਿੱਖਿਆ ਵਿਭਾਗ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਫਿਲੌਰ ਵਿਖੇ ਓ.ਐੱਸ.ਡੀ. ਡਾ. ਰਾਜਵਿੰਦਰ ਕੌਰ ਹੁੰਦਲ ਦੀ ਅਗਵਾਈ ਹੇਠ ਤਿੰਨ ਰੋਜ਼ਾ ਵੋਟਰ ਜਾਗਰੂਕਤਾ ਅਤੇ ਰਜਿਸਟਰੇਸ਼ਨ ਕੈਂਪ ਸ਼ੁਰੂ ਕੀਤਾ ਗਿਆ। ਕੈਂਪ ਦਾ ਮੁੱਖ ਉਦੇਸ਼ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਨਾ ਅਤੇ ਯੋਗ ਨੌਜਵਾਨਾਂ ਦੀ ਵੋਟਰ ਵਜੋਂ ਰਜਿਸਟਰੇਸ਼ਨ ਯਕੀਨੀ ਬਣਾਉਣਾ ਹੈ। ਸਮਾਗਮ ਦੌਰਾਨ ਰਾਜਨੀਤੀ ਵਿਗਿਆਨ ਵਿਭਾਗ ਦੀ ਮਿਸ ਬਬੀਤਾ ਨੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਨਿਭਾਈ। ਕਾਲਜ ਦੀ ਓ.ਐੱਸ.ਡੀ. ਡਾ. ਰਾਜਵਿੰਦਰ ਕੌਰ ਹੁੰਦਲ ਵੱਲੋਂ ਇਲਾਕੇ ਦੀ ਸਤਿਕਾਰਯੋਗ ਸ਼ਖ਼ਸੀਅਤ ਤੀਰਥ ਸਿੰਘ ਜੌਹਲ ਅਤੇ ਪਿੰਡ ਤੇਹਿੰਗ ਦੀ ਬੀ.ਐੱਲ.ਓ. ਸੁਨੀਤਾ ਦਾ ਰਸਮੀ ਸਵਾਗਤ ਕੀਤਾ ਗਿਆ। ਕੈਂਪ ਦੌਰਾਨ ਬੀ.ਐੱਲ.ਓ. ਸੁਨੀਤਾ ਅਤੇ ਇਤਿਹਾਸ ਵਿਭਾਗ ਦੇ ਮਿਸਟਰ ਰੁਪਿੰਦਰ ਸਿੰਘ ਵੱਲੋਂ ਵਿਦਿਆਰਥੀਆਂ ਦੀ ਵੋਟਰ ਰਜਿਸਟਰੇਸ਼ਨ ਕਰਵਾਈ ਗਈ। ਮੈਡਮ ਸੁਨੀਤਾ ਨੇ ਵਿਦਿਆਰਥੀਆਂ ਨੂੰ ਵੋਟਰ ਬਣਨ ਲਈ ਲੋੜੀਂਦੀ ਯੋਗਤਾ, ਰਜਿਸਟਰੇਸ਼ਨ ਪ੍ਰਕਿਰਿਆ, ਜ਼ਰੂਰੀ ਦਸਤਾਵੇਜ਼ ਅਤੇ ਯੋਗਤਾ ਮਾਪਦੰਡਾਂ ਸੰਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਵੋਟਰ ਹੈਲਪਲਾਈਨ ਐਪ ਅਤੇ ਐੱਨ.ਵੀ.ਐੱਸ.ਪੀ. ਪੋਰਟਲ ਰਾਹੀਂ ਆਨਲਾਈਨ ਰਜਿਸਟਰੇਸ਼ਨ ਕਰਨ ਦੀ ਪ੍ਰਕਿਰਿਆ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਮੌਜੂਦਾ ਵੋਟਰ ਕਾਰਡ ਵਿੱਚ ਸੋਧ ਕਰਵਾਉਣ, ਵੋਟ ਰੱਦ ਕਰਵਾਉਣ ਅਤੇ ਨਵੀਂ ਵੋਟ ਬਣਵਾਉਣ ਦੀ ਪ੍ਰਕਿਰਿਆ ਬਾਰੇ ਵੀ ਜਾਣੂ ਕਰਵਾਇਆ। ਵੋਟਰ ਪਛਾਣ ਪੱਤਰ ਦੀ ਮਹੱਤਤਾ ਬਾਰੇ ਵੀ ਜਾਣਕਾਰੀ ਦਿੱਤੀ ਗਈ।

# ਮੁਲਾਜ਼ਮ ਯੂਨੀਅਨਾਂ ਵੱਲੋਂ ਭਲਕ ਦੇ ਮੁਜ਼ਾਹਰੇ ਦੀ ਸਫਲਤਾ ਲਈ ਮੀਟਿੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਦੀਆਂ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਵੱਲੋਂ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ ਕੀਤੇ ਜਾ ਰਹੇ ਸੰਘਰਸ਼ ਦੀ ਸਫ਼ਲਤਾ ਲਈ ਲਾਮਬੰਦੀ ਮੀਟਿੰਗਾ ਦਾ ਸਿਲਸਿਲਾ ਜਾਰੀ ਹੈ। ਇੱਥੇ 27 ਅਗਸਤ ਦੇ ਐਕਸ਼ਨ ਦੀ ਤਿਆਰੀ ਸੰਬੰਧੀ ਮੁਲਾਜ਼ਮਾਂ ਦੀ ਅਹਿਮ ਮੀਟਿੰਗ ਹੋਈ। ਮੀਟਿੰਗ 'ਚ ਪੀ ਡਬਲਿਊ ਡੀ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ, ਪ ਸ ਸ ਫ਼, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ, ਜੀ ਟੀ ਯੂ, ਆਸ਼ਾ ਤੇ ਮਿਡ ਡੇ ਮੀਲ ਵਰਕਰ ਯੂਨੀਅਨ ਦੇ ਬਲਾਕ ਪੱਧਰੀ ਆਗੂ ਸ਼ਾਮਲ ਹੋਏ। ਪ੍ਰਧਾਨ ਰਾਜੀਵ ਸ਼ਰਮਾ, ਸਕੱਤਰ ਵਰਿੰਦਰ ਵਿੱਕੀ ਅਤੇ ਨਿਰਮਲ ਬੱਧਣ ਨੇ ਦਸਿਆ ਕਿ 27 ਅਗਸਤ ਦਾ ਐਕਸ਼ਨ ਪੰਜਾਬ ਦੇ ਇਤਿਹਾਸ ਵਿੱਚ ਮੀਲ ਦਾ ਪੱਥਰ ਸਾਬਤ ਹੋਵੇਗਾ। ਇਸ ਦਿਨ ਪੰਜਾਬ ਭਰ ਦੇ ਮੁਲਾਜ਼ਮ ਦਫਤਰੀ ਕੰਮ ਕਾਜ ਠੱਪ ਰੱਖ ਸਮੂਹਿਕ ਛੁੱਟੀ ਲੈ ਕੇ ਬਲਾਕ ਪੱਧਰ ਉੱਤੇ ਰੋਸ ਮੁਜ਼ਾਹਰੇ ਕਰਨਗੇ। ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ,ਪੰਜਾਬ ਦੇ ਸੂਬਾ ਕਨਵੀਨਰ ਜਸਵੀਰ ਤਲਵਾੜਾ ਨੇ ਦਸਿਆ ਕਿ ਮੁਲਾਜ਼ਮ ਜਥੇਬੰਦੀਆਂ ਕੱਚੇ, ਠੇਕਾ, ਇਨਲਿਸਟਮੈਂਟ ਅਤੇ ਆਊਟਸੋਰਸ ਉੱਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਪੱਕੇ, ਪੁਰਾਣੀ ਪੈਨਸ਼ਨ ਬਹਾਲ ਕਰਨ, ਮਾਣ ਭੱਤੇ 'ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਘੱਟੋ ਘੱਟ 18 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦੇਣ, ਪੈਨਸ਼ਨਰ 'ਤੇ 2 59 ਗੁਣਾਂਕ ਲਗਾਉਣ ਆਦਿ ਦੀ ਮੰਗ ਸਮੇਤ ਖਾਲੀ ਅਸਾਮੀਆਂ 'ਤੇ ਪੂਰੇ ਸਕੇਲਾਂ 'ਤੇ ਰੈਗੂਲਰ ਭਰਤੀ ਦੀ ਮੰਗ ਕਰ ਰਹੇ ਹਨ। ਮੀਟਿੰਗ 'ਚ ਮੁਲਾਜ਼ਮਾਂ ਨੇ 27 ਦੇ ਐਕਸ਼ਨ 'ਚ ਵਧ ਚੜ੍ਹ ਕੇ ਸਾਥੀਆਂ ਸਮੇਤ ਸ਼ਾਮਲ ਹੋਣ ਦੀ ਸਹਿਮਤੀ ਦਿੱਤੀ ਹੈ। ਹੋਰਨਾਂ ਤੋਂ ਇਲਾਵਾ ਇਸ ਮੌਕੇ 'ਤੇ ਨਰੇਸ਼ ਮਿੱਡਾ, ਬਖਤਾਵਰ ਸਿੰਘ, ਰਣਜੀਤ ਕੌਰ, ਸੁਸ਼ਮਾ ਦੇਵੀ, ਸ਼ਾਮ ਸਿੰਘ ਆਦਿ ਹਾਜ਼ਰ ਸਨ।

# ਨੋਰਵੁੱਡ ਸਕੂਲ ਚਾਹਲ ਦੇ ਖਿਡਾਰੀਆਂ ਨੇ ਜਿੱਤਿਆ ਚਾਂਦੀ ਦਾ ਤਗਮਾ

**ਬਲਾਚੌਰ (ਜਸਵਿੰਦਰ ਬੈਂਸ)** ਦ ਨੋਰਵੁੱਡ ਸਕੂਲ ਚਾਹਲ ਦੇ ਖਿਡਾਰੀਆਂ ਨੇ ਆਪਣੀ ਬੇਮਿਸਾਲ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕਰਦਿਆਂ ਸੀ ਬੀ ਐੱਸ ਈ ਕਲੱਸਟਰ ਵਾਲੀਬਾਲ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਾਪਤੀ ਦਰਜ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।ਸੀਨੀਅਰ ਸੈਕੰਡਰੀ ਸਕੂਲ ਮੰਡੀ ਗੋਬਿੰਦਗੜ੍ਹ ਵਿਖੇ ਕਰਵਾਈ ਗਈ ਇਸ ਚੈਂਪੀਅਨਸ਼ਿਪ ਵਿੱਚ ਦ ਨੋਰਵੁੱਡ ਸਕੂਲ ਦੀ ਅੰਡਰ-14 ਵਾਲੀਬਾਲ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੂਜਾ ਸਥਾਨ ਹਾਸਲ ਕਰਕੇ ਚਾਂਦੀ ਦਾ ਤਗਮਾ ਆਪਣੇ ਨਾਂਅ ਕੀਤਾ।ਮੁਕਾਬਲੇ ਦੌਰਾਨ ਨੋਰਵੁੱਡ ਸਕੂਲ ਦੇ ਖਿਡਾਰੀਆਂ ਨੇ ਜੋਸ਼, ਜਜ਼ਬੇ, ਅਨੁਸ਼ਾਸਨ, ਟੀਮ ਵਰਕ ਅਤੇ ਦ੍ਰਿੜ ਇਰਾਦੇ ਦੀ ਸ਼ਾਨਦਾਰ ਮਿਸਾਲ ਪੇਸ਼ ਕੀਤੀ।ਮੈਦਾਨ ਵਿੱਚ ਹਰ ਖਿਡਾਰੀ ਨੇ ਪੂਰੀ ਤਨਦੇਹੀ ਨਾਲ ਆਪਣੀ ਜ਼ਿੰਮੇਵਾਰੀ ਨਿਭਾਈ ਅਤੇ ਟੀਮ ਨੂੰ ਸ਼ਾਨਦਾਰ ਮੁਕਾਮ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਸਕੂਲ ਮੈਨੇਜਮੈਂਟ ਨੇ ਇਸ ਮਾਣਮੱਤੀ ਪ੍ਰਾਪਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਤਗਮਾ ਵਿਦਿਆਰਥੀਆਂ ਦੀ ਲਗਾਤਾਰ ਮਿਹਨਤ, ਕੋਚ ਦੀ ਬਿਹਤਰੀਨ ਰਹਿਨੁਮਾਈ ਅਤੇ ਮਾਪਿਆਂ ਦੇ ਸਹਿਯੋਗ ਦਾ ਨਤੀਜਾ ਹੈ। ਖਿਡਾਰੀਆਂ ਨੇ ਜਿਸ ਅਨੁਸ਼ਾਸਨ ਅਤੇ ਖੇਡ-ਭਾਵਨਾ ਨਾਲ ਮੁਕਾਬਲੇ ਵਿੱਚ ਹਿੱਸਾ ਲਿਆ, ਉਹ ਕਾਬਿਲ-ਏ-ਤਾਰੀਫ਼ ਹੈ।ਇਸ ਮੌਕੇ ਸਕੂਲ ਮੈਨੇਜਮੈਂਟ ਵੱਲੋਂ ਸਮੁੱਚੀ ਅੰਡਰ-14 ਵਾਲੀਬਾਲ ਟੀਮ ਦੇ ਖਿਡਾਰੀਆਂ ਅਤੇ ਉਨ੍ਹਾਂ ਦੇ ਵਾਲੀਬਾਲ ਕੋਚ ਭੁਪਿੰਦਰ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ ਗਈ।



# ਗੁਰੂ ਕੇ ਵਜ਼ੀਰ ਚੜ੍ਹਦੀਕਲਾ ਸੇਵਾ ਸੋਸਾਇਟੀ ਨੂੰ ਭਰਵਾਂ ਹੁੰਗਾਰਾ : ਅਮਨਪ੍ਰੀਤ ਸਿੰਘ ਮਾਨ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਭੋਗਪੁਰ ਦੇ ਪੱਤਰਕਾਰਾਂ ਨਾਲ ਵਿਚਾਰ ਕਰਦਿਆਂ ਗੁਰੂ ਕੇ ਵਜ਼ੀਰ ਚੜ੍ਹਦੀਕਲਾ ਸੇਵਾ ਸੋਸਾਇਟੀ ਦੇ ਮੁੱਖ ਸੇਵਾਦਾਰ ਅਮਨਪ੍ਰੀਤ ਸਿੰਘ ਮਾਨ (ਭੋਗਪੁਰ) ਨੇ ਦੱਸਿਆ ਕਿ ਸੇਵਾ ਸੋਸਾਇਟੀ ਨੂੰ ਦਿਨ ਪ੍ਰਤੀ ਦਿਨ ਹੋਰ ਸਮਰਥਨ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਭੋਗਪੁਰ 'ਚ 13 ਸਾਲਾਂ ਤੋਂ ਲਗਾਤਾਰ ਗ੍ਰੰਥੀ ਸਿੰਘ ਦੀ ਡਿਊਟੀ ਨਿਭਾ ਰਹੇ ਬਾਬਾ ਰਘਵੀਰ ਸਿੰਘ, ਬਾਬਾ ਸੁਖਵਿੰਦਰ ਸਿੰਘ, ਭਾਈ ਰਨਵਿੰਦਰ ਸਿੰਘ ਦੇ ਸਹਿਯੋਗ ਦੇ ਨਾਲ ਸੇਵਾ ਸੋਸਾਇਟੀ ਨਾਲ ਹੋਰ ਵੀ ਨਵੇਂ ਮੈਂਬਰ ਜੁੜ ਰਹੇ ਹਨ। ਜਿਸ ਨਾਲ ਹੋਰ ਵੀ ਗ੍ਰੰਥੀ ਸਿੰਘਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ 'ਚ ਸਹਾਰਾ ਮਿਲੇਗਾ। ਮਾਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪ੍ਰੇਰਨਾ ਸਰੋਤ ਹੈੱਡ ਗ੍ਰੰਥੀ ਬਾਬਾ ਰਘਵੀਰ ਸਿੰਘ ਹਨ। ਜਿਹੜੇ ਜਿਹੜੇ ਮੈਂਬਰ ਵੀ ਇਸ ਸੰਸਥਾ ਨਾਲ ਜੁੜੇ ਹਨ ਉਹ ਹਰ ਮਹੀਨੇ 300 ਰੁ. ਤੋਂ 500 ਰੁ. ਦੀ ਰਸੀਦ ਦਸਵੰਧ ਦੇ ਰੂਪ ਵਿਚ ਕਟਵਾਉਂਦੇ ਹਨ, ਜਿਸ ਨਾਲ ਸੇਵਾ ਸੋਸਾਇਟੀ ਦੇ ਸਾਰੇ ਕਾਰਜ ਨਿਰਵਿਘਨਤਾ ਸਹਿਤ ਚਲਦੇ ਹਨ ਅਤੇ ਸੇਵਾ ਸੋਸਾਇਟੀ ਵੱਲੋਂ ਹਰ ਮਹੀਨੇ ਸੰਗਤ ਦੇ ਸਹਿਯੋਗ ਨਾਲ ਭੋਗਪੁਰ ਦੇ 6 ਗੁਰੂ ਘਰਾਂ ਦੇ ਗ੍ਰੰਥੀ ਸਿੰਘਾਂ ਨੂੰ 2100 ਤੋਂ 5100 ਰ. ਦੀ ਸਹਾਇਤਾ ਦਿੱਤੀ ਜਾਂਦੀ ਹੈ, ਇਸ ਦੇ ਨਾਲ ਨਾਲ ਹੁਣ ਆਲੇ ਦੁਆਲੇ ਦੇ ਪਿੰਡਾਂ ਸ਼ਹਿਰਾਂ ਤੋਂ ਅਤੇ ਦੇਸ਼ਾਂ ਵਿਦੇਸ਼ਾਂ ਤੋਂ ਵੀ ਸੰਗਤ ਦਸਵੰਧ ਦੇ ਕੇ ਆਪਣੀ ਕਿਰਤ ਕਮਾਈ ਸਫਲੀ ਕਰ ਰਹੇ ਹਨ। ਜਿਨ੍ਹਾਂ ਵਿੱਚ ਪੰਜਾਬ ਪੁਲਸ ਦੇ ਐਸ ਐਚ ਓ ਪਲਵਿੰਦਰ ਸਿੰਘ ਬੰਟੀ, ਏ ਐਸ ਆਈ ਨਰਿੰਦਰ ਸਿੰਘ ਘੁੰਮਣ ਲਾਹਦੜੇ ਤੋਂ, ਗੁਰਕੀਰਤ ਸਿੰਘ ਹੰਸਪਾਲ ਕੈਨੇਡਾ ਵਾਸੀ, ਹਰਜੋਤ ਸਿੰਘ ਇਟਲੀ ਵਾਸੀ, ਗੁਰਮੀਤ ਸਿੰਘ ਜਰਮਨ ਤੋਂ, ਬੀਬੀ ਸੁੱਖਵਿੰਦਰ ਕੌਰ ਜਰਮਨ ਤੋਂ, ਬਲਜਿੰਦਰ ਸਿੰਘ ਬਲੀ ਪਿੰਡ ਬਿੱਗੋਵਾਲ ਮੁਕੇਰੀਆਂ ਤੋਂ, ਹਰਪ੍ਰੀਤ ਸਿੰਘ ਫੌਜੀ ਮੁਕੇਰੀਆਂ ਤੋਂ, ਕੈਪਟਨ ਪਰਵਿੰਦਰ ਸਿੰਘ, ਕੈਪਟਨ ਸਤਵਿੰਦਰ ਸਿੰਘ ਜ਼ਿਲ੍ਹਾ ਕਾਂਗੜਾ ਹਿਮਾਚਲ ਤੋਂ, ਇੰਦਰਜੀਤ ਸਿੰਘ ਭੋਗਲ ਲੁਹਾਰਾਂ ਤੋਂ, ਗੁਰਚਰਨ ਸਿੰਘ ਝਾਂਸੀ ਤੋਂ, ਬਲਪ੍ਰੀਤ ਸਿੰਘ ਬਿਨਪਾਲਕੇ, ਮਨਪ੍ਰੀਤ ਸਿੰਘ ਭੋਗਲ ਲੁਹਾਰਾਂ,ਬੀਬੀ ਲਖਪ੍ਰੀਤ ਕੌਰ ਹੰਸਪਾਲ, ਐਮ ਸੀ ਮਨੀਸ਼ ਕੁਮਾਰ, ਹਰਭਜਨ ਸਿੰਘ ਐਮ ਪੀ ਵਾਲੇ ਲਗਾਤਾਰ ਆਪਣਾ ਸਹਿਯੋਗ ਦੇ ਰਹੇ ਹਨ। ਸੇਵਾ ਸੋਸਾਇਟੀ ਦੇ ਉਪ ਸੇਵਾਦਾਰ ਅੰਮ੍ਰਿਤਪਾਲ ਸਿੰਘ ਸੋਹਲ ਹਨ, ਖਜ਼ਾਨਚੀ ਬੀਬੀ ਰਜਿੰਦਰ ਕੌਰ ਰੀਨਾ, ਮੁੱਖ ਸਲਾਹਕਾਰ ਬੀਬੀ ਕਮਲੇਸ਼ ਕੌਰ, ਸੀਨੀਅਰ ਮੈਂਬਰ ਸਤਿਨਾਮ ਸਿੰਘ ਸੋਹਲ, ਬੀਬੀ ਪ੍ਰਦੀਪ ਕੌਰ ਇਸ ਸੋਸਾਇਟੀ ਦਾ ਸੰਚਾਲਣ ਕਰਦੇ ਹਨ ।

# ਰੁੱਖ ਲਗਾਉਣਾ ਵੱਡੀ ਸਮਾਜ ਸੇਵਾ : ਕੁਲਵਿੰਦਰ ਸਿੰਘ ਢਾਹਾਂ



**ਬੰਗਾ (ਅਵਤਾਰ ਕਲੇਰ)**- ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਦੇ ਵਿਦਿਆਰਥੀਆਂ ਦੇ ਈਕੋ ਕਲੱਬ ਵੱਲੋਂ ਸਕੂਲ ਕੈਂਪਸ ਵਿੱਚ ਵਣ-ਮਹਾਂਉਤਸਵ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਪ੍ਰਬੰਧਕਾਂ ਨੇ ਵੱਖ-ਵੱਖ ਕਿਸਮਾਂ ਦੇ ਪੌਦੇ ਲਗਾ ਕੇ ਵਾਤਾਵਰਣ ਦੀ ਸੰਭਾਲ ਅਤੇ ਹਰਿਆਵਲ ਵਧਾਉਣ ਦਾ ਸੰਦੇਸ਼ ਦਿੱਤਾ। ਸਮਾਗਮ ਵਿੱਚ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਈਕੋ ਕਲੱਬ ਵੱਲੋਂ ਕੀਤੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਵਿਦਿਆਰਥੀਆਂ ਨਾਲ ਖੁਦ ਰੁੱਖ ਲਗਾਏ। ਢਾਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਾਤਾਵਰਣ ਦੀ ਰੱਖਿਆ ਕਰਨਾ ਮਨੁੱਖਤਾ ਦੀ ਸੇਵਾ ਦਾ ਇੱਕ ਮਹੱਤਵਪੂਰਨ ਰੂਪ ਹੈ। ਰੁੱਖ ਸਾਡੇ ਜੀਵਨ ਦਾ ਆਧਾਰ ਹਨ ਅਤੇ ਰੁੱਖ ਲਗਾਉਣਾ ਤੇ ਉਨ੍ਹਾਂ ਦੀ ਸੰਭਾਲ ਕਰਨਾ ਸਭ ਤੋਂ ਵੱਡੀ ਸਮਾਜ ਸੇਵਾ ਹੈ। ਉਨ੍ਹਾਂ ਕਿਹਾ ਕਿ ਅੱਜ ਲਗਾਇਆ ਗਿਆ ਇੱਕ ਰੁੱਖ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ ਹਵਾ, ਛਾਂ ਅਤੇ ਸਿਹਤਮੰਦ ਵਾਤਾਵਰਣ ਦਾ ਤੋਹਫ਼ਾ ਹੈ। ਉਨ੍ਹਾਂ ਕਿਹਾ ਕਿ ਹਰ ਵਿਦਿਆਰਥੀ ਹਰ ਸਾਲ ਸਕੂਲ ਵਿਚ ਘੱਟੋ-ਘੱਟ ਇੱਕ ਪੌਦਾ ਲਗਾ ਕੇ ਉਸ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਆਪਣੇ ਸਿਰ ਲਵੇ। ਪ੍ਰਿੰਸੀਪਲ ਵਨੀਤਾ ਚੋਟ ਨੇ ਮੁੱਖ ਮਹਿਮਾਨ ਕੁਲਵਿੰਦਰ ਸਿੰਘ ਢਾਹਾਂ ਦਾ ਵਣ-ਮਹਾਂਉਤਸਵ ਵਿੱਚ ਸ਼ਾਮਲ ਹੋਣ ਅਤੇ ਵਿਦਿਆਰਥੀਆਂ ਨੂੰ ਆਪਣਾ ਅਸ਼ੀਰਵਾਦ ਦੇਣ ਲਈ ਧੰਨਵਾਦ ਕੀਤਾ। ਇਸ ਮੌਕੇ ਵਾਈਸ ਪ੍ਰਿੰਸੀਪਲ ਰਮਨ ਕੁਮਾਰ, ਧਾਰਮਿਕ ਅਧਿਆਪਕ ਭਾਈ ਜੋਗਾ ਸਿੰਘ, ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਵੀ ਪੌਦੇ ਲਗਾਏ ਅਤੇ ਉਨ੍ਹਾਂ ਦੀ ਨਿਰੰਤਰ ਸੰਭਾਲ ਕਰਨ ਦਾ ਅਹਿਦ ਲਿਆ।

# ਵਿਧਾਇਕ ਵੱਲੋਂ ਖੇਡ ਸਟੇਡੀਅਮ ਦਾ ਉਦਘਾਟਨ




**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ 3100 ਖੇਡ ਮੈਦਾਨ ਵਿਕਸਤ ਕਰਨ ਦੀ ਮੁਹਿੰਮ ਤਹਿਤ ਦੂਜੇ ਪੜਾਅ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ 500 ਤੋਂ ਵੱਧ ਨਵੇਂ ਖੇਡ ਮੈਦਾਨ ਲੋਕਾਂ ਨੂੰ ਸਮਰਪਿਤ ਕੀਤੇ ਗਏ। ਇਸੇ ਲੜੀ ਤਹਿਤ ਡੇਰਾਬੱਸੀ ਤੋਂ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਵੱਲੋਂ ਪਿੰਡ ਜਵਾਹਰਪੁਰ ਵਿਖੇ 45.50 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਆਧੁਨਿਕ ਮੁੱਖ ਮੰਤਰੀ ਖੇਡ ਸਟੇਡੀਅਮ ਦਾ ਉਦਘਾਟਨ ਕੀਤਾ ਗਿਆ।

ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ, ਉਨ੍ਹਾਂ ਦੀ ਊਰਜਾ ਨੂੰ ਉਸਾਰੂ ਦਿਸ਼ਾ ਦੇਣ ਅਤੇ ਪਿੰਡ ਪੱਧਰ 'ਤੇ ਖੇਡ ਪ੍ਰਤਿਭਾ ਨੂੰ ਉਭਾਰਨ ਲਈ ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਪਿੰਡਾਂ ਵਿੱਚ ਆਧੁਨਿਕ ਖੇਡ ਸਹੂਲਤਾਂ ਉਪਲਬਧ ਹੋਣ ਨਾਲ ਨੌਜਵਾਨਾਂ ਨੂੰ ਆਪਣੀ ਖੇਡ ਪ੍ਰਤਿਭਾ ਨਿਖਾਰਨ ਲਈ ਬਿਹਤਰ ਮੌਕੇ ਮਿਲਣਗੇ।ਵਿਧਾਇਕ ਰੰਧਾਵਾ ਨੇ ਦੱਸਿਆ ਕਿ ਡੇਰਾਬੱਸੀ ਹਲਕੇ ਵਿੱਚ ਕੁੱਲ 29 ਖੇਡ ਗਰਾਊਂਡਾਂ ਦੇ ਨਿਰਮਾਣ ਨੂੰ ਮਨਜ਼ੂਰੀ ਦਿੱਤੀ ਗਈ ਹੈ।

ਇਨ੍ਹਾਂ ਵਿੱਚੋਂ ਪਿੰਡ ਭਾਗਸੀ ਅਤੇ ਬੜਾਨਾ ਦੇ ਦੋ ਖੇਡ ਗਰਾਊਂਡ ਪਹਿਲਾਂ ਹੀ ਲੋਕਾਂ ਨੂੰ ਸਮਰਪਿਤ ਕੀਤੇ ਜਾ ਚੁੱਕੇ ਹਨ, ਜਦਕਿ ਅੱਜ ਜਵਾਹਰਪੁਰ ਵਿਖੇ ਤੀਜੇ ਖੇਡ ਮੈਦਾਨ ਦਾ ਉਦਘਾਟਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਚਾਰ ਹੋਰ ਖੇਡ ਮੈਦਾਨ ਵੀ ਆਉਣ ਵਾਲੇ ਦਿਨਾਂ ਵਿੱਚ ਲੋਕਾਂ ਨੂੰ ਸਮਰਪਿਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਪਿੰਡ ਪੱਧਰ ਤੱਕ ਖੇਡ ਸਹੂਲਤਾਂ ਪਹੁੰਚਾ ਕੇ ਪੰਜਾਬ ਨੂੰ ਮੁੜ ਖੇਡਾਂ ਦੇ ਖੇਤਰ ਵਿੱਚ ਮੋਹਰੀ ਬਣਾਉਣਾ ਹੈ।ਇਸ ਮੌਕੇ ਸਰਪੰਚ ਗੁਰਪ੍ਰੀਤ ਸਿੰਘ, ਪੰਚਾਇਤ ਮੈਂਬਰ, ਯੂਥ ਕੋਆਰਡੀਨੇਟਰ ਗਗਨਦੀਪ ਸਿੰਘ, ਪਿੰਡ ਵਾਸੀ ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।